









Fourteenth Year of Publication ਨਿਊ ਯਾਰਕ ਐਡੀਸ਼ਨ Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 52, December 28, 2013 20451 N Plum Grove Rd., Palatine, IL 60074 Ph:847-359-0746, Fax:847-705-9388

# ਕਾਂਗਰਸ ਨੇ ਖੇਤਰੀ ਪਾਰਟੀਆਂ ਵੱਲ ਹੱਥ ਵਧਾਇਆ

## ਹੋਰ ਸੂਬਿਆਂ ਵਿਚ ਵੀ ਖੇਤਰੀ ਤਾਲਮੇਲ ਦੀ ਕਵਾਇਦ

## ਪੰਜਾਬ ਵਿਚ ਮਨਪ੍ਰੀਤ ਦੇ ਸਾਂਝੇ ਮੋਰਚੇ ਨਾਲ ਪਾਈ ਸਾਂਝ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਚਾਰ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਮਿਲੀ ਕਰਾਰੀ ਹਾਰ ਤੋਂ ਬਾਅਦ ਕਾਂਗਰਸ ਦੀਆਂ ਅੱਖਾਂ ਖੁੱਲ੍ਹ ਗਈਆਂ ਹਨ। ਕਾਂਗਰਸ ਨੇ ਆਪਣੀ ਡੁੱਬਦੀ ਬੇੜੀ ਨੂੰ ਪਾਰ ਲਾਉਣ ਲਈ 'ਚੰਗੇ ਮਲਾਹ' ਲੱਭਣੇ ਸ਼ੁਰੂ ਕਰ ਦਿੱਤੇ ਹਨ। ਤੀਜੀ ਵਾਰ ਸੱਤਾ 'ਤੇ ਕਾਬਜ਼ ਹੋਣ ਲਈ ਕਾਂਗਰਸ ਨੇ ਖੇਤਰੀ ਪਾਰਟੀਆਂ ਨਾਲ ਹੱਥ ਮਿਲਾਉਣ ਦੀ ਤਿਆਰੀ ਕਰ ਲਈ ਹੈ। ਕਾਂਗਰਸ ਉਸ ਹਰ ਪਾਰਟੀ ਨੂੰ ਨੇੜੇ ਲਾਉਣ ਲਈ ਜ਼ੋਰ ਲਾ ਰਹੀ ਹੈ ਜਿਹੜੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ ਦੀਆਂ ਵੋਟਾਂ ਨੂੰ ਸੰਨ੍ਹ ਲਾਉਣ ਦੀ ਹੈਸੀਅਤ ਰੱਖਦੀ ਹੋਵੇ, ਜਾਂ ਖਾਸ ਖਿੱਤੇ ਵਿਚ ਉਸ ਦਾ ਆਪਣਾ ਚੰਗਾ ਰਸੂਖ ਹੋਵੇ।

ਕਾਂਗਰਸ ਨੇ ਹੁਣ ਹਾਰ ਦੇ ਮਾਤਮ 'ਚੋਂ ਉਭਰਦਿਆਂ ਆਉਂਦੀਆਂ ਲੋਕ ਸਭਾ ਚੋਣਾਂ ਲਈ ਜ਼ੋਰ-ਸ਼ੋਰ ਨਾਲ ਤਿਆਰੀ ਵਿੱਢ ਦਿੱਤੀ ਹੈ। ਸੰਸਦ ਵਿਚ ਲੋਕਪਾਲ ਬਿੱਲ ਪਾਸ ਕਰਵਾ ਕੇ ਕਾਂਗਰਸ ਨੇ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਸਰਕਾਰੀ ਤੰਤਰ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਦੇ ਨਾਲ ਹੀ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਵੀ ਸਰਕਾਰ ਸਰਗਰਮ ਹੋ ਗਈ ਹੈ। ਕਾਂਗਰਸ ਜਿੱਥੇ ਡਾ. ਮਨਮੋਹਨ ਸਿੰਘ ਦੀ ਥਾਂ ਰਾਹੁਲ ਗਾਂਧੀ ਜਾਂ ਕਿਸੇ ਹੋਰ ਆਗੂ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਵਜੋਂ ਉਭਾਰਨ ਦੀ ਤਿਆਰੀ ਕਰ ਰਹੀ ਹੈ, ਉਥੇ ਹੋਰ ਖੇਤਰੀ ਪਾਰਟੀਆਂ ਨੂੰ ਭਾਈਵਾਲ ਬਣਾਉਣ ਲਈ ਜ਼ੋਰ ਲਾ ਰਹੀ ਹੈ। ਇਸ ਬਾਰੇ ਦਿੱਲੀ ਵਿਚ ਮੀਟਿੰਗਾਂ ਦੀ ਕਵਾਇਦ ਜਾਰੀ ਹੈ। ਪਿਛਲੇ ਦਿਨੀਂ ਰਾਸ਼ਟਰੀ ਜਨਤਾ ਦਲ ਦੇ ਆਗੂ ਲਾਲੂ ਪ੍ਰਸਾਦ ਨੇ ਵੀ ਸੰਕੇਤ ਦਿੱਤਾ ਕਿ ਬਿਹਾਰ ਵਿਚ ਕਾਂਗਰਸ ਨਾਲ ਮਿਲ ਕੇ ਚੋਣਾਂ ਲੜੀਆਂ ਜਾ ਸਕਦੀਆਂ ਹਨ।





ਪੰਜਾਬ ਵਿਚ ਵੀ ਕਾਂਗਰਸ ਨੇ ਲੋਕ ਸਭਾ ਚੋਣਾਂ ਲਈ ਸਾਂਝੇ ਮੋਰਚੇ ਨਾਲ ਗੱਠਜੋੜ ਕਰਨ ਦਾ ਮਨ ਬਣਾ ਲਿਆ ਹੈ ਤੇ ਹਾਈ ਕਮਾਂਡ ਵੱਲੋਂ ਇਸ 'ਤੇ ਹੁਣ ਅੰਤਿਮ ਮੋਹਰ ਲਾਉਣੀ ਹੀ ਬਾਕੀ ਹੈ। ਸਾਂਝੇ ਮੋਰਚ ਵਿਚ ਪੀ.ਪੀ.ਪੀ., ਸੀ.ਪੀ.ਆਈ., ਸੀ.ਪੀ.ਐਮ. ਅਤੇ ਅਕਾਲੀ ਦਲ (ਲੌਂਗੋਵਾਲ) ਸ਼ਾਮਲ ਹਨ। ਪੰਜਾਬ ਕਾਂਗਰਸ ਵੇਲਾ ਹੱਥੋਂ ਜਾਂਦਾ ਵੇਖ ਉਮੀਦਵਾਰਾਂ ਦੇ ਨਾਂਵਾਂ ਬਾਰੇ ਵੀ ਜਲਦ ਫੈਸਲਾ ਕਰਨ ਲਈ ਜੁਟ ਗਈ ਹੈ। ਕਾਂਗਰਸ ਵੱਲੋਂ ਲੋਕ ਸਭਾ ਚੋਣਾਂ ਲਈ 26 ਦੇ ਕਰੀਬ ਉਮੀਦਵਾਰਾਂ ਦੇ ਨਾਂਵਾਂ ਦੀ ਤਜਵੀਜ਼ ਹਾਈ ਕਮਾਂਡ ਅੱਗੇ ਪੇਸ਼ ਕੀਤੀ ਗਈ ਹੈ। ਹਾਈ ਕਮਾਂਡ ਵੱਲੋਂ ਲੋਕ ਸਭਾ ਚੋਣਾਂ ਲਈ ਪੰਜਾਬ ਦੇ ਕਾਂਗਰਸੀ ਉਮੀਦਵਾਰਾਂ ਦਾ ਐਲਾਨ ਜਨਵਰੀ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ। ਪੰਜਾਬ ਕਾਂਗਰਸ ਨੇ ਦਿੱਲੀ ਦੀ ਇਕ ਪ੍ਰਾਈਵੇਟ ਏਜੰਸੀ ਰਾਹੀਂ ਲੋਕ ਸਭਾ ਲਈ ਯੋਗ ਉਮੀਦਵਾਰਾਂ ਦੀ ਨਿਸ਼ਾਨਦੇਹੀ ਕਰਨ ਲਈ ਸਰਵੇਖਣ ਕਰਵਾਇਆ ਹੈ। ਉਮੀਦਵਾਰਾਂ ਦੇ ਨਾਂਵਾਂ ਦੀ ਸਿਫਾਰਸ਼ ਕਰਨ ਵੇਲੇ ਇਸ ਸਰਵੇਖਣ ਰਿਪੋਰਟ ਨੂੰ ਵੀ ਆਧਾਰ ਬਣਾਇਆ ਗਿਆ ਹੈ। ਪੰਜਾਬ ਦੀ ਮੁੱਖ ਲੀਡਰਸ਼ਿਪ ਨਾਲ ਸਲਾਹ-ਮਸ਼ਵਰਾ ਕਰ ਕੇ ਲੋਕ ਸਭਾ ਦੀ ਹਰ ਸੀਟ ਲਈ ਘੱਟੋ ਘੱਟ ਦੋ-ਦੋ ਉਮੀਦਵਾਰਾਂ ਦੇ ਨਾਮ ਪੇਸ਼ ਕੀਤੇ ਗਏ ਹਨ।

ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਜੋ ਖੁਦ ਵੀ ਲੋਕ ਸਭਾ ਦੀ ਚੋਣ ਲੜਨ ਦੇ ਚਾਹਵਾਨ ਹਨ, ਦਾ ਕਹਿਣਾ ਹੈ ਕਿ ਹੋਰ ਪਾਰਟੀਆਂ ਨਾਲ ਗੱਠਜੋੜ ਲਈ ਤਾਲਮੇਲ ਕਰਨ ਵਾਲੇ ਸੈਲ ਦੇ ਮੁਖੀ ਏ.ਕੇ. ਐਂਟਨੀ, ਗੱਠਜੋੜ ਕਰਨ ਬਾਰੇ ਰਿਪੋਰਟ ਪੇਸ਼ ਕਰ ਰਹੇ ਹਨ। ਕੋਸ਼ਿਸ਼ ਹੈ ਕਿ ਸਰਕਾਰ ਵਿਰੋਧੀ ਵੋਟਾਂ ਖਿੰਡਣ ਨਾ ਅਤੇ ਅਕਾਲੀ-ਭਾਜਪਾ ਗੱਠਜੋੜ ਇਸ ਤੋਂ ਮੁੜ ਲਾਭ ਨਾ ਉਠਾ ਸਕੇ।

ਉਧਰ, ਪੀਪਲਜ਼ ਪਾਰਟੀ ਆਫ਼ ਪੰਜਾਬ ਅਤੇ ਆਮ ਆਦਮੀ ਪਾਰਟੀ ਵਿਚ ਸਮਝੌਤੇ ਦੀ ਗਲ ਵੀ ਨੇੜੇ ਲੱਗ ਗਈ ਹੈ। ਪੀ.ਪੀ.ਪੀ. ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਅਤੇ 'ਆਪ' ਦੇ ਨੇਤਾਵਾਂ ਯੋਗਿੰਦਰ ਯਾਦਵ ਤੇ ਸੰਜੈ ਸਿੰਘ ਦਰਮਿਆਨ ਪਹਿਲੇ ਦੌਰ ਦੀ ਗੱਲਬਾਤ ਹੋ ਚੁੱਕੀ ਹੈ। ਪਲੇਠੀ ਮੀਟਿੰਗ ਵਿਚ ਯੋਗਿੰਦਰ ਯਾਦਵ ਤੇ ਸੰਜੈ ਸਿੰਘ ਵੱਲੋਂ ਮਨਪ੍ਰੀਤ ਸਿੰਘ ਬਾਦਲ ਨੂੰ 'ਆਪ' ਵਿਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀਤੀ ਗਈ ਸੀ ਪਰ ਇਸ 'ਤੇ ਸਹਿਮਤੀ ਨਹੀਂ ਬਣ ਸਕੀ ਸੀ। ਉਦੋਂ ਪੀ.ਪੀ.ਪੀ. ਨੇ 'ਆਪ' ਨਾਲ ਰਲ ਕੇ ਚੱਲਣ ਦੀ ਇੱਛਾ ਜ਼ਾਹਰ ਕੀਤੀ ਸੀ।

ਗੌਰਤਲਬ ਹੈ ਕਿ ਮਨਪ੍ਰੀਤ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੋਂ ਅੱਡ ਹੋ ਕੇ ਪੀ.ਪੀ.ਪੀ. ਦਾ ਗਠਨ ਕੀਤਾ ਸੀ ਤੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੀ.ਪੀ.ਆਈ., ਸੀ.ਪੀ.ਐਮ. ਅਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨਾਲ ਸਮਝੌਤਾ ਕਰ ਕੇ ਸਾਂਝਾ ਮੋਰਚਾ ਕਾਇਮ ਕਰ ਲਿਆ ਸੀ। ਸਾਂਝਾ ਮੋਰਚਾ ਚੋਣਾਂ ਵਿਚ ਚਾਹੇ ਖ਼ਾਤਾ ਨਹੀਂ ਖੋਲ੍ਹ ਸਕਿਆ ਸੀ ਪਰ ਇਹ ਪੰਜ ਫ਼ੀਸਦ ਤੋਂ ਵੱਧ ਵੋਟਾਂ ਲੈਣ ਵਿਚ ਸਫ਼ਲ ਜ਼ਰੂਰ ਰਿਹਾ ਸੀ।

# ਦਿੱਲੀ ਦਾ ਤਖਤ ਸਾਂਭੇਗੀ ਆਮ ਆਦਮੀ ਪਾਰਟੀ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਦੀ ਕਮਾਨ ਹੁਣ 'ਆਪ' ਦੇ ਹੱਥ ਹੋਵੇਗੀ। ਆਮ ਆਦਮੀ ਪਾਰਟੀ (ਆਪ) ਨੇ ਸਿਰਫ ਇਕ ਸਾਲ ਦੇ ਸਿਆਸੀ ਸਫਰ ਵਿਚ ਹੀ ਦਿੱਲੀ ਫਤਿਹ ਕਰ ਕੇ ਭਾਰਤ ਦਾ ਸਿਆਸਤ ਵਿਚ ਨਵਾਂ ਇਤਿਹਾਸ ਸਿਰਜਿਆ ਹੈ। ਦੇਸ਼ ਵਿਚੋਂ ਭ੍ਰਿਸ਼ਟਾਚਾਰ ਦੇ ਖਾਤਮੇ ਦਾ ਨਾਅਰਾ ਲੈ ਕੇ ਸਿਆਸਤ ਦੇ ਬਿਖੜੇ ਪੈਂਡੇ 'ਤੇ ਤੁਰੇ ਆਪ ਦੇ ਪ੍ਰਧਾਨ ਅਰਵਿੰਦ ਕੇਜਰੀਵਾਲ ਨੂੰ ਵੀ ਸ਼ਾਇਦ ਇਹ ਯਕੀਨ ਨਹੀਂ ਸੀ ਕਿ ਜਨਤਾ ਇਸ ਤਰ੍ਹਾਂ ਉਸ ਦਾ ਖੁੱਲ੍ਹ ਕੇ ਸਾਥ ਦੇਵੇਗੀ।

ਦਿੱਲੀ ਦੀ ਜਨਤਾ ਨੇ ਸੱਤਾ 'ਤੇ ਪਿਛਲੇ 15 ਸਾਲ ਤੋਂ ਕਾਬਜ਼ ਕਾਂਗਰਸ ਨੂੰ ਤਾਂ ਧੋਬੀ ਪਟਕਾ ਮਾਰਿਆ ਹੀ ਹੈ ਪਰ ਨਾਲ ਹੀ ਭਾਜਪਾ ਨੂੰ ਵੀ ਦੱਸ ਦਿੱਤਾ ਕਿ ਸਿਰਫ ਲਾਰਿਆਂ ਜਾਂ ਵਾਅਦਿਆਂ ਨਾਲ ਕੰਮ ਨਹੀਂ ਸਰਨਾ, ਸਗੋਂ ਕੁਝ ਕਰ ਕੇ ਵਿਖਾਉਣ ਦੀ ਲੋੜ ਹੈ। ਚਾਰ ਦਸੰਬਰ ਨੂੰ ਹੋਈਆਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ 70 ਵਿਚੋਂ 28 ਸੀਟਾਂ ਮਿਲੀਆਂ ਜਦੋਂਕਿ ਕਾਂਗਰਸ ਦੇ ਪੱਲੇ ਸਿਰਫ ਅੱਠ ਸੀਟਾਂ ਹੀ ਪਈਆਂ। ਦੇਸ਼ ਦੀ ਮੁੱਖ ਵਿਰੋਧੀ ਧਿਰ ਭਾਜਪਾ ਚੋਣਾਂ ਵਿਚ 32 ਸੀਟਾਂ ਤਾਂ ਲੈ ਗਈ ਪਰ ਸਰਕਾਰ ਬਣਾਉਣ ਦਾ ਸੁਫਨਾ ਪੂਰਾ ਨਾ ਹੋ ਸਕਿਆ।




ਭਾਜਪਾ ਵੱਲੋਂ ਸਰਕਾਰ ਬਣਾਉਣ ਤੋਂ ਇਨਕਾਰ ਕਰਨ 'ਤੇ ਦਿੱਲੀ ਵਿਚ ਸਿਆਸੀ ਰੇੜਕਾ ਪੈਦਾ ਹੋ ਗਿਆ ਸੀ। ਕਈ ਤਰ੍ਹਾਂ ਦੇ ਉਤਰਾਅ-ਚੜ੍ਹਾਅ ਤੋਂ ਬਾਅਦ ਕਾਂਗਰਸ ਦੀ ਹਮਾਇਤ ਨਾਲ 'ਆਪ' ਸਰਕਾਰ ਬਣਾਉਣ ਲਈ ਰਾਜ਼ੀ ਹੋ ਗਈ। ਇਸ ਨੇ ਕਾਂਗਰਸ ਦੀ ਹਮਾਇਤ ਲੈਣ ਲਈ ਵੀ ਕਈ ਸ਼ਰਤਾਂ ਰੱਖੀਆਂ ਤੇ ਕਾਂਗਰਸ ਦੀ ਹਾਮੀ ਤੋਂ ਬਾਅਦ ਸਰਕਾਰ ਬਣਾਉਣ ਦਾ ਰਾਹ ਚੁਣਿਆ। ਇਸ ਤੋਂ ਇਲਾਵਾ ਵੋਟਾਂ ਤੋਂ ਬਾਅਦ ਵੀ ਆਪ ਨੇ ਸਰਕਾਰ ਬਣਾਉਣ ਲਈ ਲੋਕਾਂ ਦੀ ਰਾਏ ਲਈ ਤੇ ਬਹੁਮਤ ਨੇ ਸਰਕਾਰ ਬਣਾਉਣ ਦੇ ਵਿਚਾਰ 'ਤੇ ਮੋਹਰ ਲਾਈ।

ਅਸਲ ਵਿਚ ਦਿੱਲੀ ਦੀਆਂ ਸਿਆਸੀ ਪਾਰਟੀਆਂ ਨੂੰ ਇਸ ਦਾ ਕਦੀ ਅਹਿਸਾਸ ਹੀ ਨਹੀਂ ਹੋਇਆ ਕਿ ਆਮਦਨ ਕਰ ਵਿਭਾਗ ਵਿਚ ਇਕ ਅਧਿਕਾਰੀ ਵਜੋਂ ਆਪਣੀ ਡਿਊਟੀ ਕਰਨ ਵਾਲਾ ਕੋਈ ਬੰਦਾ ਆਪਣੀ ਕਾਬਲੀਅਤ ਸਦਕਾ ਦਿੱਲੀ ਦੇ ਸਭ ਤੋਂ ਤਾਕਤਵਰ ਮੁੱਖ ਮੰਤਰੀ ਦੇ ਅਹੁਦੇ ਤਕ ਪੁੱਜ ਜਾਵੇਗਾ। ਹਰਿਆਣਾ ਦੇ ਭਿਵਾਨੀ ਜ਼ਿਲ੍ਹੇ ਦੇ ਸ਼ਹਿਰ ਸੀਵਾਨੀ ਮੰਡੀ ਵਿਚ 16 ਜੂਨ, 1968 ਨੂੰ ਜਨਮੇ ਅਰਵਿੰਦ ਕੇਜਰੀਵਾਲ ਨੇ ਆਪਣੀ ਹਾਈ ਸਕੂਲ ਦੀ ਪੜ੍ਹਾਈ ਹਿਸਾਰ ਤੋਂ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ 1989 ਆਈ.ਆਈ.ਟੀ. ਖੜਗਪੁਰ ਤੋਂ ਇੰਜੀਨੀਅਰਿੰਗ

*(ਬਾਕੀ ਸਫਾ 6 'ਤੇ)*




# ਗੁਰਦੁਆਰਾ ਸੰਤ ਸਾਗਰ, ਨਿਊ ਯਾਰਕ

ੴ ਸਤਿਗੁਰ ਪ੍ਰਸਾਦਿ

## ਨਵੇਂ ਸਾਲ 2014 ਦੀ ਸਭ ਸੰਗਤਾਂ ਨੂੰ ਵਧਾਈ ਹੋਵੇ

## ਨਵੇਂ ਸਾਲ 2014 ਦੀ ਪੂਰਬ ਸੰਧਿਆ 'ਤੇ

# ਵਿਸ਼ੇਸ਼ ਕੀਰਤਨ ਦਰਬਾਰ ਸਮਾਗਮ

## 31 ਦਸੰਬਰ 2013, ਮੰਗਲਵਾਰ

ਸ਼ਾਮੀ 6 ਵਜੇ ਤੋਂ ਰਾਤ 12:30 ਵਜੇ ਤੱਕ



ਸਾਲ 2013 ਨੂੰ ਅਲਵਿਦਾ ਕਹਿਣ ਅਤੇ ਸਾਲ 2014 ਨੂੰ ਖੁਸ਼ਆਮਦੀਦ ਕਹਿਣ ਅਤੇ ਨਵੇਂ ਸਾਲ ਦੇ ਸਮੁੱਚੀ ਮਨੁਖਤਾ ਲਈ ਭਾਗਾਂ ਭਰਿਆ ਅਤੇ ਅਮਨ-ਸ਼ਾਂਤੀ ਵਾਲਾ ਹੋਣ ਲਈ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਜੋਦੜੀ ਕਰਨ ਵਾਸਤੇ ਇਕ ਵਿਸ਼ੇਸ਼ ਕੀਰਤਨ ਸਮਾਗਮ 31 ਦਸੰਬਰ 2013 ਨੂੰ ਕਰਵਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਇਸ ਸਮਾਗਮ ਵਿਚ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।

### ਪਹੁੰਚ ਰਹੇ ਰਾਗੀ ਜਥੇ ਤੇ ਪ੍ਰਚਾਰਕ

ਸੰਤ ਨਰੰਜਣ ਸਿੰਘ ਜਵੱਦੀਕਲਾਂ ਵਾਲੇ
ਭਾਈ ਗੁਰਮੇਲ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ
ਭਾਈ ਅਮਰੀਕ ਸਿੰਘ ਗੁਰਦਾਸਪੁਰੀ
ਭਾਈ ਜਗਦੀਸ਼ ਸਿੰਘ ਕੋਮਲ ਹਜ਼ੂਰੀ ਰਾਗੀ ਦਰਬਾਰ ਸਾਹਿਬ
ਭਾਈ ਗੁਰਵਿੰਦਰਵੀਰ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ

### ਕਥਾਵਾਚਕ

ਗਿਆਨੀ ਸਾਹਿਬ ਸਿੰਘ ਕੈਨੇਡਾ ਵਾਲੇ
ਮਨਜੀਤ ਸਿੰਘ ਲੁਧਿਆਣੇ ਵਾਲੇ

ਗੁਰੂ ਕਾ ਲੰਗਰ ਅਤੁੱਟ ਵਰਤੇਗਾ

*ਗਿਆਨੀ ਸਾਹਿਬ ਸਿੰਘ ਕੈਨੇਡਾ ਵਾਲੇ 22 ਦਸੰਬਰ 2013 ਤੋਂ 7 ਜਨਵਰੀ 2014 ਤੱਕ ਕਥਾ-ਕੀਰਤਨ ਦਾ ਪ੍ਰਵਾਹ ਚਲਾਉਣਗੇ*

ਸੰਗਤਾਂ ਦਾ ਦਾਸ: ਭਾਈ ਸੱਜਣ ਸਿੰਘ, ਸਾਬਕਾ ਹਜ਼ੂਰੀ ਰਾਗੀ, ਦਰਬਾਰ ਸਾਹਿਬ, ਅੰਮ੍ਰਿਤਸਰ
ਹੋਰ ਜਾਣਕਾਰੀ ਲਈ ਸੰਪਰਕ ਕਰੋ 718-347-5659

Gurdwara Sant Sagar: 242-25 Braddock Ave., Bellerose, NY 11426, Ph: 718-343-1030

# ਬਾਜਵਾ ਨੇ ਮੋਦੀ ਨੂੰ ਪੰਜਾਬੀ ਕਿਸਾਨਾਂ ਦੇ ਮਸਲੇ ਚੇਤੇ ਕਰਾਏ

**ਜਲੰਧਰ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਗੁਜਰਾਤ 'ਚ ਪੰਜਾਬ ਦੇ ਕਿਸਾਨਾਂ ਦੇ ਉਜਾੜੇ ਲਈ ਇਕ ਵਾਰ ਫਿਰ ਸਿੱਧੇ ਤੌਰ 'ਤੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਕਿਹਾ ਹੈ ਕਿ ਹਾਈਕੋਰਟ ਵਲੋਂ ਕਿਸਾਨਾਂ ਦੇ ਹੱਕ 'ਚ ਫ਼ੈਸਲਾ ਦੇਣ ਦੇ ਬਾਵਜੂਦ ਮੋਦੀ ਨੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੇ ਮਾਲਕੀ ਹੱਕ ਦੇਣ ਦੀ ਥਾਂ ਸੁਪਰੀਮ ਕੋਰਟ ਵਿਚ ਸਪੈਸ਼ਲ ਲੀਵ ਪਟੀਸ਼ਨ ਪਾਈ ਹੈ। ਉਨ੍ਹਾਂ ਆਲੋਚਨਾ ਦਾ ਰੁਖ ਪੰਜਾਬ ਸਰਕਾਰ ਵਲ ਮੋੜਦਿਆਂ ਕਿਹਾ ਕਿ ਚਾਹੀਦਾ ਤਾਂ ਇਹ ਸੀ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਮਸਲੇ ਦੇ ਹੱਲ ਲਈ ਆਪਣੀ ਭਾਈਵਾਲ ਭਾਜਪਾ ਅਤੇ ਮੋਦੀ 'ਤੇ ਦਬਾਅ ਪਾਉਂਦੇ ਪਰ ਅਜਿਹਾ ਨਹੀਂ ਕੀਤਾ ਗਿਆ।



ਇਸੇ ਦੌਰਾਨ ਉਨ੍ਹਾਂ ਗੁਰਬਖਸ਼ ਸਿੰਘ ਖਾਲਸਾ ਵਲੋਂ ਜੇਲ੍ਹਾਂ 'ਚ ਬੰਦ ਕੈਦੀਆਂ ਦੀ ਰਿਹਾਈ ਲਈ ਕੀਤੇ ਜਾ ਰਹੇ ਸੰਘਰਸ਼ ਦੀ ਹਮਾਇਤ ਕਰਦੇ ਹੋਏ ਕਿਹਾ ਕਿ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਨੂੰ ਹਰ ਹਾਲਤ 'ਚ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਵੀ ਇਕ ਕਦਮ ਅੱਗੇ ਜਾਂਦੇ ਹੋਏ ਉਨ੍ਹਾਂ ਅਜਿਹੇ ਕੈਦੀਆਂ ਨੂੰ ਮੁਆਵਜ਼ਾ ਦੇਣ ਦੀ ਵੀ ਮੰਗ ਕੀਤੀ ਜਿਨ੍ਹਾਂ ਨੂੰ ਬਿਨਾਂ ਵਜ੍ਹਾ ਵਾਧੂ ਸਮਾਂ ਜੇਲ੍ਹਾਂ 'ਚ ਗੁਜ਼ਾਰਨਾ ਪਿਆ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਕਰਵਾਏ ਪ੍ਰਗਤੀਸ਼ੀਲ ਨਿਵੇਸ਼ਕ ਸੰਮੇਲਨ ਦਾ ਪੰਜਾਬ ਨੂੰ ਕੋਈ ਫਾਇਦਾ ਨਹੀਂ ਹੋਣਾ। ਪੰਜਾਬ ਦੇ ਹਾਲਾਤ ਮੁਤਾਬਕ ਤਾਂ ਛੋਟੇ ਤੇ ਦਰਮਿਆਨੇ ਉਦਯੋਗ ਹੀ ਸਫਲ ਹੋ ਸਕਦੇ ਹਨ ਤੇ ਅਜਿਹੇ ਉਦਯੋਗਾਂ ਨਾਲ ਹੀ ਪੰਜਾਬ ਆਰਥਿਕ ਤੌਰ 'ਤੇ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕਦਾ ਹੈ।

ਲੋਕ ਸਭਾ ਚੋਣਾਂ 'ਚ ਪੀਪਲਜ਼ ਪਾਰਟੀ ਆਫ ਪੰਜਾਬ ਨਾਲ ਗਠਜੋੜ ਸਬੰਧੀ ਉਨ੍ਹਾਂ ਕਿਹਾ ਕਿ ਸਿਆਸੀ ਹਾਲਾਤ ਦੇ ਮੱਦੇਨਜ਼ਰ ਅਤੇ ਸੂਬਾ ਸਰਕਾਰ ਦੀਆਂ ਜ਼ਿਆਦਤੀਆਂ ਦੇ ਖਿਲਾਫ ਸਾਰੀਆਂ ਧਰਮ ਨਿਰਪੱਖ ਤਾਕਤਾਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਹੋਣਾ ਚਾਹੀਦਾ ਹੈ।

## ਏ.ਕੇ. 47 ਦੇ ਪਿਤਾਮਾ ਕਲਾਸ਼ਨਿਕੋਵ ਚਲ ਵਸੇ

**ਮਾਸਕੋ:** ਏ.ਕੇ. 47 ਆਟੋਮੈਟਿਕ ਰਾਈਫਲ ਦੇ ਡਿਜ਼ਾਈਨਰ ਮਿਖਾਈਲ ਕਲਾਸ਼ਨਿਕੋਵ ਦਾ ਦੇਹਾਂਤ ਹੋ ਗਿਆ ਹੈ। ਉਹ 94 ਵਰ੍ਹਿਆਂ ਦੇ ਸਨ। ਏ.ਕੇ.-47 ਨੇ ਅਗਨ-ਹਥਿਆਰਾਂ ਦੇ ਖੇਤਰ ਵਿਚ ਇੱਕ ਤਰ੍ਹਾਂ ਨਾਲ ਹੇਠਲੀ ਉਪਰ ਲਿਆ ਦਿੱਤੀ ਸੀ। ਇਸ ਦੀ ਮਾਰ ਬਹੁਤ ਜ਼ਿਆਦਾ ਸੀ ਅਤੇ ਇਹ ਅਸਾਲਟ ਇੱਕੋ ਵੇਲੇ ਕਈ ਗੋਲੀਆਂ ਦਾਗ਼ ਸਕਦੀ ਸੀ। ਕਲਾਸ਼ਨਿਕੋਵ ਇਸ ਅਸਾਲਟ ਕਰ ਕੇ ਸੋਵੀਅਤ ਯੂਨੀਅਨ ਵਿਚ ਨਾਇਕ ਬਣ ਕੇ ਉਭਰਿਆ ਸੀ।

# ਬਰਤਾਨੀਆ ਨੇ ਗੈਰਕਾਨੂੰਨੀ ਪਰਵਾਸੀਆਂ ਵਿਰੁਧ ਕੱਸਿਆ ਸ਼ਿਕੰਜਾ

**ਲੰਡਨ:** ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੇ ਯੂ.ਕੇ. ਬਾਰਡਰ ਏਜੰਸੀ ਦੇ ਅਧਿਕਾਰੀਆਂ ਨਾਲ ਸਾਊਥਾਲ ਦੇ ਘਰਾਂ ਵਿਚ ਛਾਪਾ ਮਾਰ ਕੇ ਤਿੰਨ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਭਾਰਤੀ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਤੜਕਸਾਰ ਪੰਜ ਵਜੇ ਪੁਲਿਸ ਨਾਲ ਮਾਰੇ ਗਏ ਇਸ ਛਾਪੇ ਦੌਰਾਨ ਪ੍ਰਧਾਨ ਮੰਤਰੀ ਨੇ ਖੁਦ ਵੇਖਿਆ ਕਿ ਕਿਸ ਤਰ੍ਹਾਂ ਤਿੰਨ ਬੈਡਰੂਮ ਵਾਲੇ ਘਰ ਵਿਚ 14 ਵਿਦੇਸ਼ੀ ਰਹਿ ਰਹੇ ਸਨ। ਜਦਕਿ ਇਕ ਘਰ ਵਿਚ ਵੱਧ ਤੋਂ ਵੱਧ 6 ਲੋਕ ਰਹਿ ਸਕਦੇ ਹਨ ਪਰ ਇਹ ਲੋਕ ਅਜਿਹੀ ਹਾਲਤ ਵਿਚ ਰਹਿ ਰਹੇ ਸਨ ਜੋ ਸਿਹਤ ਲਈ ਬਹੁਤ ਹਾਨੀਕਾਰਕ ਹੈ।

ਪ੍ਰਧਾਨ ਮੰਤਰੀ ਨੇ ਵੇਖਿਆ ਕਿ ਅੱਧੀ ਛੱਤੀ ਹੋਈ ਛੱਤ ਹੇਠ ਗੰਦੇ ਗੱਦੇ, ਸੂਟਕੇਸ, ਪਲਾਸਟਿਕ ਦੇ ਵੱਡੇ ਬੈਗ ਪਏ ਹਨ। ਲੰਡਨ ਦੇ ਆਸ-ਪਾਸ ਇਲਾਕੇ ਵਿਚ ਨਵੇਂ ਆਉਣ ਵਾਲੇ ਵਿਦੇਸ਼ੀ ਲੋਕ ਵੱਡੀ ਗਿਣਤੀ ਵਿਚ ਘਰ ਦੇ ਪਿਛਵਾੜੇ ਬਣੇ ਸ਼ੈੱਡਾਂ ਵਿਚ ਬਹੁਤ ਹੀ ਮਾੜੇ ਹਾਲ 'ਚ ਰਹਿੰਦੇ ਹਨ ਜਿਸ ਨੂੰ ਬੈਡ ਇਨ ਸ਼ੈਡ ਨਾਂ ਦਿੱਤਾ ਗਿਆ ਹੈ। ਇੰਗਲੈਂਡ ਵਿਚ ਵਿਦੇਸ਼ਾਂ ਤੋਂ ਕਾਨੂੰਨੀ ਤੌਰ 'ਤੇ ਅਤੇ ਗੈਰ-ਕਾਨੂੰਨੀ ਤੌਰ 'ਤੇ ਆਉਣ ਵਾਲੇ ਲੋਕਾਂ ਲਈ ਘਰ ਲੈਣ ਦੀ ਬਹੁਤ ਵੱਡੀ ਸਮੱਸਿਆ ਬਣੀ ਹੋਈ ਹੈ।

ਸਾਊਥਾਲ ਜੋ ਈਲਿੰਗ ਕਾਸਲ ਦਾ ਹਿੱਸਾ ਹੈ ਹਮੇਸ਼ਾਂ ਚਰਚਾ ਵਿਚ ਰਿਹਾ ਹੈ। ਬੈੱਡ ਇਨ ਸ਼ੈੱਡ ਕਾਰਨ ਈਲਿੰਗ ਦੀ ਅੰਦਾਜ਼ਨ ਅਬਾਦੀ 60 ਹਜ਼ਾਰ ਤੋਂ 4 ਲੱਖ ਤੱਕ ਪਹੁੰਚ ਗਈ ਮੰਨੀ ਜਾਂਦੀ ਹੈ ਜਿਸ ਕਰਕੇ ਸਥਾਨਿਕ ਸਕੂਲਾਂ ਵਿਚ ਬੱਚਿਆਂ ਦੇ ਦਾਖਲੇ ਤੇ ਸਿਹਤ ਸਹੂਲਤਾਂ ਲਈ ਡਾਕਟਰੀ ਸੇਵਾਵਾਂ, ਕੂੜਾ ਚੁੱਕਣ ਵਾਲਿਆਂ ਲਈ ਕਾਫੀ ਮੁਸ਼ਕਲਾਂ ਆ ਰਹੀਆਂ ਹਨ। ਇਸ ਸਾਲ ਦੇ ਸ਼ੁਰੂ ਵਿਚ ਹੰਸਲੋ ਬਾਰੋ ਵਿਚ ਵੀ 20 ਹਜ਼ਾਰ ਘਰਾਂ ਦੇ ਪਿਛੇ ਸ਼ੈੱਡ ਬਣੇ ਵੇਖੇ ਗਏ ਜਿਨ੍ਹਾਂ ਵਿਚ ਬਹੁਤੇ ਭਾਰਤੀ ਲੋਕਾਂ ਨੂੰ ਕਿਰਾਏ 'ਤੇ ਦਿੱਤੇ ਹੋਏ ਸਨ।

ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੇ ਕਿਹਾ ਕਿ ਜਿਹੜੇ ਲੋਕਾਂ ਕੋਲ ਇਥੇ ਰਹਿਣ ਦਾ ਹੱਕ ਨਹੀਂ ਹੈ, ਉਨ੍ਹਾਂ ਨੂੰ ਵਾਪਸ ਉਨ੍ਹਾਂ ਦੇ ਦੇਸ਼ ਭੇਜਿਆ ਜਾਵੇ, ਉਨ੍ਹਾਂ ਕਿਹਾ ਕਿ ਬਰਤਾਨੀਆ ਆਉਣ ਵਾਲਿਆਂ ਨੂੰ ਪਹਿਲੇ ਤਿੰਨ ਮਹੀਨੇ ਕੋਈ ਸਹੂਲਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਗੈਰ-ਕਾਨੂੰਨੀ ਲੋਕਾਂ ਨੂੰ ਘਰ ਕਿਰਾਏ 'ਤੇ ਦੇਣ ਵਾਲਿਆਂ ਨੂੰ ਇਮੀਗ੍ਰੇਸ਼ਨ ਕਾਨੂੰਨ ਤਹਿਤ ਵੱਡਾ ਜੁਰਮਾਨਾ ਦੇਣ ਦਾ ਸਾਹਮਣਾ ਕਰਨਾ ਹੋਵੇਗਾ।

ਨਵੇਂ ਕਾਨੂੰਨ ਅਨੁਸਾਰ ਗੈਰ-ਕਾਨੂੰਨੀ ਲੋਕਾਂ ਨੂੰ ਕਿਰਾਏ 'ਤੇ ਰੱਖਣ ਵਾਲੇ ਮਾਲਕਾਂ ਨੂੰ 3000 ਪੌਂਡ ਤੱਕ ਜੁਰਮਾਨਾ ਹੋ ਸਕਦਾ ਹੈ। ਈਲਿੰਗ ਸਾਊਥਾਲ ਦੇ ਸੰਸਦ ਮੈਂਬਰ ਵਰਿੰਦਰ ਸ਼ਰਮਾ ਨੇ ਪ੍ਰਧਾਨ ਮੰਤਰੀ ਵੱਲੋਂ ਇਸ ਤਰ੍ਹਾਂ ਦੀ ਛਾਪੇਮਾਰੀ ਵਿਚ ਸ਼ਾਮਲ ਹੋਣ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਕੰਜ਼ਰਵੇਟਿਵ ਪਾਰਟੀ ਦਾ ਸਾਊਥਾਲ ਵਿਚ ਕੋਈ ਪ੍ਰਭਾਵ ਨਹੀਂ ਇਸੇ ਕਰਕੇ ਇਕ ਖਾਸ ਇਲਾਕੇ ਨੂੰ ਸੋਚੀ ਸਮਝੀ ਸਾਜਿਸ਼ ਅਧੀਨ ਨਿਸ਼ਾਨਾ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ 5 ਵਜੇ ਲੋਕਾਂ ਦੇ ਘਰਾਂ 'ਤੇ ਇਸ ਤਰ੍ਹਾਂ ਛਾਪੇਮਾਰੀ ਕਰਨੀ ਗੈਰ ਮਨੁੱਖੀ ਹੈ ਜਦਕਿ ਗੈਰ-ਕਾਨੂੰਨੀ ਲੋਕਾਂ ਦੇ ਬਰਤਾਨੀਆ ਵਿਚ ਦਾਖਲਾ ਰੋਕਣ ਲਈ ਹੋਰ ਤਰੀਕੇ ਅਪਨਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਯੂ.ਕੇ. ਆਈ.ਪੀ. ਦੇ ਵਧ ਰਹੇ ਪ੍ਰਭਾਵ ਤੋਂ ਡਰਦੇ ਹੋਏ ਟੋਰੀ ਪਾਰਟੀ ਵੱਲੋਂ ਅਜਿਹੇ ਕਦਮ ਚੁੱਕੇ ਗਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸਾਊਥਾਲ ਦੇ ਲੋਕਾਂ ਦੀਆਂ ਹੋਰ ਵੀ ਬਹੁਤ ਮੁਸ਼ਕਲਾਂ ਹਨ ਜਿਨ੍ਹਾਂ ਦੇ ਹੱਲ ਲਈ ਪ੍ਰਧਾਨ ਮੰਤਰੀ ਨੇ ਕਦੇ ਸਮਾਂ ਨਹੀਂ ਕੱਢਿਆ।

## ਇੰਗਲੈਂਡ ਦੀ ਖਿਡਾਰਨ ਨਾਲ ਵਿਆਹ ਰਚਾਏਗਾ ਸਰਦਾਰ ਸਿੰਘ

**ਚੰਡੀਗੜ੍ਹ:** ਭਾਰਤੀ ਹਾਕੀ ਟੀਮ ਦੇ ਕਪਤਾਨ ਸਰਦਾਰ ਸਿੰਘ ਵੱਲੋਂ ਇੰਗਲੈਂਡ ਦੀ ਜੂਨੀਅਰ ਮਹਿਲਾ ਹਾਕੀ ਟੀਮ ਦੀ ਮੈਂਬਰ ਅਸ਼ਵਾਲ ਕੌਰ ਭੋਗਲ ਨਾਲ ਵਿਆਹ ਰਚਾਇਆ ਜਾ ਰਿਹਾ ਹੈ। ਇਹ ਦੋਵੇਂ ਪਿਛਲੇ ਕੁਝ ਸਮੇਂ ਤੋਂ ਇਕ-ਦੂਜੇ ਨੂੰ ਮਿਲ-ਗਿਲ ਰਹੇ ਹਨ ਤੇ ਅਗਲੇ ਵਰ੍ਹੇ ਹਾਕੀ ਵਿਸ਼ਵ ਕੱਪ ਮਗਰੋਂ ਵਿਆਹ ਦੇ ਬੰਧਨ ਵਿਚ ਬੱਝਣ ਜਾ ਰਹੇ ਹਨ।

ਸਰਦਾਰ ਤੇ ਅਸ਼ਪਾਲ ਦੋ ਵਰ੍ਹੇ ਪਹਿਲਾਂ ਬਰਤਾਨੀਆ ਵਿਚ ਮਿਲੇ ਸਨ। ਅਸ਼ਪਾਲ ਦਾ ਪਰਿਵਾਰ ਜ਼ਿਲ੍ਹਾ ਜਲੰਧਰ ਦੇ ਪਿੰਡ ਬੰਗਾ ਦਾ ਮੂਲ ਵਾਸੀ ਹੈ। ਅਸ਼ਪਾਲ ਦਾ ਜਨਮ ਇੰਗਲੈਂਡ ਵਿਚ ਹੀ ਹੋਇਆ ਸੀ ਤੇ ਉਸ ਨੂੰ ਇੰਗਲੈਂਡ ਦੀ ਨੁਮਾਇੰਦਗੀ ਕਰਨ ਵਾਲੀ ਪਹਿਲੀ ਬ੍ਰਿਟਿਸ਼ ਏਸ਼ੀਅਨ ਮਹਿਲਾ ਹੋਣ ਦਾ ਐਜਾਜ਼ ਹਾਸਲ ਹੈ। ਹਾਕੀ ਦੀ ਖੇਡ ਨਾਲ ਮੋਹ ਹੀ ਸਰਦਾਰ (28) ਤੇ ਅਸ਼ਪਾਲ (19) ਨੂੰ ਇਕ-ਦੂਜੇ ਦੇ ਕਰੀਬ ਲਿਆਇਆ। ਇਹ ਦੋਵੇਂ ਵੱਖ-ਵੱਖ ਹਾਕੀ ਟੂਰਨਾਮੈਂਟਾਂ ਦੌਰਾਨ ਇਕ-ਦੂਜੇ ਨੂੰ ਮਿਲਦੇ ਰਹਿੰਦੇ ਹਨ। ਦੋਵਾਂ ਦੇ ਪਰਿਵਾਰਾਂ ਨੇ ਵਿਆਹ ਲਈ ਸਹਿਮਤੀ ਦੇ ਦਿੱਤੀ ਹੈ। ਅਸ਼ਪਾਲ ਨੇ 13 ਸਾਲਾਂ ਦੀ ਉਮਰ ਵਿਚ ਹਾਕੀ ਖੇਡਣੀ ਸ਼ੁਰੂ ਕੀਤੀ ਸੀ। ਉਸ ਦੇ ਪਹਿਲੇ ਕੋਚ ਉਸ ਦੇ ਤਾਇਆ ਸਤਵਿੰਦਰਪਾਲ ਸਿੰਘ ਭੋਗਲ ਸਨ। ਉਂਜ, ਉਸ ਦੇ ਪਿਤਾ ਬੌਬੀ ਭੋਗਲ ਵੀ ਹਾਕੀ ਦੇ ਚੰਗੇ ਖਿਡਾਰੀ ਹਨ। ਭੋਗਲ ਪਰਿਵਾਰ ਪਹਿਲਾਂ ਯੂਗਾਂਡਾ ਵਿਚ ਵਸਿਆ ਹੋਇਆ ਸੀ। ਉਸ ਦੇਸ਼ ਦੇ ਤਾਨਾਸ਼ਾਹ ਈਦੀ ਅਮੀਨ ਵੱਲੋਂ ਏਸ਼ਿਆਈਆਂ ਉਪਰ ਜ਼ੁਲਮ ਢਾਹੇ ਜਾਣ ਕਾਰਨ ਇਸ ਪਰਿਵਾਰ ਨੂੰ ਇੰਗਲੈਂਡ ਵਿਚ ਪਨਾਹ ਲੈਣ ਲਈ ਮਜਬੂਰ ਹੋਣਾ ਪਿਆ ਸੀ।

## ਕਹਾਣੀ ਸੰਗ੍ਰਿਹ 'ਪੰਜਾਬੀ ਪਰਵਾਸੀਆਂ ਦੀਆਂ ਕਹਾਣੀਆਂ' ਪ੍ਰਕਾਸ਼ਿਤ

**ਨਿਊ ਯਾਰਕ (ਬਿਊਰੋ):** ਭਾਰਤ ਦੀ ਵੱਕਾਰੀ ਪੁਸਤਕ ਪ੍ਰਕਾਸ਼ਨ ਸੰਸਥਾ ਨੈਸ਼ਨਲ ਬੁੱਕ ਟਰੱਸਟ, ਇੰਡੀਆ ਵਲੋਂ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੇ ਲੇਖਕਾਂ ਦੀਆਂ ਕਹਾਣੀਆਂ ਦਾ ਇਕ ਸੰਗ੍ਰਿਹ 'ਪੰਜਾਬੀ ਪਰਵਾਸੀਆਂ ਦੀਆਂ ਕਹਾਣੀਆਂ' ਛਾਪਿਆ ਗਿਆ ਹੈ। ਇਸ ਸੰਗ੍ਰਿਹ ਦਾ ਸੰਪਾਦਨ ਕਹਾਣੀਕਾਰ ਜਿੰਦਰ ਅਤੇ ਪੰਜਾਬੀ ਆਲੋਚਕ, ਬਾਲ ਸਾਹਿਤ ਲੇਖਕ ਅਤੇ ਅਨੁਵਾਦਕ ਡਾ. ਬਲਦੇਵ ਸਿੰਘ ਬੱਦਨ ਨੇ ਕੀਤਾ ਹੈ। ਕਹਾਣੀ ਸੰਗ੍ਰਿਹ ਵਿਚ 48 ਕਹਾਣੀਕਾਰਾਂ ਦੀਆਂ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਅਮਰੀਕਾ ਦੇ 15 ਕਹਾਣੀਕਾਰਾਂ ਦੀਆਂ ਕਹਾਣੀ ਦਰਜ ਹਨ। ਪੁਸਤਕ 535 ਸਫ਼ਿਆਂ ਦੀ ਹੈ। ਖ਼ੂਬਸੂਰਤ ਦਿੱਖ ਵਾਲੀ ਵਿਚ ਛਪੀ ਪੇਪਰ ਬੈਕ ਕਿਤਾਬ ਦੀ ਕੀਮਤ ਸਿਰਫ਼ 345 ਰੁਪਏ ਹੈ।




ਵਡੇਰੀ ਉਮਰ ਤੋਂ ਘੱਟਦੀ ਉਮਰ ਦੇ ਕ੍ਰਮ ਵਿਚ ਪੇਸ਼ ਅਮਰੀਕਾ ਵਸਦੇ ਇਨ੍ਹਾਂ ਕਹਾਣੀਕਾਰਾਂ ਦੀਆਂ 'ਆਵਾਜ਼, ਆਵਾਜ਼ ਹੈ' (ਐਨ. ਕੌਰ), 'ਨਾਦਰਸ਼ਾਹ' (ਜਗਜੀਤ ਬਰਾੜ), 'ਅਰਥ' (ਬਲਦੇਵ ਸਿੰਘ ਗਰੇਵਾਲ), 'ਸੂਲੀ ਟੰਗੇ ਪਲ' (ਚਰਨਜੀਤ ਸਿੰਘ ਪਨੂੰ), 'ਅੱਧੋਰਾਣੀ ਚਾਦਰ' (ਰਾਠੇਸ਼ਵਰ ਸਿੰਘ ਸੂਰਾਪੁਰੀ), 'ਮਰੇ ਬੰਦੇ ਦੀ ਕਹਾਣੀ' (ਸੁਰਿੰਦਰ ਸੀਰਤ), 'ਬਿਨ ਸਿੰਗੇ ਸਾਨ੍ਹ' (ਪ੍ਰੋ. ਹਰਭਜਨ ਸਿੰਘ), 'ਵਸੀਅਤ' (ਤਾਰਾ ਸਿੰਘ ਸਾਗਰ), 'ਪੰਘੂੜਾ' (ਰਾਣੀ ਨਗਿੰਦਰ ਕੌਰ), 'ਖੋਜ' (ਹਰਮਹਿੰਦਰ ਚਹਿਲ), 'ਮੇਰੀ ਲੂੰਬੜੀ' (ਪਰਵੇਜ਼ ਸੰਧੂ), 'ਜੂਠ' (ਗੁਰਪ੍ਰੀਤ ਧਾਲੀਵਾਲ), 'ਸਿਟੀਜ਼ਨਸ਼ਿਪ' (ਨੀਲਮ ਸੈਣੀ), 'ਨਹੁੰਆਂ ਦੇ ਨਿਸ਼ਾਨ' (ਸੁਰਿੰਦਰ ਸੋਹਲ) ਅਤੇ 'ਪਿਆਸੀ ਕਿਸ਼ਤੀ' (ਡਾ. ਸੰਦੀਪ ਸਿੰਘ) ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ।

## ਰਾਸ਼ਟਰਪਤੀ ਦੀ ਚੋਣ ਲੜੇਗਾ ਬੌਬੀ ਜਿੰਦਲ?

**ਵਾਸ਼ਿੰਗਟਨ:** ਲੂਸੀਆਨਾ ਦੇ ਭਾਰਤੀ ਮੂਲ ਦੇ ਗਵਰਨਰ ਅਤੇ ਰਿਪਬਲਿਕਨ ਪਾਰਟੀ ਦੇ ਉੱਭਰਦੇ ਆਗੂ ਬੌਬੀ ਜਿੰਦਲ 2016 ਵਿਚ ਅਮਰੀਕੀ ਰਾਸ਼ਟਰਪਤੀ ਦੀ ਚੋਣ ਲੜਨ ਦੀ ਯੋਜਨਾ ਬਣਾ ਰਹੇ ਹਨ। ਇਹ ਖੁਲਾਸਾ ਉਨ੍ਹਾਂ ਦੇ ਸਟੇਟ ਦੇ ਹੀ ਸੀਨੀਅਰ ਸੈਨੇਟਰ ਡੇਵਿਡ ਵਿਟਰ ਨੇ ਕੀਤਾ ਹੈ। ਅਮਰੀਕੀ ਟੀ.ਵੀ. ਚੈਨਲ ਦੇ ਸੀ-ਸਪੈਨ ਦੇ ਨਿਊਜ਼ ਮੇਕਰਜ਼ ਪ੍ਰੋਗਰਾਮ ਵਿਚ ਦੱਸਿਆ ਹੈ ਕਿ ਬੌਬੀ ਜਿੰਦਲ ਚੋਣ ਲੜ ਸਕਦਾ ਹੈ। ਲੂਸੀਆਨਾ ਦੇ ਗਵਰਨਰ ਵਜੋਂ ਸ੍ਰੀ ਜਿੰਦਲ ਦਾ ਦੂਜਾ ਕਾਰਜਕਾਲ 2015 ਵਿਚ ਸਮਾਪਤ ਹੋ ਰਿਹਾ ਹੈ। ਉਹ ਤੀਜੀ ਵਾਰ ਚੋਣ ਨਹੀਂ ਲੜ ਸਕਦੇ।

## ਭਾਈ ਗੁਰਬਖਸ਼ ਸਿੰਘ ਦੇ ਸੰਘਰਸ਼ ਦੀ ਹਮਾਇਤ

**ਨਿਊ ਯਾਰਕ (ਬਿਊਰੋ):** ਨਿਊ ਯਾਰਕ ਸ਼ਹਿਰ ਦੇ ਰੇਲਵੇ ਮਹਿਕਮੇ ਅਤੇ ਹੋਰ ਵੱਖ ਵੱਖ ਵਿਭਾਗਾਂ ਵਿਚ ਕੰਮ ਕਰਦੇ ਸਿੱਖਾਂ ਦੀ ਸੰਸਥਾ ਐਮ ਟੀ ਏ ਨੇ ਜੇਲ੍ਹਾਂ ਵਿਚ ਕੈਦ ਸਿੱਖਾਂ ਦੀ ਰਿਹਾਈ ਲਈ ਭਾਈ ਗੁਰਬਖਸ਼ ਸਿੰਘ ਵਲੋਂ ਵਿੱਢੇ ਗਏ ਸੰਘਰਸ਼ ਦੀ ਹਮਾਇਤ ਕੀਤੀ ਹੈ। ਸੰਸਥਾ ਦੀ ਇਥੇ ਹੋਈ ਇਕ ਮੀਟਿੰਗ ਵਿਚ ਸੰਸਥਾ ਦੀਆਂ ਸਰਗਰਮੀਆਂ ਦਾ ਜਾਇਜ਼ਾ ਲਿਆ ਗਿਆ। ਮੀਟਿੰਗ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਚੇਤੇ ਕਰਦਿਆਂ ਉਨ੍ਹਾਂ ਪ੍ਰਤੀ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਸੰਸਥਾ ਦੇ ਇਕ ਆਗੂ ਇੰਦਰਜੀਤ ਸਿੰਘ ਉਮਰਪੁਰੀ ਦੇ ਘਰ ਹੋਈ ਇਸ ਮੀਟਿੰਗ ਦੌਰਾਨ ਮਹਿੰਦਰ ਸਿੰਘ ਹੇਅਰ ਨੇ ਸੰਸਥਾ ਨੂੰ ਹੋਰ ਵਧੀਆ ਤਰੀਕੇ ਨਾਲ ਚਲਾਉਣ ਲਈ ਆਪਣੇ ਸੁਝਾਅ ਪੇਸ਼ ਕੀਤੇ। ਸੰਸਥਾ ਵਲੋਂ ਦਸਤਾਰਧਾਰੀ ਸਿੱਖਾਂ ਨੂੰ ਅਮਰੀਕੀ ਫੌਜ, ਨਿਊ ਯਾਰਕ ਸਹਿਰ ਦੀ ਪੁਲਿਸ, ਫਾਇਰ ਬ੍ਰਿਗੇਡ ਅਤੇ ਜੇਲ੍ਹ ਵਿਭਾਗ ਦੀਆਂ ਨੌਕਰੀਆਂ ਲਈ ਆ ਰਹੀਆਂ ਮੁਸ਼ਕਿਲਾਂ ਵਾਸਤੇ ਸਿੱਖ ਕੋਲੀਸ਼ਨ ਸੈਲਡੈਫ, ਯੂਨਾਈਟਿਡ ਸਿੱਖਸ ਆਦਿ ਜਥੇਬੰਦੀਆਂ ਵਲੋਂ ਅਰੰਭੀਆਂ ਗਾਈਆਂ ਕੋਸ਼ਿਸ਼ਾਂ ਦੀ ਭਰਵੀਂ ਸ਼ਲਾਘਾ ਕੀਤੀ ਗਈ। ਸੰਸਥਾ ਨੇ ਅਗਲੇ ਵਰ੍ਹੇ ਤੋਂ ਸਿੱਖ ਵਿਰਾਸਤ ਦਿਹਾੜੇ ਦੇ ਨਾਲ ਨਾਲ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਹੋਰ ਭਾਈਚਾਰਿਆਂ ਨੂੰ ਜਾਣੂ ਕਰਵਾਉਣ ਲਈ ਪ੍ਰੋਗਰਾਮ ਕਰਵਾਉਣ ਦਾ ਫੈਸਲਾ ਵੀ ਲਿਆ। ਹੋਰ ਜਾਣਕਾਰੀ ਲਈ ਫੋਨ 908-472-3271 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


Truck Stop 40, Oklahoma

Help Wanted

ਟਰੱਕ ਸਟਾਪ ਲਈ ਕੈਸ਼ੀਅਰ, ਡੀਜ਼ਲ ਤੇ ਕਾਰ ਮਕੈਨਿਕ ਦੀ ਲੋੜ ਹੈ

ਕਾਲ ਕਰੋ:832-512-7172

ਪੰਜਾਬ ਵਿਚ ਜ਼ਮੀਨ ਵਿਕਾਊ ਹੈ

ਰੋਪੜ ਜਿਲ੍ਹੇ (ਪੰਜਾਬ) ਵਿਚ 5 ਤੋਂ 14 ਕਿੱਲੇ ਤੱਕ ਬਾਗਬਾਨੀ ਵਾਲੀ ਉਪਜਾਊ ਜ਼ਮੀਨ ਵਿਕਾਊ ਹੈ। ਬਿਜਲੀ-ਪਾਣੀ ਉਪਲਬਧ ਅਤੇ ਫਲਾਂ ਦੇ ਪੌਧਿਆਂ ਦੀ ਬੀਜਾਈ ਸਮੇਤ ਤਿਆਰ ਜ਼ਮੀਨ ਦਾ ਮੁੱਲ 14 ਲੱਖ ਪ੍ਰਤੀ ਏਕੜ, ਬਗੈਰ ਤਿਆਰੀ ਦੇ ਮੁੱਲ 8 ਲੱਖ ਪ੍ਰਤੀ ਏਕੜ।

ਸੰਪਰਕ ਕਰੋ:281-788-4571

ਪੰਜਾਬੀ ਰੇਡੀਓ ਯੂ.ਐਸ.ਏ.
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

# ਪੰਜਾਬ ਸਰਕਾਰ ਦੀ ਵਾਗਡੋਰ ਬਾਦਲ ਪਰਿਵਾਰ ਹੱਥ

## ਵੀਹ ਵਿਭਾਗਾਂ 'ਤੇ ਬਾਦਲ ਪਰਿਵਾਰ ਦਾ ਕਬਜ਼ਾ



**ਚੰਡੀਗੜ੍ਹ:** ਪੰਜਾਬ ਸਰਕਾਰ ਦੀਆਂ ਸਾਰੀਆਂ ਵਾਗਾਂ ਬਾਦਲ ਪਰਿਵਾਰ ਦੇ ਹੀ ਹੱਥ ਹਨ। ਇਸ ਦੀ ਮਿਸਾਲ ਇਸ ਗੱਲ ਤੋਂ ਮਿਲਦੀ ਹੈ ਕਿ ਸਰਕਾਰੀ ਵਿਭਾਗਾਂ ਵਿਚ ਬਾਦਲ ਪਰਿਵਾਰ ਤੇ ਉਨ੍ਹਾਂ ਦੇ ਕਰੀਬੀਆਂ ਦਾ ਹੀ ਬੋਲਬਾਲਾ ਹੈ। ਮੁੱਖ ਮੰਤਰੀ ਕੋਲ, ਸਹਿਕਾਰਤਾ, ਖੇਤੀਬਾੜੀ, ਬਿਜਲੀ, ਜਲ ਸਪਲਾਈ, ਪ੍ਰਸੋਨਲ, ਆਮ ਪ੍ਰਸ਼ਾਸਨ ਆਦਿ, ਉਪ ਮੁੱਖ ਮੰਤਰੀ ਕੋਲ ਗ੍ਰਹਿ, ਸ਼ਹਿਰੀ ਵਿਕਾਸ, ਸ਼ਹਿਰੀ ਹਵਾਬਾਜ਼ੀ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕਾਂ ਦੀ ਭਲਾਈ ਆਦਿ, ਬਿਕਰਮ ਸਿੰਘ ਮਜੀਠੀਆ ਕੋਲ ਮਾਲ, ਪਰਵਾਸੀ ਭਾਰਤੀ ਮਾਮਲੇ, ਗੈਰ ਰਵਾਇਤੀ ਊਰਜਾ ਤੇ ਲੋਕ ਸੰਪਰਕ, ਆਦੇਸ਼ ਪ੍ਰਤਾਪ ਸਿੰਘ ਕੈਰੋਂ ਕੋਲ ਖੁਰਾਕ ਤੇ ਸਿਵਲ ਸਪਲਾਈ ਤੇ ਸੂਚਨਾ ਤਕਨਾਲੋਜੀ ਵਿਭਾਗ ਹਨ। ਇਕ ਹੋਰ ਨੇੜਲੇ ਰਿਸ਼ਤੇਦਾਰ ਜਨਮੇਜਾ ਸਿੰਘ ਸੇਖੋਂ ਨੂੰ ਸਿੰਜਾਈ ਵਿਭਾਗ ਦਾ ਕੰਮ ਦਿੱਤਾ ਗਿਆ ਹੈ। ਇਸ ਤਰ੍ਹਾਂ ਤਕਰੀਬਨ 20 ਅਹਿਮ ਵਿਭਾਗਾਂ ਦਾ ਕਾਰਜਭਾਰ ਬਾਦਲ ਪਰਿਵਾਰ ਕੋਲ ਹੈ।

ਪੰਜਾਬ ਦੀ ਸੱਤਾ 'ਤੇ ਕਾਬਜ਼ ਬਾਦਲ ਪਰਿਵਾਰ ਨੇ ਤਾਂ ਹਰ ਸਰਕਾਰੀ ਸੁੱਖ-ਸਹੂਲਤ ਵੀ ਆਪਸ ਵਿਚ ਹੀ ਵੰਡ ਲਈ ਹੈ। ਇਥੋਂ ਤੱਕ ਕਿ ਪੰਜਾਬ ਸਰਕਾਰ ਵਿਚ ਮਹੱਤਵਪੂਰਨ ਅਹੁਦਿਆਂ ਦੇ ਨਾਲ-ਨਾਲ ਚੰਡੀਗੜ੍ਹ ਵਿਚ ਅਹਿਮ ਸਰਕਾਰੀ ਬੰਗਲੇ ਵੀ ਬਾਦਲ ਪਰਿਵਾਰ ਤੇ ਉਨ੍ਹਾਂ ਦੇ ਨੇੜਲੇ ਰਿਸ਼ਤੇਦਾਰਾਂ ਦੇ ਹਿੱਸੇ ਹੀ ਆਏ ਹਨ। ਮੁੱਖ ਮੰਤਰੀ ਪੂਲ ਅਧੀਨ ਚੰਡੀਗੜ੍ਹ ਦੇ ਸੈਕਟਰ ਦੋ, ਸੈਕਟਰ 16 ਤੇ 39 ਵਿਚ ਵੱਡੇ ਮਕਾਨ ਹਨ। ਪ੍ਰਭਾਵਸ਼ਾਲੀ ਮੰਨੇ ਜਾਂਦੇ ਤਕਰੀਬਨ 20 ਵਿਭਾਗਾਂ ਦਾ ਕੰਮ ਸ. ਬਾਦਲ ਤੇ ਉਨ੍ਹਾਂ ਦੇ ਰਿਸ਼ਤੇਦਾਰ ਦੇਖਦੇ ਹਨ।

ਸਰਕਾਰੀ ਬੰਗਲਿਆਂ ਵਿਚੋਂ ਸੈਕਟਰ ਦੋ ਵਿਚਲੇ ਬੰਗਲੇ ਜ਼ਿਆਦਾ ਖਾਸ ਸਮਝੇ ਜਾਂਦੇ ਹਨ। ਇਨ੍ਹਾਂ ਵਿਚੋਂ ਜ਼ਿਆਦਾ ਬੰਗਲੇ ਬਾਦਲ ਪਰਿਵਾਰ ਕੋਲ ਹੀ ਹਨ। ਮੁੱਖ ਮੰਤਰੀ ਨੇ ਅਧਿਕਾਰਤ ਰਿਹਾਇਸ਼ ਦੇ ਨਾਲ ਦੋ ਹੋਰਾਂ ਕੋਠੀਆਂ ਨੂੰ ਵੀ ਆਪਣੀ ਵਰਤੋਂ ਲਈ ਰੱਖਿਆ ਹੋਇਆ ਹੈ। ਇਨ੍ਹਾਂ ਵਿਚੋਂ ਕੋਠੀ ਨੰਬਰ ਛੇ ਵਿਚ ਦਫ਼ਤਰ ਤੇ ਦੂਜੀ ਸੁਰੱਖਿਆ ਕਰਮਚਾਰੀਆਂ ਨੂੰ ਅਲਾਟ ਕੀਤੀ ਹੋਈ ਹੈ। ਮੁੱਖ ਮੰਤਰੀ ਨੇ ਆਪਣੇ ਘਰ ਦੇ ਨਾਲ ਲਗਦਾ ਬੰਗਲਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਅਲਾਟ ਕੀਤਾ ਹੋਇਆ ਹੈ। ਸੂਤਰਾਂ ਮੁਤਾਬਕ ਉਪ ਮੁੱਖ ਮੰਤਰੀ ਨੇ ਇਸ ਸਰਕਾਰੀ ਬੰਗਲੇ ਵਿਚ ਪੱਕੀ ਰਿਹਾਇਸ਼ ਨਹੀਂ ਕੀਤੀ, ਉਹ ਆਪਣੀ ਨਿੱਜੀ ਕੋਠੀ ਵਿਚ ਹੀ ਰਹਿੰਦੇ ਹਨ।

ਮੁੱਖ ਮੰਤਰੀ ਦੇ ਜਵਾਈ ਤੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਜਿਨ੍ਹਾਂ ਦੀ ਆਪਣੀ ਕੋਠੀ ਸੈਕਟਰ ਚਾਰ ਵਿਚ ਹੈ, ਉਨ੍ਹਾਂ ਨੂੰ ਸੈਕਟਰ ਦੋ ਵਿਚ 50 ਨੰਬਰ ਕੋਠੀ ਤੇ ਬਿਕਰਮ ਸਿੰਘ ਮਜੀਠੀਆ ਨੂੰ 47 ਨੰਬਰ ਕੋਠੀ ਅਲਾਟ ਕੀਤੀ ਹੋਈ ਹੈ। ਬਾਕੀ ਮੰਤਰੀਆਂ ਤੇ ਮੁੱਖ ਸੰਸਦੀ ਸਕੱਤਰਾਂ ਨੂੰ ਸੈਕਟਰ 39 ਵਿਚ ਮਕਾਨ ਦਿੱਤੇ ਗਏ ਹਨ। ਮੁੱਖ ਸਕੱਤਰ ਦਫ਼ਤਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਪੂਲ ਦੇ ਮਕਾਨਾਂ ਨੂੰ ਅਲਾਟ ਕਰਨ ਦਾ ਹੱਕ ਮੁੱਖ ਮੰਤਰੀ ਕੋਲ ਹੀ ਹੁੰਦਾ ਹੈ। ਸ. ਬਾਦਲ ਇਹ ਕੋਠੀਆਂ ਕਿਸੇ ਨੂੰ ਵੀ ਅਲਾਟ ਕਰ ਸਕਦੇ ਹਨ।

## ਨੌਜਵਾਨਾਂ ਲਈ ਪ੍ਰੇਰਨਾ ਦਾ ਸੋਮਾ ਬਣਿਆ ਬਾਬਾ

**ਖੰਨਾ:** ਸਮਰਾਲਾ ਨੇੜਲੇ ਪਿੰਡ ਮਾਦਪੁਰ ਵਾਸੀ 68 ਸਾਲਾ ਬਜ਼ੁਰਗ ਹਰਭਜਨ ਸਿੰਘ ਦੌੜ ਮੁਕਾਬਲਿਆਂ ਵਿਚ 16 ਸੋਨ, 12 ਚਾਂਦੀ ਤੇ ਅੱਠ ਕਾਂਸੀ ਦੇ ਤਗਮੇ ਜਿੱਤ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਬਣ ਗਿਆ ਹੈ। ਇਸ ਸਮੇਂ ਹਰਭਜਨ ਸਿੰਘ ਕੋਲ 36 ਤਗਮੇ ਹਨ।

ਉਸ ਨੇ ਹਮੇਸ਼ਾ ਹੀ ਨੌਜਵਾਨਾਂ ਨੂੰ ਨਸ਼ੇ ਤਿਆਗ ਕੇ ਦੌੜ ਲਗਾ ਕੇ ਨਿਰੋਗ ਸਿਹਤਮੰਦ ਰਹਿਣ ਦੀ ਅਪੀਲ ਕੀਤੀ ਹੈ। ਹਰਭਜਨ ਸਿੰਘ 1981 ਵਿਚ ਫ਼ੌਜ ਤੋਂ ਸੇਵਾ ਮੁਕਤ ਹੋਇਆ ਹੈ। ਇਸ ਤੋਂ ਪਹਿਲਾਂ ਉਹ ਫ਼ੌਜ ਵਿਚ ਮੁੱਕੇਬਾਜ਼ ਰਿਹਾ ਹੈ। ਸੇਵਾ ਮੁਕਤੀ ਤੋਂ ਬਾਅਦ ਉਸ ਨੇ ਲੁਧਿਆਣਾ ਦੇ ਯੂਨੀਅਨ ਬੈਂਕ ਵਿਚ ਨੌਕਰੀ ਕਰ ਲਈ ਤੇ 2009 ਵਿਚ ਸੇਵਾ ਮੁਕਤ ਹੋ ਗਿਆ। ਉਸ ਦਾ ਕਹਿਣਾ ਹੈ ਕਿ ਉਸ ਨੇ 2010 ਵਿਚ ਪਿੰਡ ਵਿਚ ਹੀ ਦੌੜ ਲਾਉਣੀ ਸ਼ੁਰੂ ਕੀਤੀ। ਉਸ ਤੋਂ ਬਾਅਦ ਵੱਖ-ਵੱਖ ਸ਼ਹਿਰਾਂ ਵਿਚ ਸਪੋਰਟਸ ਅਕੈਡਮੀਆਂ ਵੱਲੋਂ ਬਜ਼ੁਰਗਾਂ ਦੀ ਦੌੜ ਦੇ ਮੁਕਾਬਲਿਆਂ ਵਿਚ ਹਿੱਸਾ ਲੈਣ ਲੱਗ ਗਿਆ। ਉਸ ਨੂੰ ਗਿਲਾ ਹੈ ਕਿ ਪੰਜਾਬ ਸਰਕਾਰ ਬਜ਼ੁਰਗ ਦੌੜਾਕਾਂ ਦੀ ਮਦਦ ਨਹੀਂ ਕਰਦੀ।

# ਪੰਜਾਬ ਵਿਚ ਲਿੰਗ ਅਨੁਪਾਤ ਪਾੜਾ ਪਹਿਲਾਂ ਨਾਲੋਂ ਘਟਿਆ

**ਚੰਡੀਗੜ੍ਹ:** ਪੰਜਾਬ ਵਿਚ ਇਕ ਦਹਾਕੇ ਦੌਰਾਨ ਲਿੰਗ ਅਨੁਪਾਤ ਵਿਚ 19 ਅੰਕਾਂ ਦਾ ਸੁਧਾਰ ਹੋਇਆ ਹੈ। ਇਸ ਬਾਰੇ ਦਾਅਵਾ ਕਰਦਿਆਂ ਪੰਜਾਬ ਦੀ ਮਰਦਮਸ਼ੁਮਾਰੀ ਡਾਇਰੈਕਟਰ ਸੀਮਾ ਜੈਨ ਨੇ ਦੱਸਿਆ ਕਿ 10 ਸਾਲ ਪਹਿਲਾਂ ਜਿਥੇ ਹਜ਼ਾਰ ਮੁੰਡਿਆਂ ਪਿੱਛੇ 876 ਲੜਕੀਆਂ ਸਨ, ਉਥੇ ਹੁਣ ਇਹ ਦਰ 895 ਹੋ ਗਈ ਹੈ। ਦਸਾਂ ਸਾਲਾਂ ਦੌਰਾਨ ਸੂਬੇ ਦੀ ਆਬਾਦੀ 13.9 ਫੀਸਦੀ ਵਧੀ ਜੋ 1961 ਤੋਂ ਬਾਅਦ ਦੇ ਦਹਾਕਿਆਂ ਦੀ ਜਨਗਣਨਾ ਮੁਤਾਬਕ ਸਭ ਤੋਂ ਘੱਟ ਹੈ।

ਸੂਬੇ ਦਾ ਸਭ ਤੋਂ ਵੱਧ ਆਬਾਦੀ ਵਾਲਾ ਜ਼ਿਲ੍ਹਾ ਲੁਧਿਆਣਾ ਹੈ ਜਿਥੇ ਪੰਜਾਬ ਦੀ ਕੁੱਲ ਆਬਾਦੀ ਦੀ 12.6 ਫੀਸਦੀ ਵਸੋਂ ਰਹਿੰਦੀ ਹੈ ਜਦ ਕਿ ਬਰਨਾਲਾ ਸਭ ਤੋਂ ਘੱਟ ਆਬਾਦੀ ਵਾਲਾ ਜ਼ਿਲ੍ਹਾ ਰਿਹਾ ਜਿਥੇ ਕੁੱਲ ਆਬਾਦੀ ਦੀ 2.2 ਫ਼ੀਸਦੀ ਵਸੋਂ ਹੈ। ਸੂਬੇ ਦੀ ਅਨੁਸੂਚਿਤ ਜਾਤੀ ਨਾਲ ਸਬੰਧਤ ਵਸੋਂ ਦੀ ਦਰ, ਕੁੱਲ ਵਸੋਂ ਦੇ ਹਿਸਾਬ ਨਾਲ 31.9 ਫੀਸਦੀ ਬਣਦੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਅਜਿਹੇ 371 ਪਿੰਡ ਹਨ ਜਿਨ੍ਹਾਂ ਦੀ ਵਸੋਂ 5,000 ਤੋਂ ਵੀ ਜ਼ਿਆਦਾ ਹੈ। ਇਨ੍ਹਾਂ ਪਿੰਡਾਂ ਵਿਚ ਕੁੱਲ ਦਿਹਾਤੀ ਵਸੋਂ ਦਾ 15.4 ਫ਼ੀਸਦੀ ਹਿੱਸਾ ਵਸਦਾ ਹੈ। ਅਜਿਹੇ 41 ਪਿੰਡ ਵੀ ਸੂਬੇ ਵਿਚ ਹਨ ਜਿਨ੍ਹਾਂ ਦੀ ਵਸੋਂ 10,000 ਤੋਂ ਵੀ ਜ਼ਿਆਦਾ ਹੈ ਤੇ ਖਾਸ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ 30 ਪਿੰਡ ਮਾਲਵਾ ਖ਼ਿੱਤੇ ਵਿਚ ਜਦ ਕਿ ਬਾਕੀ ਮਾਝਾ ਤੇ ਦੋਆਬਾ ਖੇਤਰ ਵਿਚ ਹਨ। ਸਾਲ 2001 ਵਿਚ ਜਿਥੇ ਪੰਜਾਬ ਦੀ ਸ਼ਹਿਰੀ ਆਬਾਦੀ 33.9 ਫ਼ੀਸਦੀ ਸੀ, ਉਥੇ 2011 ਵਿਚ ਇਹ ਦਰ ਵੱਧ ਕੇ 37.5 ਫ਼ੀਸਦੀ ਹੋ ਗਈ ਹੈ। ਸਾਰੇ ਜ਼ਿਲ੍ਹਿਆਂ ਵਿਚ ਸ਼ਹਿਰੀ ਆਬਾਦੀ ਦਾ ਵਾਧਾ ਦਰਜ ਕੀਤਾ ਗਿਆ ਹੈ ਪਰ ਸਭ ਤੋਂ ਜ਼ਿਆਦਾ ਮੁਹਾਲੀ ਜ਼ਿਲ੍ਹੇ ਵਿਚ ਸ਼ਹਿਰੀ ਵਸੋਂ ਵਧੀ ਹੈ। ਸਾਲ 2001 ਦੇ 38.3 ਫ਼ੀਸਦੀ ਦੇ ਮੁਕਾਬਲੇ ਮੁਹਾਲੀ ਵਿਚ 2011 ਦੌਰਾਨ ਇਹ ਦਰ 54.8 ਫ਼ੀਸਦੀ ਰਹੀ। ਜ਼ਿਲ੍ਹਾ ਲੁਧਿਆਣਾ ਪੰਜਾਬ ਦਾ ਸਭ ਤੋਂ ਵੱਧ ਸ਼ਹਿਰੀ ਵਸੋਂ ਵਾਲਾ ਖੇਤਰ ਹੈ, ਜਿਥੇ 59.2 ਫ਼ੀਸਦੀ ਲੋਕ ਸ਼ਹਿਰੀ ਖੇਤਰ ਵਿਚ ਰਹਿੰਦੇ ਹਨ। ਤਰਨਤਾਰਨ ਜ਼ਿਲ੍ਹੇ ਵਿਚ 12.7 ਫ਼ੀਸਦੀ ਵਸੋਂ ਸ਼ਹਿਰਾਂ ਵਿਚ ਵਸਦੀ ਹੈ। ਸ਼ਹਿਰਾਂ ਵਿਚ ਰਹਿਣ ਵਾਲੀ ਚੌਥਾ ਹਿੱਸਾ ਵਸੋਂ ਲੁਧਿਆਣਾ ਤੇ ਅੰਮ੍ਰਿਤਸਰ ਵਿਚ ਰਹਿੰਦੀ ਹੈ। ਉਨ੍ਹਾਂ ਖੁਸ਼ੀ ਪ੍ਰਗਟਾਈ ਕਿ ਜਿਥੇ ਲਿੰਗ ਅਨੁਪਾਤ ਵਿਚ ਵਾਧਾ ਦਰਜ ਕੀਤਾ ਗਿਆ ਹੈ, ਉਥੇ ਹੀ ਮਰਦ-ਔਰਤ ਸਾਖਰਤਾ ਪਾੜਾ 9.7 ਫ਼ੀਸਦੀ ਘਟਿਆ ਹੈ। ਖੇਤੀਬਾੜੀ ਕਾਮਿਆਂ ਦੀ ਦਰ ਘਟ ਕੇ 35.5 ਫ਼ੀਸਦੀ ਅਤੇ ਗੈਰ ਖੇਤੀਬਾੜੀ ਕਾਮਿਆਂ ਦੀ ਦਰ ਵਧ ਕੇ 64.4 ਫ਼ੀਸਦੀ ਹੋ ਗਈ ਹੈ।

# ਤੇਜ਼ਾਬੀ ਹਮਲੇ: ਪੀੜਤਾਂ ਦਾ ਇਲਾਜ ਕਰਾਏਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਤੇਜ਼ਾਬੀ ਹਮਲਿਆਂ ਤੋਂ ਪੀੜਤਾਂ ਦੇ ਇਲਾਜ ਦਾ 100 ਫੀਸਦੀ ਖਰਚ ਚੁੱਕਣ ਦੇ ਨਾਲ-ਨਾਲ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਇਸ ਬਾਰੇ 'ਪੂਅਰ ਪੇਸ਼ੈਂਟ ਰਿਲੀਫ ਸੁਸਾਇਟੀ' ਦੇ ਕਰਤਾਧਰਤਾ ਐਡਵੋਕੇਟ ਹਰੀ ਚੰਦ ਅਰੋੜਾ ਵੱਲੋਂ ਦਾਇਰ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਜਿਥੇ ਪੰਜਾਬ ਦੇ ਗ੍ਰਹਿ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਡੀ.ਐਸ ਬੈਂਸ ਵੱਲੋਂ ਉਕਤ ਫ਼ੈਸਲਿਆਂ ਬਾਰੇ ਕੁਝ ਦਿਨ ਪਹਿਲਾਂ ਆਏ ਹਲਫ਼ਨਾਮੇ 'ਤੇ ਸੰਤੁਸ਼ਟੀ ਪ੍ਰਗਟ ਕੀਤੀ, ਉਥੇ ਹੀ ਉਕਤ ਕਾਨੂੰਨੀ ਮਾਹਿਰ ਦੇ ਸਹਿਯੋਗ ਨਾਲ ਗੁਆਂਢੀ ਸੂਬੇ ਹਰਿਆਣਾ ਵੱਲੋਂ ਕੀਤੀਆਂ ਗਈਆਂ ਸੋਧਾਂ ਤੇ ਇਸ ਬਾਰੇ ਤਿਆਰ ਕੀਤੇ ਜਾ ਰਹੇ ਮਸੌਦੇ ਨੂੰ ਆਪਣੇ ਸੂਬੇ ਵਿਚ ਵੀ ਪੂਰੀ ਤਰ੍ਹਾਂ ਲਾਗੂ ਕਰਨ ਲਈ ਕਿਹਾ।




ਉਧਰ, ਇਸੇ ਸਿਲਸਿਲੇ ਵਿਚ ਹਰਿਆਣਾ ਦੇ ਮੁੱਖ ਸਕੱਤਰ ਪੀ.ਕੇ ਚੌਧਰੀ ਵੱਲੋਂ ਵੀ ਹਾਈਕੋਰਟ ਵਿਚ ਹਲਫ਼ਨਾਮਾ ਦਾਇਰ ਕਰਦਿਆਂ ਜਾਣਕਾਰੀ ਦਿੱਤੀ ਗਈ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਇਸ ਬਾਰੇ ਆਪਣੀ ਨੀਤੀ ਵਿਚ ਹੋਰ ਸਹੂਲਤਾਂ ਦੇ ਨਾਲ-ਨਾਲ ਤੇਜ਼ਾਬ ਹਮਲਿਆਂ ਦੇ ਪੀੜਤਾਂ 'ਹਰਿਆਣਾ ਪਬਲਿਕ ਡਿਸਟ੍ਰੀਬਿਊਸ਼ਨ ਸਿਸਟਮ (ਲਾਇਸੈਂਸਿੰਗ ਤੇ ਕੰਟਰੋਲਿੰਗ) ਆਰਡਰ' ਤਹਿਤ ਦੁਕਾਨਾਂ ਦੀ ਅਲਾਟਮੈਂਟ ਲਈ ਤਰਜੀਹ ਦਿੱਤੇ ਜਾਣ ਦੀ ਮਦ ਵੀ ਸ਼ਾਮਲ ਕਰ ਲਈ ਗਈ ਹੈ।

ਹਾਈਕੋਰਟ ਵੱਲੋਂ ਉਕਤ ਸੁਸਾਇਟੀ ਦੇ ਸਕੱਤਰ ਐਡਵੋਕੇਟ ਅਰੋੜਾ ਵੱਲੋਂ ਪੇਸ਼ ਕੀਤੀਆਂ ਇਨ੍ਹਾਂ ਤਜਵੀਜ਼ਾਂ ਨੂੰ ਸਲਾਹੁੰਦੇ ਹੋਏ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਤਿੰਨਾਂ ਨੂੰ ਇਸ ਬਾਬਤ ਮੀਟਿੰਗ ਵਿਚ ਉਨ੍ਹਾਂ ਨੂੰ ਵੀ ਸ਼ਾਮਲ ਕਰਨ ਲਈ ਕਿਹਾ ਹੋਇਆ ਹੈ ਜਿਸ 'ਤੇ ਕਿ ਐਡਵੋਕੇਟ ਅਰੋੜਾ ਨੇ ਹਾਈਕੋਰਟ ਕੋਲ ਹਰਿਆਣਾ ਸਰਕਾਰ ਪ੍ਰਤੀ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਹਰਿਆਣਾ ਦੇ ਐਡਵੋਕੇਟ ਜਨਰਲ ਵੱਲੋਂ ਭਰੋਸਾ ਦੇਣ ਦੇ ਬਾਵਜੂਦ ਇਨ੍ਹਾਂ ਮੱਦਾਂ ਨੂੰ ਨੀਤੀ ਤੇ ਹਲਫ਼ਨਾਮੇ ਵਿਚ ਸ਼ਾਮਲ ਨਹੀਂ ਕੀਤਾ ਗਿਆ।

ਇਸ 'ਤੇ ਪੰਜਾਬ ਵੱਲੋਂ ਇਹ ਵੀ ਕਿਹਾ ਗਿਆ ਕਿ ਜੇਕਰ ਬਦਕਿਸਮਤੀ ਵੱਸ ਤੇਜ਼ਾਬ ਹਮਲੇ ਵਿਚ ਪੀੜਤ ਦੀ ਮੌਤ ਹੋ ਜਾਂਦੀ ਹੈ ਤਾਂ ਸਰਕਾਰ ਵੱਲੋਂ ਆਸ਼ਰਿਤਾਂ ਨੂੰ ਪੰਜ ਲੱਖ ਰੁਪਏ ਦਿੱਤੇ ਜਾਣ ਦਾ ਫ਼ੈਸਲਾ ਵੀ ਕੀਤਾ ਗਿਆ ਹੈ। ਹਾਈਕੋਰਟ ਵੱਲੋਂ ਕੇਸ ਦੀ ਸੁਣਵਾਈ ਲਈ ਸੱਤ ਫ਼ਰਵਰੀ ਤੈਅ ਕਰਦਿਆਂ ਪੰਜਾਬ ਸਰਕਾਰ ਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਇਕ ਵਾਰ ਫਿਰ ਹਰਿਆਣਾ ਵਾਲਾ ਮਸੌਦਾ ਲਾਗੂ ਕਰਕੇ ਜਵਾਬ ਦੇਣ ਲਈ ਕਿਹਾ ਗਿਆ।

# ਆਟਾ-ਦਾਲ ਸਕੀਮ ਨੇ ਸਰਕਾਰੀ ਏਜੰਸੀਆਂ ਦੇ ਭਾਂਡੇ ਵਿਕਵਾਏ

## ਏਜੰਸੀਆਂ ਨੇ ਪੰਜਾਬ ਸਰਕਾਰ ਤੋਂ 1700 ਕਰੋੜ ਵਾਪਸ ਮੰਗੇ



**ਚੰਡੀਗੜ੍ਹ:** ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵੱਲੋਂ ਵੱਡੀ ਪ੍ਰਾਪਤੀ ਦੱਸੀ ਜਾਂਦੀ ਆਟਾ-ਦਾਲ ਸਕੀਮ ਸੂਬੇ ਦੀਆਂ ਕਈ ਸਰਕਾਰੀ ਏਜੰਸੀਆਂ ਨੂੰ ਡੋਬ ਗਈ। ਇਥੋਂ ਤੱਕ ਕਿ ਪੰਜਾਬ ਸਰਕਾਰ ਇਸ ਸਕੀਮ ਰਾਹੀਂ ਭਾਰਤੀ ਰਿਜ਼ਰਵ ਬੈਂਕ ਨੂੰ 767 ਕਰੋੜ ਦਾ ਚੂਨਾ ਲਾ ਗਈ ਤੇ ਯੂਕੋ ਬੈਂਕ ਤੇ ਰਿਜ਼ਰਵ ਬੈਂਕਾਂ ਤੋਂ ਲਈ ਰਕਮ ਦਾ ਵਿਆਜ ਹੀ 655 ਕਰੋੜ ਨੂੰ ਪਾਰ ਕਰ ਗਿਆ ਹੈ। ਇਹ ਸਾਰੇ ਭੇਦ ਸੂਬਾ ਸਰਕਾਰ ਦੀ ਆਜ਼ਾਦ ਏਜੰਸੀ ਪੰਜਾਬ ਰਾਜ ਸਿਵਲ ਸਪਲਾਈ ਕਾਰਪੋਰੇਸ਼ਨ (ਪਨਸਪ) ਵੱਲੋਂ ਸਰਕਾਰ ਨੂੰ ਲਿਖੇ ਪੱਤਰ ਵਿਚ ਖੁੱਲ੍ਹੇ ਹਨ।

ਪੱਤਰ ਮੁਤਾਬਕ ਅਗਸਤ 2007 ਤੋਂ ਲੈ ਕੇ ਅਕਤੂਬਰ 2013 ਤੱਕ ਆਟਾ-ਦਾਲ ਸਕੀਮ ਨੂੰ ਸਿਰੇ ਚੜ੍ਹਾਉਂਦਿਆਂ ਸੂਬੇ ਦੀਆਂ ਏਜੰਸੀਆਂ ਪਨਸਪ, ਮਾਰਕਫੈੱਡ, ਪੰਜਾਬ ਐਗਰੋ ਤੇ ਪੰਜਾਬ ਰਾਜ ਗੋਦਾਮ ਕਾਰਪੋਰੇਸ਼ਨ ਨੇ ਰਿਜ਼ਰਵ ਬੈਂਕ ਦੇ ਕੇਂਦਰੀ ਪੂਲ ਤਹਿਤ ਅਨਾਜ ਖਰੀਦਣ ਲਈ ਮਿਲੀ ਰਕਮ ਤੇ ਯੂਕੋ ਬੈਂਕ ਤੋਂ 290 ਕਰੋੜ ਉਧਾਰ ਲੈ ਕੇ ਆਪਣੇ ਪੱਲਿਓਂ ਹੀ ਤਕਰੀਬਨ 2000 ਕਰੋੜ ਰੁਪਏ ਖਰਚ ਦਿੱਤੇ। ਇਸ ਰਕਮ ਵਿਚੋਂ ਪੰਜਾਬ ਸਰਕਾਰ ਨੇ ਸਿਰਫ 230 ਕਰੋੜ ਹੀ ਦਿੱਤੇ ਸਨ। ਪੱਤਰ ਮੁਤਾਬਕ ਇਸ ਹਿਸਾਬ ਨਾਲ ਉਪਰੋਕਤ ਚਾਰਾਂ ਏਜੰਸੀਆਂ ਨੂੰ ਇਹ ਸਕੀਮ ਸਿਰੇ ਚੜ੍ਹਾਉਣ ਲਈ 1728.76 ਕਰੋੜ ਰੁਪਏ ਆਪਣੇ ਸਾਧਨਾਂ, ਰਿਜ਼ਰਵ ਬੈਂਕ ਜਾਂ ਯੂਕੋ ਬੈਂਕ ਦੀ ਰਕਮ ਵਿਚੋਂ ਹੀ ਖਰਚਣੇ ਪਏ।

ਪੱਤਰ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਸਰਕਾਰ ਦੀ ਇਹ ਸਕੀਮ ਸਿਰੇ ਚੜ੍ਹਾਉਣ ਲਈ ਮਾਰਕਫੈੱਡ ਨੇ ਆਪਣੇ ਸਾਧਨਾਂ ਰਾਹੀਂ 281 ਕਰੋੜ, ਪਨਸਪ ਨੇ 1057 ਕਰੋੜ, ਪੰਜਾਬ ਐਗਰੋ ਨੇ 194.57 ਕਰੋੜ ਤੇ ਪੰਜਾਬ ਰਾਜ ਗੋਦਾਮ ਕਾਰਪੋਰੇਸ਼ਨ ਨੇ 194.18 ਕਰੋੜ ਰੁਪਏ ਖਰਚ ਕਰ ਦਿੱਤੇ।

ਪੱਤਰ ਵਿਚ ਪਨਸਪ ਨੇ ਸਰਕਾਰ ਨੂੰ ਦੱਸਿਆ ਹੈ ਕਿ ਉਪਰੋਕਤ ਤਿੰਨਾਂ ਏਜੰਸੀਆਂ ਵਿਚੋਂ ਪੰਜਾਬ ਸਰਕਾਰ ਨੇ ਸਭ ਤੋਂ ਵੱਧ 1057.86 ਕਰੋੜ ਰੁਪਏ ਰਕਮ ਪਨਸਪ ਦੀ ਹੀ ਦੇਣੀ ਹੈ। ਪਨਸਪ ਮੁਤਾਬਕ ਪਨਸਪ ਕੋਲ ਇਸ ਯੋਜਨਾ ਲਈ ਕੋਈ ਫੰਡ ਨਾ ਹੋਣ ਕਾਰਨ ਉਸ ਨੇ ਰਿਜ਼ਰਵ ਬੈਂਕ ਦੇ 767.86 ਕਰੋੜ ਵਰਤ ਦਿੱਤੇ।

ਦਰਅਸਲ, ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ) ਹਰ ਸਾਲ 'ਫੂਡ ਕ੍ਰੈਡਿਟ ਸਕੀਮ' ਤਹਿਤ ਕੇਂਦਰੀ ਪੂਲ ਵਿਚ ਅਨਾਜ ਪਹੁੰਚਾਉਣ ਲਈ ਰਿਜ਼ਰਵ ਬੈਂਕ ਰਾਹੀਂ ਪੰਜਾਬ, ਹਰਿਆਣਾ ਤੇ ਹੋਰ ਰਾਜ ਜਿਨ੍ਹਾਂ ਰਾਹੀਂ ਐਫ.ਸੀ.ਆਈ ਨੂੰ ਕੇਂਦਰੀ ਪੂਲ ਵਿਚ ਅਨਾਜ ਪਹੁੰਚਾਇਆ ਜਾਂਦਾ ਹੈ, ਨੂੰ ਹਜ਼ਾਰਾਂ ਕਰੋੜ ਰੁਪਏ ਰਕਮ ਅਡਵਾਂਸ ਵਿਚ ਦਿੰਦਾ ਹੈ। ਪੰਜਾਬ ਦੀਆਂ ਖਰੀਦ ਏਜੰਸੀਆਂ ਕਿਸਾਨਾਂ ਤੋਂ ਕਣਕ-ਝੋਨਾ ਖਰੀਦ ਕੇ ਰਿਜ਼ਰਵ ਬੈਂਕ ਦੀ ਉਪਰੋਕਤ ਰਕਮ ਵਿਚੋਂ ਹੀ ਭੁਗਤਾਨ ਕਰਦੀਆਂ ਹਨ ਤੇ ਇਹ ਅਨਾਜ ਖਰੀਦ ਏਜੰਸੀਆਂ ਰਾਹੀਂ ਕੇਂਦਰੀ ਪੂਲ ਤੱਕ ਪਹੁੰਚਾ ਦਿੱਤਾ ਜਾਂਦਾ ਹੈ।

ਰਿਜ਼ਰਵ ਬੈਂਕ ਦੀ ਇਸੇ ਹੀ ਰਕਮ ਵਿਚੋਂ ਪਨਸਪ ਨੇ ਪੰਜਾਬ ਸਰਕਾਰ ਦੀ ਆਟਾ-ਦਾਲ ਸਕੀਮ ਲਈ 767.86 ਕਰੋੜ ਰੁਪਏ ਖਰਚ ਦਿੱਤੇ। ਪਨਸਪ ਨੇ ਸਰਕਾਰ ਨੂੰ ਦੱਸਿਆ ਹੈ ਕਿ ਹੁਣ ਰਿਜ਼ਰਵ ਬੈਂਕ ਬਹੁਤ ਗੰਭੀਰ ਹੋ ਕੇ ਇਸ ਰਕਮ ਦਾ ਲੇਖਾ-ਜੋਖਾ ਮੰਗ ਰਿਹਾ ਹੈ। ਯੋਜਨਾ ਨੂੰ ਸਿਰੇ ਚੜ੍ਹਾਉਣ ਲਈ ਪਨਸਪ ਨੇ 290 ਕਰੋੜ ਰੁਪਏ ਰਕਮ ਯੂਕੋ ਬੈਂਕ ਤੋਂ ਲਈ। ਸਰਕਾਰ ਦੀ ਇਸ ਸਕੀਮ ਲਈ ਹੋਰ ਕੋਈ ਬੈਂਕ ਹੁਣ ਸਹਿਯੋਗ ਦੇਣ ਲਈ ਤਿਆਰ ਨਹੀਂ ਕਿਉਂਕਿ ਰਿਜ਼ਰਵ ਬੈਂਕ ਦੇ ਦਿਸ਼ਾ-ਨਿਰਦੇਸ਼ ਇਸ ਦੀ ਇਜਾਜ਼ਤ ਨਹੀਂ ਦਿੰਦੇ।

ਸਰਕਾਰ ਨੂੰ ਇਹ ਵੀ ਦੱਸਿਆ ਗਿਆ ਹੈ ਕਿ ਇਸ ਮਸਲੇ ਨੂੰ ਲੈ ਕੇ 19 ਅਪਰੈਲ, 2012 ਨੂੰ ਮੁੱਖ ਸਕੱਤਰ ਪੰਜਾਬ ਨੇ ਇਸ ਯੋਜਨਾ ਤਹਿਤ 50 ਕਰੋੜ ਪ੍ਰਤੀ ਮਹੀਨਾ ਸਰਕਾਰੀ ਖ਼ਜ਼ਾਨੇ ਵਿਚੋਂ ਜਾਰੀ ਕੀਤੇ ਜਾਣ ਦੇ ਹੁਕਮ ਦਿੱਤੇ ਸਨ ਪਰ ਉਨ੍ਹਾਂ ਹੁਕਮਾਂ ਨੂੰ ਇਕ ਸਾਲ ਦਾ ਸਮਾਂ ਬੀਤ ਚੁੱਕਾ ਹੈ ਪਰ ਪਨਸਪ ਨੂੰ ਇਕ ਧੇਲਾ ਵੀ ਨਹੀਂ ਮਿਲਿਆ, ਜਦਕਿ ਇਹ ਰਕਮ ਖੁਰਾਕ ਤੇ ਸਪਲਾਈ ਵਿਭਾਗ ਵੱਲੋਂ ਇਸ ਸਕੀਮ ਦੇ ਪ੍ਰਬੰਧ ਕਰਨ ਲਈ ਅਤੀ ਜ਼ਰੂਰੀ ਸੀ। ਪੰਜਾਬ ਖੁਰਾਕ ਤੇ ਸਪਲਾਈ ਵਿਭਾਗ ਦੇ ਕਮਿਸ਼ਨਰ ਨੂੰ ਲਿਖੇ ਅਤੇ ਡਾਇਰੈਕਟਰ ਵਿੱਤ ਵਿਭਾਗ ਨੂੰ ਭੇਜੇ ਗਏ ਇਸ ਪੱਤਰ ਦੇ ਅੰਤ ਵਿਚ ਲਿਖਿਆ ਗਿਆ ਹੈ ਕਿ ਇਹ ਮਸਲਾ ਵਿੱਤ ਵਿਭਾਗ ਤੇ ਸਰਕਾਰ ਨਾਲ ਵਿਚਾਰ ਕੇ 1728.76 ਕਰੋੜ ਜਾਰੀ ਕਰਵਾਏ ਜਾਣ, ਇਸ ਰਕਮ ਦਾ ਵਿਆਜ 16 ਕਰੋੜ ਰੁਪਏ ਪ੍ਰਤੀ ਮਹੀਨਾ ਬਣਦਾ ਹੈ।

# ਐਫ ਬੀ ਆਈ ਵਲੋਂ ਖਾੜਕੂ ਸਰਗਮੀਆਂ ਦੇ ਦੋਸ਼ 'ਚ ਬਲਵਿੰਦਰ ਸਿੰਘ ਗ੍ਰਿਫਤਾਰ

**ਰੀਨੋ, ਨੇਵਾਡਾ:** ਅਮਰੀਕਾ ਦੀ ਸੰਘੀ ਜਾਂਚ ਏਜੰਸੀ (ਐਫ.ਬੀ.ਆਈ.) ਵੱਲੋਂ ਬੀਤੀ 17 ਦਸੰਬਰ ਨੂੰ ਇਥੇ ਗ੍ਰਿਫਤਾਰ ਕੀਤੇ ਗਏ ਬੱਬਰ ਖਾਲਸਾ ਦੇ ਕਥਿਤ ਖਾੜਕੂ ਬਲਵਿੰਦਰ ਸਿੰਘ ਝੱਜ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਉਹ ਨਿਰਦੋਸ਼ ਹੈ ਅਤੇ ਉਸ ਦਾ ਅਸਲ ਨਾਂ ਬਲਜੀਤ ਸਿੰਘ ਹੈ ਨਾ ਕਿ ਬਲਵਿੰਦਰ ਸਿੰਘ। ਜ਼ਿਕਰਯੋਗ ਹੈ ਕਿ ਐਫ.ਬੀ.ਆਈ. ਵਲੋਂ ਉਸ ਖ਼ਿਲਾਫ਼ ਕਤਲ, ਅਗਵਾ ਤੇ ਹੋਰ ਮੁਲਕ ਵਿਚ ਅਤਿਵਾਦੀ ਸਰਗਰਮੀਆਂ ਚਲਾਉਣ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਾਏ ਗਏ ਹਨ।

ਉਸ ਨੂੰ ਸ਼ੁੱਕਰਵਾਰ ਰੀਨੋ ਫੈਡਰਲ ਮੈਜਿਸਟਰੇਟ ਸਾਹਮਣੇ ਪੇਸ਼ ਕੀਤਾ ਗਿਆ। ਬਲਵਿੰਦਰ ਸਿੰਘ ਉਰਫ ਝੱਜ ਉਰਫ ਹੈਪੀ ਉਰਫ ਪੋਲੀ ਉਰਫ ਬਲਜੀਤ ਸਿੰਘ ਨੇ ਕਿਹਾ ਕਿ ਉਸ ਖ਼ਿਲਾਫ਼ ਲਾਏ ਦੋਸ਼ ਝੂਠੇ ਹਨ। ਉਸ ਖ਼ਿਲਾਫ਼ ਮੁਕਦਮੇ ਦੀ ਮੁੱਢਲੀ ਸੁਣਵਾਈ 11 ਫਰਵਰੀ ਤੋਂ ਸ਼ੁਰੂ ਹੋਵੇਗੀ ਤੇ ਦੋਸ਼ ਸਾਬਤ ਹੋਣ 'ਤੇ ਉਸ ਨੂੰ ਸਾਰੀ ਉਮਰ ਜੇਲ੍ਹ ਵਿਚ ਗੁਜ਼ਾਰਨੀ ਪੈ ਸਕਦੀ ਹੈ। ਬਲਵਿੰਦਰ ਸਿੰਘ 'ਤੇ ਦੋਸ਼ ਹੈ ਕਿ ਉਹ ਬੱਬਰ ਖ਼ਾਲਸਾ ਇੰਟਰਨੈਸ਼ਨਲ ਤੇ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਨਾਲ ਜੁੜਿਆ ਰਿਹਾ ਹੈ। ਉਸ ਨੇ ਆਪਣੀ ਪਛਾਣ ਬਦਲਣ ਲਈ ਜਾਅਲਸਾਜ਼ੀ ਕੀਤੀ। ਉਸ ਨੇ ਭਾਰਤ ਵਿਚ ਗੜਬੜੀਆਂ ਕਰਨ ਲਈ ਗੁਰਜੰਟ ਸਿੰਘ ਤੇ ਸਰੂਪ ਸਿੰਘ ਨੂੰ ਪੈਸਾ ਭੇਜਿਆ।

39 ਸਾਲਾ ਟਰੱਕ ਡਰਾਈਵਰ ਬਲਵਿੰਦਰ ਸਿੰਘ ਨੂੰ ਐਫ.ਬੀ.ਆਈ. ਅਤੇ ਅਤਿਵਾਦੀ ਟਾਸਟ ਫੋਰਸ ਵੱਲੋਂ ਪੰਜਾਬ ਵਿਚ ਅਤਿਵਾਦੀ ਸੰਗਠਨਾਂ ਲਈ ਸਹਾਇਤਾ ਸਮੱਗਰੀ ਪਹੁੰਚਾਉਣ, ਹੱਤਿਆ ਤੇ ਅਗਵਾ ਕਰਨ ਦੀ ਸਾਜ਼ਿਸ਼ ਦੇ ਦੋਸ਼ਾਂ ਤਹਿਤ ਉਸ ਦੇ ਘਰੋਂ ਗ੍ਰਿਫ਼ਤਾਰ ਕੀਤਾ ਹੈ। ਉਸ 'ਤੇ ਗਲਤ ਇਮੀਗਰੇਸ਼ਨ ਦਸਤਾਵੇਜ਼ ਬਣਾਉਣ ਤੇ ਧੋਖਾਧੜੀ ਦੇ ਵੀ ਦੋਸ਼ ਲੱਗੇ ਹਨ।

## ਬਲਵਿੰਦਰ ਸਿੰਘ ਵਲੋਂ ਦੋਸ਼ ਰੱਦ



ਜਾਂਚ ਏਜੰਸੀਆਂ ਅਨੁਸਾਰ ਉਹ ਭਾਰਤੀ ਨਾਗਰਿਕ ਸੀ ਤੇ ਅਮਰੀਕਾ ਭੱਜ ਆਇਆ ਸੀ। ਇਥੇ ਆ ਕੇ ਉਹ ਸਿਆਸੀ ਸ਼ਰਨ ਲੈਣ ਪਿਛੋਂ ਅਮਰੀਕਾ ਵਿਚ ਸਥਾਈ ਤੌਰ 'ਤੇ ਰਹਿ ਰਿਹਾ ਸੀ। ਉਹ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੋਸੀ ਤੋਂ ਹੈ। ਬਲਵਿੰਦਰ ਸਿੰਘ 'ਤੇ ਦੋ ਅਤਿਵਾਦੀ ਸੰਗਠਨਾਂ ਬੱਬਰ ਖਾਲਸਾ ਇੰਟਰਨੈਸ਼ਨਲ ਤੇ ਖਾਲਿਸਤਾਨ ਜ਼ਿੰਦਾਬਾਦ ਫੋਰਸ ਦਾ ਮੈਂਬਰ ਹੋਣ ਦਾ ਸ਼ੱਕ ਹੈ। ਉਸ 'ਤੇ ਇਹ ਵੀ ਦੋਸ਼ ਹੈ ਕਿ ਉਹ ਭਾਰਤ ਵਿਚ ਇਨ੍ਹਾਂ ਦੋਵਾਂ ਸੰਗਠਨਾਂ ਨੂੰ ਹਥਿਆਰਾਂ ਦੀ ਖਰੀਦ ਤੇ ਭਾਰਤ ਵਿਚ ਹੋਰ ਸਾਜ਼ਿਸ਼ਾਂ ਨੂੰ ਅੰਜਾਮ ਦੇਣ ਲਈ ਰੀਨੋ ਤੋਂ ਪੈਸੇ ਭੇਜਦਾ ਸੀ। ਉਸ 'ਤੇ ਦੋਸ਼ ਹੈ ਕਿ ਉਸ ਨੇ 30 ਨਵੰਬਰ 1997 ਮਗਰੋਂ ਅਮਰੀਕਾ ਵਿਚ ਜਾਅਲੀ ਪਛਾਣ ਪੱਤਰ ਬਣਵਾਏ ਤਾਂ ਜੋ ਉਹ ਦੇਸ਼ ਤੋਂ ਬਾਹਰ ਯਾਤਰਾ ਕਰ ਸਕੇ। ਉਹ ਅਮਰੀਕਾ ਤੋਂ ਪਾਕਿਸਤਾਨ, ਭਾਰਤ ਤੇ ਹੋਰ ਦੇਸ਼ਾਂ ਵਿਚ ਗਿਆ ਤੇ ਭਾਰਤ ਵਿਚ ਅਤਿਵਾਦੀ ਕਾਰਵਾਈਆਂ ਲਈ ਉਥੇ ਮੌਜੂਦ ਹਮਖਿਆਲੀਆਂ ਨਾਲ ਨਿਰੰਤਰ ਰਾਬਤੇ ਵਿਚ ਰਿਹਾ।

## ਝੱਜ ਦਾ ਪਰਿਵਾਰ ਵੀ ਭੁਗਤ ਰਿਹੈ ਪੇਸ਼ੀਆਂ

**ਹੁਸ਼ਿਆਰਪੁਰ:** ਅਮਰੀਕੀ ਜਾਂਚ ਏਜੰਸੀ ਐਫ਼.ਬੀ.ਆਈ ਵੱਲੋਂ ਗ੍ਰਿਫ਼ਤਾਰ ਕੀਤੇ ਖਾੜਕੂ ਬਲਵਿੰਦਰ ਸਿੰਘ ਪੋਸੀ ਦੇ ਪਰਿਵਾਰ ਦੇ ਜੀਅ ਵੀ ਅਤਿਵਾਦੀ ਕਾਰਵਾਈਆਂ ਵਿਚ ਕਥਿਤ ਸ਼ਮੂਲੀਅਤ ਕਾਰਨ ਪੁਲਿਸ ਕੇਸ ਭੁਗਤ ਰਹੇ ਹਨ। ਬਲਵਿੰਦਰ ਸਿੰਘ ਜੋ ਹੁਸ਼ਿਆਰਪੁਰ ਦੇ ਪਿੰਡ ਪੋਸੀ ਨਾਲ ਸਬੰਧਤ ਹੈ, 2006 ਵਿਚ ਜਲੰਧਰ ਦੇ ਬੱਸ ਅੱਡੇ 'ਤੇ ਹੋਏ ਬੰਬ ਧਮਾਕਿਆਂ ਦੇ ਕੇਸ ਵਿਚ ਲੋੜੀਂਦਾ ਹੈ। ਇਸ ਨੂੰ ਅਮਰੀਕਾ ਤੋਂ ਭਾਰਤ ਲਿਆਉਣ ਦੀ ਕਾਰਵਾਈ ਸਰਕਾਰੀ ਪੱਧਰ 'ਤੇ ਚੱਲ ਰਹੀ ਹੈ। ਮਾਰਚ 2013 'ਚ ਪੁਲਿਸ ਨੇ ਉਸ ਦੇ ਪਿੰਡ ਵਿਚਲੇ ਘਰੋਂ ਅਸਲਾ ਤੇ ਗੋਲੀ ਸਿੱਕਾ ਬਰਾਮਦ ਕੀਤਾ ਸੀ। ਪੁਲਿਸ ਨੇ ਉਸ ਦੀ ਮਾਤਾ ਸਲਿੰਦਰ ਕੌਰ ਤੇ ਭੈਣ ਕੁਲਵਿੰਦਰ ਕੌਰ ਨੂੰ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਐਕਟ ਤੇ ਅਸਲਾ ਐਕਟ ਤਹਿਤ ਗ੍ਰਿਫ਼ਤਾਰ ਕਰ ਲਿਆ ਸੀ। ਦੋਵੇਂ ਜ਼ਿਲ੍ਹਾ ਜੇਲ ਹੁਸ਼ਿਆਰਪੁਰ ਵਿਚ ਨਜ਼ਰਬੰਦ ਸਨ। ਕੁਝ ਚਿਰ ਪਹਿਲਾਂ ਹੀ ਦੋਹਾਂ ਦੀ ਜ਼ਮਾਨਤ ਹੋਈ ਸੀ। ਬਲਵਿੰਦਰ ਸਿੰਘ ਖਾਲਿਸਤਾਨ ਜ਼ਿੰਦਾਬਾਦ ਫ਼ੋਰਸ ਦੇ ਖਾੜਕੂ ਰਣਜੀਤ ਸਿੰਘ ਨੀਟਾ, ਬਲਵਿੰਦਰ ਦੇ ਭਾਣਜੇ ਦਲਜੀਤ ਸਿੰਘ ਤੇ ਦੋ ਹੋਰ ਵਿਅਕਤੀਆਂ ਦੇ ਨਾਂ ਵੀ ਇਸ ਐਫ਼.ਆਈ.ਆਰ ਵਿਚ ਸ਼ਾਮਲ ਹਨ।




# ਗੁਰਦੁਆਰੇ ਸਾਹਮਣੇ ਮੀਟ ਪਲਾਂਟ ਖੋਲ੍ਹਣ ਦਾ ਵਿਰੋਧ

**ਲੰਡਨ:** ਇਥੇ ਬਰੈਡਫੋਰਡ ਸਥਿਤ ਗੁਰਦੁਆਰੇ ਸਾਹਮਣੇ ਮੀਟ ਦੀ ਦੁਕਾਨ ਖੋਲ੍ਹਣ ਦਾ ਸੈਂਕੜੇ ਸਿੱਖਾਂ ਨੇ ਵਿਰੋਧ ਤੇਜ਼ ਕਰ ਦਿੱਤਾ ਹੈ। ਬਰੈਡਫੋਰਡ ਕੌਂਸਲ ਵੱਲੋਂ ਇਸ ਮੀਟ ਦੀ ਦੁਕਾਨ ਨੂੰ ਪ੍ਰਵਾਨਗੀ ਦੇਣ ਖਿਲਾਫ਼ ਮਾਮਲਾ ਹਾਈ ਕੋਰਟ ਵਿਚ ਪਹੁੰਚ ਗਿਆ ਹੈ। ਫੂਡ ਕੰਪਨੀ 'ਪਾਕੀਜ਼ਾ' ਨੇ ਆਪਣੀ ਕਾਰ ਵਰਕਸ਼ਾਪ ਨੂੰ ਮੀਟ ਪਲਾਂਟ ਵਿਚ ਤਬਦੀਲ ਕਰਕੇ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਸਾਹਿਬ ਦੇ ਸਾਹਮਣੇ ਥੋਕ ਮੀਟ ਪਲਾਂਟ ਲਾਉਣ ਦੀ ਤਜਵੀਜ਼ ਬਣਾਈ ਸੀ।

ਸਿੱਖਾਂ ਵੱਲੋਂ ਵਿਰੋਧ ਕਰਨ ਦੇ ਬਾਵਜੂਦ ਅਗਸਤ ਵਿਚ ਇਸ ਪਲਾਂਟ ਨੂੰ ਚਾਲੂ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ। ਹੁਣ ਸਿੱਖ ਭਾਈਚਾਰੇ ਦੇ ਤਕਰੀਬਨ 200 ਮੈਂਬਰਾਂ ਨੇ ਇਸ ਫੈਸਲੇ ਉਪਰ ਮੁੜ ਵਿਚਾਰ ਲਈ ਹਾਈ ਕੋਰਟ ਵਿਚ ਅਰਜ਼ੀ ਪਾਈ ਹੈ ਜਿਸ 'ਤੇ ਅਗਲੇ ਸਾਲ ਦੇ ਅੱਧ ਤੱਕ ਫੈਸਲਾ ਆਉਣ ਦੀ ਉਮੀਦ ਹੈ। ਨਾਰਦਰਨ ਇੰਗਲਿਸ਼ ਸਿਟੀ ਵਿਚ ਵਸਦੇ ਸਿੱਖ ਭਾਈਚਾਰੇ ਦੇ ਵਕੀਲ ਕੁਲਜੀਤ ਸਿੰਘ ਨੇ ਦੱਸਿਆ ਕਿ ਬਰੈਡਫੋਰਡ ਕੌਂਸਲ ਨੇ ਕੰਪਨੀ ਨੂੰ ਅਦਾਲਤੀ ਰੀਵਿਊ ਤੱਕ ਕੰਮ ਨਾ ਸ਼ੁਰੂ ਕਰਨ ਲਈ ਕਿਹਾ ਹੈ।

ਹਾਲਾਂਕਿ ਇਸ ਬਾਰੇ ਫੈਸਲਾ ਜਲਦ ਨਹੀਂ ਲਿਆ ਜਾ ਸਕਦਾ ਪਰ ਪਾਕੀਜ਼ਾ ਦੇ ਮੀਟ ਪਲਾਂਟ 'ਤੇ 12 ਮਹੀਨਿਆਂ ਤੱਕ ਕੰਮ ਸ਼ੁਰੂ ਹੋਣਾ ਮੁਸ਼ਕਲ ਹੋ ਗਿਆ ਹੈ। ਬਰੈਡਫੋਰਡ ਟੈਲੀਗ੍ਰਾਫ਼ ਅਖ਼ਬਾਰ ਅਨੁਸਾਰ ਗੁਰਦੁਆਰੇ ਦੀ ਰਸੋਈ ਤੋਂ ਮੀਟ ਪਲਾਂਟ ਦੀ ਨੇੜਤਾ ਇਸ ਵਿਰੋਧ ਦਾ ਮੁੱਖ ਕਾਰਨ ਬਣੀ ਹੈ। ਬਰੈਡਫੋਰਡ ਸਥਿਤ ਗੁਰਦੁਆਰਿਆਂ ਦੇ ਚੇਅਰਮੈਨ ਨਿਰਮਲ ਸਿੰਘ ਨੇ ਦੱਸਿਆ ਕਿ ਸ਼ਾਇਦ ਕੌਂਸਲ ਉਨ੍ਹਾਂ ਦੁਆਰਾ ਰਿਪੋਰਟ ਵਿਚ ਦਿੱਤੇ ਤੱਥਾਂ ਨੂੰ ਸਮਝ ਨਹੀਂ ਰਹੀ। ਉਨ੍ਹਾਂ ਕਿਹਾ ਕਿ ਉਹ ਕੌਂਸਲ ਦੇ ਫੈਸਲੇ 'ਤੇ ਦੁਬਾਰਾ ਵਿਚਾਰ ਚਾਹੁੰਦੇ ਹਨ। ਗੁਰੂ ਗੋਬਿੰਦ ਸਿੰਘ ਗੁਰਦੁਆਰਾ ਦੇ ਪ੍ਰਧਾਨ ਕੁਲਦੀਪ ਸਿੰਘ ਨੇ ਕਿਹਾ ਕਿ ਜੇ ਧਾਰਮਿਕ ਜਗ੍ਹਾ ਦੇ ਸਾਹਮਣੇ ਮੀਟ ਪਲਾਂਟ ਲੱਗਣ ਦਿੱਤਾ ਤਾਂ ਅਜਿਹਾ ਅੱਗੇ ਵੀ ਹੁੰਦਾ ਰਹੇਗਾ। ਇਸ ਲਈ ਸਾਰਿਆਂ ਨੂੰ ਇਕੱਠੇ ਹੋਣ ਦੀ ਜ਼ਰੂਰਤ ਹੈ। ਦੂਜੇ ਪਾਸੇ ਪਾਕੀਜ਼ਾ ਦੇ ਡਾਇਰੈਕਟਰ ਤਾਰਿਕ ਹੱਕ ਨੇ ਦਾਅਵਾ ਕੀਤਾ ਹੈ ਕਿ ਇਸ ਮੀਟ ਪਲਾਂਟ ਨਾਲ ਗੁਰਦੁਆਰਾ ਪ੍ਰਭਾਵਤ ਨਹੀਂ ਹੋਵੇਗਾ।

# ਕਾਹਲੋਂ ਪਰਿਵਾਰ ਨੂੰ ਸਦਮਾ, ਸੁਖਜੀਤ ਸਿੰਘ ਕਾਹਲੋਂ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸ਼ਿਕਾਗੋਲੈਂਡ ਦੇ ਸਮਾਜਿਕ ਤੇ ਸਭਿਆਚਾਰਕ ਹਲਕਿਆਂ ਵਿਚ ਜਾਣੀ ਪਛਾਣੀ ਸ਼ਖਸੀਅਤ, ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਟਾਈਮਜ਼ ਦੇ ਵਿਸ਼ੇਸ਼ ਸਹਿਯੋਗੀ ਜੈਰਾਮ ਸਿੰਘ (ਨੀਟੂ) ਕਾਹਲੋਂ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਪਿਤਾ ਸ. ਸੁਖਜੀਤ ਸਿੰਘ ਕਾਹਲੋਂ ਲੰਘੇ ਸਨਿਚਰਵਾਰ 21 ਦਸੰਬਰ ਨੂੰ ਸ਼ਾਮੀ ਸਦੀਵੀ ਵਿਛੋੜਾ ਦੇ ਗਏ। ਉਹ 80 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ ਦੋ ਭੈਣਾਂ, ਪਤਨੀ ਭਗਵੰਤ ਕੌਰ, ਤਿੰਨ ਪੁੱਤਰਾਂ-ਜੈਰਾਮ ਸਿੰਘ ਕਾਹਲੋਂ, ਗੁਰਧਿਆਨ ਸਿੰਘ (ਮਿੱਕੀ) ਕਾਹਲੋਂ ਤੇ ਡਿੰਪੂ ਕਾਹਲੋਂ ਅਤੇ ਇਕ ਧੀ ਗੁਰਪ੍ਰੀਤ ਕੌਰ ਤੋਂ ਇਲਾਵਾ ਪੋਤਰਿਆਂ-ਦੋਹਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਸਾਰਾ ਪਰਿਵਾਰ ਸ਼ਿਕਾਗੋ ਏਰੀਏ ਵਿਚ ਹੀ ਵਸਦਾ ਹੈ।



ਸੁਖਜੀਤ ਸਿੰਘ ਕਾਹਲੋਂ

ਸ. ਸੁਖਜੀਤ ਸਿੰਘ ਕਾਹਲੋਂ ਪੰਜਾਬ ਦੇ ਜਿਲ੍ਹਾ ਗੁਰਦਾਸਪੁਰ ਦੇ ਕਸਬਾ ਬਟਾਲਾ ਤੋਂ ਸਨ। ਉਨ੍ਹਾਂ ਸਿੱਖਿਆ ਵਿਭਾਗ ਵਿਚ ਅਧਿਆਪਕ ਵਜੋਂ ਲੰਮਾ ਸਮਾਂ ਕੰਮ ਕੀਤਾ ਅਤੇ ਬਲਾਕ ਐਜੂਕੇਸ਼ਨ ਅਫਸਰ (ਬੀ ਈ ਓ) ਵਜੋਂ ਰਿਟਾਇਰ ਹੋਏ। 1986 ਵਿਚ ਉਹ ਸ਼ਿਕਾਗੋ ਆ ਗਏ। ਪਰਿਵਾਰ ਨਾਲ ਸੰਪਰਕ ਨੀਟੂ ਕਾਹਲੋਂ ਫੋਨ 224-456-8096, ਮਿੱਕੀ ਕਾਹਲੋਂ 630-842-2924 ਤੇ ਡਿੰਪੂ ਕਾਹਲੋਂ 224-622-8876 ਰਾਹੀਂ ਕੀਤਾ ਜਾ ਸਕਦਾ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
To Advertise with Punjab Times
Call: 847-359-0746
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਕੱਰੀ ਕੁਕ, ਹੈਲਪਰ ਤੇ ਵੇਟਰ ਦੀ ਲੋੜ ਹੈ
ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁਕ, ਹੈਲਪਰ ਅਤੇ ਵੇਟਰ ਦੀ ਲੋੜ ਹੈ
ਚੰਗੀ ਤਨਖਾਹ, ਰਿਹਾਇਸ਼ ਮੁਫਤ
ਸੰਪਰਕ ਕਰੋ: 316-708-9896
51-52-1-2

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਗੁਰਬਖਸ਼ ਸਿੰਘ ਖਾਲਸਾ ਨੂੰ ਮਿਲ ਰਹੀਆਂ ਨੇ ਧਮਕੀਆਂ?

**ਚੰਡੀਗੜ੍ਹ:** ਸਜ਼ਾ ਪੂਰੀ ਹੋਣ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਲਈ ਵਿੱਢਿਆ ਸੰਘਰਸ਼ ਉਸ ਵੇਲੇ ਨਵਾਂ ਮੋੜ ਲੈ ਲਿਆ ਜਦੋਂ ਭੁੱਖ ਹੜਤਾਲ 'ਤੇ ਬੈਠੇ ਗੁਰਬਖਸ਼ ਸਿੰਘ ਖਾਲਸਾ ਨੇ ਦਾਅਵਾ ਕੀਤਾ ਕਿ ਉਹ ਜਿਨ੍ਹਾਂ ਦੀ ਰਿਹਾਈ ਲਈ ਮਰਨ ਵਰਤ ਕਰ ਰਹੇ ਹਨ, ਉਹ ਹੀ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਹੇ ਹਨ। ਗੁਰਬਖਸ਼ ਸਿੰਘ ਨੇ ਇਹ ਬਿਆਨ ਪੰਥਕ ਇਕੱਠ ਦੌਰਾਨ ਸਟੇਜ ਤੋਂ ਦਿੱਤਾ ਗਿਆ। ਇਹ ਵੀ ਚਰਚਾ ਹੈ ਕਿ ਕੁਝ ਸਿੱਖ ਸੰਸਥਾਵਾਂ ਵੱਲੋਂ ਜਾਰੀ ਸੂਚੀ ਮੁਤਾਬਕ 119 ਸਿੱਖ ਕੈਦੀ ਜੇਲ੍ਹਾਂ ਵਿਚ ਬੰਦ ਹਨ, ਪਰ ਗੁਰਬਖਸ਼ ਸਿੰਘ ਖਾਲਸਾ ਵੱਲੋਂ ਸਿਰਫ ਛੇ ਸਿੱਖਾਂ ਦੀ ਰਿਹਾਈ ਦੀ ਹੀ ਮੰਗ ਕੀਤੀ ਜਾ ਰਹੀ ਹੈ। ਅਹਿਮ ਗੱਲ ਇਹ ਵੀ ਹੈ ਕਿ ਸਿੱਖ ਕੈਦੀਆਂ ਦੀ ਰਿਹਾਈ ਲਈ ਵਿੱਢਿਆ ਸੰਘਰਸ਼ ਹੁਣ ਸਿਰਫ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਦੋਸ਼ ਵਿਚ ਸਜ਼ਾ ਭੁਗਤ ਰਹੇ ਸਿੱਖ ਕੈਦੀਆਂ ਦੀ ਪੈਰੋਲ ਤੱਕ ਸੀਮਤ ਹੋ ਗਿਆ ਹੈ।

ਇਸ ਸੰਘਰਸ਼ ਮੰਨਿਆ ਜਾ ਰਿਹਾ ਹੈ ਕਿ ਸੰਘਰਸ਼ ਕਰ ਰਹੇ ਲੋਕ ਪੰਜਾਬ ਸਰਕਾਰ ਦੇ ਝਾਂਸੇ ਵਿਚ ਆ ਗਏ ਹਨ ਅਤੇ ਕਿਸੇ ਵੀ ਤਰ੍ਹਾਂ ਇਸ ਸੰਘਰਸ਼ ਨੂੰ ਜਲਦ ਤੋਂ ਜਲਦ 'ਜਿੱਤ' ਦੇ ਰੂਪ ਵਿਚ ਖਤਮ ਕਰਨਾ ਚਹੁੰਦੇ ਹਨ। ਪੰਜਾਬ ਸਰਕਾਰ ਨੇ ਵੀ ਇਸ ਸੰਘਰਸ਼ ਦਾ ਭੋਗ ਪਾਉਣ ਲਈ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਵਾਲੇ ਕੇਸ ਵਿਚ ਸਜ਼ਾ ਭੁਗਤ ਰਹੇ ਲਖਵਿੰਦਰ ਸਿੰਘ ਉਰਫ਼ ਲੱਖਾ, ਗੁਰਮੀਤ ਸਿੰਘ ਤੇ ਸ਼ਮਸ਼ੇਰ ਸਿੰਘ ਸ਼ੇਰਾ ਨੂੰ ਪੈਰੋਲ 'ਤੇ ਰਿਹਾਅ ਕਰਨ ਨੂੰ ਹਰੀ ਝੰਡੀ ਦੇ ਦਿੱਤੀ। ਇਸ ਤੋਂ ਪਹਿਲਾਂ ਲਾਲ ਸਿੰਘ ਨੂੰ ਨਾਭਾ ਦੀ ਜੇਲ੍ਹ ਵਿਚੋਂ ਪੈਰੋਲ 'ਤੇ ਰਿਹਾਅ ਕਰ ਦਿੱਤਾ ਗਿਆ। ਇਨ੍ਹਾਂ ਤੋਂ ਇਲਾਵਾ ਪੀਲੀਭੀਤ ਦੀ ਬਾਂਸ-ਬਰੇਲੀ ਜੇਲ੍ਹ (ਯੂ.ਪੀ) ਵਿਚ ਬੰਦ ਵਰਿਆਮ ਸਿੰਘ ਤੇ ਕੇਂਦਰੀ ਜੇਲ੍ਹ ਗੁਲਬਰਗਾ (ਕਰਨਾਟਕ) ਵਿਚ ਬੰਦ ਗੁਰਦੀਪ ਸਿੰਘ ਖਹਿਰਾ ਨੂੰ ਸਬੰਧਤ ਸਰਕਾਰਾਂ ਨੇ ਪੈਰੋਲ 'ਤੇ ਰਿਹਾਅ ਕਰਨ ਲਈ ਕਾਨੂੰਨੀ ਪ੍ਰਕਿਰਿਆ ਤੇਜ਼ ਕਰ ਦਿੱਤੀ ਹੈ।



*ਮੁਹਾਲੀ ਵਿਖੇ ਪੰਥਕ ਇਕੱਠ ਨੂੰ ਸੰਬੋਧਨ ਕਰ ਰਿਹਾ ਗੁਰਬਖਸ਼ ਸਿੰਘ ਖਾਲਸਾ।*

ਲਖਵਿੰਦਰ ਸਿੰਘ ਲੱਖਾ ਤੇ ਗੁਰਮੀਤ ਸਿੰਘ ਪਟਿਆਲਾ ਸ਼ਹਿਰ ਦੇ ਗੁਰੂ ਨਾਨਕ ਨਗਰ ਦੇ ਰਹਿਣ ਵਾਲੇ ਹਨ ਜਦਕਿ ਸ਼ਮਸ਼ੇਰ ਸਿੰਘ ਰਾਜਪੁਰਾ ਨੇੜਲੇ ਪਿੰਡ ਉਕਸੀ ਜੱਟਾਂ ਦਾ ਵਾਸੀ ਹੈ। ਇਹ ਤਿੰਨੇ ਹੀ 1995 ਤੋਂ ਬੁੜੈਲ ਜੇਲ੍ਹ ਵਿਚ ਬੰਦ ਹਨ। ਲਖਵਿੰਦਰ ਸਿੰਘ ਇਸੇ ਸਾਲ ਆਪਣੀ ਭੈਣ ਪਰਮਜੀਤ ਕੌਰ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਸਿਰਫ ਇਕ ਦਿਨ ਵਾਸਤੇ ਪੈਰੋਲ 'ਤੇ ਆਇਆ ਸੀ। ਇਸੇ ਤਰਾਂ ਸ਼ਮਸ਼ੇਰ ਸਿੰਘ ਵੀ ਇਕ ਦਿਨ ਲਈ ਆਪਣੀ ਧੀ ਦੀ ਮੰਗਣੀ ਮੌਕੇ ਅਤੇ ਇਕ ਦਿਨ ਲਈ ਆਪਣੀ ਭਤੀਜੀ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਪੈਰੋਲ 'ਤੇ ਆਇਆ ਸੀ। ਗੁਰਮੀਤ ਸਿੰਘ ਇਕ ਵਾਰ ਵੀ ਜੇਲ੍ਹ ਤੋਂ ਬਾਹਰ ਨਹੀਂ ਆਇਆ। ਉਸ ਦੇ ਪਰਿਵਾਰ ਵਿਚ ਬਿਰਧ ਮਾਂ ਸੁਰਜੀਤ ਕੌਰ ਤੇ ਛੋਟੀ ਭੈਣ ਜੋ ਬੋਲ ਨਹੀਂ ਸਕਦੀ ਅਤੇ ਚੰਗੀ ਤਰ੍ਹਾਂ ਤੁਰ ਵੀ ਨਹੀਂ ਸਕਦੀ, ਹਨ।

ਉਧਰ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਦੇ ਲੋਕਾਂ ਨੂੰ ਰਾਜ ਦੀ ਸ਼ਾਂਤੀ ਤੇ ਫਿਰਕੂ ਸਦਭਾਵਨਾ ਭੰਗ ਕਰਨ ਵਿਚ ਜੁਟੀਆਂ ਤਾਕਤਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਤਾਕਤਾਂ ਹਮੇਸ਼ਾ ਹੀ ਅਸ਼ਾਂਤੀ ਫੈਲਾਉਣ ਲਈ ਕੋਈ ਨਾ ਕੋਈ ਬਹਾਨਾ ਲੱਭਦੀਆਂ ਰਹਿੰਦੀਆਂ ਹਨ। ਸਜ਼ਾ ਕੱਟ ਚੁੱਕੇ ਛੇ ਸਿੱਖ ਬੰਦੀਆਂ ਦੀ ਰਿਹਾਈ ਬਾਰੇ ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਪੰਜਾਬ ਪੁਲਿਸ ਨੇ ਗ੍ਰਿਫ਼ਤਾਰ ਨਹੀਂ ਕੀਤਾ ਸੀ। ਇਸ ਦੇ ਨਾਲ ਹੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਰਨ ਵਰਤ 'ਤੇ ਬੈਠੇ ਗੁਰਬਖ਼ਸ਼ ਸਿੰਘ ਦੇ ਸਟੈਂਡ ਨੂੰ ਦਰੁਸਤ ਦੱਸਦਿਆਂ ਬੰਦੀ ਸਿੱਖਾਂ ਦੀ ਰਿਹਾਈ ਦੀ ਵਕਾਲਤ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਇਹ ਮਾਮਲਾ ਤਰਜੀਹੀ ਆਧਾਰ 'ਤੇ ਲੈਣਾ ਚਾਹੀਦਾ ਹੈ। ਪੰਜਾਬ ਦੀਆਂ ਜੇਲ੍ਹਾਂ ਵਿਚ ਇਸ ਸਮੇਂ 280 ਅਜਿਹੇ ਕੈਦੀ ਹਨ ਜੋ ਆਪਣੀ ਸਜ਼ਾ ਕੱਟ ਚੁੱਕੇ ਹਨ ਤੇ ਇਨ੍ਹਾਂ ਵਿਚੋਂ 108 ਰਾਜਸੀ ਕਾਰਨਾਂ ਵਾਲੇ ਕੈਦੀ ਹਨ। ਇਸ ਮੌਕੇ ਉਨ੍ਹਾਂ ਮੁੱਖ ਮੰਤਰੀ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਯਕੀਨੀ ਬਣਾਉਣ ਤੇ ਦੂਜੇ ਸੂਬਿਆਂ ਦੀਆਂ ਸਰਕਾਰਾਂ ਕੋਲ ਵੀ ਇਹ ਮਾਮਲਾ ਉਠਾਏ ਜਾਣ ਦੀ ਗੱਲ ਵੀ ਕਹੀ।

## ਅਗਵਾ ਕਰਨ ਵਾਲੀ ਔਰਤ ਨੂੰ ਕੈਦ

**ਨਿਊ ਯਾਰਕ:** ਅਮਰੀਕਾ ਦੇ ਤ੍ਰਿਨੀਦਾਦ ਤੇ ਟੋਬੈਗੋ ਦੀ ਔਰਤ ਨੂੰ 2005 ਵਿਚ ਭਾਰਤੀ ਮੂਲ ਦੇ ਵਿਅਕਤੀ ਨੂੰ ਅਗਵਾ ਕਰਨ ਦੀ ਸਾਜ਼ਿਸ਼ ਕਰਨ ਲਈ 20 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਬਾਅਦ ਵਿਚ ਉਨ੍ਹਾਂ ਦੀ ਯੋਜਨਾ ਫ਼ੇਲ੍ਹ ਹੋਣ 'ਤੇ ਬੰਧਕ ਬਣਾ ਕੇ ਰੱਖਣ ਦੌਰਾਨ ਹੀ ਅਗਵਾ ਕੀਤੇ ਵਿਅਕਤੀ ਦੀ ਮੌਤ ਹੋ ਗਈ ਸੀ। ਡੋਰੀਨ ਅਲੈਗਜ਼ੈਂਡਰ (47) ਨੂੰ ਅਮਰੀਕੀ ਜ਼ਿਲ੍ਹਾ ਜੱਜ ਐਮਿਤ ਸੁਲੀਵਾਨ ਨੇ ਬਲਰਾਮ ਬਾਲੋ ਮਹਾਰਾਜ, ਜਿਹੜਾ ਅਲੈਗਜੈਂਡਰ ਦਾ ਸਾਬਕਾ ਪ੍ਰੇਮੀ ਸੀ ਤੇ ਉਸ ਦੇ ਇਕ ਬੱਚੇ ਦਾ ਪਿਤਾ ਵੀ ਸੀ, ਨੂੰ ਅਗਵਾ ਕਰਨ ਦੀ ਸਾਜਿਸ਼ ਕਰਨ ਲਈ 20 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ।

## ਮਲੇਸ਼ੀਆ ਵਿਚ ਪੰਜਾਬੀ ਨੌਜਵਾਨ ਤੇ ਮੁਟਿਆਰ ਕਤਲ

**ਬਲਾਚੌਰ:** ਪਿੰਡ ਗਰਲੋਂ ਬੇਟ ਵਾਸੀ ਮਹਿੰਦਰਪਾਲ (24 ਸਾਲ) ਦਾ ਬੀਤੇ ਦਿਨੀਂ ਮਲੇਸ਼ੀਆ ਦੇ ਸ਼ਹਿਰ ਦਮਨਸ਼ਾਰਾ ਦਮਾਈ ਵਿਚ ਭੇਤਭਰੀ ਹਾਲਤ ਵਿਚ ਕਤਲ ਹੋ ਗਿਆ। ਇਸ ਘਟਨਾ ਵਿਚ ਉਸ ਦੇ ਨਾਲ ਰਹਿੰਦੀ ਮੁਟਿਆਰ ਵੀ ਮਾਰੀ ਗਈ। ਮਹਿੰਦਰਪਾਲ ਦੇ ਪਿਤਾ ਓਮ ਪ੍ਰਕਾਸ਼ ਨੇ ਦੱਸਿਆ ਕਿ ਉਸ ਦਾ ਪੁੱਤਰ ਪੰਜ ਵਰ੍ਹੇ ਪਹਿਲਾਂ ਰੋਜ਼ੀ ਰੋਟੀ ਕਮਾਉਣ ਲਈ ਵਿਦੇਸ਼ ਗਿਆ ਸੀ। ਉਹ ਅਕਸਰ ਟੈਲੀਫੋਨ ਕਰਦਾ ਰਹਿੰਦਾ ਸੀ ਤੇ ਕੁਝ ਸਮਾਂ ਪਹਿਲਾਂ ਤੱਕ ਉਹ ਪੈਸੇ ਵੀ ਭੇਜਦਾ ਰਿਹਾ।

ਹੁਣ ਕਈ ਮਹੀਨਿਆਂ ਤੋਂ ਉਸ ਵੱਲੋਂ ਭੇਜੇ ਪੈਸੇ ਨਹੀਂ ਭੇਜੇ ਜਾ ਰਹੇ ਸਨ। ਉਨ੍ਹਾਂ ਨੂੰ ਪਤਾ ਲੱਗਿਆ ਸੀ ਕਿ ਉਸ ਨੇ ਉਧਰ ਵਿਆਹ ਕਰਵਾ ਲਿਆ ਸੀ ਤੇ ਉਸ ਲੜਕੀ ਨਾਲ ਰਹਿ ਰਿਹਾ ਸੀ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਉਨ੍ਹਾਂ ਨੂੰ ਮਹਿੰਦਰਪਾਲ ਦੇ ਦੋਸਤ ਦਾ ਫੋਨ ਆਇਆ ਕਿ ਮਹਿੰਦਰਪਾਲ ਤੇ ਉਸ ਦੀ ਦੋਸਤ ਲੜਕੀ ਦਾ ਕਤਲ ਹੋ ਗਿਆ ਹੈ।

ਮਲੇਸ਼ੀਆ ਦੀ ਇਕ ਅਖਬਾਰ ਮੁਤਾਬਕ ਜਿਸ ਮਕਾਨ ਵਿਚ ਉਹ ਰਹਿ ਰਹੇ ਸਨ, ਉਸ ਦਾ ਕਿਰਾਇਆ ਕੁਝ ਮਹੀਨਿਆਂ ਤੋਂ ਕਿਰਾਇਆ ਨਹੀਂ ਦਿੱਤਾ ਗਿਆ ਸੀ ਤੇ ਜਦੋਂ ਸੰਬਧਤ ਅਧਿਕਾਰੀ ਉਸਦੇ ਘਰ ਗਏ ਤਾਂ ਦਰਵਾਜ਼ਾ ਬੰਦ ਸੀ। ਉਨ੍ਹਾਂ ਅੰਦਰ ਦੇਖਿਆ ਤਾਂ ਮਹਿੰਦਰਪਾਲ ਤੇ ਉਸ ਦੀ ਸਾਥੀ ਲੜਕੀ ਕੇ. ਸ਼ੈਨਮੁਗਵਾਲੀ ਦੀਆਂ ਲਾਸ਼ਾਂ ਪਈਆਂ ਸਨ। ਉਨ੍ਹਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਵਾਰ ਕੀਤੇ ਜਾਪਦੇ ਸਨ।

## ਪੰਚ ਦੀ ਮੌਤ ਦੇ ਕੇਸ 'ਚ 16 ਨੂੰ ਉਮਰ ਕੈਦ

**ਪਟਿਆਲਾ:** ਪੰਚਾਇਤੀ ਚੋਣਾਂ ਵਿਚ ਹੋਏ ਝਗੜੇ ਦੌਰਾਨ ਗੁਰਚਰਨ ਸਿੰਘ ਦੀ ਮੌਤ ਅਤੇ ਹੋਰਨਾਂ ਦੇ ਫੱਟੜ ਹੋਣ ਦੇ ਕੇਸ ਵਿਚ ਵਧੀਕ ਸੈਸ਼ਨ ਜੱਜ ਜਤਿੰਦਰ ਕੌਰ ਨੇ 16 ਜਣਿਆਂ ਨੂੰ ਉਮਰ ਕੈਦ ਅਤੇ ਜੁਰਮਾਨੇ ਕੀਤੇ ਹਨ। ਇਸੇ ਕੇਸ ਵਿਚ 11 ਹੋਰਨਾਂ ਨੂੰ 3-3 ਸਾਲ ਕੈਦ ਅਤੇ ਜੁਰਮਾਨੇ ਕੀਤੇ ਗਏ ਹਨ। ਇਸ ਕੇਸ ਵਿਚ ਜਗਤਾਰ ਸਿੰਘ, ਅਮਰੀਕ ਸਿੰਘ, ਕਰਮਜੀਤ ਕੌਰ, ਗੁਰਧਿਆਨ ਸਿੰਘ, ਹਰਕੇਸ਼ ਸਿੰਘ, ਬਚਨ ਸਿੰਘ, ਗੋਬਿੰਦ ਸਿੰਘ, ਰਣਜੀਤ ਸਿੰਘ, ਜਰਨੈਲ ਸਿੰਘ, ਕਰਮਜੀਤ ਸਿੰਘ, ਹਰਬੰਸ ਸਿੰਘ, ਗੁਰਦੀਪ ਸਿੰਘ, ਤਰਲੋਚਨ ਸਿੰਘ, ਗੁਰਨਾਮ ਸਿੰਘ, ਬਲਵਿੰਦਰ ਸਿੰਘ ਅਤੇ ਜ਼ੋਰਾ ਸਿੰਘ ਨੂੰ ਉਮਰ ਕੈਦ ਹੋਈ ਹੈ।

ਇਸ ਕੇਸ ਵਿਚ ਨਾਹਰ ਸਿੰਘ, ਦਰਬਾਰਾ ਸਿੰਘ, ਗੁਰਮੇਲ ਸਿੰਘ, ਮਲਕੀਤ ਸਿੰਘ ਤੇ ਹੋਰਾਂ ਨੂੰ 3-3 ਸਾਲ ਕੈਦ ਹੋਈ ਹੈ। 5 ਜੂਨ 2008 ਨੂੰ ਗੁਰਮੇਲ ਸਿੰਘ ਵਾਸੀ ਕਿਸ਼ਨਗੜ੍ਹ ਨੇ ਸ਼ਿਕਾਇਤ ਦਰਜ ਕਰਾਈ ਸੀ ਕਿ ਉਸ ਦੇ ਤਾਏ ਦਾ ਮੁੰਡਾ ਗੁਰਚਰਨ ਸਿੰਘ ਪੰਚਾਇਤੀ ਚੋਣ ਜਿੱਤ ਗਿਆ ਸੀ। ਉਸ ਦੇ ਘਰ ਦੇ ਸਾਹਮਣੇ ਰਹਿੰਦੇ ਜਗਤਾਰ ਸਿੰਘ ਦੀ ਪਤਨੀ ਕਰਮਜੀਤ ਕੌਰ ਵੀ ਪੰਚੀ ਦੀ ਚੋਣ ਜਿੱਤ ਗਈ ਸੀ। 5 ਮੈਂਬਰੀ ਪੰਚਾਇਤ ਲਈ ਤਿੰਨ ਮੈਂਬਰ, ਸਾਬਕਾ ਸਰਪੰਚ ਅਮਰੀਕ ਸਿੰਘ ਦੇ ਨਾਲ ਸਨ। ਇਹ ਲੋਕ 5 ਜੂਨ 2008 ਨੂੰ ਸਵੇਰੇ 10 ਕੁ ਵਜੇ ਉਸ ਦੇ ਘਰ ਦੀ ਨਿਸ਼ਾਨਦੇਹੀ ਦੇ ਬਹਾਨੇ ਉਸ ਦੇ ਘਰ ਦਾਖਲ ਹੋਏ ਅਤੇ ਉਸ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ।

## ਦਿੱਲੀ ਦਾ ਤਖਤ ਸਾਂਭੇਗੀ ਆਮ ਆਦਮੀ ਪਾਰਟੀ

*(ਸਫਾ ਇਕ ਦੀ ਬਾਕੀ)*

ਕੀਤੀ ਤੇ 1995 ਵਿਚ ਉਹ ਇੰਡੀਅਨ ਰੈਵਨਿਊ ਸਰਵਿਸ ਲਈ ਚੁਣੇ ਗਏ। ਸਿੱਖਲਾਈ ਤੋਂ ਬਾਅਦ ਦਿੱਲੀ ਆਮਦਨ ਕਰ ਵਿਭਾਗ ਵਿਚ ਸਹਾਇਕ ਕਮਿਸ਼ਨਰ ਬਣੇ। ਇਥੇ ਵੀ ਆਪਣੇ ਲਈ ਉਨ੍ਹਾਂ ਨੇ ਖੁਦ ਨਿਯਮ ਬਣਾਏ। ਉਹ ਨਿਯਮ ਸੀ ਆਪਣੇ ਮੇਜ਼ ਨੂੰ ਖੁਦ ਸਾਫ ਕਰਨਾ, ਕੂੜੇਦਾਨ ਵਿਚੋਂ ਗੰਦਗੀ ਖੁਦ ਚੁੱਕਣੀ, ਕਿਸੇ ਕੰਮ ਲਈ ਚਪੜਾਸੀ ਦੀ ਸੇਵਾ ਨਾ ਲੈਣਾ। ਆਮਦਨ ਕਰ ਵਿਭਾਗ ਵਿਚ ਨੌਕਰੀ ਕਰਦੇ ਹੋਏ ਹੀ ਕੇਜਰੀਵਾਲ ਨੇ ਵਿਭਾਗ ਵਿਚ ਭ੍ਰਿਸ਼ਟਾਚਾਰ ਘੱਟ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ।

2000 ਵਿਚ ਕੇਜਰੀਵਾਲ ਨੇ 'ਪਰਿਵਰਤਨ' ਨਾਂ ਦੀ ਸੰਸਥਾ ਦੀ ਸ਼ੁਰੂਆਤ ਕੀਤੀ। ਇਸ ਦੇ ਲਈ ਛਪਵਾਏ ਗਏ ਪੋਸਟਰਾਂ 'ਤੇ ਲਿਖਿਆ ਜਾਂਦਾ ਸੀ-ਰਿਸ਼ਵਤ ਨਾ ਦੇਵੋ, ਕੰਮ ਨਾ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ। 'ਪਰਿਵਰਤਨ' ਰਾਹੀਂ ਹੀ ਦੇਸ਼ ਭਰ ਵਿਚ ਉਨ੍ਹਾਂ ਸੂਚਨਾ ਦਾ ਅਧਿਕਾਰ (ਆਰ.ਟੀ.ਆਈ.) ਮੁਹਿੰਮ ਚਲਾਈ। ਇਹ ਬਿੱਲ ਬੇਸ਼ਕ ਕੇਂਦਰ ਸਰਕਾਰ ਨੇ ਪਾਸ ਕੀਤਾ ਪਰ ਜਨਤਾ ਵਿਚ ਜਾ ਕੇ ਉਨ੍ਹਾਂ ਨੂੰ ਜਾਗਰੂਕ ਕਰਨ ਦੀ ਜ਼ਿੰਮੇਵਾਰੀ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੀ ਸੰਸਥਾ 'ਪਰਿਵਰਤਨ' ਨੇ ਨਿਭਾਈ।

ਅਰਵਿੰਦ ਕੇਜਰੀਵਾਲ ਨੂੰ ਸੂਚਨਾ ਦਾ ਅਧਿਕਾਰ 'ਤੇ ਕੰਮ ਲਈ ਏਸ਼ੀਆ ਦਾ ਨੋਬਲ ਪੁਰਸਕਾਰ ਕਿਹਾ ਜਾਣ ਵਾਲਾ ਮੈਗਸਾਸੇ ਪੁਰਸਕਾਰ ਮਿਲਿਆ। 'ਪਰਿਵਰਤਨ' ਦਾ ਅਗਲਾ ਨਿਸ਼ਾਨਾ ਸੀ ਜਨ ਲੋਕਪਾਲ। ਇਹ ਸਿਲਸਿਲਾ ਵਧਦਾ ਗਿਆ ਤੇ ਕੇਜਰੀਵਾਲ ਨੇ ਫਰਵਰੀ 2006 ਵਿਚ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਤੇ ਪੂਰੇ ਸਮੇਂ ਦੇ ਲਈ ਸਿਰਫ 'ਪਰਿਵਰਤਨ' ਵਿਚ ਹੀ ਕੰਮ ਕਰਨ ਲੱਗੇ। ਇਸ ਤੋਂ ਬਾਅਦ ਅੰਨਾ ਹਜ਼ਾਰੇ ਤੇ ਹੋਰਨਾਂ ਨਾਲ ਰਲ ਕੇ ਦੇਸ਼ ਵਿਚ ਸ਼ੁਰੂ ਹੋਇਆ ਭ੍ਰਿਸ਼ਟਾਚਾਰ ਖਿਲਾਫ ਸਭ ਤੋਂ ਵੱਡਾ ਅੰਦੋਲਨ।

ਇਸ ਅੰਦੋਲਨ ਨੂੰ ਜਨ ਸਮਰਥਨ ਤਾਂ ਪੂਰਾ ਮਿਲਿਆ ਪਰ ਜਨ ਲੋਕਪਾਲ ਬਿੱਲ ਨਹੀਂ ਬਣ ਸਕਿਆ। ਇਥੋਂ ਹੀ ਅਰਵਿੰਦ ਕੇਜਰੀਵਾਲ ਨੇ ਸਿਆਸਤ ਵਿਚ ਆਉਣ ਦਾ ਫੈਸਲਾ ਕੀਤਾ ਜਿਸ ਤੋਂ ਬਾਅਦ ਅੰਨਾ ਹਜ਼ਾਰੇ ਤੇ ਕੇਜਰੀਵਾਲ ਦੇ ਰਸਤੇ ਵੱਖੋ-ਵੱਖਰੇ ਹੋ ਗਏ। ਉਂਜ ਅਰਵਿੰਦ ਕੇਜਰੀਵਾਲ ਅੰਨਾ ਹਜ਼ਾਰੇ ਤੋਂ ਬਿਨਾਂ ਵੀ ਅੱਗੇ ਵਧਦੇ ਗਏ। 26 ਨਵੰਬਰ 2012 ਤੋਂ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਹੋਂਦ ਵਿਚ ਆਈ ਤੇ ਮਹਿਜ਼ ਇਕ ਵਰ੍ਹੇ ਪਹਿਲਾਂ ਹੀ ਪੈਦਾ ਹੋਈ ਆਮ ਆਦਮੀ ਪਾਰਟੀ ਨੇ ਦਿੱਲੀ ਵਿਚ ਕਾਬਜ਼ ਕਾਂਗਰਸ ਤੇ ਭਾਜਪਾ ਨੂੰ ਸਖਤ ਟੱਕਰ ਦਿੰਦਿਆਂ 28 ਸੀਟਾਂ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ। ਕੇਜਰੀਵਾਲ ਨੇ ਜ਼ੈਡ ਸੁਰੱਖਿਆ ਲੈਣ ਤੋਂ ਦਿੱਲੀ ਪੁਲੀਸ ਨੂੰ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਸ ਨੂੰ ਸੁਰੱਖਿਆ ਦੀ ਕੋਈ ਲੋੜ ਨਹੀਂ ਹੈ ਤੇ ਪਰਮਾਤਮਾ ਉਸ ਦਾ ਰਖਵਾਲਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਸਿੱਖ ਕਤਲੇਆਮ ਦੀ ਗੁਜਰਾਤ ਦੰਗਿਆਂ ਨਾਲ ਤੁਲਨਾ ਨਹੀਂ ਹੋ ਸਕਦੀ: ਅਮਰਤਿਆ ਸੇਨ

**ਨਵੀਂ ਦਿੱਲੀ:** ਨੋਬੇਲ ਪੁਰਸਕਾਰ ਜੇਤੂ ਅਮਰਤਿਆ ਸੇਨ ਨੇ ਕਿਹਾ ਹੈ ਕਿ ਗੁਜਰਾਤ ਵਿਚ ਹੋਏ ਸਾਲ 2002 ਦੇ ਦੰਗਿਆਂ ਦੀ 1984 ਵਿਚ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਨਾਲ ਤੁਲਨਾ ਨਹੀਂ ਕਰਨੀ ਚਾਹੀਦੀ। ਉਨ੍ਹਾਂ ਨੇ ਇੰਫੋਸਿਸ ਦੇ ਮੁਖੀ ਐਨ.ਆਰ. ਨਰਾਇਣਮੂਰਤੀ ਦੀ ਉਸ ਗੱਲ ਨਾਲ ਅਸਹਿਮਤੀ ਪ੍ਰਗਟ ਕੀਤੀ ਕਿ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਦੇ ਰਾਹ ਵਿਚ ਗੋਧਰਾ ਕਾਂਡ ਨੂੰ ਨਹੀਂ ਲਿਆਉਣਾ ਚਾਹੀਦਾ।



ਇਕ ਟੀ.ਵੀ. ਚੈਨਲ ਨਾਲ ਇੰਟਰਵਿਊ ਦੌਰਾਨ ਉਨ੍ਹਾਂ ਕਿਹਾ ਕਿ ਇਹ ਬੜੀ ਸ਼ਰਮ ਵਾਲੀ ਗੱਲ ਹੈ ਕਿ 1984 ਦੇ ਕਤਲੇਆਮ ਦੋਸ਼ੀਆਂ ਨੂੰ ਹਾਲੇ ਤਕ ਸਜ਼ਾ ਨਹੀਂ ਹੋਈ। ਉਨ੍ਹਾਂ ਨਾਲ ਹੀ 1984 ਦੇ ਕਤਲੇਆਮ ਤੇ ਗੁਜਰਾਤ ਦੰਗਿਆਂ ਦੀ ਤੁਲਨਾ ਕਰਨ ਨੂੰ ਸਰਾਸਰ ਗਲਤ ਕਰਾਰ ਦਿੱਤਾ ਕਿਉਂਕਿ ਗੋਧਰਾ ਕਾਂਡ ਤਾਂ ਨਰਿੰਦਰ ਮੋਦੀ ਦੇ ਨੱਕ ਹੇਠ ਹੋਇਆ ਸੀ ਜਦਕਿ ਕਾਂਗਰਸ ਦੇ ਆਗੂ ਸੋਨੀਆ ਗਾਂਧੀ, ਰਾਹੁਲ ਗਾਂਧੀ ਤੇ ਮਨਮੋਹਨ ਸਿੰਘ ਜੋ ਅੱਜ ਚੋਣਾਂ ਲੜ ਰਹੇ ਹਨ, ਉਹ ਸਿੱਖ ਕਤਲੇਆਮ ਵੇਲੇ ਸੱਤਾ ਵਿਚ ਨਹੀਂ ਸਨ।

ਇਸ ਲਈ ਕੋਈ ਵੀ ਉਨ੍ਹਾਂ ਨੂੰ ਉਸ ਕਾਰੇ ਬਾਰੇ ਜ਼ਿੰਮੇਵਾਰੀ ਨਹੀਂ ਮੰਨਦਾ ਜਦਕਿ ਗੁਜਰਾਤ ਦੰਗਿਆਂ ਵੇਲੇ ਮੋਦੀ ਮੁੱਖ ਮੰਤਰੀ ਸਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸਿੱਖਾਂ ਨੂੰ ਕਤਲ ਕਰਨ ਦੀ ਕਾਂਗਰਸ ਦੀ ਫਿਲਾਸਫੀ ਨਹੀਂ ਸੀ। ਗੁਜਰਾਤ ਵਿਚ ਇਸ ਵੇਲੇ ਮੁਸਲਮਾਨਾਂ ਨੂੰ ਦੂਜੇ ਦਰਜੇ ਦਾ ਨਾਗਰਿਕ ਮੰਨਿਆ ਜਾ ਰਿਹਾ ਹੈ। ਸ੍ਰੀ ਸੇਨ ਨੇ ਕਿਹਾ ਕਿ ਨਰਾਇਣਮੂਰਤੀ ਉਨ੍ਹਾਂ ਦੇ ਚੰਗੇ ਮਿੱਤਰ ਹਨ ਪਰ ਮੋਦੀ ਦੇ ਮਾਮਲੇ 'ਤੇ ਉਨ੍ਹਾਂ ਦੇ ਜੋ ਵਿਚਾਰ ਹਨ, ਉਨ੍ਹਾਂ ਨਾਲ ਉਹ ਸਹਿਮਤ ਨਹੀਂ ਹਨ।

ਉਨ੍ਹਾਂ ਕਿਹਾ ਕਿ ਹਾਲ ਹੀ ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੀ ਹਾਰ ਦਾ ਭਾਵ ਇਹ ਨਹੀਂ ਹੈ ਕਿ ਮੋਦੀ ਦੀ ਹਵਾ ਚੱਲ ਰਹੀ ਹੈ ਪਰ ਇਸ ਹਾਲਾਤ ਦਾ ਮੋਦੀ ਵਰਗੇ ਆਗੂ ਲਾਹਾ ਲੈ ਲੈਂਦੇ ਹਨ। ਕਾਂਗਰਸ ਦੀ ਅੰਦਰੂਨੀ ਸਥਿਤੀ ਤੇ ਚੋਣ ਨਤੀਜੇ ਸਾਫ ਦੱਸ ਰਹੇ ਹਨ ਕਿ ਪਾਰਟੀ ਦੀ ਇਸ ਵਾਰ ਨੀਤੀ ਚੋਣਾਂ ਜਿੱਤਣ ਦੀ ਨਹੀਂ ਹੈ।


## ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੁਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ


# ਸਰਕਾਰ ਨੇ ਵਾਜਪਾਈ ਤੇ ਮੋਦੀ ਦੀਆਂ ਚਿੱਠੀਆਂ ਦੱਬੀਆਂ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਦਫ਼ਤਰ ਨੇ 2002 ਵਿਚ ਗੁਜਰਾਤ ਕਤਲੇਆਮ ਦੌਰਾਨ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਤੇ ਮੁੱਖ ਮੰਤਰੀ ਨਰਿੰਦਰ ਮੋਦੀ ਵਿਚਕਾਰ ਹੋਈ ਖ਼ਤੋ-ਕਿਤਾਬਤ ਨਸ਼ਰ ਕਰਨ ਤੋਂ ਨਾਂਹ ਕਰ ਦਿੱਤੀ ਹੈ। ਯਾਦ ਰਹੇ ਕਿ ਇਸ ਕਤਲੇਆਮ ਦੌਰਾਨ ਘੱਟ ਗਿਣਤੀ ਵਰਗ ਨਾਲ ਸਬੰਧਤ ਤਕਰੀਬਨ 2000 ਲੋਕ ਮਾਰੇ ਗਏ ਸਨ ਤੇ ਲੱਖਾਂ ਉਜੜ ਗਏ ਸਨ।





ਆਰਟੀਆਈ ਤਹਿਤ ਅਰਜ਼ੀ ਦੇ ਜਵਾਬ ਵਿਚ ਪ੍ਰਧਾਨ ਮੰਤਰੀ ਦਫਤਰ ਨੇ ਧਾਰਾ 8(1) (ਐਚ) ਦਾ ਹਵਾਲਾ ਦਿੱਤਾ ਗਿਆ ਹੈ। ਇਸ ਧਾਰਾ ਤਹਿਤ ਉਹ ਸੂਚਨਾ ਦੇਣ ਤੋਂ ਛੋਟ ਦਿੱਤੀ ਗਈ ਹੈ ਜੋ ਜਾਂਚ ਦੇ ਅਮਲ ਵਿਚ ਅੜਿੱਕਾ ਬਣਦੀ ਹੋਵੇ ਜਾਂ ਜਿਸ ਨਾਲ ਮੁਲਜ਼ਮਾਂ ਨੂੰ ਕੋਈ ਫਾਇਦਾ ਪੁੱਜਦਾ ਹੋਵੇ। ਅਰਜ਼ੀ ਵਿਚ ਪ੍ਰਧਾਨ ਮੰਤਰੀ ਦਫਤਰ ਤੇ ਗੁਜਰਾਤ ਸਰਕਾਰ ਵਿਚਕਾਰ 27 ਫਰਵਰੀ, 2002 ਤੇ 30 ਅਪਰੈਲ, 2002 ਤਕ ਹੋਈ ਖ਼ਤੋ-ਕਿਤਾਬਤ ਤੋਂ ਇਲਾਵਾ ਕਾਨੂੰਨ ਵਿਵਸਥਾ ਬਾਰੇ ਜਾਣਕਾਰੀ ਵੀ ਮੰਗੀ ਗਈ ਸੀ।

ਯਾਦ ਰਹੇ ਕਿ ਇਹ ਮੰਨਿਆ ਜਾਂਦਾ ਹੈ ਕਿ ਪ੍ਰਧਾਨ ਮੰਤਰੀ ਵਾਜਪਾਈ ਨੇ ਉਦੋਂ ਸ੍ਰੀ ਮੋਦੀ ਨੂੰ ਧਰਮ ਜਾਂ ਜਾਤੀ ਦੇ ਵਿਤਕਰੇ ਤੋਂ ਬਗੈਰ 'ਰਾਜ ਧਰਮ' ਨਿਭਾਉਣ ਲਈ ਕਿਹਾ ਸੀ। ਉਂਜ ਸ੍ਰੀ ਮੋਦੀ ਨੇ ਇਸ ਦਾ ਅਰਥ ਲੋਕਾਂ ਨੂੰ ਇਹ ਦੱਸਿਆ ਸੀ ਕਿ ਵਾਜਪਾਈ ਨੇ ਉਨ੍ਹਾਂ ਨੂੰ ਕਿਹਾ ਹੈ ਕਿ ਉਹ 'ਰਾਜ ਧਰਮ' ਨਿਭਾਅ ਰਹੇ ਹਨ। ਜੈਪੁਰ ਵਿਚ 21 ਨਵੰਬਰ ਨੂੰ ਚੋਣ ਰੈਲੀ ਦੌਰਾਨ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 'ਰਾਜ ਧਰਮ' ਵਾਲੀ ਟਿੱਪਣੀ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਭਾਜਪਾ ਦੇ ਮੁੱਖ ਮੰਤਰੀ 'ਤੇ ਕਈ ਕਿਸਮ ਦੇ ਦੋਸ਼ ਲੱਗ ਰਹੇ ਹਨ। ਸਾਬਕਾ ਪ੍ਰਧਾਨ ਮੰਤਰੀ ਨੂੰ ਵੀ ਕਹਿਣਾ ਪੈ ਗਿਆ ਸੀ ਕਿ ਮੋਦੀ 'ਰਾਜ ਧਰਮ' ਨਿਭਾਏ।

# ਅਤਿਵਾਦੀਆਂ ਦੇ ਨਿਸ਼ਾਨੇ 'ਤੇ ਮੋਦੀ

**ਰਾਏਪੁਰ:** ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਸ੍ਰੀ ਨਰਿੰਦਰ ਮੋਦੀ ਰਾਏਪੁਰ ਵਿਚ ਰੈਲੀ ਦੌਰਾਨ ਅਤਿਵਾਦੀਆਂ ਦੇ ਨਿਸ਼ਾਨੇ 'ਤੇ ਸਾ। ਸਿਮੀ ਅਤਿਵਾਦੀਆਂ ਤੋਂ ਪੁੱਛਗਿੱਛ ਵਿਚ ਇਹ ਖੁਲਾਸਾ ਹੋਇਆ ਹੈ। ਸਿਮੀ ਦੇ ਅਤਿਵਾਦੀਆਂ ਵੱਲੋਂ ਛੱਤੀਸਗੜ੍ਹ ਵਿਚ ਮੋਦੀ 'ਤੇ ਜਾਨਲੇਵਾ ਹਮਲੇ ਦੀ ਯੋਜਨਾ ਸੀ।

ਹਾਸਲ ਕੀਤੀ ਗਈ ਜਾਣਕਾਰੀ ਅਨੁਸਾਰ ਵਿਧਾਨ ਸਭਾ ਚੋਣਾ ਦੌਰਾਨ ਸਿਮੀ ਸੰਗਠਨ ਦੇ ਸੂਬਾਈ ਪ੍ਰਧਾਨ ਉਮਰ ਸਿਦੀਕੀ ਜੋ ਸੱਤ ਜੁਲਾਈ ਨੂੰ ਬੋਧ ਗਯਾ ਮੰਦਰ ਵਿਚ ਹੋਏ ਧਮਾਕਿਆਂ ਦਾ ਮੁੱਖ ਸਾਜਿਸ਼ਕਰਤਾ ਹੈ, ਨੇ ਦੱਸਿਆ ਕਿ ਮੋਦੀ ਨੂੰ ਰੈਲੀ ਦੌਰਾਨ ਪਿਸਤੌਲ ਦੇ ਜ਼ਰੀਏ ਮਾਰਨ ਦੀ ਸਾਜਿਸ਼ ਸੀ ਪਰ ਪਿਸਤੌਲ ਸਮੇਂ ਸਿਰ ਮੁਹੱਈਆ ਨਾ ਹੋਣ ਦੇ ਚੱਲਦਿਆਂ ਇਹ ਯੋਜਨਾ ਨੇਪਰੇ ਨਹੀਂ ਚੜ੍ਹੀ।


## ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ



ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

*Rates as low as 2.0%*

## ਸੰਪਰਕ ਕਰੋ: ਪਾਲ ਫੋਨ 1-800-705-3863

**Attention: Trucking Companies-Improve Your Cash Flow**

*Low Rates
*One-Time Discounts
*No Minimums

## Call Paul at 1-800-705-3863

**Transportation Funding Group, Inc.**

Minneapolis , MN 55426

# ਏਸ਼ੀਆ ਦਾ ਸਭ ਤੋਂ ਵੱਡਾ ਹੈ ਤਰਨਤਾਰਨ ਦਾ ਸਰੋਵਰ

**ਤਰਨਤਾਰਨ:** 1596 ਈਸਵੀ ਵਿਚ ਤਰਨਤਾਰਨ ਦੀ ਪਵਿੱਤਰ ਨਗਰੀ ਦਾ ਨੀਂਹ ਪੱਥਰ ਰੱਖਣ ਤੋਂ ਤਕਰੀਬਨ ਛੇ ਸਾਲ ਪਹਿਲਾਂ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਵੱਲੋਂ ਇਥੇ ਹੀ ਪਵਿੱਤਰ ਸਰੋਵਰ ਦੀ ਨੀਂਹ ਰੱਖੀ ਸੀ। ਇਹ ਸਰੋਵਰ ਅੱਜ ਏਸ਼ੀਆ ਭਰ ਵਿਚ ਸਭ ਤੋਂ ਵੱਡੇ ਆਕਾਰ ਵਾਲਾ ਹੋਣ ਦਾ ਮਾਣ ਹਾਸਲ ਕਰ ਰਿਹਾ ਹੈ। ਇਤਿਹਾਸ ਮੁਤਾਬਕ ਇਸ ਸਰੋਵਰ ਵਾਲੀ ਥਾਂ 'ਤੇ ਪਿੰਡ ਪਲਾਸੌਰ ਦੀ ਇਕ ਢਾਬ ਹੋਇਆ ਕਰਦੀ ਸੀ ਜਿਥੇ ਆਸ-ਪਾਸ ਦੇ ਪਿੰਡਾਂ ਦਾ ਪਾਣੀ ਆਣ ਠਹਿਰਦਾ ਹੁੰਦਾ ਸੀ।

ਸ਼ਹਿਰ ਦੇ ਨਜ਼ਦੀਕੀ ਪਿੰਡ ਪਲਾਸੌਰ, ਮੁਰਾਦਪੁਰ, ਕੈਰੋਂਵਾਲ, ਕਾਜੀਕੋਟ (ਖਾਨੇਵਾਲ), ਠੱਠੀ ਖਾਰਾ ਆਦਿ ਦੇ ਪਾਲੀ ਮੁੰਡੇ ਆਪਣੇ ਪਸ਼ੂ ਆਦਿ ਇਥੇ ਲਿਆ ਕੇ ਤਾਰੀਆਂ ਲਾਇਆ ਕਰਦੇ ਸਨ। ਗੁਰੂ ਅਰਜਨ ਦੇਵ ਜਦੋਂ 1590 ਈਸਵੀ (17 ਵੈਸਾਖ ਸੰਮਤ 1647) ਨੂੰ ਅੰਮ੍ਰਿਤਸਰੋਂ-ਗੋਇੰਦਵਾਲ ਸਾਹਿਬ ਜਾਂਦਿਆਂ ਇਸ ਢਾਬ ਕੋਲ ਰੁਕੇ ਤਾਂ ਉਨ੍ਹਾਂ ਨੂੰ ਇਥੋਂ ਦਾ ਪੌਣ ਪਾਣੀ ਬਹੁਤ ਚੰਗਾ ਲੱਗਾ। ਉਨ੍ਹਾਂ ਨੂੰ ਨਾਲ ਹੀ ਇਹ ਵੀ ਪਤਾ ਲੱਗਾ ਕਿ ਇਸ ਢਾਬ ਕਰਕੇ ਪਿੰਡ ਪਲਾਸੌਰ ਤੇ ਕਾਜੀਕੋਟ ਜਿਸ ਨੂੰ ਉਦੋਂ ਖਾਨੇਵਾਲ ਵੀ ਸੱਦਿਆ ਜਾਂਦਾ ਸੀ, ਦੇ ਲੋਕ ਆਪਸ ਵਿਚ ਝਗੜਦੇ ਰਹਿੰਦੇ ਸਨ।



ਗੁਰੂ ਜੀ ਨੇ ਇਸ ਜਗ੍ਹਾ (ਢਾਬ) ਦੇ ਕਾਜੀਕੋਟ ਦੇ ਖੱਤਰੀਆਂ ਤੇ ਪਲਾਸੌਰ ਦੇ ਰੰਗੜਾਂ ਨੂੰ ਰਜ਼ਾਮੰਦ ਕਰਕੇ ਇਹ ਜ਼ਮੀਨ ਇਕ ਲੱਖ ਸਤਵੰਜਾ ਹਜ਼ਾਰ ਰੁਪਏ ਵਿਚ ਖਰੀਦ ਲਈ। ਇਸ ਜ਼ਮੀਨ ਦੀ ਖਰੀਦ ਕਰਨ ਬਾਰੇ ਸਿੱਖ ਪੰਥ ਦੇ ਮਹਾਨ ਵਿਦਵਾਨ ਮਹਾਕਵੀ ਸੰਤੋਖ ਸਿੰਘ ਨੇ ਆਪਣੇ ਮਹਾਂਕਾਵਿ (ਗ੍ਰੰਥ) 'ਗੁਰੂ ਪ੍ਰਕਾਸ਼ ਸੂਰਜ' ਵਿਚ ਵੀ ਦਰਜ ਕੀਤਾ ਹੈ। ਗੁਰੂ ਜੀ ਨੇ ਇਸ ਢਾਬ ਨੂੰ ਦੁਖ ਨਿਵਾਰਨ (ਸਰੋਵਰ) ਦਾ ਨਾਂ ਦਿੱਤਾ। ਗੁਰੂ ਜੀ ਨੇ ਇਸ ਸਰੋਵਰ ਦੀ 15 ਭਾਦਰੋਂ, 1647 ਸੰਮਤ (1590 ਈਸਵੀ) ਨੂੰ ਨੀਂਹ ਰਖਵਾਉਣ ਮੌਕੇ ਬਾਬਾ ਬੁੱਢਾ ਜੀ ਪਾਸੋਂ ਅਰਦਾਸਾ ਕਰਵਾਇਆ।

ਗੁਰੂ ਜੀ ਨੇ ਉਸ ਮੌਕੇ ਦੇ ਹਾਕਮ (ਰਾਜ ਕਰਮਚਾਰੀ) ਨੂਰਦੀਨ ਨੂੰ ਵੀ ਬੁਲਵਾਇਆ। ਉਸ ਰਾਜ ਕਰਮਚਾਰੀ ਨਾਲ ਹੀ ਸਲਾਹ ਮਸ਼ਵਰਾ ਕਰਨ ਉਪਰੰਤ ਗੁਰੂ ਜੀ ਨੇ ਸਰੋਵਰ ਤੇ ਨਗਰ ਦੀ ਉਸਾਰੀ ਲਈ ਇੱਟਾਂ ਪਕਾਉਣ ਦਾ ਹੁਕਮ ਦਿੱਤਾ। ਇਹ ਸਰੋਵਰ ਤਕਰੀਬਨ 16 ਏਕੜ ਜ਼ਮੀਨ ਵਿਚ ਫੈਲਿਆ ਹੋਇਆ ਹੈ ਜਿਸ ਦੀ ਲੰਬਾਈ 212 ਗਜ ਤੇ ਚੌੜਾਈ 208 ਗਜ ਹੈ। ਇਵੇਂ ਇਸ ਦਾ ਘੇਰਾ ਇਕ ਮੀਲ 212 ਗਜ ਦਾ ਬਣਦਾ ਹੈ। ਗੁਰੂ ਜੀ ਨੇ ਇਸ ਸਰੋਵਰ ਦਾ ਵਾਤਾਵਰਣ ਹੋਰ ਵੀ ਸੁਹਾਵਨਾ ਬਣਾਉਣ ਲਈ ਇਸ ਦੇ ਚਾਰੇ ਪਾਸੇ ਅੰਬਾਂ ਦੇ ਦਰਖ਼ਤ ਲਗਵਾਏ ਸਨ। ਇਨ੍ਹਾਂ ਦਰਖ਼ਤਾਂ ਨੂੰ ਤਕਰੀਬਨ 40 ਸਾਲ ਪਹਿਲਾਂ ਪੁਟਵਾ ਕੇ ਇਥੇ ਸੰਗਮਰਮਰ ਦੀ ਪਰਿਕਰਮਾ ਬਣਾ ਦਿੱਤੀ ਗਈ ਹੈ।

ਗੁਰੂ ਜੀ ਵੱਲੋਂ ਜਦੋਂ ਸ਼ਹਿਰ ਦੀ ਉਸਾਰੀ ਤੇ ਪਾਵਨ ਸਰੋਵਰ ਨੂੰ ਪੱਕਿਆਂ ਕਰਨ ਦਾ ਕਾਰਜ ਪੂਰੇ ਜ਼ੋਰਾਂ 'ਤੇ ਕਰਾਇਆ ਜਾ ਰਿਹਾ ਸੀ ਤਾਂ ਉਸ ਵੇਲੇ ਹੀ ਸਰਕਾਰੀ ਹਾਕਮ ਨੂਰਦੀਨ ਨੇ ਨਜ਼ਦੀਕੀ ਨਗਰ ਵਿਖੇ ਸਰਾਇ (ਸਰਾਂ) ਦੀ ਉਸਾਰੀ ਸ਼ੁਰੂ ਕਰਵਾ ਦਿੱਤੀ। ਉਸ ਨੇ ਇਲਾਕੇ ਦੇ ਹੋਰ ਆਵਿਆਂ (ਭੱਠਿਆਂ) ਦੀਆਂ ਇੱਟਾਂ ਸਰਾਂ 'ਤੇ ਲਾਉਣ ਲਈ ਹੁਕਮ ਜਾਰੀ ਕਰ ਦਿੱਤੇ ਤੇ ਉਸ ਦੇ ਹੁਕਮਾਂ ਮੁਤਾਬਕ ਇੱਟਾਂ ਕਿਧਰੇ ਹੋਰ ਭੇਜਣ 'ਤੇ ਪਾਬੰਦੀ ਹੀ ਨਹੀਂ ਲਵਾ ਦਿੱਤੀ ਸਗੋਂ ਸ਼ਹਿਰ ਤੇ ਸਰੋਵਰ ਲਈ ਆਈਆਂ ਇੱਟਾਂ ਵੀ ਸਰਾਂ ਨੂਰਦੀਨ ਦੀ ਉਸਾਰੀ ਲਈ ਮੰਗਵਾ ਲਈਆਂ। ਹਾਕਮ ਦੀ ਇਸ ਕਾਰਵਾਈ ਖ਼ਿਲਾਫ਼ ਸਿੱਖਾਂ ਅੰਦਰ ਡਾਢਾ ਰੋਸ ਪੈਦਾ ਹੋਇਆ। ਹਾਕਮ ਦੀ ਇਸ ਕਾਰਵਾਈ ਤੋਂ ਗੁਰੂ ਜੀ ਖੁਦ ਵੀ ਕਾਫੀ ਖ਼ਫ਼ਾ ਹੋਏ। ਉਹ ਇਥੇ ਕੰਮ ਬੰਦ ਕਰਵਾ ਕੇ ਅੰਮ੍ਰਿਤਸਰ ਵਾਪਸ ਚਲੇ ਗਏ। ਅੱਜ ਇਹ ਪਾਵਨ ਸਰੋਵਰ ਦੇਸ਼-ਵਿਦੇਸ਼ ਦੇ ਸਿੱਖਾਂ ਲਈ ਅਮਨ-ਭਾਈਚਾਰੇ ਦਾ ਸੰਦੇਸ਼ ਦੇ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨੇ ਇਥੇ ਸਰੋਵਰ ਦੀ ਪਰਿਕਰਮਾ ਹੀ ਪੱਕੀ ਨਹੀਂ ਕਰਵਾਈ ਸਗੋਂ ਇਥੇ ਚਾਰ ਕੋਨਿਆਂ ਤੇ ਮੁਨਾਰੇ ਵੀ ਬਣਾਉਣ ਦਾ ਐਲਾਨ ਕੀਤਾ। ਇਨ੍ਹਾਂ ਵਿਚੋਂ ਇਕ ਹੀ ਤਿੰਨ ਮੰਜ਼ਿਲਾ ਮੁਨਾਰਾ ਬਣ ਸਕਿਆ ਸੀ ਕਿ ਸਿੱਖ ਰਾਜ ਦਾ ਪਤਨ ਸ਼ੁਰੂ ਹੋ ਗਿਆ। ਇਸ ਮੁਨਾਰੇ ਦੀ ਉਸਾਰੀ 1839 ਈਸਵੀ (ਸੰਮਤ 1886) ਨੂੰ ਸ਼ੁਰੂ ਹੋ ਕੇ ਉਸੇ ਹੀ ਸਾਲ ਮੁਕੰਮਲ ਹੋ ਗਈ ਸੀ। ਇਹ 156 ਫੁੱਟ ਛੇ ਇੰਚ ਉੱਚਾ ਹੈ, ਜਿਸ ਦੇ ਸਿਖ਼ਰ 'ਤੇ ਖਲੋ ਕੇ ਆਸ-ਪਾਸ ਦੇ 10-12 ਮੀਲਾਂ ਤੱਕ ਨਿਗਾਹ ਦੌੜਾਈ ਜਾ ਸਕਦੀ ਹੈ।

ਪਹਿਲਾਂ ਪਹਿਲ ਤਾਂ ਇਸ ਸਰੋਵਰ ਵਿਚ ਬਾਰਸ਼ਾਂ ਦੇ ਪਾਣੀ ਨਾਲ ਹੀ ਸ਼ਰਧਾਵਾਨ ਇਸ਼ਨਾਨ ਕਰ ਲਿਆ ਕਰਦੇ ਸਨ ਪਰ ਬਾਰਸ਼ ਨਾ ਹੋਣ ਦੀ ਸੂਰਤ ਵਿਚ 1883 ਈਸਵੀ ਵਿਚ ਜਦੋਂ ਸਖ਼ਤ ਔੜ ਲਗ ਗਈ ਤਾਂ ਜੀਂਦ (ਸੰਗਰੂਰ) ਦੇ ਮਹਾਰਾਜਾ ਰਘੁਬੀਰ ਸਿੰਘ ਨੇ ਅੰਗਰੇਜ਼ ਹਕੂਮਤ ਤੱਕ ਪਹੁੰਚ ਕਰਕੇ ਰਸੂਲਪੁਰ ਘਰਾਟਾਂ ਨੇੜਿਉਂ ਇਕ ਕੱਚਾ ਰਜਵਾਹਾ ਬਣਵਾ ਕੇ ਇਸ ਸਰੋਵਰ ਵਿਚ ਨਹਿਰੀ ਪਾਣੀ ਪਵਾਉਣਾ ਸ਼ੁਰੂ ਕੀਤਾ।

## ਠੰਢ ਕਾਰਨ ਹਰਿਮੰਦਰ ਸਾਹਿਬ 'ਚ ਸ਼ਰਧਾਲੂਆਂ ਦੀ ਆਮਦ ਘਟੀ

**ਅੰਮ੍ਰਿਤਸਰ:** ਪਿਛਲੇ ਕੁਝ ਦਿਨਾਂ ਤੋਂ ਪੈ ਰਹੀ ਭਾਰੀ ਠੰਢ ਤੇ ਧੁੰਦ ਕਾਰਨ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜਦੇ ਸ਼ਰਧਾਲੂਆਂ ਦੀ ਆਮਦ ਕਾਫੀ ਘਟੀ ਹੈ। ਵਿਸ਼ਵ ਭਰ ਤੋਂ ਹਰ ਸਾਲ ਕਰੋੜਾਂ ਸ਼ਰਧਾਲੂ ਹਰਿਮੰਦਰ ਸਾਹਿਬ ਮੱਥਾ ਟੇਕਣ ਪੁੱਜਦੇ ਹਨ। ਇਨ੍ਹਾਂ ਸ਼ਰਧਾਲੂਆਂ ਦੀ ਆਮ ਦਿਨਾਂ ਵਿਚ ਗਿਣਤੀ ਤਕਰੀਬਨ ਡੇਢ ਲੱਖ ਰੋਜ਼ਾਨਾ ਤੇ ਵਿਸ਼ੇਸ਼ ਦਿਨਾਂ ਜਿਵੇਂ ਗੁਰਪੁਰਬ, ਸੰਗਰਾਂਦ, ਐਤਵਾਰ ਆਦਿ ਨੂੰ ਦੋ ਤੋਂ ਤਿੰਨ ਗੁਣਾ ਵਧ ਜਾਂਦੀ ਹੈ ਪਰ ਪਿਛਲੇ ਕੁਝ ਦਿਨਾਂ ਤੋਂ ਪੈ ਰਹੀ ਠੰਢ ਤੇ ਧੁੰਦ ਕਰਨ ਸ਼ਰਧਾਲੂਆਂ ਦੀ ਰੋਜ਼ਾਨਾ ਆਮਦ ਵਿਚ ਤਕਰੀਬਨ 20 ਤੋਂ 25 ਫੀਸਦੀ ਦੀ ਕਮੀ ਆਈ ਹੈ।

ਇਸ ਬਾਰੇ ਹਰਿਮੰਦਰ ਸਾਹਿਬ ਦੇ ਮੈਨੇਜਰ ਪ੍ਰਤਾਪ ਸਿੰਘ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਕਤ ਕੁਦਰਤੀ ਬਦਲਾਅ ਨਾਲ ਨਜਿੱਠਣ ਲਈ ਕਈ ਉਪਰਾਲੇ ਕੀਤੇ ਗਏ ਹਨ ਪਰ ਫਿਰ ਵੀ ਹਵਾਈ ਉਡਾਣਾਂ ਤੇ ਰੇਲ ਸਫ਼ਰ ਵਿਚ ਆਉਂਦੀ ਰੁਕਾਵਟ ਕਾਰਨ ਸ਼ਰਧਾਲੂਆਂ ਦੀ ਗਿਣਤੀ ਘਟ ਗਈ ਹੈ। ਸਥਾਨਕ ਸੰਗਤ ਵੀ ਧੁੰਦ ਅੱਗੇ ਲਾਚਾਰ ਹੋ ਜਾਂਦੀ ਹੈ ਜਿਸ ਨਾਲ ਛੋਟੇ ਬੱਚਿਆਂ ਤੇ ਬਜ਼ੁਰਗਾਂ ਦੀ ਆਮਦ ਕਾਫੀ ਘੱਟ ਗਈ ਹੈ। ਸ਼ਰਧਾਲੂਆਂ ਲਈ ਜਿਥੇ ਜੋੜਾ ਘਰ ਤੋਂ ਚਰਨ ਗੰਗਾ ਤੱਕ ਕਾਰਪੈਟ ਮੈਟ ਵਿਛਾਏ ਗਏ ਹਨ, ਉਥੇ ਚਰਨ ਗੰਗਾ 'ਚ ਨਿੱਘੇ ਪਾਣੀ ਦੀ ਤਬਦੀਲੀ ਹੁੰਦੀ ਰਹਿੰਦੀ ਹੈ। ਇਸ ਤੋਂ ਅੱਗੇ ਸੱਚਖੰਡ ਮੱਥਾ ਟੇਕਣ ਜਾਣ ਲਈ ਪਰਿਕਰਮਾ ਵਿਚ ਵਿਸ਼ੇਸ਼ ਗਰਮ ਮੈਟਾਂ ਦੀ ਵਿਛਾਈ ਕੀਤੀ ਗਈ ਹੈ। ਇਹ ਮੈਟ ਗਰਮੀ ਵਿਚ ਤਪਦੇ ਪੱਥਰ ਤੋਂ ਬਚਾਅ ਲਈ ਵਿਛਾਏ ਮੈਟ ਤੋਂ ਅਲੱਗ ਹਨ ਤੇ ਇਨ੍ਹਾਂ ਨੂੰ ਸਰਦੀਆਂ ਲਈ ਵਿਸ਼ੇਸ਼ ਤੌਰ 'ਤੇ ਲਾਇਆ ਗਿਆ ਹੈ। ਇਸ ਕਾਰਪੈਟ ਮੈਟ ਦੀ ਸ੍ਰੀ ਹਰਿਮੰਦਰ ਸਾਹਿਬ ਪਰਿਕਰਮਾ ਤੋਂ ਇਲਾਵਾ ਗੁਰੂ ਰਾਮਦਾਸ ਲੰਗਰ ਘਰ ਤੇ ਕੇਂਦਰੀ ਸਿੱਖ ਅਜ਼ਾਇਬ ਘਰ ਦੀਆਂ ਪੌੜੀਆਂ ਤੱਕ ਵਿਛਾਈ ਕੀਤੀ ਗਈ ਹੈ। ਹਰਿਮੰਦਰ ਸਾਹਿਬ ਦੀ ਪਾਵਨ ਮੁੱਖ ਇਮਾਰਤ ਤੇ ਅਕਾਲ ਤਖ਼ਤ ਸਾਹਿਬ ਦੇ ਦਰਵਾਜ਼ਿਆਂ ਮੂਹਰੇ ਚਿੱਟੇ ਮੋਟੇ ਕੱਪੜੇ ਦੇ ਪਰਦੇ ਲਾਏ ਗਏ ਹਨ ਤਾਂ ਜੋ ਧੁੰਦ ਤੇ ਠੰਢੀ ਹਵਾ ਤੋਂ ਸੰਗਤ ਦਾ ਬਚਾਅ ਹੋ ਸਕੇ। ਦੋਵਾਂ ਪਾਵਨ ਇਮਾਰਤਾਂ ਅੰਦਰ ਜਿਥੇ ਗਰਮ ਹਵਾ ਦਾ ਇੰਤਜ਼ਾਮ ਕੀਤਾ ਗਿਆ ਹੈ, ਉਥੇ ਬੈਠਣ ਲਈ ਮੋਟਾ ਕਾਰਪੈਟ ਵਿਛਾਇਆ ਗਿਆ ਹੈ। ਮੱਥਾ ਟੇਕਣ ਉਪਰੰਤ ਸੰਗਤ ਨੂੰ ਲਾਚੀ ਬੇਰੀ ਨਜ਼ਦੀਕ ਵਰਤਾਏ ਜਾਂਦੇ ਕੜਾਹ ਪ੍ਰਸ਼ਾਦ ਨੂੰ ਲਗਾਤਾਰ ਗਰਮ ਰੱਖਣ ਲਈ ਬਿਜਲਈ ਹੀਟਰ ਵਰਤੇ ਜਾ ਰਹੀਆਂ ਹਨ।

## ਗੁਰੂਆਂ ਦੀਆਂ ਨਿਸ਼ਾਨੀਆਂ ਦੇ ਹੋਣਗੇ ਖੁੱਲ੍ਹੇ ਦਰਸ਼ਨ ਦੀਦਾਰੇ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਤੇ ਹੋਰ ਸਿੱਖ ਗੁਰੂਆਂ ਨਾਲ ਸਬੰਧਤ 12 ਨਿਸ਼ਾਨੀਆਂ ਨੂੰ ਜਨਤਾ ਵਾਸਤੇ ਪ੍ਰਦਰਸ਼ਿਤ ਕਰਨ ਲਈ ਨਾਭੇ ਵਿਚ ਦੋ ਗੁਰਦੁਆਰਿਆਂ ਦੀ ਚੋਣ ਕਰਨ ਦੇ ਹੁਕਮ ਦਿੱਤੇ ਹਨ। ਚੀਫ਼ ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਆਗਸਟੀਨ ਜੌਰਜ ਮਸੀਹ 'ਤੇ ਆਧਾਰਤ ਡਿਵੀਜ਼ਨ ਬੈਂਚ ਨੇ ਇਸ ਮੰਤਵ ਲਈ ਸਰਕਾਰ ਨੂੰ ਇਕ ਮਹੀਨੇ ਦਾ ਸਮਾਂ ਦਿੱਤਾ ਹੈ।

ਇਸ ਵੇਲੇ ਆਮ ਲੋਕ ਸਿੱਖ ਗੁਰੂਆਂ ਦੀਆਂ ਨਿਸ਼ਾਨੀਆਂ ਦੇ ਦਰਸ਼ਨਾਂ ਤੋਂ ਵਾਂਝੇ ਹਨ। ਇਨ੍ਹਾਂ ਵਿਚੋਂ ਚਾਰ ਨਿਸ਼ਾਨੀਆਂ ਨਾਭਾ ਦੇ ਰਿਆਸਤੀ ਪਰਿਵਾਰ ਕੋਲ ਦਿੱਲੀ ਵਿਚ ਪਈਆਂ ਹਨ ਜਦੋਂਕਿ ਅੱਠ ਨਿਸ਼ਾਨੀਆਂ ਪਟਿਆਲਾ ਦੇ ਕਿਲਾ ਮੁਬਾਰਕ ਵਿਚ ਬੰਦ ਹਨ। ਇਨ੍ਹਾਂ ਨਿਸ਼ਾਨੀਆਂ ਨੂੰ ਤਕਰੀਬਨ 240 ਸਾਲ ਹੀਰਾ ਮਹਿਲ ਵਿਚ ਰੱਖਿਆ ਗਿਆ ਸੀ। ਨਾਭਾ ਪਬਲਿਕ ਸੁਸਾਇਟੀ ਦੇ ਪ੍ਰਧਾਨ ਗੁਰਮੀਤ ਸਿੰਘ ਨੇ ਇਹ ਮਾਮਲਾ ਹਾਈ ਕੋਰਟ ਦੇ ਧਿਆਨ ਵਿਚ ਲਿਆਂਦਾ ਹੈ।



ਉਸ ਨੇ ਹਾਈ ਕੋਰਟ ਨੂੰ ਅਪੀਲ ਕੀਤੀ ਹੈ ਕਿ ਸਰਕਾਰ ਤੇ ਹੋਰਨਾਂ ਪ੍ਰਤੀਵਾਦੀਆਂ ਨੂੰ ਨਿਰਦੇਸ਼ ਦਿੱਤੇ ਜਾਣ ਕਿ ਗੁਰੂ ਸਾਹਿਬ ਦੀਆਂ ਇਹ ਨਿਸ਼ਾਨੀਆਂ ਨਾਭਾ ਦੇ ਹੀਰਾ ਮਹਿਲ ਵਿਚ ਰੱਖੀਆਂ ਜਾਣ ਤੇ ਉਨ੍ਹਾਂ ਨੂੰ ਇਥੋਂ ਕਿਸੇ ਹੋਰ ਜਗ੍ਹਾ ਤਬਦੀਲ ਕਰਨ ਤੋਂ ਰੋਕਿਆ ਜਾਵੇ ਕਿਉਂਕਿ ਅਜਿਹਾ ਕਰਨ ਨਾਲ ਨਾਭਾ ਵਿਚਲੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੇਗੀ। ਪਟੀਸ਼ਨਰ ਨੇ ਦਾਅਵਾ ਕੀਤਾ ਕਿ ਨਿਸ਼ਾਨੀਆਂ 240 ਸਾਲਾਂ ਤੋਂ ਬੰਦ ਪਈਆਂ ਹਨ। ਇਹ ਨਿਸ਼ਾਨੀਆਂ ਪਹਿਲਾਂ ਟਰੱਸਟ ਦੇ ਇਕ ਮੈਂਬਰ ਨੇ ਦਿੱਲੀ ਦੀ ਇਕ ਰਿਹਾਇਸ਼ ਵਿਚ ਭੇਜ ਦਿੱਤੀਆਂ ਸਨ, ਜੋ ਹਾਈ ਕੋਰਟ ਵਿਚ ਪਟੀਸ਼ਨ ਪਾਉਣ ਮਗਰੋਂ ਵਾਪਸ ਲਿਆਂਦੀਆਂ ਗਈਆਂ। ਬਾਅਦ ਵਿਚ ਇਹ ਨਿਸ਼ਾਨੀਆਂ ਖਾਲਸਾ ਵਿਰਾਸਤੀ ਕੰਪਲੈਕਸ ਆਨੰਦਪੁਰ ਸਾਹਿਬ ਵਿਖੇ ਭੇਜਣ ਦੇ ਹੁਕਮ ਦਿੱਤੇ ਗਏ ਸਨ ਤੇ ਬਾਅਦ ਵਿਚ ਪਟਿਆਲਾ ਦੇ ਕਿਲਾ ਮੁਬਾਰਕ ਵਿਚ ਇਹ ਨਿਸ਼ਾਨੀਆਂ ਬੰਦ ਕਰ ਦਿੱਤੀਆਂ ਗਈਆਂ ਸਨ।

# ਸਿੱਖ ਇਤਿਹਾਸ ਵਿਚ ਅਹਿਮ ਰਿਹਾ 2013 ਦਾ ਵਰ੍ਹਾ

**ਅੰਮ੍ਰਿਤਸਰ:** ਸਿੱਖ ਇਤਿਹਾਸ ਵਿਚ ਕੁਝ ਦਿਨਾਂ ਬਾਅਦ ਅਲਵਿਦਾ ਆਖ ਰਿਹਾ ਸਾਲ 2013 ਕਈ ਅਹਿਮ ਘਟਨਾਵਾਂ ਕਰਕੇ ਯਾਦ ਕੀਤਾ ਜਾਵੇਗਾ ਜਿਨ੍ਹਾਂ ਵਿਚ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਦੀ ਸਥਾਪਨਾ ਤੇ ਵਿਵਾਦ, ਦਿੱਲੀ ਕਮੇਟੀ 'ਤੇ ਸ਼੍ਰੋਮਣੀ ਅਕਾਲੀ ਦਲ ਦਾ ਕਬਜ਼ਾ, ਵਿਦੇਸ਼ ਵਿਚ ਸਿੱਖ ਪਛਾਣ ਦਾ ਮੁੱਦਾ ਤੇ ਸਿੱਖ ਕੈਦੀਆਂ ਦੀ ਰਿਹਾਈ ਲਈ ਗੁਰਬਖਸ਼ ਸਿੰਘ ਖਾਲਸਾ ਵੱਲੋਂ ਭੁੱਖ ਹੜਤਾਲ ਦੇ ਰੂਪ ਵਿਚ ਸ਼ੁਰੂ ਕੀਤਾ ਸੰਘਰਸ਼ ਸ਼ਾਮਲ ਹਨ।

ਵਰ੍ਹੇ ਦੀ ਸ਼ੁਰੂਆਤ ਵਿਚ ਹੀ ਸ਼੍ਰੋਮਣੀ ਅਕਾਲੀ ਦਲ ਨੇ ਦਿੱਲੀ ਕਮੇਟੀ ਦੀਆਂ ਚੋਣਾਂ ਵਿਚ ਹੂੰਝਾ ਫੇਰ ਜਿੱਤ ਪ੍ਰਾਪਤ ਕੀਤੀ। ਇਨ੍ਹਾਂ ਨਤੀਜਿਆਂ ਨਾਲ ਦਿੱਲੀ ਕਮੇਟੀ ਵਿਚੋਂ ਸਰਨਾ ਭਰਾਵਾਂ ਦਾ ਰਾਜ ਖ਼ਤਮ ਹੋ ਗਿਆ। ਇਹ ਵਰ੍ਹਾ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਦੀ ਸਥਾਪਨਾ ਦਾ ਵੀ ਗਵਾਹ ਹੈ। ਪਿਛਲੇ 29 ਸਾਲਾਂ ਤੋਂ ਸ਼ਹੀਦੀ ਯਾਦਗਾਰ ਬਣਾਉਣ ਦੀ ਮੰਗ ਇਸੇ ਸਾਲ 27 ਅਪਰੈਲ ਨੂੰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸ਼ਹੀਦੀ ਯਾਦਗਾਰ ਆਮ ਲੋਕਾਂ ਲਈ ਖੋਲ੍ਹ ਦੇਣ ਨਾਲ ਪੂਰੀ ਹੋ ਗਈ।

### ਸਾਕਾ ਨੀਲਾ ਤਾਰਾ ਦੀ ਸ਼ਹੀਦੀ ਯਾਦਗਾਰ ਬਣੀ ਵੱਡਾ ਮੁੱਦਾ

ਇਸ ਯਾਦਗਾਰ ਦੀ ਉਸਾਰੀ ਦਮਦਮੀ ਟਕਸਾਲ ਵੱਲੋਂ ਕਰਵਾਈ ਗਈ ਸੀ, ਪਰ ਇਸ ਯਾਦਗਾਰ ਨੂੰ ਟਕਸਾਲ ਦੇ ਸਾਬਕਾ ਮੁਖੀ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੂੰ ਸਮਰਪਤ ਕੀਤੇ ਜਾਣ ਕਾਰਨ ਵਿਵਾਦ ਵੀ ਉਭਰਿਆ ਜੋ ਹੁਣ ਤੱਕ ਹੱਲ ਨਹੀਂ ਹੋ ਸਕਿਆ। ਇਸ ਵਿਵਾਦ ਕਾਰਨ ਸ਼੍ਰੋਮਣੀ ਕਮੇਟੀ ਤੇ ਦਮਦਮੀ ਟਕਸਾਲ ਆਹਮੋ-ਸਾਹਮਣੇ ਹਨ। ਦਮਦਮੀ ਟਕਸਾਲ ਵੱਲੋਂ ਯਾਦਗਾਰ ਦਾ ਨਾਂ ਸੰਤ ਭਿੰਡਰਾਂਵਾਲਿਆਂ ਦੇ ਨਾਂ 'ਤੇ ਰੱਖਿਆ ਗਿਆ ਹੈ ਤੇ ਇਸ ਬਾਰੇ ਵੱਖ-ਵੱਖ ਬੋਰਡ ਵੀ ਲਾਏ ਗਏ ਜਿਸ ਦਾ ਸ਼੍ਰੋਮਣੀ ਕਮੇਟੀ ਨੇ ਸਖ਼ਤ ਵਿਰੋਧ ਕੀਤਾ।



ਇਸੇ ਦੌਰਾਨ ਨਵੰਬਰ 1984 ਵਿਚ ਵਾਪਰੇ ਸਿੱਖ ਕਤਲੇਆਮ ਵਿਚ ਮਾਰੇ ਗਏ ਸਿੱਖਾਂ ਦੀ ਯਾਦ ਵਿਚ ਦਿੱਲੀ ਵਿਖੇ ਯਾਦਗਾਰ ਬਣਾਉਣ ਦਾ ਮਾਮਲਾ ਵੀ ਵਿਵਾਦਾਂ ਵਿਚ ਘਿਰਿਆ ਰਿਹਾ। ਦਿੱਲੀ ਕਮੇਟੀ ਵੱਲੋਂ ਇਹ ਯਾਦਗਾਰ ਗੁਰਦੁਆਰਾ ਰਕਾਬਗੰਜ ਦੇ ਵਿਹੜੇ ਵਿਚ ਬਣਾਉਣ ਦੀ ਯੋਜਨਾ ਸੀ, ਜਿਸ ਖ਼ਿਲਾਫ਼ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਵੱਲੋਂ ਦਿੱਲੀ ਹਾਈਕੋਰਟ ਵਿਚ ਰਿਟ ਦਾਇਰ ਕੀਤੀ ਗਈ ਸੀ ਜਿਸ ਦਾ ਸ੍ਰੀ ਅਕਾਲ ਤਖ਼ਤ ਵੱਲੋਂ ਸਖ਼ਤ ਨੋਟਿਸ ਲਿਆ ਗਿਆ ਤੇ ਇਸ ਬਾਰੇ ਸ. ਸਰਨਾ ਨੂੰ ਤਲਬ ਕਰਕੇ ਨਾ ਸਿਰਫ਼ ਤਨਖਾਹ ਲਾਈ ਗਈ ਸਗੋਂ ਦਾਇਰ ਕੀਤੀ ਰਿੱਟ ਵਾਪਸ ਲੈਣ ਲਈ ਹਦਾਇਤ ਵੀ ਕੀਤੀ ਗਈ।

ਇਸੇ ਤਰ੍ਹਾਂ ਵਿਦੇਸ਼ ਵਿੱਚ ਸਿੱਖ ਪਛਾਣ ਦਾ ਮੁੱਦਾ ਵੀ ਭਾਰੂ ਰਿਹਾ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ ਨੂੰ ਇਟਲੀ ਦੇ ਹਵਾਈ ਅੱਡੇ 'ਤੇ ਉਸ ਵੇਲੇ ਮਾਯੂਸੀ ਦਾ ਸਾਹਮਣਾ ਕਰਨਾ ਪਿਆ ਜਦੋਂ ਉਨ੍ਹਾਂ ਨੂੰ ਤਲਾਸ਼ੀ ਲਈ ਦਸਤਾਰ ਉਤਾਰਨ ਲਈ ਮਜਬੂਰ ਕੀਤਾ ਗਿਆ ਪਰ ਉਨ੍ਹਾਂ ਤਲਾਸ਼ੀ ਦੇਣ ਤੋਂ ਨਾਂਹ ਕਰ ਦਿੱਤੀ। ਮਗਰੋਂ ਇਹ ਮਾਮਲਾ ਕੇਂਦਰ ਸਰਕਾਰ ਦੇ ਦਖ਼ਲ ਨਾਲ ਹੱਲ ਹੋਇਆ। ਇਸੇ ਤਰ੍ਹਾਂ ਯੂ.ਕੇ ਵਿਚ ਇਕ ਨਾਬਾਲਿਗ ਕੁੜੀ ਵੱਲੋਂ ਬਜ਼ੁਰਗ ਸਿੱਖ ਨਾਲ ਦੁਰਵਿਹਾਰ ਕਰਨਾ ਤੇ ਕੋਲੰਬੀਆ ਯੂਨੀਵਰਸਿਟੀ ਦੇ ਪ੍ਰੋਫੈਸਰ ਪ੍ਰਭਜੋਤ ਸਿੰਘ 'ਤੇ ਅਣਪਛਾਤੇ ਵਿਅਕਤੀਆਂ ਵੱਲੋਂ ਕੀਤਾ ਗਿਆ ਨਸਲੀ ਹਮਲਾ ਵੀ ਇਸੇ ਕੜੀ ਦਾ ਹਿੱਸਾ ਹੈ।

ਇਸੇ ਤਰ੍ਹਾਂ ਕੈਨੇਡਾ ਦੇ ਕਿਊਬਿਕ ਸੂਬੇ ਵਿਚ ਸਿੱਖ ਕਕਾਰਾਂ 'ਤੇ ਪਾਬੰਦੀ ਲਾਉਣ ਦਾ ਮਾਮਲਾ ਵੀ ਚਰਚਾ ਦਾ ਵਿਸ਼ਾ ਰਿਹਾ ਹੈ। ਇਨ੍ਹਾਂ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਅਮਰੀਕਾ ਦੇ ਕੈਲੇਫੋਰਨੀਆ ਸੂਬੇ ਦੇ ਯੂਬਾ ਸਿਟੀ ਵਿਚ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਗਲੋਬਲ ਸਿੱਖ ਸੈਂਟਰ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਮੁੜ ਜਥੇਬੰਦੀ ਦਾ ਪ੍ਰਧਾਨ ਚੁਣ ਲਿਆ ਗਿਆ।

ਸੁਖਬੀਰ ਦੀ ਅਗਵਾਈ ਹੇਠ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਚਾਰ ਵਿਚੋਂ ਤਿੰਨ ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ ਹੈ। ਸਾਲ ਦੇ ਅੰਤ ਵਿਚ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਸ਼ੁਰੂ ਹੋਇਆ ਸੰਘਰਸ਼ ਅਜੇ ਜਾਰੀ ਹੈ। ਇਸ ਤੋਂ ਇਲਾਵਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਦਾ ਸਦੀਵੀ ਵਿਛੋੜਾ ਵੱਡੀ ਘਟਨਾ ਹੋ ਨਿਬੜੀ ਹੈ। ਹੁਣ ਉਨ੍ਹਾਂ ਦੀ ਥਾਂ ਗਿਆਨੀ ਮੱਲ ਸਿੰਘ ਨੂੰ ਤਖ਼ਤ ਦਾ ਜਥੇਦਾਰ ਨਿਯੁਕਤ ਕੀਤਾ ਗਿਆ ਹੈ।

# ਹਰਿਮੰਦਰ ਸਾਹਿਬ 'ਚ ਦੋ-ਤਰਫਾ ਲਾਂਘੇ ਦੀ ਅਜਮਾਇਸ਼

**ਅੰਮ੍ਰਿਤਸਰ:** ਸ਼ਰਧਾਲੂਆਂ ਦੀ ਵਧਦੀ ਆਮਦ ਕਾਰਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਆਉਂਦੀਆਂ ਮੁਸ਼ਕਲਾਂ ਦੇ ਹੱਲ ਲਈ ਸ਼੍ਰੋਮਣੀ ਕਮੇਟੀ ਵੱਲੋਂ ਮੱਥਾ ਟੇਕਣ ਉਪਰੰਤ ਨਿਕਾਸੀ ਦੇ ਇਕ ਮਾਤਰ ਲਾਂਘੇ ਦੀ ਜਗ੍ਹਾ ਦੋ ਤਰਫਾ ਨਿਕਾਸੀ ਅਜਮਾਇਸ਼ ਵਜੋਂ ਸ਼ੁਰੂ ਕਰ ਦਿੱਤੀ ਹੈ ਜਿਸ ਦੇ ਸਫਲ ਹੋਣ 'ਤੇ ਪੱਕੇ ਤੌਰ 'ਤੇ ਲਾਗੂ ਕਰ ਦਿੱਤਾ ਜਾਵੇਗਾ।

ਰੋਜ਼ਾਨਾ ਕਰੀਬ ਸਵਾ ਤੋਂ ਡੇਢ ਲੱਖ ਸੰਗਤ ਦੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਾਜ਼ਰੀ ਤੋਂ ਇਲਾਵਾ ਵਿਸ਼ੇਸ਼ ਦਿਹਾੜਿਆਂ, ਗੁਰਪੁਰਬ ਤੇ ਛੁੱਟੀਆਂ ਆਦਿ ਮੌਕੇ ਢਾਈ ਤੋਂ ਤਿੰਨ ਲੱਖ ਦੀ ਸੰਗਤ ਗੁਰੂ ਘਰ ਦਰਸ਼ਨਾਂ ਲਈ ਉਮੜਦੀ ਹੈ ਜਿਸ ਲਈ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਵਿਚ ਕਈ ਵਾਰ ਤਿੰਨ ਤੋਂ ਚਾਰ ਘੰਟੇ ਲੱਗ ਜਾਂਦੇ ਹਨ। ਅਜਿਹੇ ਵਿਚ ਛੋਟੇ ਬੱਚਿਆਂ, ਬਜ਼ੁਰਗਾਂ ਤੇ ਅੰਗਹੀਣ ਸ਼ਰਧਾਲੂਆਂ ਦੀ ਵੱਡੀ ਸਮੱਸਿਆ ਖੜ੍ਹੀ ਹੋ ਜਾਂਦੀ ਸੀ ਜਿਸ ਦੇ ਚੱਲਦਿਆਂ 40 ਫੀਸਦੀ ਦੇ ਕਰੀਬ ਸ਼ਰਧਾਲੂ ਮੱਥਾ ਟੇਕਣ ਤੋਂ ਵਾਂਝੇ ਹੀ ਵਾਪਸ ਮੁੜ ਜਾਂਦੇ ਸਨ।

ਇਸ ਉਲਝਣ ਦਾ ਕਾਰਨ ਮੱਥਾ ਟੇਕਣ ਉਪਰੰਤ ਨਿਕਾਸੀ ਲਈ ਕੇਵਲ ਖੱਬੇ ਪਾਸੇ ਦਾ ਪੂਰਬੀ ਰਸਤਾ ਹੀ ਵਰਤੇ ਜਾਣਾ ਸਮਝਿਆ ਜਾ ਰਿਹਾ ਸੀ। ਅਜਿਹੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸੱਚਖੰਡ ਅੰਦਰ ਨਤਮਸਤਕ ਹੋਣ ਉਪਰੰਤ ਖੱਬੇ ਹੱਥ ਵਾਲੇ ਪੂਰਬੀ ਰਸਤੇ ਦੇ ਨਾਲ-ਨਾਲ ਸਾਹਮਣੇ ਦੱਖਣੀ ਰਸਤੇ (ਜੋ ਹਰਿ ਕੀ ਪੌੜੀ ਵੱਲ ਖੁੱਲ੍ਹਦਾ ਹੈ) ਨੂੰ, ਦੂਸਰੇ ਨਿਕਾਸੀ ਰਸਤੇ ਵਜੋਂ ਵਰਤਣ ਦੀ ਯੋਜਨਾ ਬਣਾਈ ਗਈ ਹੈ ਜਿਸ ਨੂੰ ਹੁਣ ਅਜਮਾਇਸ਼ ਵਜੋਂ ਸੰਗਤ ਲਈ ਖੋਲ੍ਹ ਦਿੱਤਾ ਗਿਆ ਹੈ। ਪ੍ਰਬੰਧਕਾਂ ਅਨੁਸਾਰ ਅਜਮਾਇਸ਼ ਸਫਲ ਹੋਣ 'ਤੇ 25 ਤੋਂ 30 ਫੀਸਦੀ ਵਧੇਰੇ ਸੰਗਤ ਦੇ ਮੱਥਾ ਟੇਕ ਲੈਣ ਦੀ ਆਸ ਹੈ। ਸੰਗਤ ਨੂੰ ਹਰ ਸੰਭਵ ਸਹੂਲਤ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ ਤਾਂ ਕਿ ਕਿਸੇ ਨੂੰ ਕੋਈ ਔਖ ਨਾ ਆਵੇ।



## ਗੁਰੂ ਕੀ ਨਗਰੀ ਆਉਣ ਵਾਲੇ ਸੈਲਾਨੀਆਂ 'ਤੇ ਨਵਾਂ ਬੋਝ

**ਅੰਮ੍ਰਿਤਸਰ:** ਨਗਰ ਨਿਗਮ ਹੁਣ ਅੰਮ੍ਰਿਤਸਰ ਆਉਣ ਵਾਲੇ ਸੈਲਾਨੀਆਂ ਕੋਲੋਂ ਸ਼ਹਿਰ ਦੀ ਸੁੰਦਰਤਾ ਦੇ ਨਾਂਅ 'ਤੇ ਫੰਡ ਇਕੱਠਾ ਕਰੇਗਾ। ਗੁਰੂ ਨਗਰੀ ਵਿਚ ਪ੍ਰਤੀ ਦਿਨ ਡੇਢ ਲੱਖ ਤੋਂ ਵਧੇਰੇ ਸ਼ਰਧਾਲੂ ਤੇ ਸੈਲਾਨੀ ਦੇਸ਼-ਵਿਦੇਸ਼ ਤੋਂ ਆਉਂਦੇ ਹਨ ਜਿਨ੍ਹਾਂ ਵਿਚੋਂ ਕੁਝ ਸਰਾਵਾਂ ਵਿਚ ਠਹਿਰਨ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿਚ ਸ਼ਹਿਰ ਦੇ ਵੱਖ-ਵੱਖ ਹੋਟਲਾਂ ਵਿਚ ਠਹਿਰਦੇ ਹਨ।

ਇਨ੍ਹਾਂ ਹੋਟਲਾਂ ਵਿਚ ਠਹਿਰਨ ਵਾਲੇ ਸੈਲਾਨੀਆਂ 'ਤੇ ਨਗਰ ਨਿਗਮ ਵੱਲੋਂ 50 ਤੋਂ 200 ਰੁਪਏ ਤੱਕ ਪ੍ਰਤੀ ਦਿਨ ਵੱਖਰਾ ਬੋਝ ਪਾਇਆ ਜਾ ਰਿਹਾ ਹੈ ਜਿਸ ਨੂੰ ਲਾਗੂ ਕਰਨ ਲਈ ਨਗਰ ਨਿਗਮ ਅੰਮ੍ਰਿਤਸਰ ਦੇ ਹਾਊਸ ਵਿਚ ਪ੍ਰਵਾਨਗੀ ਲੈ ਲਈ ਗਈ ਹੈ। ਸਿਟੀ ਬਿਊਟੀਫਿਕੇਸ਼ਨ ਫੰਡ (ਸ਼ਹਿਰ ਦੀ ਸੁੰਦਰਤਾ ਲਈ ਫੰਡ) ਦੇ ਨਾਂ ਦਾ ਇਹ ਟੈਕਸ ਗੁਰੂ ਨਗਰੀ ਵਿਚ ਸਥਿਤ ਹਰ ਛੋਟੇ ਵੱਡੇ ਹੋਟਲ 'ਤੇ ਲਾਇਆ ਜਾ ਰਿਹਾ ਹੈ ਤੇ ਇਹ ਟੈਕਸ ਲਾਉਣ ਲਈ ਪੂਰੀ ਤਰ੍ਹਾਂ ਕਮਰਕੱਸੇ ਕੱਸ ਲਏ ਗਏ ਹਨ। 18 ਦਸੰਬਰ ਨੂੰ ਅੰਮ੍ਰਿਤਸਰ ਨਗਰ ਨਿਗਮ ਦੀ ਹੋਈ ਮੀਟਿੰਗ ਵਿਚ ਇਸ ਨੂੰ ਪ੍ਰਵਾਨਗੀ ਮਿਲ ਗਈ ਹੈ। ਇਸ ਟੈਕਸ ਤਹਿਤ ਹਰ ਪੰਜ ਤਾਰਾ ਹੋਟਲ ਤੋਂ 200 ਰੁਪਏ ਪ੍ਰਤੀ ਕਮਰਾ, ਪ੍ਰਤੀ ਦਿਨ, ਤਿੰਨ ਤਾਰਾ ਹੋਟਲ ਤੋਂ 100 ਰੁਪਏ ਅਤੇ ਸਧਾਰਨ ਹੋਟਲਾਂ ਤੋਂ 50 ਰੁਪਏ ਪ੍ਰਤੀ ਕਮਰਾ, ਪ੍ਰਤੀ ਦਿਨ ਵਸੂਲਿਆ ਜਾਵੇਗਾ। ਭਾਵੇਂ ਕਿ ਇਹ ਟੈਕਸ ਹੋਟਲਾਂ 'ਤੇ ਲਾਇਆ ਜਾ ਰਿਹਾ ਹੈ ਪਰ ਇਸ ਸਿੱਧੇ ਰੂਪ ਵਿਚ ਅਸਰ ਸੈਲਾਨੀਆਂ ਦੀਆਂ ਜੇਬਾਂ 'ਤੇ ਪਵੇਗਾ। ਇਸ ਟੈਕਸ ਖ਼ਿਲਾਫ਼ ਵਿਰੋਧੀ ਧਿਰ ਕਾਂਗਰਸ ਤੋਂ ਇਲਾਵਾ ਸੱਤਾਧਾਰੀ ਪਾਰਟੀ ਭਾਜਪਾ ਦੇ ਕੌਂਸਲਾਂ ਵੱਲੋਂ ਵਿਰੋਧ ਪ੍ਰਗਟ ਕੀਤਾ ਜਾ ਰਿਹਾ ਹੈ ਤੇ ਲਿਖਤੀ ਰੂਪ ਵਿਚ ਮੇਅਰ ਕੋਲੋਂ ਇਸ ਮਤੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ ਹੈ।

## ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ 4 ਨੂੰ

**ਚੰਡੀਗੜ੍ਹ:** ਵਰਲਡ ਪੰਜਾਬੀ ਟੈਲੀਵਿਜ਼ਨ/ਰੇਡੀਓ ਅਕੈਡਮੀ, ਜਲੰਧਰ ਵੱਲੋਂ ਦੂਜੀ ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ, ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਦੇ ਸਹਿਯੋਗ ਨਾਲ ਕਲਾ ਭਵਨ, ਸੈਕਟਰ 16 ਚੰਡੀਗੜ੍ਹ ਵਿਖੇ 4 ਜਨਵਰੀ ਨੂੰ ਕਰਵਾਈ ਜਾ ਰਹੀ ਹੈ।

ਕਲਾ ਪ੍ਰੀਸ਼ਦ ਦੇ ਚੇਅਰਪਰਸਨ ਬੀਬੀ ਹਰਜਿੰਦਰ ਕੌਰ, ਅਕੈਡਮੀ ਦੇ ਚੇਅਰਮੈਨ ਪ੍ਰੋ: ਕੁਲਬੀਰ ਸਿੰਘ ਤੇ ਕਾਨਫਰੰਸ ਦੇ ਕੋ-ਆਰਡੀਨੇਟਰ ਸ: ਭੁਪਿੰਦਰ ਸਿੰਘ ਮਲਿਕ ਨੇ ਕਿਹਾ ਕਿ ਦੂਸਰੀ ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ ਦਾ ਉਦਘਾਟਨ 4 ਜਨਵਰੀ ਨੂੰ ਉਪ-ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਕਰਨਗੇ ਤੇ ਇਸ ਵਿਚ ਭਾਰਤ ਤੋਂ ਇਲਾਵਾ ਪਾਕਿਸਤਾਨ, ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਇਟਲੀ, ਫਰਾਂਸ, ਹਾਂਗਕਾਂਗ, ਡੈਨਮਾਰਕ, ਆਸਟਰੀਆ ਆਦਿ ਮੁਲਕਾਂ ਤੋਂ ਪੰਜਾਬੀ ਅਖ਼ਬਾਰਾਂ, ਟੈਲੀਵਿਜ਼ਨ ਅਤੇ ਰੇਡੀਓ ਦੇ ਸੰਪਾਦਕ, ਡਾਇਰੈਕਟਰ, ਪੱਤਰਕਾਰ ਤੇ ਪ੍ਰਤੀਨਿਧ ਵੱਡੀ ਗਿਣਤੀ ਵਿਚ ਸ਼ਾਮਲ ਹੋਣਗੇ। ਪ੍ਰੋ: ਕੁਲਬੀਰ ਸਿੰਘ, ਸ੍ਰੀ ਦੀਪਕ ਬਾਲੀ ਤੇ ਸ੍ਰੀ ਪ੍ਰੀਤਮ ਸਿੰਘ ਰੁਪਾਲ ਨੇ ਦੱਸਿਆ ਕਿ ਦੂਸਰੀ ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ ਵਿਚ ਉਦਘਾਟਨੀ ਸਮਾਰੋਹ ਤੋਂ ਇਲਾਵਾ ਪੰਜਾਬੀ ਪ੍ਰਿੰਟ ਮੀਡੀਆ ਤੇ ਪੰਜਾਬੀ ਇਲੈਕਟ੍ਰਾਨਿਕ ਮੀਡੀਆ ਸਬੰਧੀ ਸੈਸ਼ਨ ਹੋਣਗੇ।

# ਸਾਰੇ ਜੱਟਾਂ ਨੂੰ ਮਿਲੇ ਰਿਜ਼ਰਵੇਸ਼ਨ ਦਾ ਲਾਭ: ਕੈਪਟਨ ਅਮਰਿੰਦਰ ਸਿੰਘ

**ਪਟਿਆਲਾ:** ਕੇਂਦਰ ਸਰਕਾਰ ਵੱਲੋਂ ਸਿਰਫ ਨੌਂ ਸੂਬਿਆਂ ਵਿਚ ਹੀ ਜੱਟ ਭਾਈਚਾਰੇ ਨੂੰ ਨੌਕਰੀਆਂ ਵਿਚ ਰਾਖਵੇਂਕਰਨ ਦੀ ਸਹੂਲਤ ਦੇਣ ਦੀ ਨਿੰਦਾ ਕਰਦਿਆਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੱਤਰ ਲਿਖਿਆ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਜੱਟਾਂ ਲਈ ਰਾਖਵੇਂਕਰਨ ਦੀ ਨੀਤੀ ਪੰਜਾਬ ਸਮੇਤ ਤਿੰਨ ਹੋਰ ਸੂਬਿਆਂ ਵਿਚ ਵੀ ਲਾਗੂ ਕੀਤੀ ਜਾਵੇ।



ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਆਲ ਇੰਡੀਆ ਜੱਟ ਮਹਾਂਸਭਾ ਦੇ ਪ੍ਰਧਾਨ ਹਨ। ਉਨ੍ਹਾਂ ਕਿਹਾ ਕਿ ਰਾਖਵਾਂਕਰਨ ਨੀਤੀ ਧਰਮ 'ਤੇ ਆਧਾਰਤ ਨਹੀਂ ਹੋਣੀ ਚਾਹੀਦੀ ਸਗੋਂ ਇਹ ਨੀਤੀ ਜਾਤ 'ਤੇ ਆਧਾਰਤ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਨੀਤੀ ਨਾਲ ਕਈ ਥਾਵਾਂ 'ਤੇ ਸਿੱਖ ਤੇ ਮੁਸਲਮਾਨ ਜੱਟਾਂ ਨਾਲ ਵਿਤਕਰਾ ਹੋਇਆ ਹੈ ਤੇ ਉਹ ਰਾਖਵੇਂਕਰਨ ਸਹੂਲਤ ਤੋਂ ਵਾਂਝੇ ਰਹਿ ਗਏ ਹਨ। ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਦੀ ਕਾਪੀ ਮੀਡੀਆ ਨੂੰ ਵੀ ਜਾਰੀ ਕੀਤੀ ਜਿਸ ਵਿਚ ਉਨ੍ਹਾਂ ਕਿਹਾ ਕਿ ਜੱਟ ਭਾਈਚਾਰੇ ਦੀ ਮੌਜੂਦਗੀ ਦੇਸ਼ ਦੇ 13 ਸੂਬਿਆਂ ਵਿਚ ਹੈ। ਉਨ੍ਹਾਂ ਮੰਗ ਕੀਤੀ ਕਿ ਇਹ ਰਾਖਵੇਂਕਰਨ ਦੀ ਨੀਤੀ ਪੰਜਾਬ, ਜੰਮੂ-ਕਸ਼ਮੀਰ, ਮਹਾਰਾਸ਼ਟਰ ਤੇ ਆਂਧਰਾ ਪ੍ਰਦੇਸ਼ ਵਿਚ ਵੀ ਲਾਗੂ ਕੀਤੀ ਜਾਵੇ।

ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਆਗਾਮੀ ਲੋਕ ਸਭਾ ਚੋਣਾਂ ਵਿਚ ਜੱਟ ਭਾਈਚਾਰੇ ਨੂੰ ਲੁਭਾਉਣ ਲਈ ਉਪਰੋਕਤ ਰਾਖਵੇਂਕਰਨ ਦੀ ਨੀਤੀ 19 ਦਸੰਬਰ ਨੂੰ ਤਿਆਰ ਕੀਤੀ ਸੀ ਤੇ ਪਛੜੀਆਂ ਜਾਤੀਆਂ ਬਾਰੇ ਕੌਮੀ ਕਮਿਸ਼ਨ ਨੂੰ ਇਸ ਬਾਰੇ ਛੇਤੀ ਕਾਰਵਾਈ ਕਰਨ ਦੇ ਹੁਕਮ ਦਿੱਤੇ ਸਨ। ਕੇਂਦਰੀ ਕੈਬਨਿਟ ਨੇ ਸਮਾਜਿਕ ਨਿਆਂ ਤੇ ਸ਼ਕਤੀਕਰਨ ਮੰਤਰਾਲੇ ਵੱਲੋਂ ਭੇਜੀ ਗਈ ਇਸ ਤਜਵੀਜ਼ 'ਤੇ ਗੌਰ ਕਰਨ ਮਗਰੋਂ ਪੱਛੜੀਆਂ ਜਾਤੀਆਂ ਬਾਰੇ ਕੌਮੀ ਕਮਿਸ਼ਨ ਨੂੰ ਆਪਣੇ ਸਾਲ 2011 ਦੇ ਉਸ ਫੈਸਲੇ 'ਤੇ ਮੁੜ ਗੌਰ ਕਰਨ ਲਈ ਆਖਿਆ ਹੈ ਜਿਸ ਵਿਚ ਉਸ ਨੇ ਕੇਂਦਰੀ ਪੱਧਰ 'ਤੇ ਇਸ ਭਾਈਚਾਰੇ ਲਈ ਰਾਖਵੇਂਕਰਨ ਦੀ ਮੰਗ ਨੂੰ ਰੱਦ ਕਰ ਦਿੱਤਾ ਸੀ।

# ਡਾ. ਮਨਮੋਹਨ ਨੂੰ ਸਾਹਿਤ ਅਕਾਦਮੀ ਐਵਾਰਡ

**ਨਵੀਂ ਦਿੱਲੀ:** ਸਾਹਿਤ ਅਕਾਦਮੀ ਦੇ ਸਾਲਾਨਾ ਐਵਾਰਡਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਪੰਜਾਬੀ ਭਾਸ਼ਾ ਲਈ ਇਹ ਐਵਾਰਡ ਪ੍ਰਸਿੱਧ ਲੇਖਕ ਡਾ. ਮਨਮੋਹਨ ਨੂੰ ਉਨ੍ਹਾਂ ਦੀ ਕਿਤਾਬ 'ਨਰਵਾਣ' ਲਈ ਦਿੱਤਾ ਗਿਆ ਹੈ। ਪੁਲਿਸ ਵਿਚ ਉੱਚ ਅਧਿਕਾਰੀ ਵਜੋਂ ਉਹ ਅੱਜਕੱਲ੍ਹ ਚੰਡੀਗੜ੍ਹ ਵਿਖੇ ਤਾਇਨਾਤ ਹਨ। ਡਾ. ਮਨਮੋਹਨ ਪੰਜਾਬੀ ਸਾਹਿਤ ਵਿਚ ਕਵਿਤਾ, ਨਾਵਲ, ਆਲੋਚਨਾ ਦੇ ਖੇਤਰ ਵਿਚ ਵੀ ਯੋਗਦਾਨ ਪਾਇਆ ਗਿਆ ਹੈ।

14 ਜੁਲਾਈ, 1962 ਨੂੰ ਅੰਮ੍ਰਿਤਸਰ ਜਨਮੇ ਮਨਮੋਹਨ ਦੀ ਕਵਿਤਾ ਦੀ ਪਹਿਲੀ ਕਿਤਾਬ 1982 ਦੌਰਾਨ 'ਅਗਲੇ ਚੁਰਾਹੇ ਤਕ' ਛਪੀ ਸੀ। ਉਸ ਸਮੇਂ ਉਹ ਪੜ੍ਹਾਈ ਕਰ ਰਹੇ ਸਨ। ਉਨ੍ਹਾਂ ਦਾ ਕਵਿਤਾ ਸੰਗ੍ਰਹਿ 'ਮਨ ਮਹਿਲ' 1989 ਵਿਚ ਛਪਿਆ। ਸੁਰ ਸੰਕੇਤ 1998, ਨਮਿਤ 2001 ਵਿਚ, 2004 ਵਿਚ, ਅਥ ਨੀਲ ਕੰਠ 2008 ਵਿਚ, ਦੂਜੇ ਸ਼ਬਦਾਂ ਵਿਚ 2010 ਦੌਰਾਨ ਤੇ 2102 'ਬੈਖਰੀ' ਕਿਤਾਬ ਛਪੀ। ਇਨਾਮ ਪ੍ਰਾਪਤ ਕਿਤਾਬ ਪ੍ਰਕਾਸ਼ਿਤ ਹੋਈ ਸੀ। ਉਨ੍ਹਾਂ ਦੀ ਹਿੰਦੀ ਕਵਿਤਾਵਾਂ ਦੀ ਇਹ ਕਿਤਾਬ ਵੀ 1993 ਵਿਚ ਛਪ ਚੁੱਕੀ ਹੈ।

ਆਲੋਚਨਾ ਦੇ ਖੇਤਰ ਵਿਚ ਉਨ੍ਹਾਂ ਦੇ 'ਵਿਚਾਰ ਚਿੰਤਨ ਤੇ ਵਿਹਾਰ' 'ਪ੍ਰਾਕਥਨ ਤੇ ਪ੍ਰਪੇਖ' ਕਿਤਾਬਾਂ ਰਾਹੀਂ ਯੋਗਦਾਨ ਦਿੱਤਾ ਹੈ। ਉਨ੍ਹਾਂ ਵੱਲੋਂ 2000 ਵਿਚ ਪੰਜਾਬੀ ਅਕਾਦਮੀ ਦਿੱਲੀ ਲਈ ਵੀ ਸਾਹਿਤਕ ਕਾਰਜ ਕੀਤਾ ਸੀ। ਉਨ੍ਹਾਂ ਚਾਰ ਕਿਤਾਬਾਂ ਅੰਗਰੇਜ਼ੀ ਤੇ ਪੰਜਾਬੀ ਵਿਚ ਅਨੁਵਾਦ ਕੀਤੀਆਂ ਹਨ। ਇਕ ਪੰਜਾਬੀ ਨਾਟਕ 'ਸਾਵੀ' ਅੰਗਰੇਜ਼ੀ ਵਿਚ ਅਨੁਵਾਦ ਕੀਤਾ ਹੈ। ਉਨ੍ਹਾਂ ਨੂੰ 2001 ਵਿਚ ਪੰਜਾਬੀ ਅਕਾਦਮੀ ਦਿੱਲੀ ਵੱਲੋਂ ਕਵਿਤਾ ਐਵਾਰਡ, ਆਲੋਚਨਾ ਐਵਾਰਡ 2005 ਵਿਚ ਤੇ ਵਾਰਤਕ ਐਵਾਰਡ 2009 ਵਿਚ ਮਿਲ ਚੁੱਕਾ ਹੈ।

ਮਨਮੋਹਨ ਨੇ ਆਪਣੀ ਡਾਕਟਰੇਟ ਗੁਰੂ ਗੋਬਿੰਦ ਸਿੰਘ ਦੀ ਮਿਥਿਆਲੋਜਕ ਕਵਿਤਾ ਦੇ ਵਿਸ਼ੇ 'ਤੇ ਕੀਤੀ ਸੀ। ਇਸ ਐਵਾਰਡ ਦੀ ਜਿਊਰੀ ਵਿਚ ਜਲੰਧਰ ਦੇ ਪ੍ਰੇਮ ਪ੍ਰਕਾਸ਼, ਲੁਧਿਆਣਾ ਤੋਂ ਅਮਰਜੀਤ ਗਰੇਵਾਲ ਤੇ ਪਟਿਆਲਾ ਤੋਂ ਡਾ. ਸਤੀਸ਼ ਕੁਮਾਰ ਵਰਮਾ ਸ਼ਾਮਲ ਸਨ। ਸਾਹਿਤ ਅਕਾਦਮੀ ਵਿਚ ਪੰਜਾਬੀ ਭਾਸ਼ਾ ਲਈ ਡਾ. ਰਵੇਲ ਸਿੰਘ (ਸਕੱਤਰ ਪੰਜਾਬੀ ਅਕਾਦਮੀ ਦਿੱਲੀ) ਕਨਵੀਨਰ ਵਜੋਂ ਭੂਮਿਕਾ ਨਿਭਾਅ ਰਹੇ ਹਨ।

# ਸਹਿਜਧਾਰੀ ਸਿੱਖ ਪਾਰਟੀ ਵੱਲੋਂ ਲੌਂਗੋਵਾਲ ਦਲ ਦੀ ਹਮਾਇਤ

**ਧੂਰੀ:** ਸਹਿਜਧਾਰੀ ਸਿੱਖ ਪਾਰਟੀ ਦੇ ਕੌਮੀ ਪ੍ਰਧਾਨ ਡਾ. ਪਰਮਜੀਤ ਸਿੰਘ ਰਾਣੂ ਨੇ ਅਗਾਮੀ ਲੋਕ ਸਭਾ ਚੋਣਾਂ ਵਿਚ ਲੌਂਗੋਵਾਲ ਅਕਾਲੀ ਦਲ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਹਲਕਾ ਧੂਰੀ ਦੀ ਪਾਰਟੀ ਦੇ ਸਰਪ੍ਰਸਤ ਤੇ ਸਾਂਝੇ ਮੋਰਚੇ ਦੇ ਚੇਅਰਮੈਨ ਸਾਬਕਾ ਮੁੱਖ ਮੰਤਰੀ ਪੰਜਾਬ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠ ਅਗਾਮੀ ਲੋਕ ਸਭਾ ਚੋਣਾਂ ਲਈ ਬਿਗੁਲ ਵਜਾਉਂਦਿਆਂ ਸਾਬਕਾ ਹਲਕਾ ਵਿਧਾਇਕ ਗਗਨਜੀਤ ਸਿੰਘ ਬਰਨਾਲਾ ਦੀ ਰਿਹਾਇਸ਼ 'ਤੇ ਹੋਈ ਮੀਟਿੰਗ ਹੋਈ।

ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਪ੍ਰਧਾਨ ਬੀਬੀ ਸੁਰਜੀਤ ਕੌਰ ਬਰਨਾਲਾ ਨੇ ਕਿਹਾ ਕਿ ਪੰਜਾਬ ਦੇ ਭਲੇ ਲਈ ਸਾਨੂੰ ਦਸ਼ਮੇਸ਼ ਪਿਤਾ ਦੇ ਦਰਸਾਏ ਮਾਰਗ ਤੇ ਚੱਲਣ ਦੀ ਲੋੜ ਹੈ। ਉਨ੍ਹਾਂ ਪੰਜਾਬ ਅੰਦਰ ਨਸ਼ਿਆਂ ਦੀ ਤਸਕਰੀ ਵਿਚ ਸਿਆਸੀ ਆਗੂਆਂ ਦੇ ਨਾਮ ਵੱਜਣ ਦੀ ਸਚਾਈ ਜਾਨਣ ਲਈ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ ਤੋਂ ਕਰਵਾਉਣ ਦੀ ਲੋੜ ਦੱਸਿਆ। ਮੀਟਿੰਗ ਦੌਰਾਨ ਸਾਬਕਾ ਸੰਸਦੀ ਸਕੱਤਰ ਸੁਰਿੰਦਰ ਸਿੰਘ ਧੂਰੀ ਨੇ ਬਾਦਲ ਪਰਿਵਾਰ 'ਤੇ ਪੰਜਾਬ ਵਿਰੋਧੀ ਹੋਣ ਦਾ ਦੋਸ਼ ਲਾਇਆ।

ਸਾਬਕਾ ਵਿਧਾਇਕ ਗਗਨਜੀਤ ਸਿੰਘ ਬਰਨਾਲਾ ਨੇ ਅਕਾਲੀ ਸਰਕਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਨਾਅਰਿਆਂ ਨਾਲ ਲੋਕਾਂ ਨੂੰ ਨਹੀਂ ਰਜਾਇਆ ਜਾ ਸਕਦਾ, ਸਗੋਂ ਲੋਕ ਭਲਾਈ ਲਈ ਸੋਚਣ ਦੀ ਲੋੜ ਹੈ। ਮੀਟਿੰਗ ਦੌਰਾਨ ਪੰਜਾਬ ਇਸਤਰੀ ਸਭਾ ਦੀ ਜਨਰਲ ਸਕੱਤਰ ਬੀਬੀ ਕੁਲਵਿੰਦਰ ਬੇਗਮ ਵੱਲੋਂ ਆਪਣੀਆਂ ਸਾਥਣਾਂ ਸਮੇਤ ਅਕਾਲੀ ਦਲ ਲੌਂਗੋਵਾਲ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ।

# ਜਬਰ ਜਨਾਹ ਪੀੜਤ ਦੇ ਘਰ ਜਾ ਕੇ ਕਸੂਤੇ ਫਸੇ ਰਾਮਦੇਵ

**ਚੰਡੀਗੜ੍ਹ:** ਆਪਣੇ ਸਮਰਥਕਾਂ ਦੇ ਪੂਰੇ ਲਾਮ ਲਸ਼ਕਰ ਤੇ ਪੁਲਿਸ ਅਧਿਕਾਰੀਆਂ ਸਣੇ ਜਬਰ ਜਨਾਹ ਦਾ ਸ਼ਿਕਾਰ ਹੋਈ ਨਾਬਾਲਗ ਵਿਦਿਆਰਥਣ ਦੇ ਚੰਡੀਗੜ੍ਹ ਸਥਿਤ ਘਰ ਜਾ ਕੇ ਪੀੜਤ ਲੜਕੀ ਦੀ ਪਛਾਣ ਜਾਹਰ ਕਰਨ ਤੇ ਬਾਬਾ ਰਾਮਦੇਵ ਕਸੂਤੇ ਘਿਰ ਗਏ ਕਿਉਂਕਿ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਤਾਂ ਆਪਣੇ ਤੌਰ 'ਤੇ ਇਸ ਦਾ ਸਖ਼ਤ ਨੋਟਿਸ ਲੈਂਦਿਆਂ ਕਾਰਵਾਈ ਦੇ ਸੰਕੇਤ ਦਿੱਤੇ ਹਨ ਤੇ ਦੂਜਾ ਇਸ ਮਾਮਲੇ ਦਾ ਪੂਰਾ-ਪੂਰਾ ਸਿਆਸੀ ਲਾਹਾ ਖੱਟ ਰਹੀ ਭਾਜਪਾ ਤੋਂ ਔਖੀ ਕਾਂਗਰਸ ਨੇ ਵੀ ਇਸ ਮਾਮਲੇ 'ਤੇ ਬਾਬਾ ਰਾਮਦੇਵ ਨੂੰ ਘੇਰਦਿਆਂ ਰਾਸ਼ਟਰੀ ਮਹਿਲਾ ਕਮਿਸ਼ਨ ਕੋਲ ਲਿਖਤੀ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ ਕਿ ਪੀੜਤ ਤੇ ਉਸ ਦੇ ਪਰਿਵਾਰ ਨੂੰ ਇਸ ਤਰ੍ਹਾਂ ਬਦਨਾਮ ਕਰਨ ਦੇ ਦੋਸ਼ ਹੇਠ ਬਾਬਾ ਰਾਮਦੇਵ ਵਿਰੁੱਧ ਅਪਰਾਧਿਕ ਮਾਮਲਾ ਦਰਜ ਕਰਨ ਦੇ ਆਦੇਸ਼ ਦਿੱਤੇ ਜਾਣ।

ਚੰਡੀਗੜ੍ਹ ਯੂਥ ਕਾਂਗਰਸ ਦੇ ਜਨਰਲ ਸਕੱਤਰ ਯਾਦਵਿੰਦਰ ਮਹਿਤਾ ਨੇ ਦੱਸਿਆ ਕਿ ਬਾਬਾ ਰਾਮਦੇਵ ਨੇ ਇਸ ਹਰਕਤ ਨਾਲ ਪੀੜਤ ਲੜਕੀ ਦਾ ਦੁੱਖ ਸਗੋਂ ਹੋਰ ਵਧਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਨੂੰ ਵੀ ਜਬਰ ਜਨਾਹ ਪੀੜਤ ਲੜਕੀ ਦੀ ਪਹਿਚਾਣ ਜਾਹਰ ਕਰਨ ਦਾ ਅਧਿਕਾਰ ਨਹੀਂ ਹੈ ਪਰ ਬਾਬਾ ਰਾਮਦੇਵ ਨੂੰ ਪੁਲਿਸ ਅਧਿਕਾਰੀਆਂ ਵੱਲੋਂ ਇਹ ਗੱਲ ਦੱਸਣ ਦੇ ਬਾਵਜੂਦ ਉਹ ਸਮਰਥਕਾਂ ਸਮੇਤ ਲੜਕੀ ਦੇ ਘਰ ਜਾ ਪੁੱਜੇ ਜਿਸ ਨਾਲ ਉਸ ਪਰਿਵਾਰ ਦੀਆਂ ਨਾ ਸਿਰਫ ਮੁਸ਼ਕਲਾਂ ਵਧ ਗਈਆਂ ਹਨ।



ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਰਾਜ ਕੁਮਾਰ ਵੇਰਕਾ ਵੱਲੋਂ ਵੀ ਕਿਸੇ ਅਣਦੱਸੀ ਥਾਂ 'ਤੇ ਪੀੜਤ ਲੜਕੀ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ। ਇਸ ਉਪਰੰਤ ਉਨ੍ਹਾਂ ਪੱਤਰਕਾਰਾਂ ਨੂੰ ਦੱਸਿਆ ਕਿ ਬਾਬਾ ਰਾਮਦੇਵ ਵੱਲੋਂ ਇਸ ਕਾਰਵਾਈ ਨਾਲ ਪਹਿਲਾਂ ਹੀ ਦੁੱਖ ਝੱਲ ਰਹੇ ਪਰਿਵਾਰ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਇਸ ਬਾਰੇ ਪੀੜਤ ਪਰਿਵਾਰ ਦਾ ਵੀ ਕਹਿਣਾ ਹੈ ਕਿ ਬਾਬਾ ਨੂੰ ਇਸ ਤਰ੍ਹਾਂ ਉਨ੍ਹਾਂ ਦੇ ਘਰ ਨਹੀਂ ਆਉਣਾ ਚਾਹੀਦਾ ਸੀ। ਬਾਬਾ ਰਾਮਦੇਵ ਦਾ ਕਹਿਣਾ ਹੈ ਕਿ ਉਹ ਕਿਸੇ ਨੂੰ ਠੇਸ ਪਹੁੰਚਾਉਣ ਜਾਂ ਰਾਜਨੀਤੀ ਕਰਨ ਲਈ ਨਹੀਂ ਗਏ ਸਨ ਬਲਕਿ ਪਰਿਵਾਰ ਨੂੰ ਇਹ ਦੱਸਣ ਲਈ ਗਏ ਸਨ ਕੀ ਉਹ ਇਕੱਲੇ ਨਹੀਂ ਹਨ ਸਗੋਂ ਉਹ ਉਨ੍ਹਾਂ ਦੇ ਨਾਲ ਹਨ। ਇਸ ਮਾਮਲੇ ਚ ਦੋਸ਼ੀ ਪਾਏ ਜਾਣ 'ਤੇ ਦੋ ਸਾਲ ਦੀ ਸਜਾ ਅਤੇ ਜੁਰਮਾਨਾ ਹੋ ਸਕਦਾ ਹੈ।

# ਬਸਪਾ ਨੇ ਲੋਕ ਸਭਾ ਚੋਣਾਂ ਲਈ ਛੇ ਉਮੀਦਵਾਰ ਐਲਾਨੇ

**ਜਲੰਧਰ:** ਬਹੁਜਨ ਸਮਾਜ ਪਾਰਟੀ ਨੇ ਅਗਾਮੀ ਲੋਕ ਸਭਾ ਚੋਣਾਂ ਲਈ ਪੰਜਾਬ ਤੋਂ ਆਪਣੇ ਛੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਨੇ ਬਠਿੰਡਾ ਸੀਟ ਤੋਂ ਭੁਪੇਸ਼ ਸ਼ਰਮਾ ਨੂੰ ਉਮੀਦਵਾਰ ਐਲਾਨਿਆ ਹੈ। ਬਠਿੰਡਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਪਾਰਲੀਮੈਂਟ ਮੈਂਬਰ ਹਰਸਿਮਰਤ ਕੌਰ ਬਾਦਲ ਨਾਲ ਹੀ ਟੱਕਰ ਹੋਣ ਕਾਰਨ ਪਾਰਟੀ ਨੇ ਜਨਰਲ ਸ਼੍ਰੇਣੀ ਵਿਚੋਂ ਉਮੀਦਵਾਰ ਬਣਾਇਆ ਹੈ। ਇਸੇ ਤਰ੍ਹਾਂ ਹੀ ਖਡੂਰ ਸਾਹਿਬ ਤੋਂ ਸੁੱਚਾ ਸਿੰਘ ਮਾਨ ਨੂੰ ਉਮੀਦਵਾਰ ਐਲਾਨਿਆ ਹੈ ਜੋ ਮਜ਼੍ਹਬੀ ਸਿੱਖ ਭਾਈਚਾਰੇ ਨਾਲ ਸਬੰਧ ਰੱਖਦਾ ਹੈ।

ਪਟਿਆਲਾ ਤੋਂ ਰਾਮ ਸਿੰਘ ਧੀਮਾਨ ਚੋਣ ਲੜਨਗੇ ਜੋ ਰਾਮਗੜ੍ਹੀਆ ਭਾਈਚਾਰੇ ਵਿਚੋਂ ਹਨ। ਰਾਖਵੇਂ ਹਲਕੇ ਹੁਸ਼ਿਆਰਪੁਰ ਤੋਂ ਭਗਵਾਨ ਸਿੰਘ ਚੌਹਾਨ ਤੇ ਅੰਮ੍ਰਿਤਸਰ ਤੋਂ ਪ੍ਰਦੀਪ ਸਿੰਘ ਵਾਲੀਆ ਨੂੰ ਉਮੀਦਵਾਰ ਬਣਾਇਆ ਗਿਆ ਹੈ। ਫਿਰੋਜ਼ਪੁਰ ਤੋਂ ਪਰਜਾਪਤ ਜਾਤੀ ਨਾਲ ਸਬੰਧਿਤ ਰਾਜ ਕੁਮਾਰ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਬਸਪਾ ਨੇ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ 6 ਉਮੀਦਵਾਰਾਂ ਦਾ ਐਲਾਨ ਕਰਕੇ ਜਿਥੇ ਦੂਜੀਆਂ ਰਾਜਸੀ ਪਾਰਟੀਆਂ ਨਾਲੋਂ ਉਮੀਦਵਾਰ ਐਲਾਨਣ ਵਿਚ ਪਹਿਲਕਦਮੀ ਕੀਤੀ ਹੈ, ਉਥੇ ਇਸ ਐਲਾਨ ਨਾਲ ਪਾਰਟੀ ਨੇ ਇਹ ਸੰਕੇਤ ਵੀ ਦਿੱਤੇ ਹਨ ਕਿ ਉਹ ਪੰਜਾਬ ਵਿਚ ਕਿਸੇ ਵੀ ਗੱਠਜੋੜ ਦੇ ਪੱਖ ਵਿਚ ਨਹੀਂ ਹੈ ਤੇ ਇਕੱਲਿਆਂ ਹੀ ਚੋਣ ਲੜੇਗੀ।

# ਲਾਰਿਆਂ ਨਾਲ ਹੀ ਡੰਗ ਟਪਾ ਰਹੀ ਹੈ ਪੰਜਾਬ ਸਰਕਾਰ



**ਚੰਡੀਗੜ੍ਹ:** ਸਾਲ 2013 ਵਿਚ ਭਾਵੇਂ ਪੰਜਾਬ ਸਰਕਾਰ ਨੇ ਸੂਬੇ ਦੇ ਲੋਕਾਂ ਨਾਲ ਵਾਅਦੇ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਪਰ ਸਰਕਾਰ ਲੋਕ ਮਸਲਿਆਂ ਦੀ ਥਾਂ ਹੋਰਾਂ ਕੰਮਾਂ ਵਿਚ ਹੀ ਉਲਝੀ ਰਹੀ। ਇਸ ਸਾਲ ਦੌਰਾਨ ਅਜਿਹੇ ਬਹੁਤ ਘੱਟ ਵੇਲੇ ਆਏ ਜਦੋਂ ਮੁੱਖ ਮੰਤਰੀ, ਉਪ ਮੁੱਖ ਮੰਤਰੀ ਤੇ ਉਨ੍ਹਾਂ ਦੇ ਸਾਥੀ ਮੰਤਰੀਆਂ ਨੇ ਆਪਣੇ ਦਫ਼ਤਰਾਂ ਵਿਚ ਫੇਰਾ ਪਾਇਆ। ਇਸ ਵਰ੍ਹੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਵੇਂ ਲਏ ਹੈਲੀਕਾਪਟਰ ਵਿਚ ਜ਼ਿਆਦਾ ਤੇ ਜ਼ਮੀਨ 'ਤੇ ਘੱਟ ਨਜ਼ਰ ਆਏ।

ਉਨ੍ਹਾਂ ਦੀ ਆਪਣੇ ਵਿਭਾਗਾਂ ਵਿਚ ਕਾਰਗੁਜ਼ਾਰੀ ਢਿੱਲੀ ਰਹੀ। ਉਪ ਮੁੱਖ ਮੰਤਰੀ ਦਾ ਜ਼ਿਆਦਾ ਜ਼ੋਰ ਨਿਵੇਸ਼ ਸੰਮੇਲਨ ਤੇ ਕਬੱਡੀ ਕੱਪ ਉਤੇ ਰਿਹਾ। ਨਿਵੇਸ਼ ਸੰਮੇਲਨ ਰਾਹੀਂ ਸੂਬੇ ਵਿਚ ਪੂੰਜੀ ਨਿਵੇਸ਼ ਦੇ ਸੁਪਨੇ ਤਾਂ ਵੱਡੇ-ਵੱਡੇ ਲਏ ਗਏ ਹਨ ਪਰ ਇਨ੍ਹਾਂ ਦਾ ਨਤੀਜਾ ਕੁਝ ਸਾਲਾਂ ਤੱਕ ਹੀ ਸਾਹਮਣੇ ਆਵੇਗਾ। ਛੋਟੇ ਬਾਦਲ ਗ੍ਰਹਿ ਵਿਭਾਗ ਦਾ ਕੰਮ ਵੀ ਦੇਖਦੇ ਹਨ, ਪਰ ਰਾਜ ਵਿਚ ਕਾਨੂੰਨ ਵਿਵਸਥਾ ਦਾ ਮਾਮਲਾ ਅਕਸਰ ਚਰਚਾ ਵਿਚ ਰਹਿੰਦਾ ਹੈ। ਆਬਕਾਰੀ ਤੇ ਕਰ ਵਿਭਾਗ ਵੀ ਉਨ੍ਹਾਂ ਦੀ ਦੇਖ-ਰੇਖ ਹੇਠ ਹੈ। ਇਸ ਵਿਭਾਗ ਨੇ ਕਰਾਂ ਦੀ ਵਸੂਲੀ ਦਾ ਮਿਥਿਆ ਟੀਚਾ ਪੂਰਾ ਨਹੀਂ ਕੀਤਾ ਤੇ ਵਿੱਤੀ ਵਰ੍ਹੇ ਦੇ ਅੰਤ ਤੱਕ ਇਹ ਪੂਰਾ ਹੋਣ ਦੀ ਉਮੀਦ ਵੀ ਨਹੀਂ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭਾਵੇਂ ਨਿਤਨੇਮ ਵਾਂਗ ਸੰਗਤ ਦਰਸ਼ਨ ਚਾਲੂ ਰੱਖੇ ਪਰ ਇਸ ਵਿਚ ਲੋਕ ਮਸਲਿਆਂ ਦੀ ਥਾਂ ਦੂਸ਼ਣਬਾਜ਼ੀ ਜ਼ਿਆਦਾ ਰਹੀ। ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਜੋ ਲੋਕ ਸੰਪਰਕ ਵਿਭਾਗ ਦੇ ਮੰਤਰੀ ਵੀ ਹਨ, ਸੁਰਖੀਆਂ ਵਿਚ ਰਹਿਣ ਦੇ ਆਦੀ ਹੋ ਗਏ ਹਨ। ਇੰਜ ਇਸ ਸਾਲ ਦੌਰਾਨ ਵਿਧਾਨ ਸਭਾ ਅੰਦਰ ਕੀਤੇ ਕੁਝ 'ਕਰਤਬਾਂ' ਨੂੰ ਛੱਡ ਕੇ ਉਨ੍ਹਾਂ ਨੇ ਕੋਈ ਖਾਸ ਮਾਅਰਕਾ ਨਹੀਂ ਮਾਰਿਆ।

ਮੀਡੀਆ ਵਿਚ ਵੀ ਆਪਣੀ ਚੰਗੀ ਭੱਲ ਬਣਾਉਣ ਵਿਚ ਉਹ ਕਾਮਯਾਬ ਨਹੀਂ ਹੋਏ। ਇਸ ਮੰਤਰੀ ਦੀ ਇਹ ਖਾਸੀਅਤ ਜ਼ਰੂਰ ਹੈ ਕਿ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਮੁਕਾਬਲੇ ਦਫ਼ਤਰ ਵਿਚ ਜ਼ਿਆਦਾ ਦਿਖਾਈ ਦਿੰਦਾ ਹੈ ਪਰ ਪ੍ਰਸ਼ਾਸਕੀ ਕੰਮ ਕਰਨ ਦੀ ਥਾਂ ਰਾਜਸੀ ਵਿਰੋਧੀਆਂ 'ਤੇ ਹਮਲੇ ਕਰਨ ਵਿਚ ਜ਼ਿਆਦਾ ਜ਼ੋਰ ਲੱਗਿਆ ਰਹਿੰਦਾ ਹੈ। ਉਹ ਚਾਰ ਵਿਭਾਗਾਂ ਮਾਲ, ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਪਰਵਾਸੀ ਭਾਰਤੀ ਮਾਮਲੇ ਦਾ ਕੰਮ ਦੇਖਦੇ ਹਨ। ਕਿਸੇ ਵੀ ਵਿਭਾਗ ਵਿਚ ਕੋਈ ਖਾਸ ਕੰਮ ਦਿਖਾਈ ਨਹੀਂ ਦੇ ਰਿਹਾ।

ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਭਾਵੇਂ ਵਿਭਾਗੀ ਘਪਲੇਬਾਜ਼ੀਆਂ ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਰਹੇ ਪਰ ਉਨ੍ਹਾਂ ਦੇ ਵਿਭਾਗ ਦੇ ਅਸਰਦਾਰ ਕੰਮਾਂ ਦੀ ਚਰਚਾ ਵੀ ਭਾਰੂ ਰਹਿੰਦੀ ਹੈ। ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਦੇ ਮੰਤਰੀ ਤਾਂ ਕਾਰਗੁਜ਼ਾਰੀ ਪੱਖ ਤੋਂ ਧੀਮੀ ਗਤੀ ਦੇ ਸਮਾਚਾਰਾਂ ਵਾਂਗ ਹੀ ਚਲਦੇ ਹਨ। ਸਥਾਨਕ ਸਵੈ-ਸ਼ਾਸਨ ਮੰਤਰੀ ਅਨਿਲ ਜੋਸ਼ੀ ਨੇ ਪਹਿਲਾਂ ਉਦਯੋਗ ਤੇ ਹੁਣ ਸਥਾਨਕ ਸਰਕਾਰ ਵਿਭਾਗ ਵਿਚ ਕੁਝ ਕੰਮ ਕੀਤੇ, ਬਾਕੀ ਭਾਜਪਾ ਮੰਤਰੀਆਂ ਨੇ ਤਾਂ ਟਾਈਮ ਹੀ ਪਾਸ ਕੀਤਾ ਹੈ।

ਭਾਜਪਾ ਵਿਧਾਇਕ ਦਲ ਦੇ ਨੇਤਾ ਭਗਤ ਚੂਨੀ ਲਾਲ ਦੀ ਕਾਰਗੁਜ਼ਾਰੀ ਤਾਂ ਨਾਮਾਤਰ ਹੀ ਮੰਨੀ ਜਾਂਦੀ ਹੈ। ਮਦਨ ਮੋਹਨ ਮਿੱਤਲ ਮਾੜੀ ਮੋਟੀ ਕਾਰਗੁਜ਼ਾਰੀ ਜ਼ਰੂਰ ਦਿਖਾਉਂਦੇ ਹਨ, ਪਰ ਉਨ੍ਹਾਂ ਨੂੰ ਜਿਹੜੇ ਵੀ ਵਿਭਾਗ ਦਾ ਕੰਮ ਦਿੱਤਾ ਜਾਂਦਾ ਹੈ, ਉਸ ਵਿਭਾਗ ਵਿਚ ਭ੍ਰਿਸ਼ਟਾਚਾਰ ਦੀਆਂ ਗੱਲਾਂ ਹੋਣ ਲਗਦੀਆਂ ਹਨ। ਭਾਜਪਾ ਦੇ ਚੌਥੇ ਮੰਤਰੀ ਸੁਰਜੀਤ ਕੁਮਾਰ ਜਿਆਣੀ ਵੀ ਕੋਈ ਜਲਵਾ ਨਹੀਂ ਦਿਖਾ ਸਕੇ। ਮੁੱਖ ਮੰਤਰੀ ਦੇ ਦਾਮਾਦ ਤੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਦੇ ਵਿਭਾਗ ਵਿਚ ਕੀ ਹੋ ਰਿਹਾ ਹੈ, ਇਸ ਬਾਰੇ ਕਿਸੇ ਨੂੰ ਵੀ ਕੋਈ ਇਲਮ ਨਹੀਂ ਹੈ। ਉਂਜ ਉਹ ਮੰਤਰੀ ਮੰਡਲ ਦੀਆਂ ਮੀਟਿੰਗਾਂ ਦੌਰਾਨ ਆਪਣੇ ਰਿਸ਼ਤੇਦਾਰਾਂ ਨਾਲ ਆਢਾ ਲੈਣ ਤੋਂ ਕੰਨੀਂ ਨਹੀਂ ਕਤਰਾਉਂਦੇ। ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਕਿਸੇ ਵਿਵਾਦ ਵਿਚ ਨਹੀਂ ਘਿਰੇ ਪਰ ਉਨ੍ਹਾਂ ਦਾ ਵਿਭਾਗ ਸਾਰਾ ਸਾਲ ਹੀ ਸੁਰਖੀਆਂ ਵਿਚ ਰਿਹਾ ਹੈ। ਇਸ ਵਿਭਾਗ ਦੀ ਕਾਰਗੁਜ਼ਾਰੀ ਇਕ ਮੁਨੀਮ ਵਾਲੀ ਹੀ ਰਹਿ ਜਾਣ ਕਾਰਨ ਵਿੱਤ ਮੰਤਰੀ ਵੀ ਵਧੀਆ ਕਾਰਗੁਜ਼ਾਰੀ ਨਹੀਂ ਦਿਖਾ ਸਕੇ। ਸ਼੍ਰੋਮਣੀ ਅਕਾਲੀ ਦਲ ਦੇ ਕਈ ਮੰਤਰੀ ਹਨ, ਜੋ ਲੋਕ ਸੰਪਰਕ ਵਿਭਾਗ ਦੇ ਅਖ਼ਬਾਰੀ ਬਿਆਨਾਂ ਵਿਚ ਹੀ ਦਿਖਾਈ ਦਿੰਦੇ ਹਨ। ਇਨ੍ਹਾਂ ਵਿਚ ਟਰਾਂਸਪੋਰਟ ਮੰਤਰੀ ਅਜੀਤ ਸਿੰਘ ਕੋਹਾੜ, ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਸੁਰਜੀਤ ਸਿੰਘ ਰੱਖੜਾ, ਲੋਕ ਨਿਰਮਾਣ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਤੇ ਜੇਲ੍ਹ ਬਾਰੇ ਮੰਤਰੀ ਸਰਵਣ ਸਿੰਘ ਫਿਲੌਰ ਸ਼ਾਮਲ ਹਨ।

## ਨਾਮੀ ਹਸਤੀਆਂ 'ਤੇ ਦਾਅ ਖੇਡਣ ਲੱਗੀਆਂ ਸਿਆਸੀ ਪਾਰਟੀਆਂ

**ਚੰਡੀਗੜ੍ਹ:** ਪਿਛਲੇ ਕੁਝ ਸਾਲਾਂ ਤੋਂ ਸਿਆਸੀ ਪਾਰਟੀਆਂ ਫਿਲਮੀ ਕਲਾਕਾਰਾਂ ਤੇ ਨਾਮੀ ਹਸਤੀਆਂ ਨੂੰ ਆਪਣੀ ਪਾਰਟੀ ਨਾਲ ਜੋੜ ਕੇ ਉਨ੍ਹਾਂ ਦੀ ਹਰਮਨਪਿਆਰਤਾ ਦਾ ਲਾਹਾ ਲੈਣ ਵਿਚ ਰੁਝੀਆਂ ਹੋਈਆਂ ਹਨ। ਪੰਜਾਬ ਦੀ ਸੱਤਾ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਪਾਰਟੀ ਭਾਜਪਾ ਵੱਲੋਂ ਪੰਜਾਬ ਦੀ ਉੱਘੀ ਗਾਇਕਾ ਮਿਸ ਪੂਜਾ ਨੂੰ ਪਾਰਟੀ ਵਿਚ ਸ਼ਾਮਲ ਕਰਨ ਦੇ ਨਾਲ ਇਹ ਚਰਚਾ ਮੁੜ ਤੇਜ਼ ਹੋ ਗਈ ਹੈ ਕਿ ਰਾਜਸੀ ਪਾਰਟੀਆਂ ਆਪਣੇ ਮਕਸਦ ਤੋਂ ਭਟਕ ਗਈਆਂ ਹਨ।

ਅੱਜ ਛੋਟੀਆਂ ਪਾਰਟੀਆਂ ਹੀ ਨਹੀਂ ਸਗੋਂ ਵੱਡੀਆਂ-ਵੱਡੀਆਂ ਸਿਆਸੀ ਪਾਰਟੀਆਂ ਦੀ ਟੇਕ ਵੀ ਫਿਲਮੀ ਅਦਾਕਾਰਾਂ, ਗਾਇਕਾਂ, ਅਫਸਰਾਂ, ਖਿਡਾਰੀਆਂ ਤੇ ਹੋਰ ਨਾਮੀ ਹਸਤੀਆਂ 'ਤੇ ਹੀ ਲੱਗੀ ਹੋਈ ਹੈ। ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਵੀ ਸੁਨੀਲ ਦੱਤ, ਗੋਵਿੰਦਾ, ਰਾਜੇਸ਼ ਖੰਨਾ, ਰਾਜ ਬੱਬਰ, ਮੁਹੰਮਦ ਅਜ਼ਹਰੂਦੀਨ, ਪ੍ਰਿਆ ਦੱਤ ਤੇ ਹੋਰ ਕਲਾਕਾਰਾਂ 'ਤੇ ਦਾਅ ਖੇਡਦੀ ਰਹੀ ਹੈ। ਇਸੇ ਤਰ੍ਹਾਂ ਭਾਜਪਾ ਵੱਲੋਂ ਸ਼ਤਰੂਘਨ ਸਿਨਹਾ, ਧਰਮਿੰਦਰ ਤੇ ਹੋਰ ਨਾਮੀ ਹਸਤੀਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਜਾ ਚੁੱਕਾ ਹੈ।

ਸਮਾਜਵਾਦੀ ਪਾਰਟੀ ਵੱਲੋਂ ਜਯਾ ਬੱਚਨ ਤੇ ਜੈ ਪ੍ਰਦਾ ਦੀ ਲੋਕਪ੍ਰਿਅਤਾ ਦਾ ਸਹਾਰਾ ਲਿਆ ਜਾ ਰਿਹਾ ਹੈ। ਪੰਜਾਬ ਵਿਚ ਫਿਲਮੀ ਹਸਤੀਆਂ ਨੂੰ ਚੋਣ ਮੈਦਾਨ ਵਿਚ ਉਤਾਰਨ ਦੀ ਸ਼ੁਰੂਆਤ ਬਾਲੀਵੁੱਡ ਅਦਾਕਾਰ ਵਿਨੋਦ ਖੰਨਾ ਵੱਲੋਂ ਗੁਰਦਾਸਪੁਰ ਤੋਂ ਚੋਣ ਲੜਨ ਨਾਲ ਹੋਈ।

ਵਿਨੋਦ ਖੰਨਾ ਨੂੰ ਭਾਜਪਾ ਨੇ ਨਵਜੋਤ ਸਿੰਘ ਸਿੱਧੂ ਨੂੰ ਅੰਮ੍ਰਿਤਸਰ ਤੋਂ ਦੋ ਵਾਰ ਚੋਣ ਮੈਦਾਨ ਵਿਚ ਉਤਾਰਿਆ ਤੇ ਉਨ੍ਹਾਂ ਦੋਵੇਂ ਵਾਰ ਜਿੱਤ ਹਾਸਲ ਕੀਤੀ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਵੱਲੋਂ ਮੁਹੰਮਦ ਸਦੀਕ ਨੂੰ ਚੋਣ ਲੜਾਈ ਗਈ ਤੇ ਉਨ੍ਹਾਂ ਨੇ ਅਕਾਲੀ ਦਲ ਦੇ ਉਮੀਦਵਾਰ ਸਾਬਕਾ ਪ੍ਰਿੰਸੀਪਲ ਸਕੱਤਰ ਦਰਬਾਰਾ ਸਿੰਘ ਗੁਰੂ ਨੂੰ ਹਰਾਇਆ। ਅਕਾਲੀ ਦਲ ਵੱਲੋਂ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੇ ਉਮੀਦਵਾਰ ਮਹਿੰਦਰ ਸਿੰਘ ਕੇ.ਪੀ ਦੇ ਮੁਕਾਬਲੇ ਉੱਘੇ ਹੰਸ ਰਾਜ ਹੰਸ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਸੀ ਪਰ ਉਹ ਸਫਲ ਨਹੀਂ ਹੋ ਸਕੇ। ਉਧਰ, ਹੁਣ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਸੌਰਭ ਗਾਂਗੁਲੀ 'ਤੇ ਵੱਖ-ਵੱਖ ਪਾਰਟੀਆਂ ਵੱਲੋਂ ਪਾਏ ਜਾ ਰਹੇ ਡੋਰਿਆਂ ਕਾਰਨ ਜਿਥੇ ਕੌਮੀ ਪੱਧਰ 'ਤੇ ਨਾਮੀ ਹਸਤੀਆਂ ਦੇ ਸਿਆਸਤ ਵਿਚ ਸ਼ਾਮਲ ਹੋਣ ਦੀ ਚਰਚਾ ਜ਼ੋਰ ਫੜ ਚੁੱਕੀ ਹੈ ਉਥੇ ਪੰਜਾਬ ਵਿਚ ਵੀ ਆਉਂਦੇ ਦਿਨਾਂ ਵਿਚ ਅਜਿਹੀਆਂ ਹੋਰ ਖ਼ਬਰਾਂ ਦੇਖਣ-ਸੁਣਨ ਨੂੰ ਮਿਲ ਸਕਦੀਆਂ ਹਨ।

## ਪਤਨੀ ਦੀ ਸਰਪੰਚੀ 'ਚ ਟੰਗ ਅੜਾਉਣ ਵਾਲੇ ਖਬਰਦਾਰ!



**ਬਠਿੰਡਾ:** ਸਰਕਾਰੀ ਦਫ਼ਤਰਾਂ ਵਿਚ ਹੁਣ ਮਹਿਲਾ ਪੰਚਾਂ ਤੇ ਸਰਪੰਚਾਂ ਨੂੰ ਖ਼ੁਦ ਜਾਣਾ ਪਏਗਾ ਕਿਉਂਕਿ ਸਰਕਾਰ ਨੇ ਸਖ਼ਤ ਹਦਾਇਤਾਂ ਜਾਰੀ ਕਰਦੇ ਹੋਏ ਮਹਿਲਾ ਸਰਪੰਚਾਂ ਦੇ ਪਤੀਆਂ ਨੂੰ 'ਸਰਪੰਚੀ' ਛੱਡਣ ਲਈ ਆਖ ਦਿੱਤਾ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਨੋਟਿਸ ਵਿਚ ਆਇਆ ਸੀ ਕਿ ਪੰਜਾਬ ਵਿਚ ਜੋ ਨਵੀਆਂ ਮਹਿਲਾ ਸਰਪੰਚਾਂ ਚੁਣੀਆਂ ਗਈਆਂ ਹਨ, ਉਨ੍ਹਾਂ ਦੀ ਥਾਂ ਉਨ੍ਹਾਂ ਦੇ ਪਤੀ ਜਾਂ ਰਿਸ਼ਤੇਦਾਰ ਹੀ ਸਰਪੰਚੀ ਕਰ ਰਹੇ ਹਨ।

ਪੰਜਾਬ ਸਰਕਾਰ ਨੇ ਆਪੂ ਬਣੇ ਇਨ੍ਹਾਂ ਸਰਪੰਚਾਂ ਨੂੰ ਚੇਤਾਵਨੀ ਦੇ ਦਿੱਤੀ ਹੈ ਤੇ ਮਹਿਕਮੇ ਦੇ ਅਫਸਰਾਂ ਨੂੰ ਵੀ ਖ਼ਬਰਦਾਰ ਕਰ ਦਿੱਤਾ ਹੈ। ਨਵੀਆਂ ਚੁਣੀਆਂ ਪੰਚਾਇਤਾਂ ਦੀਆਂ ਮਹਿਲਾ ਪੰਚਾਂ ਤੇ ਸਰਪੰਚਾਂ ਵੱਲੋਂ ਕਿਸੇ ਵੀ ਕੰਮ-ਕਾਰ ਵਿਚ ਹਿੱਸਾ ਨਹੀਂ ਲਿਆ ਜਾ ਰਿਹਾ ਹੈ। ਮਹਿਲਾ ਸਰਪੰਚਾਂ ਮਹਿਜ਼ ਰਬੜ ਦੀ ਮੋਹਰ ਤੋਂ ਵੱਧ ਕੁਝ ਨਹੀਂ ਹਨ। ਅਸਲ ਵਿਚ ਉਨ੍ਹਾਂ ਦੇ ਪਤੀ ਹੀ ਸਰਪੰਚੀ ਕਰਦੇ ਹਨ ਅਤੇ ਲੋਕ ਉਨ੍ਹਾਂ ਦੇ ਪਤੀਆਂ ਨੂੰ ਹੀ ਸਰਪੰਚ ਕਹਿ ਕੇ ਬੁਲਾਉਂਦੇ ਹਨ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਨੇ ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ ਨੂੰ ਤਿੰਨ ਦਸੰਬਰ 2013 ਨੂੰ ਪੱਤਰ ਜਾਰੀ ਕਰਕੇ ਆਖਿਆ ਹੈ ਕਿ ਮਹਿਲਾ ਪੰਚਾਂ ਤੇ ਸਰਪੰਚਾਂ ਦੀ ਥਾਂ ਮੀਟਿੰਗਾਂ ਵਿਚ ਸ਼ਾਮਲ ਹੋਣ ਵਾਲੇ ਉਨ੍ਹਾਂ ਦੇ ਪਤੀਆਂ ਤੇ ਰਿਸ਼ਤੇਦਾਰਾਂ ਨੂੰ ਵਰਜਿਆ ਜਾਵੇ। ਪੰਚਾਇਤੀ ਮੀਟਿੰਗਾਂ ਵਿਚ ਸਿਰਫ਼ ਮਹਿਲਾ ਪੰਚ ਤੇ ਸਰਪੰਚ ਖ਼ੁਦ ਹੀ ਸ਼ਾਮਲ ਹੋ ਸਕਦੀਆਂ ਹਨ। ਉਨ੍ਹਾਂ ਦੀ ਥਾਂ ਕੋਈ ਹੋਰ ਨਹੀਂ ਲੈ ਸਕਦਾ ਹੈ।

ਵਿਭਾਗ ਨੇ ਅਫਸਰਾਂ ਨੂੰ ਸਖ਼ਤ ਹਦਾਇਤ ਕੀਤੀ ਹੈ ਕਿ ਜੇਕਰ ਕਿਸੇ ਥਾਂ 'ਤੇ ਵੀ ਅਜਿਹਾ ਪਾਇਆ ਗਿਆ ਤਾਂ ਉਸ ਪਿੰਡ ਦੀ ਮਹਿਲਾ ਪੰਚ ਜਾਂ ਸਰਪੰਚ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।

ਦੇਖਿਆ ਗਿਆ ਹੈ ਕਿ ਜਿਨ੍ਹਾਂ ਸਰਕਾਰੀ ਸਮਾਗਮਾਂ ਦੇ ਸੱਦਾ ਪੱਤਰ ਸਰਪੰਚਾਂ ਨੂੰ ਭੇਜੇ ਜਾਂਦੇ ਹਨ, ਉਨ੍ਹਾਂ ਵਿਚ ਮਹਿਲਾ ਸਰਪੰਚਾਂ ਦੀ ਥਾਂ ਉਨ੍ਹਾਂ ਦੇ ਪਤੀ ਹੀ ਹਾਜ਼ਰ ਹੁੰਦੇ ਹਨ। ਬਠਿੰਡਾ ਸੰਸਦੀ ਹਲਕੇ ਵਿਚ ਤਾਂ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਦੇ ਸੰਗਤ ਦਰਸ਼ਨਾਂ ਵਿਚ ਵੀ ਮਹਿਲਾ ਸਰਪੰਚਾਂ ਦੇ ਪਤੀ ਆਪਣੇ ਆਪ ਨੂੰ ਸਰਪੰਚ ਦੱਸ ਕੇ ਅੱਗੇ-ਅੱਗੇ ਫਿਰਦੇ ਹਨ। ਇਸ ਬਾਰੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਰਾਜਿੰਦਰ ਬੱਤਰਾ ਦਾ ਕਹਿਣਾ ਸੀ ਕਿ ਸਰਕਾਰ ਦੀ ਹਦਾਇਤ ਆ ਗਈ ਹੈ ਕਿ ਕੋਈ ਵੀ ਮਹਿਲਾ ਪੰਚ-ਸਰਪੰਚ ਦੀ ਥਾਂ 'ਤੇ ਮੀਟਿੰਗਾਂ ਵਿਚ ਨਹੀਂ ਬੈਠ ਸਕੇਗਾ। ਉਹ ਸਖ਼ਤੀ ਨਾਲ ਇਸ ਫੈਸਲੇ ਨੂੰ ਲਾਗੂ ਕਰ ਰਹੇ ਹਨ ਤਾਂ ਜੋ ਮਹਿਲਾਵਾਂ ਨੂੰ ਦਿੱਤੇ ਰਾਖਵੇਂਕਰਨ ਨੂੰ ਅਮਲੀ ਰੂਪ ਦਿੱਤਾ ਜਾ ਸਕੇ।

## ਪੰਜਾਬ ਮਨਰੇਗਾ ਫੰਡ ਲੈਣ ਵਿਚ ਦੇਸ਼ ਭਰ ਵਿਚੋਂ ਫਾਡੀ



**ਚੰਡੀਗੜ੍ਹ:** ਕੇਂਦਰ 'ਤੇ ਸੂਬੇ ਨਾਲ ਵਿਤਕਰਾ ਕਰਨ ਦਾ ਦੋਸ਼ ਲਾਉਣ ਵਾਲੀ ਅਕਾਲੀ-ਭਾਜਪਾ ਸਰਕਾਰ ਮਜ਼ਦੂਰ ਪਰਿਵਾਰਾਂ ਲਈ ਮਨਰੇਗਾ ਸਕੀਮ ਤਹਿਤ ਕੇਂਦਰ ਤੋਂ ਫ਼ੰਡ ਜਾਰੀ ਕਰਾਉਣ ਵਿਚ ਦੇਸ਼ ਭਰ ਵਿਚੋਂ ਫਾਡੀ ਰਹੀ ਹੈ। ਜਿਸ ਕਾਰਨ ਸੂਬੇ ਅੰਦਰ ਮਨਰੇਗਾ ਨਾਲ ਜੁੜੇ ਤਕਰੀਬਨ ਨੌਂ ਲੱਖ ਪਰਿਵਾਰਾਂ ਵਿਚ ਭਾਰੀ ਬੇਚੈਨੀ ਪਾਈ ਜਾ ਰਹੀ ਹੈ। ਕੇਂਦਰ ਸਰਕਾਰ ਨੇ ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੋਜ਼ਗਾਰ ਯੋਜਨਾ ਤਹਿਤ ਦੇਸ਼ ਭਰ ਵਿਚ ਬੇਰੁਜ਼ਗਾਰਾਂ ਨੂੰ ਰੋਜ਼ਗਾਰ ਮੁਹੱਈਆ ਕਰਨ ਲਈ ਸੂਬਾ ਸਰਕਾਰਾਂ ਵੱਲੋਂ ਭੇਜੇ ਪ੍ਰਸਤਾਵ ਦਾ 90 ਫ਼ੀਸਦੀ ਫ਼ੰਡ ਜਾਰੀ ਕਰਨਾ ਹੁੰਦਾ ਹੈ।

ਇਸ ਯੋਜਨਾ ਤਹਿਤ ਪਿੰਡਾਂ ਦੀਆਂ ਗਲੀਆਂ, ਨਹਿਰਾਂ ਦੀ ਸਫ਼ਾਈ, ਪੌਦੇ ਲਾਉਣ ਤੇ ਛੱਪੜਾਂ ਆਦਿ ਦੀ ਸਫ਼ਾਈ ਲਈ ਮਜ਼ਦੂਰਾਂ ਤੋਂ ਕੰਮ ਕਰਵਾਉਣਾ ਹੁੰਦਾ ਹੈ। ਇਥੋਂ ਤੱਕ ਕਿ ਪੰਜ ਏਕੜ ਤੋਂ ਘੱਟ ਜ਼ਮੀਨ ਦੇ ਮਾਲਕ ਵੀ ਆਪਣੇ ਖੇਤ ਵਿਚ ਕੰਮ ਕਰਨ ਬਦਲੇ ਇਸ ਯੋਜਨਾ ਤਹਿਤ ਪੈਸੇ ਲੈਣ ਦੇ ਹੱਕਦਾਰ ਹੁੰਦੇ ਹਨ ਪਰ ਸੂਬਾ ਸਰਕਾਰ ਵੱਲੋਂ ਕੇਂਦਰ ਤੋਂ ਫ਼ੰਡ ਪ੍ਰਾਪਤ ਕਰਨ ਲਈ ਪ੍ਰਸਤਾਵ ਨਾ ਭੇਜੇ ਜਾਣ ਸਦਕਾ ਹੁਣ ਤੱਕ ਸੂਬੇ ਨੂੰ ਸਿਰਫ਼ 132.34 ਕਰੋੜ ਰੁਪਏ ਹੀ ਜਾਰੀ ਹੋ ਸਕੇ ਹਨ ਜਿਨ੍ਹਾਂ ਨੂੰ ਵੀ ਸੂਬਾ ਸਰਕਾਰ ਅਜੇ ਤੱਕ ਪੂਰਾ ਨਹੀਂ ਖ਼ਰਚ ਸਕੀ।

ਦੂਜੇ ਪਾਸੇ ਸੂਬੇ ਭਰ ਦੇ ਤਕਰੀਬਨ ਨੌਂ ਲੱਖ ਪਰਿਵਾਰ ਜਿਨ੍ਹਾਂ ਦੇ ਮਨਰੇਗਾ ਤਹਿਤ ਕੰਮ ਲੈਣ ਲਈ ਜੋਬ ਕਾਰਡ ਬਣ ਚੁੱਕੇ ਹਨ, ਕੰਮ ਪ੍ਰਾਪਤ ਕਰਨ ਲਈ ਥਾਂ-ਥਾਂ ਧਰਨੇ ਪ੍ਰਦਰਸ਼ਨ ਕਰਦੇ ਰਹਿੰਦੇ ਹਨ। ਕੇਂਦਰ ਸਰਕਾਰ ਵੱਲੋਂ ਸਾਲ 2013-14 ਲਈ ਇਸ ਸਕੀਮ ਤਹਿਤ 33000 ਕਰੋੜ ਰੁਪਏ ਖ਼ਰਚਣ ਦਾ ਟੀਚਾ ਰੱਖਿਆ ਗਿਆ ਸੀ ਤੇ ਹੁਣ ਤੱਕ ਕੇਂਦਰ ਸਰਕਾਰ ਸੂਬਾ ਸਰਕਾਰਾਂ ਨੂੰ 29064.90 ਕਰੋੜ ਰੁਪਏ ਜਾਰੀ ਕਰਕੇ ਆਪਣੇ ਟੀਚੇ ਦੇ ਨੇੜੇ ਪੁੱਜ ਚੁੱਕੀ ਹੈ। ਪੰਜਾਬ ਇਸ ਸਕੀਮ ਤਹਿਤ ਹੁਣ ਤੱਕ ਕੇਂਦਰ ਤੋਂ 132.34 ਕਰੋੜ ਰੁਪਏ ਜਾਰੀ ਕਰਾਉਣ ਵਿਚ ਸਫਲ ਰਿਹਾ ਹੈ ਜਦ ਕਿ ਇਸ ਤੋਂ ਛੋਟੇ ਰਾਜ ਜਿਵੇਂ ਨਾਗਾਲੈਂਡ 260.62 ਕਰੋੜ, ਤ੍ਰਿਪੁਰਾ 803.66 ਕਰੋੜ, ਝਾਰਖੰਡ 621.43 ਕਰੋੜ, ਹਿਮਾਚਲ ਪ੍ਰਦੇਸ਼ 352.28 ਕਰੋੜ, ਉਤਰਾਂਚਲ 330 ਕਰੋੜ, ਹਰਿਆਣਾ 316.87 ਕਰੋੜ, ਛੱਤੀਸਗੜ੍ਹ 1321.02 ਕਰੋੜ ਰੁਪਏ ਜਾਰੀ ਕਰਵਾ ਚੁੱਕੇ ਹਨ। ਵਿਰੋਧੀ ਧਿਰ ਦੇ ਆਗੂ ਚੌਧਰੀ ਸੁਨੀਲ ਕੁਮਾਰ ਜਾਖੜ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਗ਼ਰੀਬ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਦੇ ਮਕਸਦ ਨਾਲ ਇਹ ਯੋਜਨਾ ਸ਼ੁਰੂ ਕੀਤੀ ਗਈ ਸੀ ਪਰ ਸੂਬੇ ਦੀ ਅਕਾਲੀ-ਭਾਜਪਾ ਸਰਕਾਰ ਦੀਆਂ ਮਜ਼ਦੂਰਾਂ ਖ਼ਿਲਾਫ਼ ਨੀਤੀਆਂ ਸਦਕਾ ਇਸ ਯੋਜਨਾ ਨੂੰ ਸੂਬੇ ਵਿਚ ਸਾਫ਼ ਨੀਅਤ ਨਾਲ ਲਾਗੂ ਨਹੀਂ ਹੋਣ ਦੇ ਰਹੀ।

## ਅਰਵਿੰਦਰ ਲਵਲੀ ਬਣੇ ਦਿੱਲੀ ਕਾਂਗਰਸ ਦੇ ਪ੍ਰਧਾਨ

**ਨਵੀਂ ਦਿੱਲੀ:** ਵਿਧਾਨ ਸਭਾ ਚੋਣਾਂ ਵਿਚ ਮਿਲੀ ਹਾਰ ਤੋਂ ਬਾਅਦ ਕਾਂਗਰਸ ਨੇ ਅਰਵਿੰਦਰ ਸਿੰਘ ਲਵਲੀ ਤੇ ਭੁਪੇਸ਼ ਬਘੇਲ ਨੂੰ ਕ੍ਰਮਵਾਰ ਦਿੱਲੀ ਤੇ ਛੱਤੀਸਗੜ੍ਹ ਦੇ ਨਵੇਂ ਪ੍ਰਦੇਸ਼ ਕਾਂਗਰਸ ਕਮੇਟੀ ਪ੍ਰਧਾਨ ਐਲਾਨਿਆ ਹੈ। ਸਾਬਕਾ ਮੰਤਰੀ ਤੇ ਮੌਜੂਦਾ ਵਿਧਾਇਕ ਲਵਲੀ ਨੇ ਜੇ.ਪੀ ਅਗਰਵਾਲ ਦੀ ਥਾਂ ਲਈ ਹੈ। ਸ੍ਰੀ ਅਗਰਵਾਲ ਨੇ ਦਿੱਲੀ ਚੋਣਾਂ ਵਿਚ ਪਾਰਟੀ ਦੀ ਹਾਰ ਦੀ 'ਨੈਤਿਕ ਜ਼ਿੰਮੇਵਾਰੀ' ਲੈਂਦਿਆਂ ਅਸਤੀਫ਼ਾ ਦੇ ਦਿੱਤਾ ਸੀ। ਸ੍ਰੀ ਲਵਲੀ 1987 ਤੋਂ ਸਿਆਸਤ ਵਿਚ ਸਰਗਰਮ ਹਨ ਤੇ ਸੀਨੀਅਰ ਕਾਂਗਰਸੀ ਆਗੂ ਅਜੇ ਮਾਕਨ ਦੇ ਨਜ਼ਦੀਕੀ ਮੰਨੇ ਜਾਂਦੇ ਹਨ। ਉਹ 1990 ਵਿਚ ਦਿੱਲੀ ਪ੍ਰਦੇਸ਼ ਕਾਂਗਰਸ ਦੇ ਜਨਰਲ ਸਕੱਤਰ ਚੁਣੇ ਗਏ ਸਨ।

ਸ਼ੀਲਾ ਦੀਕਸ਼ਿਤ ਕੈਬਨਿਟ ਵਿਚ 2003 ਵਿਚ ਉਨ੍ਹਾਂ ਨੂੰ ਮੰਤਰੀ ਬਣਾਇਆ ਗਿਆ ਤੇ ਉਹ ਟਰਾਂਸਪੋਰਟ, ਸਿੱਖਿਆ ਤੇ ਮਾਲ ਜਿਹੇ ਅਹਿਮ ਵਿਭਾਗਾਂ ਦੇ ਮੰਤਰੀ ਰਹੇ। ਛੱਤੀਸਗੜ੍ਹ ਵਿਚ ਸਾਬਕਾ ਮੰਤਰੀ ਭੁਪੇਸ਼ ਬਘੇਲ ਨੇ ਰਾਜ ਵਿਚ ਪਾਰਟੀ ਮੁਖੀ ਤੇ ਕੇਂਦਰੀ ਮੰਤਰੀ ਚਰਨ ਦਾਸ ਮਹੰਤ ਦੀ ਥਾਂ ਲਈ ਹੈ। ਛੱਤੀਸਗੜ੍ਹ ਵਿਚ ਹੋਈ ਕਾਂਗਰਸ ਦੀ ਹਾਰ ਮਗਰੋਂ ਸਿਰਫ਼ ਦੋ ਹਫਤਿਆਂ ਦੇ ਅੰਦਰ ਇਹ ਬਦਲਾਅ ਕੀਤਾ ਗਿਆ।

# ਲੋਕਪਾਲ ਬਿੱਲ ਨਾਲ ਹੀ ਭ੍ਰਿਸ਼ਟਾਚਾਰ ਨੂੰ ਠੱਲ ਨਹੀਂ ਪੈਣ ਲੱਗੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਲੋਕਪਾਲ ਦਾ ਬਿੱਲ ਪਾਸ ਹੋਣ ਨਾਲ ਭ੍ਰਿਸ਼ਟਾਚਾਰ ਦੇ ਵਿਰੁਧ ਲੋਕਾਂ ਦਾ ਸੰਘਰਸ਼ ਸਿਰੇ ਨਹੀਂ ਚੜ੍ਹਿਆ, ਸਿਰਫ ਇੱਕ ਪੜਾਅ ਪਾਰ ਹੋਇਆ ਹੈ। ਇਹ ਲੰਮੀ ਲੜਾਈ ਹੈ, ਜਿਹੜੀ ਸਾਡੇ ਤੱਕ ਸੀਮਤ ਨਹੀਂ, ਅਗਲੀਆਂ ਪੀੜ੍ਹੀਆਂ ਨੂੰ ਵੀ ਲੜਨੀ ਪੈਣੀ ਹੈ। ਮੀਲ-ਪੱਥਰ ਨੂੰ ਮੰਜ਼ਲ ਮੰਨ ਲੈਣ ਲਈ ਦੇਸ਼ ਦੇ ਲੋਕਾਂ ਨੂੰ ਉਕਸਾਉਣ ਵਾਲਿਆਂ ਅਤੇ ਭ੍ਰਿਸ਼ਟਾਚਾਰ ਵਿਰੁਧ ਇਸ ਨਵੇਂ ਪ੍ਰਬੰਧ ਦੀ ਦੁਰਵਰਤੋਂ ਕਰਨ ਵਾਲਿਆਂ ਦੋਵਾਂ ਤੋਂ ਇੱਕੋ ਜਿਹਾ ਸਾਵਧਾਨ ਰਹਿਣਾ ਪਵੇਗਾ।***

ਲੋਕਪਾਲ ਬਿੱਲ ਭਾਰਤੀ ਪਾਰਲੀਮੈਂਟ ਦੇ ਦੋਵੇਂ ਸਦਨਾਂ ਨੇ ਪਾਸ ਕਰ ਦਿੱਤਾ ਹੈ। ਬਹੁਤ ਸਾਰੇ ਲੋਕ ਇਹ ਮੰਨ ਬੈਠਣਗੇ ਕਿ ਇਨੇ ਨਾਲ ਸਾਰੇ ਦੁੱਖ ਦੂਰ ਹੋ ਜਾਣਗੇ। ਜਿਨ੍ਹਾਂ ਨੇ ਇਸ ਬਿੱਲ ਨੂੰ ਪਾਸ ਕਰਵਾਉਣ ਦੀ ਲੜਾਈ ਲੜੀ ਸੀ, ਉਹ ਇਸ ਨੂੰ ਕਿਸੇ ਨੀਮ-ਹਕੀਮ ਵੱਲੋਂ ਹਰ ਮਰਜ਼ ਦੇ ਇਲਾਜ ਲਈ ਦਿੱਤੀ ਜਾਣ ਵਾਲੀ ਭਸਮ ਦੀ ਪੁੜੀ ਵਾਂਗ ਸਾਰੇ ਦੁੱਖਾਂ ਦਾ ਇਲਾਜ ਸਮਝਣ ਅਤੇ ਸਮਝਾਉਣ ਦੇ ਆਹਰ ਵਿਚ ਹਨ। ਇਹ ਵੀ ਇੱਕ ਭਰਮ ਹੈ। ਅਸੀਂ ਇਹ ਬਿੱਲ ਪਾਸ ਕੀਤੇ ਜਾਣ ਦੇ ਹਮੇਸ਼ਾ ਤੋਂ ਹਮਾਇਤੀ ਰਹੇ ਹਾਂ, ਅਤੇ ਇਹ ਪਾਸ ਕਰ ਕੇ ਠੀਕ ਕੀਤਾ ਗਿਆ ਹੈ, ਪਰ ਇਸ ਨਾਲ ਇਸ ਦੇਸ਼ ਵਿਚ ਸਮੁੱਚੇ ਭ੍ਰਿਸ਼ਟਾਚਾਰ ਨੂੰ ਠੱਲ੍ਹ ਪੈ ਜਾਵੇਗੀ, ਇਹ ਮੰਨ ਲੈਣਾ ਠੀਕ ਨਹੀਂ ਹੋਵੇਗਾ। ਸਿਰਫ ਅਸੀਂ ਹੀ ਇਹ ਗੱਲ ਨਹੀਂ ਕਹਿ ਰਹੇ, ਇਸ ਗੱਲ ਨੂੰ ਉਹ ਸਮਾਜ ਸੇਵੀ ਅੰਨਾ ਹਜ਼ਾਰੇ ਵੀ ਮੰਨਦੇ ਹਨ, ਜਿਨ੍ਹਾਂ ਨੇ ਇਹ ਕਦਮ ਚੁੱਕਣ ਲਈ ਭਾਰਤ ਸਰਕਾਰ ਤੇ ਸਭ ਸਿਆਸੀ ਪਾਰਟੀਆਂ ਨੂੰ ਆਪਣੇ ਅੰਦੋਲਨ ਨਾਲ ਮਜਬੂਰ ਕਰ ਦਿੱਤਾ ਸੀ। ਬੀਤੀ 30 ਨਵੰਬਰ ਨੂੰ ਜਦੋਂ ਅਸੀਂ ਪਿੰਡ ਰਾਲੇਗਣ ਸਿੱਧੀ ਵਿਚ ਉਨ੍ਹਾਂ ਦੇ ਆਸ਼ਰਮ ਵਿਚ ਉਨ੍ਹਾਂ ਨਾਲ ਬੈਠੇ ਸਾਂ ਤਾਂ ਇਹ ਵੀ ਪੁੱਛ ਲਿਆ ਸੀ, ਅਤੇ ਅੰਨਾ ਦਾ ਜਵਾਬ ਸੀ ਕਿ ਸਾਰਾ ਭਾਵੇਂ ਨਾ ਸਹੀ, ਕੁਝ ਨਾ ਕੁਝ ਭ੍ਰਿਸ਼ਟਾਚਾਰ ਤਾਂ ਘਟੇਗਾ ਹੀ।

ਹਕੀਕਤ ਵੀ ਇਹੋ ਹੈ। ਜਿਸ ਤਰ੍ਹਾਂ ਦਾ ਸਖਤ ਬਿੱਲ ਅਰਵਿੰਦ ਕੇਜਰੀਵਾਲ ਤੇ ਅੰਨਾ ਹਜ਼ਾਰੇ ਦੇ ਪਹਿਲੇ ਚੇਲੇ ਮੰਗਦੇ ਸਨ, ਉਹੋ ਜਿਹਾ ਪਾਸ ਨਹੀਂ ਹੋ ਸਕਿਆ। ਉਹ ਰਾਜਨੀਤੀ ਦੇ ਮੈਦਾਨ ਵਿਚ ਆ ਗਏ ਤੇ ਉਨ੍ਹਾਂ ਦੀ ਥਾਂ ਭਾਜਪਾ ਨਾਲ ਨੇੜ ਨੂੰ ਲੁਕਾਉਣਾ ਛੱਡ ਚੁੱਕੀ ਕਿਰਨ ਬੇਦੀ ਜਾਂ ਕੁਰੂਕਸ਼ੇਤਰ ਦੀ ਰੈਲੀ ਵਿਚ ਨਰਿੰਦਰ ਮੋਦੀ ਨਾਲ ਮੰਚ ਉਤੇ ਬੈਠ ਚੁੱਕੇ ਭਾਰਤੀ ਫੌਜ ਦੇ ਸਾਬਕਾ ਮੁਖੀ ਜਨਰਲ ਵੀ ਕੇ ਸਿੰਘ ਨੇ ਜਾ ਮੱਲੀ ਸੀ। ਦਿੱਲੀ ਚੋਣਾਂ ਦੇ ਨਤੀਜੇ ਨੇ ਕਾਂਗਰਸ ਦੇ ਨਾਲ ਭਾਜਪਾ ਵਾਲਿਆਂ ਦੇ ਪੈਰਾਂ ਹੇਠੋਂ ਵੀ ਜ਼ਮੀਨ ਹਿਲਾ ਦਿੱਤੀ ਸੀ। ਇਹ ਨਤੀਜਾ ਸਾਫ ਕਹਿੰਦਾ ਸੀ ਕਿ ਜਿੱਥੇ ਕਿਤੇ ਕਾਂਗਰਸ ਤੇ ਭਾਜਪਾ ਦੋਵਾਂ ਤੋਂ ਬੁਨਿਆਦੀ ਫਰਕ ਵਾਲਾ ਢੁਕਵਾਂ ਬਦਲ ਦਿੱਸ ਪਵੇਗਾ, ਦੋਵਾਂ ਧਿਰਾਂ ਦੀ ਬਜਾਏ ਵੋਟਰ ਉਸ ਪਿੱਛੇ ਭੁਗਤ ਸਕਦੇ ਹਨ। ਭ੍ਰਿਸ਼ਟਾਚਾਰ ਤੇ ਇਸ ਦੇ ਵਿਰੋਧ ਵਿਚ ਲੋਕਪਾਲ ਦਾ ਬਿੱਲ ਦਿੱਲੀ ਦੀਆਂ ਚੋਣਾਂ ਵਿਚ ਮੁੱਦਾ ਬਣ ਚੁੱਕੇ ਸਨ ਤੇ ਦੋਵੇਂ ਪਾਰਟੀਆਂ ਇਸ ਦਾ ਜਵਾਬ ਦੇਣ ਤੋਂ ਮੁਸ਼ਕਲ ਮਹਿਸੂਸ ਕਰ ਰਹੀਆਂ ਸਨ।

ਚੋਣ ਨਤੀਜੇ ਤੋਂ ਬਾਅਦ ਕਾਂਗਰਸ ਵੀ ਇਹ ਬਿੱਲ ਸਿਰੇ ਚਾੜ੍ਹਨ ਨੂੰ ਧਮਕੜੇ ਪੈ ਗਈ ਤੇ ਭਾਜਪਾ ਵਾਲਿਆਂ ਵੀ ਇਸ ਬਾਰੇ ਅੰਨਾ ਬਾਬਾ ਨੂੰ ਮਨਾਉਣ ਲਈ ਕਿਰਨ ਬੇਦੀ ਅਤੇ ਜਨਰਲ ਵੀ ਕੇ ਸਿੰਘ ਦੇ ਰਾਹੀਂ ਯਤਨ ਅਰੰਭ ਦਿੱਤੇ ਕਿ ਜਿਹੋ ਜਿਹਾ ਵੀ ਕੱਚਾ-ਭੁੰਨਾ ਪਾਸ ਹੁੰਦਾ ਹੈ, ਹੋ ਲੈਣ ਦਿੱਤਾ ਜਾਵੇ, ਸਮਾਂ ਪਾ ਕੇ ਸੋਧ ਕੀਤੀ ਜਾ ਸਕਦੀ ਹੈ। ਕਿਰਨ ਬੇਦੀ ਖੁਦ ਇਸ ਬਿੱਲ ਨੂੰ ਪਹਿਲਾਂ ਲੋਕਪਾਲ ਦੀ ਥਾਂ ਜੋਕਪਾਲ ਕਹਿੰਦੀ ਰਹੀ ਸੀ, ਹੁਣ ਭਾਜਪਾ ਦਾ ਰੁਖ ਬਦਲਣ ਸਾਰ ਉਹ ਇਸ ਦੇ ਸੋਹਲੇ ਗਾਉਣ ਲੱਗ ਪਈ। ਇਸ ਬਿੱਲ ਵਾਸਤੇ ਅੰਦੋਲਨ ਕਰਨ ਦਾ ਜਿਸ ਰਾਹੁਲ ਗਾਂਧੀ ਨੇ ਕਦੀ ਤਿੱਖਾ ਵਿਰੋਧ ਕੀਤਾ ਹੋਇਆ ਸੀ, ਉਹ ਇਸ ਨੂੰ ਪਾਸ ਕਰਨ ਅਤੇ ਅੰਨਾ ਹਜ਼ਾਰੇ ਨੂੰ ਇਸ ਦਾ ਸਿਹਰਾ ਦੇਣ ਤੱਕ ਇਸ ਲਈ ਚਲਾ ਗਿਆ ਕਿ ਦਿੱਲੀ ਦੇ ਲੋਕਾਂ ਨੇ ਕਾਂਗਰਸ ਵਾਲਿਆਂ ਨੂੰ ਸ਼ੀਸ਼ਾ ਵਿਖਾ ਦਿੱਤਾ ਸੀ। ਫਿਰ ਇਹ ਬਿੱਲ ਪਾਸ ਹੋ ਗਿਆ। ਹੁਣ ਇਸ




ਬਿੱਲ ਦੇ ਪਾਸ ਹੋਣ ਨੂੰ ਸਾਰੇ ਦੁੱਖਾਂ ਦਾ ਇਲਾਜ ਲੱਭ ਗਿਆ ਸਮਝਿਆ ਜਾ ਰਿਹਾ ਹੈ।

ਭ੍ਰਿਸ਼ਟਾਚਾਰ ਦੇ ਹਟਣ ਦੀ ਆਸ ਰੱਖਣ ਤੋਂ ਪਹਿਲਾਂ ਇਹ ਵੇਖਣਾ ਪਵੇਗਾ ਕਿ ਭ੍ਰਿਸ਼ਟਾਚਾਰ ਦਾ ਪੱਧਰ ਕੀ ਹੈ ਤੇ ਇਹ ਕਿਸ ਪੱਧਰ ਉਤੇ ਕਿੰਨਾ ਮੌਜੂਦ ਹੈ? ਜਦੋਂ ਭ੍ਰਿਸ਼ਟਾਚਾਰ ਦਾ ਆਪਣਾ ਪੱਧਰ ਵੇਖਣਾ ਹੋਵੇ ਤਾਂ ਇਹ ਦੁਕਾਨਾਂ ਤੋਂ ਪੰਜ-ਦਸ ਰੁਪਏ ਦੀ ਖਰੀਦ ਨਾਲ ਸ਼ੁਰੂ ਹੋ ਜਾਂਦਾ ਹੈ, ਜਿਸ ਦਾ ਬਿੱਲ ਇਸ ਲਈ ਨਹੀਂ ਮੰਗਿਆ ਜਾਂਦਾ ਕਿ ਦਸ ਰੁਪਏ ਦੀ ਕੀਮਤ ਨਾਲ ਦੁਕਾਨਦਾਰ ਦੋ ਰੁਪਏ ਟੈਕਸ ਮੰਗ ਲਵੇਗਾ, ਜਿਹੜੇ ਉਸ ਨੇ ਬਹੁਤੀ ਵਾਰ ਅੱਗੇ ਨਹੀਂ ਦੇਣੇ ਹੁੰਦੇ, ਤੇ ਧੁਰ ਉਪਰ ਇਹ ਉਨ੍ਹਾਂ ਪ੍ਰਾਜੈਕਟਾਂ ਤੱਕ ਜਾਂਦਾ ਹੈ, ਜਿਨ੍ਹਾਂ ਦੀ ਮਨਜ਼ੂਰੀ ਦੇਣ ਤੋਂ ਪਹਿਲਾਂ 5-10% ਕਮਿਸ਼ਨ ਦੀ ਗੱਲ ਟੁੱਕੀ ਗਈ ਹੁੰਦੀ ਹੈ। ਜੇ ਵੀਹ ਹਜ਼ਾਰ ਕਰੋੜ ਰੁਪਏ ਦਾ ਪ੍ਰਾਜੈਕਟ ਲੱਗਣਾ ਹੈ ਤੇ ਇਸ ਦਾ 5% ਵੀ ਕਮਿਸ਼ਨ ਤੈਅ ਹੋਇਆ ਹੈ ਤਾਂ ਮਨਜ਼ੂਰੀ ਦੇਣ ਵਾਲੀ ਸਰਕਾਰ ਦੇ ਮੁਖੀ ਨੂੰ ਇੱਕ ਹਜ਼ਾਰ ਕਰੋੜ ਰੁਪਏ ਆਰਾਮ ਨਾਲ ਪਰਦੇ ਪਿੱਛੇ ਮਿਲ ਸਕਦੇ ਹਨ। ਇਹੋ ਗੱਲ ਅਗਲਾ ਭੇਦ ਖੋਲ੍ਹਣ ਨੂੰ ਕਾਫੀ ਹੈ ਕਿ ਭ੍ਰਿਸ਼ਟਾਚਾਰ ਹੁੰਦਾ ਕਿਸ ਪੱਧਰ ਉਤੇ ਹੈ। ਹੇਠਲੀ ਪੱਧਰ ਦਾ ਭ੍ਰਿਸ਼ਟਾਚਾਰ ਸਾਰਿਆਂ ਨੂੰ ਦਿੱਸਦਾ ਹੈ ਤੇ ਵਿਜੀਲੈਂਸ ਵਾਲਿਆਂ ਨੂੰ ਵੀ ਬਹੁਤ ਸੌਖਾ ਹੁੰਦਾ ਹੈ ਕਿ ਪੈਸੇ ਫੜਦੇ ਬੰਦੇ ਦੀਆਂ ਬਾਂਹਾਂ ਫੜ ਕੇ ਉਸ ਦੇ ਹੱਥ ਧੁਆ ਲਵੋ ਅਤੇ ਅਗਾਊਂ ਲਿਖੇ ਨੰਬਰਾਂ ਵਾਲੇ ਨੋਟ ਉਸ ਦੀ ਜੇਬ ਵਿਚੋਂ ਕੱਢਵਾ ਲਵੋ, ਪਰ ਉਤਲਾ ਭ੍ਰਿਸ਼ਟਾਚਾਰ ਏਨਾ ਲੁਕਵਾਂ ਹੁੰਦਾ ਹੈ ਕਿ ਉਸ ਦੇ ਖਾਤੇ ਲੱਭਣੇ ਵੀ ਔਖੇ ਹੋ ਜਾਂਦੇ ਹਨ। ਪ੍ਰਾਜੈਕਟ ਇਸ ਦੇਸ਼ ਵਿਚ ਪਾਸ ਕੀਤਾ ਜਾਂਦਾ ਹੈ, ਕਮਿਸ਼ਨ ਕਿਸੇ ਹੋਰ ਦੇਸ਼ ਵਿਚ ਦਿੱਤਾ ਜਾਂਦਾ ਹੈ ਅਤੇ ਉਸ ਦਾ ਕੋਈ ਸਬੂਤ ਹੀ ਨਹੀਂ ਮਿਲ ਸਕਦਾ। ਜੇ ਕੋਈ ਸੰਕੇਤ ਮਿਲ ਵੀ ਜਾਵੇ ਤਾਂ ਭ੍ਰਿਸ਼ਟਾਚਾਰੀਆਂ ਦੀ ਨਾਨੀ-ਦੋਹਤੀ ਇੱਕ ਹੋਣ ਕਰ ਕੇ ਉਹ ਇੱਕ ਦੂਸਰੇ ਦਾ ਬਚਾਅ ਕਰੀ ਜਾਂਦੇ ਹਨ ਤੇ ਕਾਰੋਬਾਰ ਚੱਲਦਾ ਰਹਿੰਦਾ ਹੈ।

ਅਸੀਂ ਕਈ ਕੇਸਾਂ ਵਿਚ ਵੇਖਿਆ ਹੈ ਕਿ ਅਦਾਲਤ ਦਾ ਕੋਈ ਜੱਜ ਮੀਡੀਏ ਵਿਚ ਆਈ ਕਿਸੇ ਗੱਲ ਦਾ ਆਪਣੇ ਆਪ ਨੋਟਿਸ ਲੈ ਕੇ ਸਰਕਾਰਾਂ ਨੂੰ ਧਮਕੜੇ ਪਾ ਦਿੰਦਾ ਹੈ ਤੇ ਕਿਸੇ ਹੋਰ ਕੇਸ ਵਿਚ ਇਹ ਵੇਖਿਆ ਹੈ ਕਿ ਅਦਾਲਤ ਦਾ ਦਰਵਾਜ਼ਾ ਖੜਕਾਏ ਤੋਂ ਵੀ ਜੱਜ ਸਾਹਿਬਾਨ ਕਹਿ ਦਿੰਦੇ ਹਨ ਕਿ ਇਸ ਮਾਮਲੇ ਵਿਚ ਸਰਕਾਰ ਦੇ ਯੋਗ ਅਧਿਕਾਰੀ ਦੇ ਪੱਧਰ ਉਤੇ ਜਾ ਕੇ ਅਰਜ਼ੀ ਦਿਓ। ਉਥੇ ਦਿੱਤੀ ਅਰਜ਼ੀ ਫਿਰ ਕਈ ਸਾਲ ਕਿਸੇ ਪਾਸੇ ਨਹੀਂ ਲੱਗਦੀ ਅਤੇ ਸਰਕਾਰ ਤੇ ਅਦਾਲਤ ਦੋਵਾਂ ਦਾ ਮਾਣ-ਤਾਣ ਕਾਇਮ ਰਹਿੰਦਾ ਹੈ। ਇੱਕ ਸੀਨੀਅਰ ਵਕੀਲ ਨੇ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਵਿਚ ਇਹ ਕਹਿ ਕੇ ਸਨਸਨੀ ਫੈਲਾ ਦਿੱਤੀ ਕਿ ਦੇਸ਼ ਦੇ ਹੁਣ ਤੱਕ ਦੇ ਮੁੱਖ ਜੱਜ ਬਣਨ ਵਾਲਿਆਂ ਵਿਚੋਂ ਅੱਧੇ ਤੋਂ ਵੱਧ ਭ੍ਰਿਸ਼ਟਾਚਾਰੀ ਸਨ। ਲੋਕ ਉਡੀਕਦੇ ਰਹੇ ਕਿ ਇਸ ਬਾਰੇ ਅਦਾਲਤ ਕੋਈ ਸਖਤ ਰੁਖ ਧਾਰਨ ਕਰ ਕੇ ਦੇਸ਼ ਦੇ ਲੋਕਾਂ ਨੂੰ ਇਹ ਦੱਸੇਗੀ ਕਿ ਸਾਰੇ ਜੱਜ ਭ੍ਰਿਸ਼ਟਾਚਾਰੀ ਨਹੀਂ, ਸਿਰਫ ਫਲਾਣੇ-ਫਲਾਣੇ ਉਪਰ ਦੋਸ਼ ਲੱਗਦੇ ਰਹੇ ਸਨ, ਪਰ ਇਹੋ ਜਿਹਾ ਕੁਝ ਨਹੀਂ ਹੋਇਆ।

ਜਦੋਂ ਲੋਕਪਾਲ ਬਣ ਗਿਆ, ਇਸ ਵਿਚ ਜਿਹੜੇ ਜੱਜ ਨਿਯੁਕਤ ਕੀਤੇ ਜਾਣੇ ਹਨ, ਉਨ੍ਹਾਂ ਵਿਚ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਵਾਂਗ ਆਪਣੀ ਮਰਜ਼ੀ ਦੇ ਜੱਜ ਨਿਯੁਕਤ ਕਰਨੇ ਸ਼ੁਰੂ ਕਰ ਦਿੱਤੇ ਗਏ ਤਾਂ ਭ੍ਰਿਸ਼ਟਾਚਾਰ ਰੁਕਣ ਦੀ ਥਾਂ ਸ਼ਿਕਾਇਤੀਆਂ ਨੂੰ ਉਲਟੀ ਮਾਰ ਪੈ ਸਕਦੀ ਹੈ। ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵਿਚ ਭ੍ਰਿਸ਼ਟਾਚਾਰ ਦੀ ਸ਼ਿਕਾਇਤ ਕਮਿਸ਼ਨ ਦੇ ਇੱਕ ਮੈਂਬਰ ਨੇ ਕੀਤੀ ਸੀ। ਜਿਹੜੇ ਜੱਜਾਂ ਨੇ ਉਹ ਸੁਣਵਾਈ ਕਰਨੀ ਸੀ, ਉਨ੍ਹਾਂ ਨੇ ਸੱਦ ਕੇ ਸ਼ਿਕਾਇਤ ਕਰਨ ਵਾਲੇ ਦੀ ਝਾੜ-ਝੰਬ ਕਰ ਦਿੱਤੀ, ਪਰ ਸਮਾਂ ਪਾ ਕੇ ਉਸੇ ਕਮਿਸ਼ਨ ਦਾ ਕੂੜਾ ਬਾਹਰ ਆ ਗਿਆ ਸੀ। ਲੋਕਪਾਲ ਦੇ ਬਣਨ ਪਿੱਛੋਂ ਵੀ ਏਦਾਂ ਦਾ ਕਈ ਕੁਝ ਵਾਪਰ ਸਕਦਾ ਹੈ।

ਸਰਕਾਰ ਨੇ ਇੱਕ ਸੂਚਨਾ ਅਧਿਕਾਰ ਕਾਨੂੰਨ ਬਣਾਇਆ ਸੀ, ਉਸ ਦੇ ਆਧਾਰ ਉਤੇ ਲੋਕ ਕਿਸੇ ਵੀ ਮੁੱਦੇ ਦੀ ਜਾਣਕਾਰੀ ਮੰਗ ਸਕਦੇ ਹਨ। ਅਮਲ ਵਿਚ ਵੇਖਿਆ ਗਿਆ ਕਿ ਬਹੁਤ ਸਾਰੇ ਅਫਸਰ ਸੂਚਨਾ ਦੇਣ ਨੂੰ ਛੇਤੀ ਤਿਆਰ ਨਹੀਂ ਹੁੰਦੇ। ਕਈ ਅਫਸਰ ਇਹ ਵੀ ਕਹਿੰਦੇ ਹਨ ਕਿ ਵੱਡੀ ਗੱਲ ਹੋਈ ਤਾਂ ਪੰਝੀ ਹਜ਼ਾਰ ਰੁਪਏ ਜੁਰਮਾਨਾ ਭਰਨਾ ਪੈ ਜਾਵੇਗਾ, ਓਨੀ ਦੇਰ ਨੂੰ ਜਿਸ ਕੰਮ ਦੀ ਸੂਚਨਾ ਮੰਗੀ ਗਈ ਹੈ, ਉਹ ਸਿਰੇ ਚੜ੍ਹ ਜਾਣਾ ਹੈ। ਹੁਣ ਸੂਚਨਾ ਕਮਿਸ਼ਨ ਬਾਰੇ ਵੀ ਗੱਲਾਂ ਸੁਣਨ ਲੱਗ ਪਈਆਂ ਹਨ। ਸੂਚਨਾ ਅਧਿਕਾਰ ਦੇ ਮਾਮਲਿਆਂ ਨਾਲ ਜੁੜੇ ਹੋਏ ਕਾਰਕੁਨਾਂ ਨੂੰ ਪੁੱਛ ਵੇਖੀਏ ਤਾਂ ਇਸ ਅਧਿਕਾਰ ਦੀ ਵਰਤੋਂ ਬਾਰੇ 'ਰਾਹ ਪਿਆ ਜਾਣੀਏਂ ਜਾਂ ਵਾਹ ਪਿਆ ਜਾਣੀਏਂ" ਵਾਲਾ ਹਾਲ ਦਿੱਸ ਪੈਂਦਾ ਹੈ। ਕਈ ਰਾਜਾਂ ਵਿਚ ਇਸ ਅਧਿਕਾਰ ਦੀ ਵਰਤੋਂ ਕਰਨ ਵਾਲਿਆਂ ਦੇ ਕਤਲ ਹੋ ਚੁੱਕੇ ਹਨ। ਅਜੇ ਪਿਛਲੇ ਮਹੀਨੇ ਗੁਜਰਾਤ ਵਿਚ ਭਾਜਪਾ ਦੇ ਇੱਕ ਪਾਰਲੀਮੈਂਟ ਮੈਂਬਰ ਨੂੰ ਇੱਕ ਸੂਚਨਾ ਅਧਿਕਾਰ ਕਾਰਕੁਨ ਦੇ ਕਤਲ ਦੇ ਕੇਸ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਪਹਿਲਾਂ ਉਸ ਨੇ ਇਹ ਕੇਸ ਆਪਣੇ ਭਤੀਜੇ ਦੇ ਸਿਰ ਪਵਾ ਕੇ ਖੁਦ ਬਚ ਜਾਣ ਅਤੇ ਭਤੀਜੇ ਨੂੰ ਬਚਾਉਣ ਜੋਗਾ ਬਣੇ ਰਹਿਣ ਦਾ ਪ੍ਰਬੰਧ ਕਰ ਲਿਆ ਸੀ, ਪਰ ਅੰਤ ਨੂੰ ਉਸ ਦੀ ਗ੍ਰਿਫਤਾਰੀ ਦੀ ਨੌਬਤ ਵੀ ਆ ਗਈ। ਬਿਨਾਂ ਸ਼ੱਕ ਇਹ ਨੌਬਤ ਆ ਗਈ, ਪਰ ਇਸ ਵਿਚ ਏਨਾ ਸਮਾਂ ਲੱਗ ਗਿਆ ਕਿ ਅਦਾਲਤੀ ਭਾਸ਼ਾ ਵਿਚ 'ਜਸਟਿਸ ਡੀਲੇਅਡ ਇਜ਼ ਜਸਟਿਸ ਡੀਨਾਈਡ', ਅਰਥਾਤ ਨਿਆਂ ਵਿਚ ਦੇਰੀ ਨਿਆਂ ਦੇਣ ਤੋਂ ਇਨਕਾਰ ਵਰਗੀ ਹੁੰਦੀ ਹੈ, ਦਾ ਮੁਹਾਵਰਾ ਸੱਚ ਹੋ ਗਿਆ ਜਾਪਦਾ ਹੈ। ਮੱਧ ਪ੍ਰਦੇਸ਼ ਦੀ ਇੱਕ ਸੂਚਨਾ ਅਧਿਕਾਰ ਕਾਰਕੁਨ ਬੀਬੀ ਦੇ ਕਤਲ ਵਾਸਤੇ ਵੀ ਭਾਜਪਾ ਦਾ ਇੱਕ ਪਾਰਲੀਮੈਂਟ ਮੈਂਬਰ ਅਤੇ ਯੂਥ ਆਗੂ ਚਰਚਾ ਵਿਚ ਰਿਹਾ, ਪਰ ਉਥੋਂ ਦੀ ਭਾਜਪਾ ਸਰਕਾਰ ਦੇ ਕਹੇ ਉਤੇ ਪੁਲਿਸ ਨੇ ਕਲੀਨ ਚਿੱਟ ਦੇ ਦਿੱਤੀ ਹੈ। ਏਦਾਂ ਦੀਆਂ ਚਿੱਟਾਂ ਹਰ ਰਾਜ ਵਿਚ ਹਰ ਰੰਗ ਦੀ ਪਾਰਟੀ ਤੇ ਹਰ ਰੰਗ ਦੀ ਸਰਕਾਰ ਵੱਲੋਂ ਦਿੱਤੀਆਂ ਜਾਣ ਦੀ ਰਵਾਇਤ ਹੈ। ਇਹ ਰਵਾਇਤ ਅੱਗੋਂ ਵੀ ਜਾਰੀ ਰਹਿਣੀ ਹੈ।

ਸਾਡੇ ਵਿਚੋਂ ਬਹੁਤ ਸਾਰਿਆਂ ਨੂੰ ਲੋਕਪਾਲ ਦਾ ਬਿੱਲ ਪਾਸ ਹੋਣਾ ਇੱਕ ਇਹੋ ਜਿਹੀ ਦਵਾਈ ਦੀ ਕਾਢ ਜਾਪਦਾ ਹੈ, ਜਿਹੜੀ ਝੋਨੇ ਵਿਚੋਂ ਨਦੀਨ ਦਾ ਨਾਸ ਕਰ ਕੇ ਕੰਮ ਦੀ ਫਸਲ ਨੂੰ ਖੜਾ ਰੱਖਦੀ ਹੈ। ਇਦਾਂ ਦਾ ਇਹ ਬਿੱਲ ਕਦੀ ਵੀ ਨਹੀਂ ਹੋ ਸਕਦਾ। ਇਸ ਕੰਮ ਵਾਸਤੇ ਜਿਹੜਾ ਢਾਂਚਾ ਕਾਇਮ ਕੀਤਾ ਜਾਣਾ ਹੈ, ਉਸ ਵਿਚ ਵੀ ਆਖਰ ਬੰਦੇ ਹੀ ਲਾਏ ਜਾਣੇ ਹਨ, ਉਹ ਕਿਸੇ ਹਾਰਡ ਡਿਸਕ ਨਾਲ ਚੱਲਣ ਵਾਲੇ ਕੰਪਿਊਟਰ ਨਹੀਂ ਹੋਣੇ। ਹੁਣ ਕੰਪਿਊਟਰ ਦੀ ਹਾਰਡ ਡਿਸਕ ਵਿਚ ਵੀ ਵਾਇਰਸ ਆਉਣ ਲੱਗ ਪਿਆ ਹੈ। ਇਹ ਆਸ ਰੱਖਣੀ ਫਜ਼ੂਲ ਹੈ ਕਿ ਇਸ ਜ਼ਿਮੇਵਾਰੀ ਲਈ ਸਿਰਫ ਸਿਦਕ ਵਾਲੇ ਵਿਅਕਤੀ ਲੱਭ ਜਾਣਗੇ। ਜਿਹੜਾ ਵੀ ਲਾਇਆ ਗਿਆ, ਉਸ ਦੀ ਚੌਕਸੀ ਲੋਕਾਂ ਨੂੰ ਰੱਖਣੀ ਪਵੇਗੀ। ਲੋਕਪਾਲ ਦਾ ਬਿੱਲ ਪਾਸ ਹੋਣ ਨਾਲ ਭ੍ਰਿਸ਼ਟਾਚਾਰ ਦੇ ਵਿਰੁਧ ਲੋਕਾਂ ਦਾ ਸੰਘਰਸ਼ ਸਿਰੇ ਨਹੀਂ ਚੜ੍ਹਿਆ, ਸਿਰਫ ਇੱਕ ਪੜਾਅ ਪਾਰ ਹੋਇਆ ਹੈ। ਇਹ ਲੰਮੀ ਲੜਾਈ ਹੈ, ਜਿਹੜੀ ਸਾਡੇ ਤੱਕ ਸੀਮਤ ਨਹੀਂ, ਅਗਲੀਆਂ ਪੀੜ੍ਹੀਆਂ ਨੂੰ ਵੀ ਲੜਨੀ ਪੈਣੀ ਹੈ। ਮੀਲ-ਪੱਥਰ ਨੂੰ ਮੰਜ਼ਲ ਮੰਨ ਲੈਣ ਲਈ ਦੇਸ਼ ਦੇ ਲੋਕਾਂ ਨੂੰ ਉਕਸਾਉਣ ਵਾਲਿਆਂ ਅਤੇ ਭ੍ਰਿਸ਼ਟਾਚਾਰ ਵਿਰੁਧ ਇਸ ਨਵੇਂ ਪ੍ਰਬੰਧ ਦੀ ਦੁਰਵਰਤੋਂ ਕਰਨ ਵਾਲਿਆਂ ਦੋਵਾਂ ਤੋਂ ਇੱਕੋ ਜਿਹਾ ਸਾਵਧਾਨ ਰਹਿਣਾ ਪਵੇਗਾ।

# ਕੇਜਰੀਵਾਲ ਕੌਮਾਂਤਰੀ ਪੱਧਰ 'ਤੇ ਗੂੰਜਿਆ

**ਨਿਊ ਯਾਰਕ:** ਆਮ ਆਦਮੀ ਪਾਰਟੀ (ਆਪ) ਦੇ ਮੁਖੀ ਅਰਵਿੰਦ ਕੇਜਰੀਵਾਲ ਦਾ ਨਾਂ ਫੌਰਨ ਪਾਲਿਸੀ ਮੈਗਜ਼ੀਨ ਦੀ 2013 ਦੇ 100 ਆਲਮੀ ਚਿੰਤਕਾਂ ਦੀ ਸੂਚੀ ਵਿਚ ਸ਼ੁਮਾਰ ਹੈ। ਇਸ ਸੂਚੀ ਵਿਚ ਭਾਰਤ ਦੀ ਉਰਵਸ਼ੀ ਬੁਟਾਲੀਆ ਤੇ ਕਵਿਤਾ ਕ੍ਰਿਸ਼ਨਨ ਦਾ ਨਾਂ ਵੀ ਸ਼ਾਮਲ ਹੈ। ਸੂਚੀ ਵਿਚ ਸਭ ਤੋਂ ਉਪਰ ਨਾਂ ਅਮਰੀਕੀ ਇੰਟੈਲੀਜੈਂਸ ਦੇ ਐਡਵਰਡ ਸਨੋਡਾਊਨ ਦਾ ਹੈ। ਮੈਗਜ਼ੀਨ ਨੇ ਅਰਵਿੰਦ ਕੇਜਰੀਵਾਲ (45 ਸਾਲ) ਨੂੰ 32ਵੇਂ ਸਥਾਨ 'ਤੇ ਰੱਖਦਿਆਂ ਆਲਮੀ ਚਿੰਤਕ ਕਿਹਾ ਹੈ ਕਿਉਂਕਿ ਉਸ ਨੇ ਭਾਰਤ ਦੀ ਰਾਜਧਾਨੀ ਵਿਚੋਂ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਮੁਹਿੰਮ ਚਲਾਈ ਤੇ ਭਾਰਤੀ 'ਉੱਚ ਵਰਗ' ਲਈ ਚਿੰਤਾ ਬਣਿਆ।

ਮੈਗਜ਼ੀਨ ਅਨੁਸਾਰ ਕੇਜਰੀਵਾਲ ਨੇ ਦਿੱਲੀ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਲਈ ਪ੍ਰਭਾਵਸ਼ਾਲੀ ਮੁਹਿੰਮ ਚਲਾਈ। ਗੰਭੀਰ ਬੁਲਾਰੇ ਵਜੋਂ ਜਾਣੇ ਜਾਂਦੇ ਕੇਜਰੀਵਾਲ ਨੇ ਕਈ ਰੋਸ ਪ੍ਰਦਰਸ਼ਨਾਂ ਤੇ ਭੁੱਖ ਹੜਤਾਲਾਂ ਦੀ ਅਗਵਾਈ ਕੀਤੀ।ਉਨ੍ਹਾਂ ਦਿਗਜ਼ ਸਿਆਸਤਦਾਨਾਂ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਜਿਨ੍ਹਾਂ ਵਿਚ ਭਾਰਤ ਦੀ ਸੱਤਾਧਾਰੀ ਕਾਂਗਰਸ ਪਾਰਟੀ ਦੀ ਮੁਖੀ ਸੋਨੀਆ ਗਾਂਧੀ ਦੇ ਜਵਾਈ ਦਾ ਨਾਂ ਵੀ ਆਉਂਦਾ ਹੈ। ਉਰਵਸ਼ੀ ਬੁਟਾਲੀਆ ਤੇ ਕਵਿਤਾ ਕ੍ਰਿਸ਼ਨਨ 77ਵੇਂ ਸਥਾਨ 'ਤੇ ਹਨ। ਇਨ੍ਹਾਂ ਨੇ ਭਾਰਤ ਵਿਚ ਜਿਨਸ਼ੀ ਸੋਸ਼ਣ ਖ਼ਿਲਾਫ਼ ਜੰਗ ਦੀ ਅਗਵਾਈ ਕੀਤੀ। ਸੂਚੀ ਵਿਚ ਸ਼ਾਮਲ ਹੋਰ ਭਾਰਤੀਆਂ ਵਿਚ ਆਨੰਦ ਗਰੋਵਰ, ਰੋਹਿਤ ਵਾਂਚੂ, ਸੰਜੇ ਬਾਸੂ, ਨਵਲ ਰਵੀਕਾਂਤ ਦੇ ਨਾਂ ਵਰਨਣਯੋਗ ਹਨ।

# ਦੋ ਤਿਹਾਈ ਪੱਤਰਕਾਰ ਔਰਤਾਂ ਜ਼ਿਆਦਤੀਆਂ ਦਾ ਸ਼ਿਕਾਰ

**ਬੈਂਕਾਕ:** ਇਕ ਅਹਿਮ ਆਲਮੀ ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ ਨਿਊਜ਼ ਮੀਡੀਆ ਵਿਚ ਕੰਮ ਕਰਦੀਆਂ ਤਕਰੀਬਨ ਦੋ-ਤਿਹਾਈ ਔਰਤਾਂ ਨੂੰ ਕੰਮ ਦੌਰਾਨ ਜ਼ਿਆਦਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਾਸ਼ਿੰਗਟਨ ਆਧਾਰਤ ਇੰਟਰਨੈਸ਼ਨਲ ਵੋਮੈਨ'ਜ਼ ਮੀਡੀਆ ਫਾਊਂਡੇਸ਼ਨ ਤੇ ਲੰਡਨ ਆਧਾਰਤ ਇੰਟਰਨੈਸ਼ਨਲ ਨਿਊਜ਼ ਸੇਫਟੀ ਇੰਸਟੀਚਿਊਟ (ਆਈ.ਐਨ.ਐਸ.ਆਈ) ਵੱਲੋਂ ਕਰਾਏ ਗਏ ਸਰਵੇਖਣ ਵਿਚ 822 ਮਹਿਲਾ ਪੱਤਰਕਾਰਾਂ ਨੂੰ ਸ਼ਾਮਲ ਕੀਤਾ ਗਿਆ ਸੀ।

ਇਹ ਸਰਵੇਖਣ ਇੰਟਰਵਿਊ ਆਧਾਰਤ ਸੀ ਅਤੇ ਇਹ ਇਸ ਸਾਲ ਜੁਲਾਈ ਤੋਂ ਨਵੰਬਰ ਦੇ ਅਖੀਰ ਤੱਕ ਕਰਾਇਆ ਗਿਆ ਸੀ। ਸਰਵੇਖਣ ਵਿਚ ਇਹ ਸਾਹਮਣੇ ਆਇਆ ਕਿ ਮਹਿਲਾ ਮੀਡੀਆ ਕਰਮੀਆਂ ਨਾਲ ਇਹ ਜ਼ਿਆਦਤੀਆਂ, ਡਰਾਉਣ-ਧਮਕਾਉਣ ਤੇ ਮਾੜੀ-ਚੰਗੀ ਸ਼ਬਦਾਵਲੀ ਬੋਲਣ ਦਾ ਸਾਰਾ ਸਿਲਸਿਲਾ ਕੰਮ ਵਾਲੀ ਥਾਂ 'ਤੇ ਉਨ੍ਹਾਂ ਦੇ ਪੁਰਸ਼ ਅਧਿਕਾਰੀਆਂ (ਬਾਸ), ਸੁਪਰਵਾਈਜ਼ਰਾਂ ਤੇ ਸਹਿ-ਕਾਮਿਆਂ ਵੱਲੋਂ ਹੁੰਦਾ ਹੈ।




ਆਈ.ਡਬਲਿਯੂ.ਐਮ.ਐਫ ਦੀ ਕਾਰਜਕਾਰੀ ਡਾਇਰੈਕਟਰ ਐਲਿਸਾ ਮਿਊਨੋਜ਼ ਮੁਤਾਬਕ ਇਹ ਬੜੀ ਚਕਰਾ ਦੇਣ ਵਾਲੀ ਗੱਲ ਹੈ ਕਿ 822 ਵਿਚੋਂ ਅੱਧਿਓਂ ਵੱਧ (64.48 ਫੀਸਦੀ) ਔਰਤ ਪੱਤਰਕਾਰ, ਜਿਨ੍ਹਾਂ ਨੂੰ ਇਸ ਸਰਵੇਖਣ ਵਿਚ ਸ਼ਾਮਲ ਕੀਤਾ ਗਿਆ ਸੀ, ਨੂੰ ਕੰਮ ਦੇ ਸਿਲਸਿਲੇ ਵਿਚ ਕਿਸੇ ਨਾ ਕਿਸੇ ਤਰ੍ਹਾਂ ਦੇ ਦਬਕਿਆਂ, ਧਮਕੀਆਂ ਜਾਂ ਜ਼ਿਆਦਤੀਆਂ ਦਾ ਸਾਹਮਣਾ ਕਰਨਾ ਪਿਆ ਸੀ।

ਸਰਵੇਖਣ ਵਿਚ ਇਹ ਵੀ ਸਾਹਮਣੇ ਆਇਆ ਕਿ ਡਰਾਈਆਂ-ਧਮਕਾਈਆਂ ਜਾ ਰਹੀਆਂ ਬਹੁਤੀਆਂ ਮਹਿਲਾ ਪੱਤਰਕਾਰ ਕਦੇ ਵੀ ਇਸ ਬਾਰੇ ਅੱਗੇ ਰਿਪੋਰਟ ਨਹੀਂ ਕਰਦੀਆਂ ਹਾਲਾਂਕਿ ਇਨ੍ਹਾਂ ਵਿਚੋਂ ਅੱਧਿਓਂ ਵੱਧ ਔਰਤਾਂ ਨੇ ਮੰਨਿਆ ਕਿ ਇਨ੍ਹਾਂ ਗੱਲਾਂ ਦੇ ਮਾਨਸਿਕਤਾ ਉਤੇ ਬੜੇ ਮਾੜੇ ਅਸਰ ਪੈਂਦੇ ਰਹੇ ਹਨ। ਇਨ੍ਹਾਂ 822 ਔਰਤਾਂ ਵਿਚੋਂ 82 ਫੀਸਦੀ ਰਿਪੋਰਟਰ, 49 ਫੀਸਦੀ ਅਖ਼ਬਾਰਾਂ ਵਿਚ, 24 ਫੀਸਦੀ ਪੱਤਰਕਾਵਾਂ ਵਿਚ, 21 ਫੀਸਦੀ ਟੀ.ਵੀ ਉਤੇ ਤੇ 16 ਫੀਸਦੀ ਰੇਡੀਓ 'ਤੇ ਕੰਮ ਕਰਦੀਆਂ ਹਨ। ਇਨ੍ਹਾਂ ਵਿਚੋਂ 29 ਫੀਸਦੀ ਔਰਤਾਂ ਏਸ਼ੀਆ ਤੇ ਪ੍ਰਸ਼ਾਂਤ ਮੁਲਕਾਂ ਵਿਚ, 21 ਫੀਸਦੀ ਤੋਂ ਵੱਧ ਉੱਤਰੀ ਅਮਰੀਕਾ ਵਿਚ, 19 ਫੀਸਦੀ ਯੂਰਪ ਵਿਚ, 13 ਫੀਸਦੀ ਅਫਰੀਕਾ ਵਿਚ, 11 ਫੀਸਦੀ ਲਾਤੀਨੀ ਤੇ ਦੱਖਣੀ ਅਮਰੀਕਾ ਤੇ ਪੰਜ ਫੀਸਦੀ ਅਰਬ ਮੁਲਕਾਂ ਵਿਚ ਕੰਮ ਕਰਦੀਆਂ ਹਨ। ਇਹ ਸਰਵੇਖਣ ਆਸਟਰੀਆ ਸਰਕਾਰ ਦੇ ਧਨ ਨਾਲ ਤੇ ਯੂਨੈਸਕੋ ਦੇ ਸਹਿਯੋਗ ਨਾਲ ਕਰਾਇਆ ਗਿਆ ਸੀ।

ਪੰਜਾਬ ਟਾਈਮਜ਼

*ਸਨਿਚਰਵਾਰ, 28 ਦਸੰਬਰ 2013*

## *ਸੰਘਰਸ਼ ਦੀ ਸਿਆਸਤ*

ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਵਿਖੇ ਮਰਨ ਵਰਤ ‘ਤੇ ਬੈਠੇ ਗੁਰਬਖਸ਼ ਸਿੰਘ ਖਾਲਸਾ ਨੇ ਬੰਦੀ ਸਿੱਖਾਂ ਦੀ ਰਿਹਾਈ ਲਈ ਸਰਕਾਰ ਨੂੰ ਮਜਬੂਰ ਕਰ ਦਿੱਤਾ ਹੈ। ਇਹ ਮਸਲਾ ਬੇਹੱਦ ਪੇਚੀਦਾ ਸੀ ਕਿਉਂਕਿ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਪਿਛਲੇ ਕੁਝ ਸਾਲਾਂ ਤੋਂ ਇਹ ਨੀਤੀ ਬਣਾਈ ਬੈਠੀ ਹੈ ਕਿ ਗਰਮ-ਖਿਆਲੀ ਸਿੱਖ ਆਗੂਆਂ ਨੂੰ ਕਿਸੇ ਨਾ ਕਿਸੇ ਕੇਸ ਵਿਚ ਉਲਝਾ ਕੇ ਜੇਲ੍ਹਾਂ ਅੰਦਰ ਹੀ ਡੱਕ ਕੇ ਰੱਖਿਆ ਜਾਵੇ। ਇਸ ਮਕਸਦ ਵਿਚ ਇਹ ਬਹੁਤ ਹੱਦ ਤੱਕ ਕਾਮਯਾਬ ਵੀ ਰਹੀ ਹੈ ਅਤੇ ਇਸ ਤਰ੍ਹਾਂ ਸਰਕਾਰ ਇਨ੍ਹਾਂ ਗਰਮ-ਖਿਆਲ ਆਗੂਆਂ ਦੀਆਂ ਸਰਗਰਮੀਆਂ ਡੱਕਣ ਜਾਂ ਘਟਾਉਣ ਵਿਚ ਸਫਲ ਵੀ ਰਹੀ ਹੈ; ਪਰ ਜਿਸ ਢੰਗ ਨਾਲ ਗੁਰਬਖਸ਼ ਸਿੰਘ ਵੱਲੋਂ ਸਜ਼ਾਵਾਂ ਕੱਟ ਚੁੱਕੇ ਬੰਦੀ ਸਿੱਖਾਂ ਦੀ ਰਿਹਾਈ ਲਈ ਸੰਘਰਸ਼ ਸ਼ੁਰੂ ਕੀਤਾ ਗਿਆ, ਉਸ ਨੇ ਸਰਕਾਰ ਨੂੰ ਚਾਰੇ ਖਾਨੇ ਚਿੱਤ ਕਰ ਦਿੱਤਾ। ਇਸ ਤੋਂ ਬਾਅਦ ਹੀ ਇਸ ਸੰਘਰਸ਼ ਨੂੰ ਲੀਹੋਂ ਲਾਹੁਣ ਲਈ ਕੋਝੇ ਯਤਨ ਵੀ ਸ਼ੁਰੂ ਹੋ ਗਏ ਸਨ। ਉਂਜ ਹੌਲੀ ਹੌਲੀ ਹੀ ਸਹੀ, ਇਸ ਸੰਘਰਸ਼ ਨੂੰ ਹੁੰਗਾਰਾ ਮਿਲਦਾ ਗਿਆ। ਅਖੀਰ ਸਰਕਾਰ ਨੂੰ ਇਸ ਮੁੱਦੇ ਬਾਰੇ ਦੋਚਿੱਤੀ ਛੱਡਣੀ ਪਈ ਅਤੇ ਨਾਲ ਹੀ ਬੰਦੀ ਸਿੱਖਾਂ ਨੂੰ ਰਿਹਾ ਕਰਨ ਦਾ ਅਮਲ ਵੀ ਸ਼ੁਰੂ ਕਰਨਾ ਪਿਆ। ਇਸ ਅਮਲ ਦੌਰਾਨ ਕੁਝ ਬੰਦੀ ਸਿੱਖਾਂ ਦੇ ਰਿਸ਼ਤੇਦਾਰਾਂ ਅਤੇ ਸੰਘਰਸ਼ ਨਾਲ ਜੁੜੇ ਆਗੂਆਂ ਵਿਚਕਾਰ ਤਲਖ-ਕਲਾਮੀ ਵੀ ਹੋਈ; ਇਕ-ਦੂਜੇ ਖਿਲਾਫ ਦੂਸ਼ਣਬਾਜ਼ੀ ਵੀ ਸਾਹਮਣੇ ਆਈ। ਇਕ ਮੋੜ ‘ਤੇ ਆਣ ਕੇ ਤਾਂ ਭਾਈ ਗੁਰਬਖਸ਼ ਸਿੰਘ ਨੂੰ ਖੁਦ ਇਹ ਕਹਿਣਾ ਪਿਆ ਕਿ ਸਟੇਜ ਤੋਂ ਇਉਂ ਦੂਸ਼ਣਬਾਜ਼ੀ ਨਾ ਕੀਤੀ ਜਾਵੇ। ਇਸ ਦੂਸ਼ਣਬਾਜ਼ੀ ਵਿਚ ਸੰਗਤ ਤੋਂ ਮਾਇਆ ਇਕੱਠੀ ਕਰਨ ਦਾ ਮੁੱਦਾ ਵੀ ਉਭਰ ਆਇਆ। ਇਕ ਵਾਰ ਤਾਂ ਉਸੇ ਤਰ੍ਹਾਂ ਦਾ ਮਾਹੌਲ ਬਣਦਾ ਦਿਸਿਆ ਜਿਸ ਤਰ੍ਹਾਂ ਦਾ ਮਾਹੌਲ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਤੁੜਵਾਉਣ ਮੌਕੇ ਆਪ-ਮੁਹਾਰੇ ਅਰੰਭ ਹੋਈ ਲਹਿਰ ਵੇਲੇ ਬਣ ਗਿਆ ਸੀ। ਉਸ ਵੇਲੇ ਭਾਈ ਰਾਜੋਆਣਾ ਅਤੇ ਬੱਬਰ ਖਾਲਸਾ ਨਾਲ ਸਬੰਧਤ ਜਗਤਾਰ ਸਿੰਘ ਹਵਾਰਾ ਤੇ ਜਰਮਨੀ ਵਿਚ ਰਹਿੰਦੇ ਬੱਬਰ ਖਾਲਸਾ ਦੇ ਇਕ ਹੋਰ ਆਗੂ ਰੇਸ਼ਮ ਸਿੰਘ ਵਿਚਕਾਰ ਦੂਸ਼ਣਬਾਜ਼ੀ ਸ਼ੁਰੂ ਹੋ ਗਈ ਸੀ। ਹੁਣ ਵਾਂਗ ਉਦੋਂ ਵੀ ਸਿੱਖ ਸੰਗਤ ਇਸ ਖਿੱਚਾ-ਧੂਹੀ ਤੋਂ ਪ੍ਰੇਸ਼ਾਨ ਹੋ ਉਠੀ ਸੀ। ਐਤਕੀ ਹਾਂ-ਪੱਖੀ ਗੱਲ ਇਹ ਹੋਈ ਹੈ ਕਿ ਇਹ ਮਾਮਲਾ ਵਧਣ ਤੋਂ ਪਹਿਲਾਂ ਹੀ ਨਜਿੱਠ ਲਿਆ ਗਿਆ ਹੈ।

ਜ਼ਾਹਿਰ ਹੈ ਕਿ ਅਜਿਹੇ ਸੰਘਰਸ਼ਾਂ ਦੌਰਾਨ ਅਜਿਹੇ ਮਸਲੇ ਅਤੇ ਮੁੱਦੇ ਲਗਾਤਾਰ ਰਾਹ ਦੇ ਰੋੜੇ ਬਣਨੇ ਹਨ, ਇਹ ਲੀਡਰਸ਼ਿਪ ਉਤੇ ਨਿਰਭਰ ਹੈ ਕਿ ਇਸ ਨੇ ਇਨ੍ਹਾਂ ਪਿਛਾਖੜੀ ਹਮਲਿਆਂ ਨਾਲ ਕਿੰਜ ਨਜਿੱਠਣਾ ਹੈ? ਇਕ ਸਾਲ ਪਹਿਲਾਂ ਦਿੱਲੀ ਵਿਚ ਸਮਾਜ-ਸੇਵੀ ਅੰਨਾ ਹਜ਼ਾਰੇ ਦੀ ਅਗਵਾਈ ਵਿਚ ਬਹੁਤ ਵੱਡੇ ਪੱਧਰ ਉਤੇ ਚੱਲੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦਾ ਹਸ਼ਰ ਲੋਕ ਦੇਖ ਚੁੱਕੇ ਹਨ। ਇਸ ਲਹਿਰ ਦੀ ਇਕਜੁਟਤਾ ਅੱਜ ਭੰਗ ਹੋ ਚੁੱਕੀ ਹੈ। ਹਾਕਮਾਂ ਨੂੰ ਹੋਰ ਕੀ ਚਾਹੀਦਾ ਹੁੰਦਾ ਹੈ? ਇਸ ਨੇ ਤਾਂ ਸੰਘਰਸ਼ਾਂ ਨੂੰ ਲੀਹੋਂ ਲਾਹੁਣ ਲਈ ਹਰ ਸੰਭਵ ਹੀਲਾ ਕਰਨਾ ਹੁੰਦਾ ਹੈ। ਜੇ ਸੰਘਰਸ਼ਸ਼ੀਲ ਲੋਕਾਂ ਦਾ ਹੀਲਾ ਸਰਕਾਰ ਦੇ ਇਸ ਹੀਲੇ ਨਾਲੋਂ ਥੋੜ੍ਹਾ ਜਿਹਾ ਵੀ ਪਿਛਾਂਹ ਰਹਿ ਜਾਂਦਾ ਹੈ ਤਾਂ ਗੱਡੀ ਲੀਹੋਂ ਲਹਿਣ ਦਾ ਖਦਸ਼ਾ ਬਣ ਜਾਂਦਾ ਹੈ। ਇਹੀ ਉਹ ਮੋੜ ਹੁੰਦਾ ਹੈ ਜਿਸ ਉਤੇ ਸੰਘਰਸ਼ਸ਼ੀਲ ਜਨਤਾ ਨੇ ਲਗਾਤਾਰ ਪਹਿਰਾ ਦੇਣਾ ਹੁੰਦਾ ਹੈ।

ਖੈਰ! ਛੇਤੀ ਹੀ ਲੋਕ ਸਭਾ ਚੋਣਾਂ ਹੋ ਰਹੀਆਂ ਹਨ। ਇਸ ਸਿਲਸਿਲੇ ਵਿਚ ਹਰ ਸਿਆਸੀ ਧਿਰ ਦੀ ਅੱਖ ਇਨ੍ਹਾਂ ਚੋਣਾਂ ਲਈ ਆਧਾਰ ਤਿਆਰ ਕਰਨ ‘ਤੇ ਲੱਗੀ ਹੋਈ ਹੈ। ਭਾਰਤ ਦਾ ਚੋਣ ਢਾਂਚਾ ਹੀ ਅਜਿਹਾ ਹੈ; ਜਿੱਥੇ ਕਿਤੇ ਚਾਰ ਬੰਦੇ ਇਕੱਠੇ ਹੁੰਦੇ ਹਨ, ਆਗੂ ਵਹੀਰਾਂ ਘੱਤ ਕੇ ਉਥੇ ਪਹੁੰਚਣੇ ਸ਼ੁਰੂ ਹੋ ਜਾਂਦੇ ਹਨ। ਇਸ ਚੋਣ ਸਿਆਸਤ ਦੇ ਚਲਦਿਆਂ ਹੀ ਪੰਜਾਬ ਵਿਚ ਹੁਣ ਤੋਂ ਹੀ ਨਵੇਂ ਸਿਆਸੀ ਸਮੀਕਰਨਾਂ ਦੀਆਂ ਵਿਉਂਤਬੰਦੀਆਂ ਉਜਾਗਰ ਹੋਣੀਆਂ ਸ਼ੁਰੂ ਹੋ ਗਈਆਂ ਹਨ। ਮੁੱਖ ਵਿਰੋਧੀ ਧਿਰ ਕਾਂਗਰਸ ਅਤੇ ਸਾਂਝੇ ਮੋਰਚੇ, ਜਿਸ ਵਿਚ ਸ. ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.), ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ), ਸੀ.ਪੀ.ਆਈ. ਤੇ ਸੀ.ਪੀ.ਐਮ. ਸ਼ਾਮਲ ਹਨ, ਵਿਚਕਾਰ ਚੋਣ ਸਮਝੌਤੇ ਦੀਆਂ ਖਬਰਾਂ ਨਸ਼ਰ ਹੋ ਰਹੀਆਂ ਹਨ। ਪੀ.ਪੀ.ਪੀ. ਅਤੇ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਵਿਚਕਾਰ ਤਾਲਮੇਲ ਦੀਆਂ ਕਨਸੋਆਂ ਵੀ ਮਿਲ ਰਹੀਆਂ ਹਨ। ਇਹ ਚਰਚਾ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਹੀ ਹੈ। ਦੋਹਾਂ ਧਿਰਾਂ ਦੇ ਆਗੂ ਇਸ ਬਾਰੇ ਅੱਜ ਤੱਕ ਖਾਮੋਸ਼ੀ ਧਾਰ ਕੇ ਬੈਠੇ ਹਨ। ਉਂਜ ਇਨ੍ਹਾਂ ਆਗੂਆਂ ਨੂੰ ਇਹ ਤਾਂ ਇਲਮ ਜ਼ਰੂਰ ਹੋ ਗਿਆ ਹੈ ਕਿ ਜੇ ਐਤਕੀਂ ਵੀ ਕੋਈ ਸਿਆਸੀ ਤਾਲਮੇਲ ਨਾ ਬਣਿਆ ਤਾਂ ਸੱਤਾਧਾਰੀ ਅਕਾਲੀ ਦਲ ਦਾ ਹੱਥ ਇਕ ਵਾਰ ਫਿਰ ਉਤਾਂਹ ਹੋ ਜਾਵੇਗਾ। ਇਨ੍ਹਾਂ ਸਭ ਧਿਰਾਂ ਦਾ ਦਾਈਆ ਹੈ ਕਿ ਲੋਕ ਸਭਾ ਚੋਣਾਂ ਵਿਚ ਵਿਰੋਧੀ ਧਿਰ ਦੀਆਂ ਵੋਟਾਂ ਵੰਡੀਆਂ ਨਾ ਜਾਣ ਕਿਉਂਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਇਨ੍ਹਾਂ ਵੋਟਾਂ ਦੇ ਵੰਡੇ ਜਾਣ ਕਾਰਨ ਹੀ ਸੂਬੇ ਵਿਚ ਅਕਾਲੀਆਂ ਦੀ ਸਰਕਾਰ ਦੁਬਾਰਾ ਬਣ ਗਈ ਸੀ ਅਤੇ ਕਾਂਗਰਸ ਤੇ ਪੀ.ਪੀ.ਪੀ. ਆਗੂ ਦੇਖਦੇ ਰਹਿ ਗਏ ਸਨ। ਹੁਣ ਦੇਖਣਾ ਇਹ ਹੈ ਕਿ ਵੱਖ-ਵੱਖ ਸਿਆਸੀ ਸੁਰਾਂ ਵਾਲੇ ਇਹ ਆਗੂ ਸੱਤਾਧਾਰੀ ਅਕਾਲੀਆਂ ਖਿਲਾਫ ਕਿਸ ਤਰ੍ਹਾਂ ਦੀ ਮੋਰਚਾਬੰਦੀ ਕਰਨ ਵਿਚ ਸਫਲ ਹੁੰਦੇ ਹਨ। ਪੰਜਾਬ ਦੀ ਸਿਆਸਤ ਦਾ ਅਗਲਾ ਪੈਂਡਾ ਇਸ ਸਿਆਸੀ ਤਾਲਮੇਲ ਉਤੇ ਹੀ ਟਿਕਿਆ ਹੋਇਆ ਹੈ। ਇਸ ਤਰ੍ਹਾਂ ਦੇ ਸਿਆਸੀ ਮਾਹੌਲ ਵਿਚ ਭਾਈ ਗੁਰਬਖਸ਼ ਸਿੰਘ ਖਾਲਸਾ ਦਾ ਸੰਘਰਸ਼ ਹੈ। ਇਨ੍ਹਾਂ ਗਹਿ-ਗੱਚ ਵੇਲਿਆਂ ਵਿਚ ਹੀ ਸੰਘਰਸ਼ ਦੀ ਲਹਿਰ ਨੇ ਚੱਲਣਾ ਹੁੰਦਾ ਹੈ। ਇਸੇ ਕਰ ਕੇ ਇਸ ਦਾ ਸਾਰਾ ਦਾਰੋਮਦਾਰ ਲੀਡਰਸ਼ਿਪ ਉਤੇ ਹੁੰਦਾ ਹੈ। ਸਿਆਸਤ ਦੇ ਖੇਤਰ ਵਿਚ ਸਮੀਕਰਨ ਬਦਲਦਿਆਂ ਦੇਰ ਨਹੀਂ ਲਗਦੀ। ਸੰਘਰਸ਼ ਦੇ ਲੀਡਰਾਂ ਅੱਗੇ ਬੱਸ ਇਹੀ ਵੰਗਾਰ ਹੈ। ਇਨ੍ਹਾਂ ਵੇਲਿਆਂ ਨੇ ਹੀ ਤੈਅ ਕਰਨਾ ਹੈ ਕਿ ਸੰਘਰਸ਼ ਨੂੰ ਅਗਾਂਹ ਕਿਸ ਤਰ੍ਹਾਂ ਦੀ ਰੂਪ-ਰੇਖਾ ਦੇਣੀ ਹੈ ਅਤੇ ਸੰਘਰਸ਼ ਲਈ ਰਾਹ ਅਗਾਂਹ ਕਿਸ ਤਰ੍ਹਾਂ ਖੋਲ੍ਹਣੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸੰਗਤ ਤੇ ਘੜੰਮ ਚੌਧਰੀ*

ਘੋਲ ਭਖਿਆ ਐਸਾ ਗੁਰੂ ਘਰ ਅੰਦਰ, ਸੰਗਤ ਆਈ ਜਾਂਦੀ ਲੋਕ ਜਾਈ ਜਾਂਦੇ।
ਜਿਹੜੇ ਘੋਲਾਂ ਦੇ ਨਾਂ ਤੋਂ ਵੀ ਤ੍ਰਹਿਕਦੇ ਸੀ ਉਹ ਵੀ ਆਣ ਕੇ ਹਾਜ਼ਰੀ ਲੁਆਈ ਜਾਂਦੇ।
ਕੁਝ ਖੱਟਣੇ ਨੂੰ ਖੱਟੀਆਂ ਇਸ ਮਾਮਲੇ ਤੋਂ, ਦਰੀਆਂ ਉਤੇ ਸਨ ਲੱਤਾਂ ਵਿਛਾਈ ਜਾਂਦੇ।
ਰੱਖੀਂ ਮਿਹਰ ਤੂੰ ਮੇਰੇ ਖਾਲਸਾ ਜੀਉ, ਇਹ ਤਾਂ ਇੰਜ ਹੀ ਛੁਰੀਆਂ ਚਲਾਂਵਦੇ ਨੇ।
ਮੋਢਾ ਕਿਸੇ ਦਾ ਕਿਸੇ ਦੀ ਬੰਦੂਕ ਲੈ ਕੇ, ਸਦਾ ਆਪਣੀਆਂ ਚੌਧਰਾਂ ਚਮਕਾਂਵਦੇ ਨੇ।

# ਬੰਦੀ ਸਿੱਖਾਂ ਦੀ ਰਿਹਾਈ ਤੇ ਸੰਘਰਸ਼ ਦੀ ਰੂਪ-ਰੇਖਾ

*ਗੁਰਬਖ਼ਸ਼ ਸਿੰਘ ਦਾ ਮਰਨ ਵਰਤ ਸ਼ੁਰੂ ਹੋਣ ਤਕ, ਇਸ ਮੁੱਦੇ ਉਤੇ ਸਭ ਰਾਜਸੀ ਪਾਰਟੀਆਂ ਖਾਮੋਸ਼ ਰਹੀਆਂ। ਹੁਣ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੁਝ ਹਿਲ-ਜੁਲ ਕੀਤੀ ਹੈ। ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਵੀ ਮੂੰਹ ਤੋਂ ਛਿੱਕਲੀ ਲਾਹੀ ਹੈ। ਸਵਾਲ ਉਠਦਾ ਕਿ ਇਨ੍ਹਾਂ ਪਾਰਟੀਆਂ ਦੀ ਇਸ ਮਸਲੇ ਵਿਚ ਪਹਿਲਾਂ ਕੀ ਕਾਰਗੁਜ਼ਾਰੀ ਰਹੀ ਹੈ। ਖੱਬੀਆਂ ਤੇ ਸੱਜੀਆਂ ਰਾਜਸੀ ਧਿਰਾਂ ਦੇ ਕੁਝ ਸਾਧਾਰਨ ਆਗੂਆਂ ਨੇ ਦੱਬੀ ਸੁਰ ਵਿਚ ਹਾਅ ਦਾ ਨਾਹਰਾ ਤਾਂ ਮਾਰਿਆ ਹੈ ਪਰ ਲੋਕ ਪੱਖੀ ਹੋਣ ਦੇ ਦਾਅਵੇ ਕਰਨ ਵਾਲੀਆਂ ਰਾਜਸੀ ਪਾਰਟੀਆਂ ਨੇ ਕੋਈ ਸਾਰਥਕ ਕਦਮ ਨਹੀਂ ਚੁੱਕਿਆ। ਇਸ ਸੰਘਰਸ਼ ਦੇ ਹੱਕ ਵਿਚ ਵੱਡੀ ਲੋਕ ਲਹਿਰ ਦੇ ਨਾ ਉਸਰਨ ਦਾ ਕਾਰਨ ਰਾਜਸੀ ਪਾਰਟੀਆਂ ਵੱਲੋਂ ਆਪਣੇ ਮੁਫਾਦਾਂ ਦਾ ਨਾ ਛੱਡਣਾ ਵੀ ਹੋ ਸਕਦਾ ਪਰ ਗੁਰਬਖ਼ਸ਼ ਸਿੰਘ ਦੇ ਦੁਆਲੇ ਉਨ੍ਹਾਂ ਦੇ ਹਮਾਇਤੀਆਂ ਦਾ ਘੇਰਾ ਅਤੇ ਸੰਘਰਸ਼ ਦੀ ਰੂਪ-ਰੇਖਾ ਤਿਆਰ ਵਾਲਿਆਂ ਦੀਆਂ ਨੀਤੀਆਂ ਵੀ ਘੱਟ ਦੋਸ਼ੀ ਨਹੀਂ ਹਨ।*

ਮਿਲੀਆਂ ਸਜ਼ਾਵਾਂ ਭੁਗਤਣ ਤੋਂ ਬਾਅਦ ਵੀ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਗੁਰਬਖ਼ਸ਼ ਸਿੰਘ ਵੱਲੋਂ ਰੱਖੇ ਮਰਨ ਵਰਤ ਨੇ ਪੰਜਾਬੀ ਸੂਬੇ ਲਈ ਮਰਨ ਵਰਤ ਰੱਖ ਕੇ ਸ਼ਹਾਦਤ ਦੇਣ ਵਾਲੇ ਆਗੂ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹਾਦਤ ਯਾਦ ਕਰਵਾ ਦਿੱਤੀ ਹੈ। ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹਾਦਤ ਦਾ ਕੀ ਮੁੱਲ ਪਿਆ? ਉਸ ਦੀ ਆਪਣੀ ਅਕਾਲੀ ਪਾਰਟੀ ਸਮੇਤ ਕਿੰਨੇ ਕੁ ਲੋਕਾਂ ਨੂੰ ਉਹ ਅੱਜ ਯਾਦ ਹਨ, ਜਾਂ ਕਿੰਨੇ ਕੁ ਉਨ੍ਹਾਂ ਨੂੰ ਯਾਦ ਕਰਦੇ ਹਨ? ਸਿਵਾਏ ਇਸ ਗੱਲ ਦੇ ਕਿ ਉਨ੍ਹਾਂ ਦੇ ਇਲਾਕੇ ਦੇ ਲੋਕਾਂ ਨੇ ਅੰਮ੍ਰਿਤਸਰ ਦੇ ਰਈਆ ਕਸਬੇ ਵਿਚ ਜੀ.ਟੀ. ਰੋਡ ਉਤੇ ਉਨ੍ਹਾਂ ਦੀ ਯਾਦ ਵਿਚ ਕੁੜੀਆਂ ਦਾ ਕਾਲਜ ਬਣਾ ਦਿੱਤਾ। ਉਥੇ ਉਨ੍ਹਾਂ ਦੀ ਯਾਦ ਵਿਚ ਹੁੰਦਾ ਸਾਲਾਨਾ ਸਮਾਗਮ ਸਾਧਾਰਨ ਤੇ ਸਥਾਨਕ ਸਮਾਗਮ ਤੋਂ ਵੱਧ ਨਹੀਂ ਹੁੰਦਾ। ਸ਼ਹੀਦ ਦਾ ਸ਼ਹੀਦੀ ਸਮਾਗਮ ਦੇਖਿਆਂ ਤਾਂ ਦੇਰ ਹੋ ਗਈ, ਜਿੰਨੀ ਕੁ ਵਾਰ ਉਥੇ ਗਿਆ ਹਾਂ, ਜੁੜਦੇ ਇਕੱਠ ਨਾਲੋਂ ਵੱਧ ਕਿਸੇ ਰਾਜਸੀ ਨੇਤਾ ਦੇ ਮੁੰਡੇ ਕੁੜੀ ਦੇ ਵਿਆਹ 'ਤੇ ਜ਼ਿਆਦਾ ਭੀੜ ਇਕੱਠੀ ਹੋਈ ਹੁੰਦੀ ਹੈ।

ਗੁਰਬਖ਼ਸ਼ ਸਿੰਘ ਵੱਲੋਂ ਰੱਖਿਆ ਮਰਨ ਵਰਤ ਡੇਢ ਮਹੀਨੇ ਨੂੰ ਢੁੱਕ ਚੁੱਕਾ ਹੈ। ਉਸ ਦੇ ਸ਼ਾਂਤਮਈ ਸੰਘਰਸ਼ ਨੂੰ ਭਾਵੇਂ ਭਾਰਤੀ ਮੀਡੀਆ ਨੇ ਬਣਦੀ ਥਾਂ ਨਹੀਂ ਦਿੱਤੀ ਪਰ ਬੀ.ਬੀ.ਸੀ. ਅਤੇ ਸੀ.ਐਨ.ਐਨ. ਵਰਗੀਆਂ ਵਕਾਰੀ ਸੰਸਥਾਵਾਂ ਨੇ ਢੁੱਕਵਾਂ ਪ੍ਰਸਾਰਨ ਕੀਤਾ ਹੈ। ਪੰਜਾਬ ਦੇ ਕੁਝ ਨਾਮੀ ਕਲਾਕਾਰਾਂ ਤੇ ਰਾਗੀਆਂ ਢਾਡੀਆਂ ਨੇ ਉਨ੍ਹਾਂ ਦੀ ਹਮਾਇਤ ਕੀਤੀ ਅਤੇ ਮਰਨ ਵਰਤ ਵਾਲੇ ਸਥਾਨ ਗੁਰਦੁਆਰਾ ਅੰਬ ਸਾਹਿਬ ਜਾ ਕੇ ਹਾਅ ਦਾ ਨਾਹਰਾ ਵੀ ਮਾਰਿਆ; ਪਰ ਸਭ ਤੋਂ ਵੱਡਾ ਸਵਾਲ ਹੈ ਕਿ ਗੁਰਬਖ਼ਸ਼ ਸਿੰਘ ਵੱਲੋਂ ਦ੍ਰਿੜਤਾ ਨਾਲ ਚੁੱਕੇ ਕੁਰਬਾਨੀ ਵਾਲੇ ਕਦਮ ਦੇ ਬਾਵਜੂਦ ਉਨ੍ਹਾਂ ਦਾ ਸੰਘਰਸ਼ ਲੋਕ ਲਹਿਰ ਕਿਉਂ ਨਹੀਂ ਬਣ ਸਕਿਆ? ਇਸ ਸਵਾਲ ਦੇ ਜਵਾਬ ਵੱਖੋ-ਵੱਖਰੇ ਹੋ ਸਕਦੇ ਹਨ।

ਬਹੁਤੇ ਲੋਕ ਰਾਜਸੀ ਪਾਰਟੀਆਂ ਨੂੰ ਕੋਸਦੇ ਹਨ, ਤੇ ਸਭ ਤੋਂ ਵੱਧ ਸੱਤਾਧਾਰੀ ਅਕਾਲੀ ਦਲ ਨੂੰ। ਨਿਰਸੰਦੇਹ, ਇਹ ਵਾਜਿਬ ਹੈ ਕਿ ਇਹ ਮਸਲੇ ਦੀਆਂ ਜੜ੍ਹਾਂ ਅਕਾਲੀ ਦਲ ਦੇ ਧਰਮ ਯੁੱਧ ਮੋਰਚੇ ਵਿਚ ਹਨ ਅਤੇ ਮੌਜੂਦਾ ਦੌਰ ਵਿਚ ਉਹ ਸੱਤਾ 'ਤੇ ਕਾਬਜ਼ ਹਨ। ਗੁਰਬਖ਼ਸ਼ ਸਿੰਘ ਦਾ ਮਰਨ ਵਰਤ ਸ਼ੁਰੂ ਹੋਣ ਤਕ, ਇਸ ਮੁੱਦੇ ਉਤੇ ਸਭ ਰਾਜਸੀ ਪਾਰਟੀਆਂ ਖਾਮੋਸ਼ ਰਹੀਆਂ। ਹੁਣ ਹਾਲਾਤ ਨੂੰ ਨਾਜ਼ੁਕ ਮੋੜ 'ਤੇ ਪੁੱਜਣ ਤੋਂ ਪਹਿਲਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੁਝ ਹਿਲ-ਜੁਲ ਕੀਤੀ ਹੈ। ਸਾਬਕਾ ਮੁੱਖ ਮੰਤਰੀ ਤੇ ਕਾਂਗਰਸੀ ਆਗੂ ਅਮਰਿੰਦਰ ਸਿੰਘ ਨੇ ਵੀ ਮੂੰਹ ਤੋਂ ਛਿੱਕਲੀ ਲਾਹੀ ਹੈ। ਸਵਾਲ ਉਠਦਾ ਕਿ ਇਨ੍ਹਾਂ ਪਾਰਟੀਆਂ ਦੀ ਇਸ ਮਸਲੇ ਦੇ ਪ੍ਰਸੰਗ ਵਿਚ ਪਹਿਲਾਂ ਕੀ ਕਾਰਗੁਜ਼ਾਰੀ ਰਹੀ ਹੈ। ਖੱਬੀਆਂ ਲਾਲ ਤੇ ਸੱਜੀਆਂ ਸੰਗਤਰੀ ਰਾਜਸੀ ਧਿਰਾਂ ਦੇ ਕੁਝ ਸਾਧਾਰਨ ਆਗੂਆਂ ਨੇ ਦੱਬੀ ਸੁਰ ਵਿਚ ਹਾਅ ਦਾ ਨਾਹਰਾ ਤਾਂ ਮਾਰਿਆ ਹੈ ਪਰ ਲੋਕ ਪੱਖੀ ਹੋਣ ਦੇ ਦਾਅਵੇ ਕਰਨ ਵਾਲੀਆਂ ਰਾਜਸੀ ਪਾਰਟੀਆਂ ਨੇ ਕੋਈ ਸਾਰਥਕ ਕਦਮ ਨਹੀਂ ਚੁੱਕਿਆ। ਗੁਰਬਖ਼ਸ਼ ਸਿੰਘ ਦੇ ਸੰਘਰਸ਼ ਦੇ ਹੱਕ ਵਿਚ ਵੱਡੀ ਲੋਕ ਲਹਿਰ ਦੇ ਨਾ ਉਸਰਨ ਦਾ ਕਾਰਨ ਰਾਜਸੀ ਪਾਰਟੀਆਂ ਵੱਲੋਂ ਆਪਣੇ ਮੁਫਾਦਾਂ ਦਾ ਨਾ ਛੱਡਣਾ ਵੀ ਹੋ ਸਕਦਾ ਪਰ ਗੁਰਬਖ਼ਸ਼ ਸਿੰਘ ਦੇ ਦੁਆਲੇ ਉਨ੍ਹਾਂ ਦੇ ਹਮਾਇਤੀਆਂ ਦਾ ਵਗਲਿਆ ਘੇਰਾ ਅਤੇ ਸੰਘਰਸ਼ ਦੀ ਰੂਪ-ਰੇਖਾ ਤਿਆਰ ਵਾਲਿਆਂ ਦੀਆਂ ਨੀਤੀਆਂ ਵੀ ਘੱਟ ਦੋਸ਼ੀ ਨਹੀਂ ਹਨ। ਜਿਸ ਤਰੀਕੇ ਨਾਲ ਇਸ ਸੰਘਰਸ਼ ਦਾ ਪ੍ਰਚਾਰ ਕੀਤਾ ਗਿਆ, ਉਹੀ ਲੋਕ ਲਹਿਰ ਨਾ ਬਣਨ ਦਾ ਸਭ ਤੋਂ ਵੱਡਾ ਕਾਰਨ ਬਣਿਆ ਹੈ।

ਦਰਅਸਲ, ਸਜ਼ਾ ਭੁਗਤ ਚੁੱਕੇ, ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਅਸਲ ਵਿਚ ਸਿੱਖਾਂ ਨਾਲ ਵਿਤਕਰੇ ਦਾ ਮਸਲਾ ਨਹੀਂ ਹੈ। ਇਹ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਦਾ ਮਸਲਾ ਹੈ। ਜਦੋਂ ਇਸ ਨੂੰ ਭਾਰਤ ਵਿਚ ਸਿੱਖਾਂ ਨਾਲ ਵਿਤਕਰੇ ਦਾ ਮੁੱਦਾ ਬਣਾ ਕੇ ਪੇਸ਼ ਕੀਤਾ ਗਿਆ ਤਾਂ ਇਸ ਨੂੰ ਨਾ ਤਾਂ ਪੰਜਾਬੀ (ਸਿੱਖਾਂ) ਲੋਕਾਂ ਨੇ ਗੰਭੀਰਤਾ ਨਾਲ ਲਿਆ ਤੇ ਨਾ ਹੀ ਵਿਦੇਸ਼ੀ ਸਰਕਾਰਾਂ ਨੇ ਇਸ ਨੂੰ ਬਹੁਤਾ ਗੌਲਿਆ। ਅਮਰੀਕਾ ਸਮੇਤ ਕਈ ਹੋਰ ਦੇਸ਼ਾਂ ਦੀਆਂ ਸਿੱਖ ਜਥੇਬੰਦੀਆਂ ਨੇ ਹੁਣ ਯੂ.ਐਨ.ਓ. ਤੱਕ ਪਹੁੰਚ ਕੀਤੀ ਹੈ। ਯੂ.ਐਨ.ਓ. ਅਧੀਨ ਮਨੁੱਖੀ ਅਧਿਕਾਰਾਂ ਸਬੰਧੀ ਕੰਮ ਕਰਦੀਆਂ ਵੱਖੋ-ਵੱਖਰੀਆਂ ਸੰਸਥਾਵਾਂ ਨੇ ਸਿਰਫ਼ ਧਰਵਾਸਾ ਦੇਣ ਤੋਂ ਬਿਨਾਂ ਅਜੇ ਤਕ ਕੋਈ ਠੋਸ ਕਦਮ ਨਹੀਂ ਚੁੱਕਿਆ। ਇਸ ਦਾ ਵੱਡਾ ਕਾਰਨ ਇਹ ਵੀ ਹੈ ਕਿ ਸ਼ਿਕਾਇਤ ਕਰਨ ਵਾਲੀਆਂ ਕਈ ਵਿਦੇਸ਼ੀ ਸਿੱਖ ਸੰਸਥਾਵਾਂ ਦੇ ਨੁਮਾਇੰਦੇ ਸਿੱਖ ਮਸਲਿਆਂ ਜਾਂ ਪੰਜਾਬ ਸਮੱਸਿਆ ਨੂੰ ਆਪਣੇ ਨਿੱਜੀ ਹਿੱਤਾਂ ਲਈ ਵਰਤਦੇ ਰਹੇ ਹਨ। ਉਂਝ, ਸਭ ਤੋਂ ਵੱਡਾ ਸਵਾਲ ਸਜ਼ਾ ਭੁਗਤ ਚੁੱਕੇ, ਜੇਲ੍ਹਾਂ ਵਿਚ ਬੈਠੇ ਸਿੱਖਾਂ ਦੀ ਸੂਚੀ ਹੈ। ਅਸਲ ਵਿਚ ਸੰਘਰਸ਼ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਬੰਧਕਾਂ ਨੂੰ ਸਾਰੇ ਪੀੜਤ ਸਿੱਖਾਂ ਦੇ ਨਾਵਾਂ ਦੀ ਸੂਚੀ ਜਾਰੀ ਕਰਨੀ ਚਾਹੀਦੀ ਸੀ। ਪੱਤਰਕਾਰੀ ਨਾਲ ਜੁੜੇ ਲੋਕ ਸੂਚੀ ਮੰਗਦੇ ਸਨ ਪਰ ਸ਼ੁਰੂ ਵਿਚ ਕੋਈ ਸੂਚੀ ਹੈ ਹੀ ਨਹੀਂ ਸੀ। ਬਾਅਦ ਵਿਚ ਜਿਹੜੀ ਸੂਚੀ ਸਾਹਮਣੇ ਆਈ, ਉਸ ਵਿਚ ਸਿਰਫ਼ ਅੱਠ ਨਾਂ ਸਨ। ਇਨ੍ਹਾਂ ਵਿਚੋਂ ਛੇ ਬੰਦੀ ਸਿੱਖਾਂ ਦੀਆਂ ਫੋਟੋਆਂ ਵੀ ਜਾਰੀ ਕੀਤੀਆਂ ਗਈਆਂ। ਇਹ ਸੂਚੀ ਛਪਣ ਨਾਲ ਗੁਰਬਖ਼ਸ਼ ਸਿੰਘ ਦਾ ਮਨੁੱਖੀ ਅਧਿਕਾਰਾਂ ਦੀ ਬਹਾਲੀ ਦਾ ਸੰਘਰਸ਼ ਗਰਮ-ਖਿਆਲ ਸਿੱਖਾਂ ਦੀ ਇਕ ਧਿਰ ਨਾਲ ਜੁੜ ਗਿਆ। ਪ੍ਰਬੰਧਕਾਂ ਵੱਲੋਂ ਜਿਨ੍ਹਾਂ ਸਿੱਖਾਂ ਦੀ ਗੱਲ ਕੀਤੀ ਜਾ ਰਹੀ ਹੈ, ਉਨ੍ਹਾਂ ਦਾ ਸਬੰਧ ਪੰਜਾਬ ਵਿਚ ਚੱਲੀ ਸਿੱਖ ਖਾੜਕੂ ਲਹਿਰ ਨਾਲ ਹੈ ਤੇ ਉਸ ਲਹਿਰ ਵਿਚ ਖਾੜਕੂਆਂ ਦੇ ਕਈ ਧੜੇ ਸਨ। ਸੋ, ਕੁਝ ਸਿੱਖਾਂ ਦੇ ਨਾਂ ਜਾਰੀ ਹੋਣ ਨਾਲ ਅਜਿਹਾ ਹੋਣਾ ਸੁਭਾਵਿਕ ਸੀ, ਪਰ ਹੁਣ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਦੂਜੀ ਵਾਰ ਜਾਰੀ ਹੋਈ ਲਿਸਟ ਸਵਾ ਸੌ ਨੂੰ ਜਾ ਪੁੱਜੀ ਅਤੇ ਹੁਣ ਅੰਕੜਾ ਦੋ ਸੌ ਪਾਰ ਚੁੱਕਾ ਹੈ।

**ਹਰਜਿੰਦਰ ਦੁਸਾਂਝ**

**ਫੋਨ: 530-301-1753**

ਇਸ ਤੋਂ ਅਗਲਾ ਅਹਿਮ ਸਵਾਲ ਹੈ ਕਿ ਕੀ ਇਹ ਸੱਚਮੁੱਚ ਸਿੱਖ ਵਿਰੋਧੀ ਵਰਤਾਰਾ ਹੈ? ਇਸ ਦਾ ਠੋਸ ਜਵਾਬ ਕਿਸ ਕੋਲ ਹੈ ਭਲਾ? ਦੇਖਣ-ਸਮਝਣ ਵਾਲੀ ਗੱਲ ਇਹ ਹੈ ਕਿ ਭਾਰਤ ਦਾ ਸਮੁੱਚਾ ਜੇਲ੍ਹ ਪ੍ਰਬੰਧ ਕਿਹੋ ਜਿਹਾ ਹੈ ਅਤੇ ਸਿੱਖਾਂ ਸਮੇਤ ਹੋਰ ਕਿੰਨੇ ਕੈਦੀ ਸਜ਼ਾ ਭੁਗਤਣ ਪਿੱਛੋਂ ਵੀ ਜੇਲ੍ਹਾਂ ਵਿਚ ਬੰਦ ਹਨ। ਸਜ਼ਾ ਖ਼ਤਮ ਹੋਣ ਪਿੱਛੋਂ ਜੇ ਇਕੱਲੇ ਸਿੱਖ ਹੀ ਜੇਲ੍ਹਾਂ ਵਿਚ ਬੰਦ ਹਨ ਤਾਂ ਇਹ ਪੱਖਪਾਤ ਦਾ ਮੁੱਦਾ ਬਣਦਾ ਹੈ ਪਰ ਉਥੇ ਤਾਂ ਸਿੱਖਾਂ ਤੋਂ ਵੱਧ ਹਿੰਦੂ, ਮੁਸਲਮਾਨ, ਬੋਧੀ, ਪਾਰਸੀ ਤੇ ਅਨੇਕਾਂ ਹੋਰ ਸਜ਼ਾ ਭੁਗਤਣ ਪਿੱਛੋਂ ਵੀ ਸੀਖਾਂ ਪਿੱਛੇ 'ਬੰਧਨ ਛੁਟਣ' ਦੀ ਉਡੀਕ ਵਿਚ ਹਨ। ਇਸ ਲਈ ਜੇ ਗੁਰਬਖ਼ਸ਼ ਸਿੰਘ ਤੇ ਉਨ੍ਹਾਂ ਦੇ ਸਾਥੀ ਇਸ ਨੂੰ ਸਿੱਖ ਸੰਘਰਸ਼ ਨਾ ਬਣਾ ਕੇ ਸਾਂਝੀਵਾਲਤਾ ਵਾਲਾ ਮਨੁੱਖੀ ਹੱਕਾਂ ਦਾ ਸੰਘਰਸ਼ ਬਣਾਉਂਦੇ, ਤਾਂ ਕੋਈ ਕਾਰਨ ਨਹੀਂ ਸੀ ਕਿ ਇਹ ਲੋਕ ਸੰਘਰਸ਼ ਨਾ ਬਣਦਾ ਅਤੇ ਕੌਮਾਂਤਰੀ ਪੱਧਰ ਉਤੇ ਇਸ ਨੂੰ ਭਰਵਾਂ ਹੁੰਗਾਰਾ ਮਿਲਦਾ!

ਇਸ ਦੀ ਸਭ ਤੋਂ ਵੱਡੀ ਮਿਸਾਲ ਦੁਨੀਆਂ ਵਿਚ ਸਭ ਤੋਂ ਲੰਮੀ ਭੁੱਖ ਹੜਤਾਲ ਕਰਨ ਵਾਲੀ ਮਨੀਪੁਰ ਸੂਬੇ ਦੀ ਕੁੜੀ ਇਰੋਮ ਚਾਨੂੰ ਸ਼ਰਮੀਲਾ ਸਿੰਘ ਹੈ। ਦੋ ਨਵੰਬਰ 2000 ਨੂੰ ਉਸ ਨੇ ਮਨੀਪੁਰ ਵਿਚ ਪੁਲਿਸ ਵਧੀਕੀਆਂ ਅਤੇ ਸੂਬੇ ਵਿਚ ਅਰਧ-ਫੌਜੀ ਸੇਵਾਵਾਂ ਦੇ ਕਰਿੰਦਿਆਂ ਵੱਲੋਂ ਸੂਬੇ ਵਿਚ ਕੀਤੇ ਜਬਰ ਜਨਾਹ ਦੇ ਖ਼ਿਲਾਫ਼ ਮਰਨ ਵਰਤ ਸ਼ੁਰੂ ਕੀਤਾ ਸੀ। ਉਸ ਦੇ ਮਾਮਲੇ ਵਿਚ ਭਾਰਤ ਸਰਕਾਰ ਅਤੇ ਸਭ ਰਾਜਸੀ ਪਾਰਟੀਆਂ ਖਾਮੋਸ਼ ਹਨ। ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਆਪਣੇ ਰਾਜਸੀ ਹਿੱਤਾਂ ਖਾਤਿਰ ਉਸ ਦੀ ਹਮਾਇਤ ਕਰ ਰਹੀ ਹੈ। ਨਕਸਲੀ ਗਰੁੱਪ ਠੋਕ-ਵਜਾ ਕੇ ਉਸ ਦੀ ਹਮਾਇਤ ਕਰ ਰਹੇ ਹਨ। ਦੇਖਣ ਵਾਲੀ ਗੱਲ ਹੈ ਕਿ ਉਸ ਨੇ ਮਨੀਪੁਰ ਦੇ ਲੋਕਾਂ ਲਈ ਵਿੱਢਿਆ ਸੰਘਰਸ਼ ਸਮੁੱਚੀ ਮਨੁੱਖਤਾ, ਸਮੂਹ ਭਾਰਤੀ ਲੋਕਾਂ ਦੇ ਮਨੁੱਖੀ ਅਧਿਕਾਰਾਂ ਨਾਲ ਜੋੜ ਕੇ, ਇਸ ਦਾ0 ਘੇਰਾ ਮੋਕਲਾ ਕਰ ਲਿਐ। ਅੱਜ ਉਸ ਨੂੰ ਪੂਰੀ ਦੁਨੀਆਂ ਵਿਚੋਂ ਸਮਰਥਨ ਮਿਲ ਰਿਹਾ ਹੈ। ਕੌਮਾਂਤਰੀ ਪੱਧਰ ਉਤੇ ਉਹ ਸਨਮਾਨਿਤ ਹੋ ਚੁੱਕੀ ਹੈ। ਇੱਥੋਂ ਤੱਕ ਕਿ ਸਰਕਾਰੀ ਹੁਕਮਾਂ ਨੂੰ ਅੱਖੋਂ ਪਰੋਖੇ ਕਰ ਕੇ ਪੂਨਾ ਯੂਨੀਵਰਸਿਟੀ ਨੇ ਉਸ ਦੇ ਨਾਂ 'ਤੇ ਕੁੜੀਆਂ ਲਈ ਸਕਾਲਰਸ਼ਿਪ ਸ਼ੁਰੂ ਕਰ ਦਿੱਤਾ ਹੈ। ਪਿਛਲੇ ਚੌਦਾਂ ਸਾਲਾਂ ਤੋਂ ਉਸ ਨੇ ਮੂੰਹ ਨੂੰ ਪਾਣੀ ਜਾਂ ਅੰਨ ਨਹੀਂ ਲਾਇਆ ਉਹ ਪੁਲਿਸ ਹਿਰਾਸਤ ਵਿਚ ਹੈ ਅਤੇ ਉਸ ਨੂੰ ਨਾਲੀਆਂ ਰਾਹੀਂ ਜਬਰੀ ਸਿੰਥੈਟਿਕ ਖਾਣਾ ਦਿੱਤਾ ਜਾ ਰਿਹਾ ਹੈ। ਹੁਣ ਉਸ ਦੇ ਸੰਘਰਸ਼ ਅੱਗੇ ਅਤੇ ਉਭਰ ਰਹੇ ਕੌਮਾਂਤਰੀ ਦਬਾਅ ਸਾਹਮਣੇ ਭਾਰਤੀ ਸਰਕਾਰ ਲਿਫਦੀ ਦਿਸਦੀ ਹੈ। ਇਥੇ ਇਹ ਗੱਲ ਦੇਖਣ ਵਾਲੀ ਹੈ ਕਿ ਜੇ ਗੁਰਬਖ਼ਸ਼ ਸਿੰਘ ਨੂੰ ਭਾਰਤੀ ਮੀਡੀਆ ਨੇ ਬਣਦੀ ਕਵਰੇਜ ਨਹੀਂ ਦਿੱਤੀ ਤਾਂ ਪਿਛਲੇ ਚੌਦਾਂ ਸਾਲਾਂ ਵਿਚ ਚਾਨੂੰ ਸ਼ਰਮੀਲਾ ਨੂੰ ਵੀ ਕਿੰਨੀ ਕੁ ਕਵਰੇਜ ਮਿਲੀ ਹੈ? ਇਹ ਦੇਖ ਕੇ ਮੀਡੀਆ ਉਤੇ ਪੱਖਪਾਤ ਦਾ ਲਗਦਾ ਦੋਸ਼ ਵੀ ਨਿਰਮੂਲ ਹੀ ਲਗਦਾ ਹੈ। ਫਰਕ ਸਿਰਫ਼ ਇਹ ਹੈ ਕਿ ਗੁਰਬਖ਼ਸ਼ ਸਿੰਘ ਦੇ ਸਾਥੀ ਸੰਘਰਸ਼ ਦਾ ਘੇਰਾ ਤੰਗ ਰੱਖਦੇ ਹਨ ਤੇ ਚਾਨੂੰ ਦੇ ਸਾਥੀ ਮੋਕਲਾ।

ਜਦ ਪੰਜਾਬੀ ਕਲਾਕਾਰ ਗੁਰਦਾਸ ਮਾਨ, ਗੁਰਬਖ਼ਸ਼ ਸਿੰਘ ਦੇ ਹੱਕ ਵਿਚ ਪੁੱਜਿਆ ਤਾਂ ਉਸ ਨੂੰ ਦਾੜ੍ਹੀ ਕੇਸ ਰੱਖਣ ਤੇ ਅੰਮ੍ਰਿਤਪਾਨ ਕਰਨ ਲਈ ਜ਼ੋਰ ਦੇਣ ਵਰਗਾ ਕੰਮ, ਸੰਘਰਸ਼ ਨੂੰ ਲੋਕਾਂ ਨਾਲੋਂ ਨਿਖੇੜਨ ਵਾਲਾ ਕਦਮ ਹੀ ਹੈ। ਇਸ ਬਾਰੇ ਗੁਰਦਾਸ ਮਾਨ ਦਾ ਸਪਸ਼ਟ ਕਹਿਣਾ ਸੀ ਕਿ ਉਹ ਅੰਮ੍ਰਿਤ ਛਕਣ ਨਹੀਂ, ਮਨੁੱਖੀ ਹੱਕਾਂ ਦੀ ਹਮਾਇਤ ਲਈ ਆਇਆ ਹੈ। ਨਾਲੇ, ਇਹ ਦੋਸ਼ ਦੇਣਾ ਕਿ ਪੰਜਾਬ ਦੇ ਲੋਕਾਂ ਦੀ ਸੋਚ ਖੁੰਢੀ ਹੋ ਗਈ ਹੈ, ਕੁਰਬਾਨੀ ਵਾਲਾ ਜਜ਼ਬਾ ਪਹਿਲਾਂ ਵਾਲਾ ਨਹੀਂ, ਇਸ ਵਿਚ ਕੋਈ ਸਚਾਈ ਨਹੀਂ। ਜੇ ਸੰਘਰਸ਼ ਦੇ ਆਗੂਆਂ ਵਿਚ ਗੁਰਬਖ਼ਸ਼ ਸਿੰਘ ਵਰਗੀ ਇਮਾਨਦਾਰੀ, ਦਿਆਨਤਦਾਰੀ ਤੇ ਦ੍ਰਿੜਤਾ ਹੋਵੇਗੀ ਤਾਂ ਸੰਘਰਸ਼ ਜ਼ਰੂਰ ਲੋਕ ਲਹਿਰ ਬਣ ਕੇ ਉਭਰੇਗਾ। ਗੁਰਬਖ਼ਸ਼ ਸਿੰਘ ਦਾ ਸੰਘਰਸ਼ ਨਿਰਾਪੁਰਾ ਸ਼ਾਂਤੀਪੂਰਵਕ ਹੈ ਪਰ ਜੇ ਇਸ ਨਾਲ ਤੱਤੀਆਂ ਗੱਲਾਂ ਜੋੜੀਆਂ ਜਾਣਗੀਆਂ, ਤਾਂ ਕਈ ਭੁਲੇਖੇ ਪੈਣਗੇ ਅਤੇ ਇਸ ਸੰਘਰਸ਼ ਦੇ ਲੋਕ ਮੁਕਤੀ ਦੀ ਜਿੱਤ ਦੀ ਮੰਜ਼ਿਲ 'ਤੇ ਪੁੱਜਣ ਵਿਚ ਹੋਰ ਕੁਵੇਲਾ ਹੋਵੇਗਾ।

ਦੇਸ-ਪਰਦੇਸ

# 'ਆਪ' ਦੀ ਸਰਕਾਰ ਅਤੇ ਆਮ ਆਦਮੀ ਦੇ ਸਰੋਕਾਰ

***ਦਿੱਲੀ ਦੀਆਂ ਚੋਣਾਂ ਵਿਚ ਅਵਾਮ ਨੇ ਅਰਵਿੰਦ ਕੇਜਰੀਵਾਲ ਦੀ ਪਾਰਟੀ ਵਿਚ ਭਰੋਸਾ ਦਿਖਾਇਆ ਹੈ। ਖ਼ਾਸ ਕਰ ਕੇ, ਕੇਜਰੀਵਾਲ ਦੀ ਲਹਿਰ ਪ੍ਰਤੀ ਮੱਧ ਵਰਗ ਦੀ ਖਿੱਚ ਦਰਸਾਉਂਦੀ ਹੈ ਕਿ ਇਸ ਦਾ ਰਾਜਸੀ ਮੁਹਾਵਰਾ ਮੱਧ ਵਰਗ ਦੀ ਸਿਆਸਤ ਪ੍ਰਤੀ ਆਮ ਉਦਾਸੀਨਤਾ ਨੂੰ ਤੋੜਨ ਵਿਚ ਕਾਮਯਾਬ ਰਿਹਾ ਹੈ। ਸਿਆਸਤ ਵਿਚ ਇਸ ਦੀ ਦਿਲਚਸਪੀ ਦੁਬਾਰਾ ਬਣਨ ਦੀ ਬਦੌਲਤ ਹੀ ਇਹ ਸੰਭਵ ਹੋਇਆ ਕਿ ਦਿੱਲੀ ਦੀਆਂ ਮੱਧ ਵਰਗੀ ਅਤੇ ਗ਼ਰੀਬ ਬਸਤੀਆਂ ਵਿਚ ਆਮ ਆਦਮੀ ਪਾਰਟੀ ਦੀ ਚੋਣ ਮੁਹਿੰਮ ਵੋਟਰਾਂ ਨੂੰ ਆਪਣੇ ਹੱਕ ਵਿਚ ਲਾਮਬੰਦ ਕਰ ਸਕੀ ਹੈ। ਬੇਸ਼ੱਕ ਇਸ ਭਰੋਸੇ ਦੇ ਪਿਛੋਕੜ ਵਿਚ ਸੱਤਾਧਾਰੀ ਪਾਰਟੀਆਂ ਖ਼ਿਲਾਫ਼ ਗੁੱਸੇ ਦੇ ਨਾਲ-ਨਾਲ ਕੇਜਰੀਵਾਲ ਦੀ ਟੀਮ ਵਲੋਂ ਲੰਮੇ ਸਮੇਂ ਤੋਂ ਕੀਤਾ ਜਾ ਰਿਹਾ ਵੱਖਰੀ ਤਰ੍ਹਾਂ ਦਾ ਕੰਮ ਵੀ ਹੈ। ਸਰਕਾਰੀ ਅਹੁਦੇ ਤੋਂ ਅਸਤੀਫ਼ਾ ਦੇਣ ਦੇ ਸਮੇਂ ਤੋਂ ਲੈ ਕੇ ਉਹ ਲਗਾਤਾਰ ਸਰਗਰਮ ਰਿਹਾ ਹੈ। ਸੂਚਨਾ ਅਧਿਕਾਰ ਕਾਨੂੰਨ ਨੂੰ ਜ਼ਰੀਆ ਬਣਾ ਕੇ ਸਰਕਾਰੀ-ਤੰਤਰ ਦੇ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਕਾਨੂੰਨੀ ਲੜਾਈ, 'ਪਰਿਵਰਤਨ' ਨਾਂ ਦੀ ਗੈਰ-ਸਰਕਾਰੀ ਸੰਸਥਾ (ਐਨ.ਜੀ.ਓ.) ਰਾਹੀਂ ਗਰੀਬ ਬਸਤੀਆਂ ਵਿਚ ਬੁਨਿਆਦੀ ਸਰਗਰਮੀ ਅਤੇ ਅੰਨਾ ਹਜ਼ਾਰੇ ਨੂੰ ਭ੍ਰਿਸ਼ਟਾਚਾਰ ਦੇ ਵਿਰੋਧ ਦਾ ਚਿੰਨ੍ਹ ਬਣਾ ਕੇ ਜਨ ਲੋਕਪਾਲ ਬਿੱਲ ਲਈ ਵਿੱਢੇ ਅੰਦੋਲਨ ਰਾਹੀਂ ਉਹ 'ਆਮ ਆਦਮੀ' ਦੀ ਸੁਤਾਅ ਨੂੰ ਟੁੰਬਣ ਵਿਚ ਕਾਮਯਾਬ ਹੋ ਗਿਆ।***

**ਬੂਟਾ ਸਿੰਘ**
ਫੋਨ:91-94634-74342

ਆਖ਼ਰਕਾਰ ਕੇਜਰੀਵਾਲ ਟੀਮ ਨੇ 280 ਜਨਤਕ ਇਕੱਠ ਕਰ ਕੇ ਦਿੱਲੀ ਦੇ ਵੋਟਰਾਂ ਦੀ ਰਾਇ-ਸ਼ੁਮਾਰੀ ਜ਼ਰੀਏ ਕਾਂਗਰਸ ਦੀ ਹਮਾਇਤ ਨਾਲ ਸਰਕਾਰ ਬਣਾਉਣ ਦਾ ਫ਼ੈਸਲਾ ਕਰ ਲਿਆ ਹੈ। ਹਾਲ ਹੀ ਵਿਚ ਪੰਜ ਸੂਬਿਆਂ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਤੋਂ ਪਿੱਛੋਂ ਦਿੱਲੀ ਵਿਚ ਆਮ ਆਦਮੀ ਪਾਰਟੀ (ਆਪ) ਦਾ ਸਰਕਾਰ ਬਣਾਉਣਾ ਕੀ ਕਿਸੇ ਲੋਕਪੱਖੀ ਰਾਜਸੀ ਤਬਦੀਲੀ ਦਾ ਸੰਕੇਤ ਹੈ? ਇਸ 'ਸੈਮੀ-ਫਾਈਨਲ' ਦੇ ਨਤੀਜੇ 2014 ਦੀ ਆਮ ਚੋਣਾਂ ਦੇ ਅੰਤਮ ਮੈਚ ਵਿਚ ਮੁੱਖ ਖਿਡਾਰੀਆਂ ਕਾਂਗਰਸ ਅਤੇ ਭਾਜਪਾ ਦੀ ਰਾਜਸੀ ਹੋਣੀ ਉੱਪਰ ਕੀ ਪ੍ਰਭਾਵ ਪਾਉਣਗੇ? ਕੀ ਕੇਜਰੀਵਾਲ ਦੀ ਪਾਰਟੀ ਅਗਲੀਆਂ ਲੋਕ ਸਭਾ ਚੋਣਾਂ ਵਿਚ ਕੋਈ ਨਵਾਂ ਰੁਝਾਨ ਸਥਾਪਤ ਕਰਨ, ਜਾਂ ਕੋਈ ਵੱਡੀ ਭੂਮਿਕਾ ਨਿਭਾਉਣ ਜਾ ਰਹੀ ਹੈ? ਜਾਂ ਇਹ ਵੀ 1980ਵਿਆਂ ਦੀਆਂ ਤੈਲਗੂ ਦੇਸਮ ਪਾਰਟੀ ਜਾਂ ਅਸਾਮ ਗਣ ਪ੍ਰੀਸ਼ਦ ਵਾਂਗ ਰਵਾਇਤੀ ਸਿਆਸਤ ਦਾ ਹਿੱਸਾ ਬਣ ਕੇ ਰਹਿ ਜਾਵੇਗੀ, ਜਾਂ ਇਸ ਦਾ ਹਸ਼ਰ ਉਸੇ ਤਰ੍ਹਾਂ ਦਾ ਹੋਵੇਗਾ ਜਿਸ ਤਰ੍ਹਾਂ 1977 ਵਿਚ ਜੈਪ੍ਰਕਾਸ਼ ਨਰਾਇਣ ਲਹਿਰ ਵਿਚੋਂ ਨਿਕਲੀ ਜਨਤਾ ਪਾਰਟੀ ਦਾ ਮੁਲਕ ਪੱਧਰ 'ਤੇ ਹੋਇਆ ਸੀ? ਉਦੋਂ ਇਹ ਪਾਰਟੀ 295 ਸੀਟਾਂ ਜਿੱਤਣ ਦੇ ਬਾਵਜੂਦ, ਦੋ ਸਾਲਾਂ ਵਿਚ ਹੀ ਲੁੜਕ ਗਈ ਸੀ।

ਇਹ ਠੀਕ ਹੈ ਕਿ ਚੋਣ ਸਰਵੇਖਣਾਂ ਵਲੋਂ ਪੇਸ਼ ਕੀਤੇ ਰੁਝਾਨਾਂ ਅਤੇ ਸਿਆਸੀ ਪੰਡਤਾਂ ਦੇ ਵਿਸ਼ਲੇਸ਼ਣਾਂ ਦੇ ਉਲਟ ਹਾਲੀਆ ਨਤੀਜੇ ਕਾਫ਼ੀ ਅਣਕਿਆਸੇ ਰਹੇ। ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਭਾਜਪਾ ਦੁਬਾਰਾ ਸੱਤਾਧਾਰੀ ਹੋ ਗਈ। ਚਾਰ ਸੂਬਿਆਂ ਵਿਚ ਕਾਂਗਰਸ ਦੀ ਸਫ਼ ਲਪੇਟੀ ਗਈ, ਪਰ ਕਾਬਲੇ-ਗ਼ੌਰ ਪਹਿਲੂ ਇਹ ਵੀ ਹੈ ਕਿ ਦਿੱਲੀ ਵਿਚ ਵੋਟਰਾਂ ਨੇ ਜਿਥੇ ਪੰਦਰਾਂ ਸਾਲ ਤੋਂ ਸੱਤਾਧਾਰੀ ਕਾਂਗਰਸ ਨੂੰ ਬੁਰੀ ਤਰ੍ਹਾਂ ਹਰਾਇਆ, ਉਥੇ ਭਾਜਪਾ ਨੂੰ ਵੀ ਮੂੰਹ ਨਹੀਂ ਲਾਇਆ। 'ਮੋਦੀ ਲਹਿਰ' ਇਥੇ ਕੋਈ ਚਮਤਕਾਰ ਨਹੀਂ ਕਰ ਸਕੀ। ਨਵੀਂ ਉਭਰੀ ਆਮ ਆਦਮੀ ਪਾਰਟੀ ਦੀ 28 ਸੀਟਾਂ ਉਤੇ ਜਿੱਤ ਨੇ ਜਿਥੇ ਅਵਾਮ ਵਿਚ ਨਵੀਆਂ ਉਮੀਦਾਂ ਜਗਾਈਆਂ ਹਨ, ਉਥੇ ਭਾਜਪਾ ਲਈ ਵੱਡੀ ਸਿਰਦਰਦੀ ਖੜ੍ਹੀ ਕਰ ਦਿੱਤੀ ਹੈ ਜੋ 2014 ਵਿਚ ਕੇਂਦਰ ਵਿਚ ਮੁੜ ਸੱਤਾਧਾਰੀ ਹੋਣ ਦੇ ਸੁਪਨੇ ਲੈ ਰਹੀ ਹੈ।

ਦਿੱਲੀ ਅਤੇ ਰਾਜਸਥਾਨ ਵਿਚ ਵੋਟਰਾਂ ਨੇ ਹੁਕਮਰਾਨ ਕਾਂਗਰਸ ਨੂੰ ਹਰਾਇਆ, ਪਰ ਹਰ ਥਾਂ ਰਾਜ ਕਰਦੀ ਪਾਰਟੀ ਵਿਰੋਧੀ ਲਹਿਰ ਦੀ ਫ਼ੈਸਲਾਕੁਨ ਭੂਮਿਕਾ ਨਹੀਂ ਰਹੀ। ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਵਿਚ ਸੱਤਾਧਾਰੀ ਭਾਜਪਾ ਦੁਬਾਰਾ ਜਿੱਤ ਹਾਸਲ ਕਰ ਗਈ। ਐਪਰ, ਕਾਂਗਰਸ ਦੀ ਨਮੋਸ਼ੀ ਭਰੀ ਹਾਰ ਤੋਂ ਇਕ ਗੱਲ ਤੈਅ ਹੈ ਕਿ ਇਸ ਮੁਲਕ ਦਾ ਅਵਾਮ ਤਬਦੀਲੀ ਚਾਹੁੰਦਾ ਹੈ। ਕਾਂਗਰਸ ਦੇ ਬੇਮਿਸਾਲ ਭ੍ਰਿਸ਼ਟਾਚਾਰ, ਲੱਕ-ਤੋੜ ਮਹਿੰਗਾਈ, ਅਸੁਰੱਖਿਆ ਅਤੇ ਮਾੜੇ ਪ੍ਰਸ਼ਾਸਨ ਤੋਂ ਮੁਕਤੀ ਦੀ ਤਾਂਘ ਹੀ ਹੈ ਜੋ ਕਾਂਗਰਸ ਦੀ ਥਾਂ ਭਾਜਪਾ ਨੂੰ ਲਿਆਉਣ ਦੇ ਰੂਪ ਵਿਚ ਸਾਹਮਣੇ ਆ ਰਹੀ ਹੈ। ਉਂਝ ਚਾਰ ਸੂਬਿਆਂ ਵਿਚ ਭਾਜਪਾ ਦੀ ਜਿੱਤ ਦਾ ਮਤਲਬ ਵੋਟਰਾਂ ਦਾ 'ਮੋਦੀ ਲਹਿਰ' ਅਤੇ ਭਾਜਪਾ ਦੀਆਂ ਹਿੰਦੂਤਵ+ਕਾਰਪੋਰੇਟ ਮਿਲਗੋਭਾ ਨੀਤੀਆਂ ਦੇ ਹੱਕ ਵਿਚ ਫਤਵਾ ਨਹੀਂ ਹੈ। ਚੋਣਾਂ ਤੋਂ ਪਿੱਛੋਂ ਦੇ ਸਰਵੇਖਣਾਂ ਤੋਂ ਜ਼ਾਹਿਰ ਹੈ ਕਿ ਮੋਦੀ ਦੀ ਖਿੱਚ ਨਾਲੋਂ ਹੋਰ ਫੈਕਟਰਾਂ ਦਾ ਭਾਜਪਾ ਨੂੰ ਜਿਤਾਉਣ ਵਿਚ ਵੱਡਾ ਹੱਥ ਰਿਹਾ ਹੈ।

ਦਿੱਲੀ ਦੀਆਂ ਚੋਣਾਂ ਵਿਚ ਅਵਾਮ ਨੇ ਅਰਵਿੰਦ ਕੇਜਰੀਵਾਲ ਦੀ ਪਾਰਟੀ ਵਿਚ ਭਰੋਸਾ ਦਿਖਾਇਆ ਹੈ। ਖ਼ਾਸ ਕਰ ਕੇ, ਕੇਜਰੀਵਾਲ ਦੀ ਲਹਿਰ ਪ੍ਰਤੀ ਮੱਧ ਵਰਗ ਦੀ ਖਿੱਚ ਦਰਸਾਉਂਦੀ ਹੈ ਕਿ ਇਸ ਦਾ ਰਾਜਸੀ ਮੁਹਾਵਰਾ ਮੱਧ ਵਰਗ ਦੀ ਸਿਆਸਤ ਪ੍ਰਤੀ ਆਮ ਉਦਾਸੀਨਤਾ ਨੂੰ ਤੋੜਨ ਵਿਚ ਕਾਮਯਾਬ ਰਿਹਾ ਹੈ। ਸਿਆਸਤ ਵਿਚ ਇਸ ਦੀ ਦਿਲਚਸਪੀ ਦੁਬਾਰਾ ਬਣਨ ਦੀ ਬਦੌਲਤ ਹੀ ਇਹ ਸੰਭਵ ਹੋਇਆ ਕਿ ਦਿੱਲੀ ਦੀਆਂ ਮੱਧ ਵਰਗੀ ਅਤੇ ਗ਼ਰੀਬ ਬਸਤੀਆਂ ਵਿਚ ਆਮ ਆਦਮੀ ਪਾਰਟੀ ਦੀ ਚੋਣ ਮੁਹਿੰਮ ਵੋਟਰਾਂ ਨੂੰ ਆਪਣੇ ਹੱਕ ਵਿਚ ਲਾਮਬੰਦ ਕਰ ਸਕੀ ਹੈ।

ਬੇਸ਼ੱਕ ਇਸ ਭਰੋਸੇ ਦੇ ਪਿਛੋਕੜ ਵਿਚ ਸੱਤਾਧਾਰੀ ਪਾਰਟੀਆਂ ਖ਼ਿਲਾਫ਼ ਗੁੱਸੇ ਦੇ ਨਾਲ-ਨਾਲ ਕੇਜਰੀਵਾਲ ਦੀ ਟੀਮ ਵਲੋਂ ਲੰਮੇ ਸਮੇਂ ਤੋਂ ਕੀਤਾ ਜਾ ਰਿਹਾ ਵੱਖਰੀ ਤਰ੍ਹਾਂ ਦਾ ਕੰਮ ਵੀ ਹੈ। ਸਰਕਾਰੀ ਅਹੁਦੇ ਤੋਂ ਅਸਤੀਫ਼ਾ ਦੇਣ ਦੇ ਸਮੇਂ ਤੋਂ ਲੈ ਕੇ ਉਹ ਲਗਾਤਾਰ ਸਰਗਰਮ ਰਿਹਾ ਹੈ। ਸੂਚਨਾ ਅਧਿਕਾਰ ਕਾਨੂੰਨ ਨੂੰ ਜ਼ਰੀਆ ਬਣਾ ਕੇ ਸਰਕਾਰੀ-ਤੰਤਰ ਦੇ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਕਾਨੂੰਨੀ ਲੜਾਈ, 'ਪਰਿਵਰਤਨ' ਨਾਂ ਦੀ ਗੈਰ-ਸਰਕਾਰੀ ਸੰਸਥਾ (ਐਨ.ਜੀ.ਓ.) ਰਾਹੀਂ ਗਰੀਬ ਬਸਤੀਆਂ ਵਿਚ ਬੁਨਿਆਦੀ ਸਰਗਰਮੀ ਅਤੇ ਅੰਨਾ ਹਜ਼ਾਰੇ ਨੂੰ ਭ੍ਰਿਸ਼ਟਾਚਾਰ ਦੇ ਵਿਰੋਧ ਦਾ ਚਿੰਨ੍ਹ ਬਣਾ ਕੇ ਜਨ ਲੋਕਪਾਲ ਬਿੱਲ ਲਈ ਵਿੱਢੇ ਅੰਦੋਲਨ ਰਾਹੀਂ ਉਹ 'ਆਮ ਆਦਮੀ' ਦੀ ਸੁਤਾਅ ਨੂੰ ਟੁੰਬਣ ਵਿਚ ਕਾਮਯਾਬ ਹੋ ਗਿਆ। ਖ਼ਾਸ ਕਰ ਕੇ ਐੱਚ.ਐੱਸ.ਬੀ.ਸੀ., ਰਿਲਾਇੰਸ ਆਦਿ ਕਾਰਪੋਰੇਟਾਂ ਦੀ ਆਮਦਨ ਕਰਾਂ ਵਿਚ ਧੋਖਾਧੜੀ ਅਤੇ ਸੋਨੀਆ ਗਾਂਧੀ ਦੇ ਜਵਾਈ ਰੌਬਰਟ ਵਾਡਰਾ ਵਲੋਂ ਰੀਅਲ ਇਸਟੇਟ ਦੀ ਧੜਵੈਲ ਕੰਪਨੀ ਡੀ.ਐੱਲ.ਐੱਫ. ਨਾਲ ਕੀਤੀਆਂ ਸੌਦੇਬਾਜ਼ੀਆਂ ਨੂੰ ਨਿਸ਼ਾਨਾ ਬਣਾ ਕੇ ਕੇਜਰੀਵਾਲ ਨੇ ਆਪਣੀ ਥਾਂ ਬਣਾਈ। ਹਾਲਾਂਕਿ ਉਸ ਦੀ ਉਚੇਚੀ ਦਿਲਚਸਪੀ ਇਕ ਖ਼ਾਸ ਤਰ੍ਹਾਂ ਦੇ ਭ੍ਰਿਸ਼ਟਾਚਾਰ ਨੂੰ ਨਿਸ਼ਾਨਾ ਬਣਾਉਣ ਅਤੇ ਇਸ ਗ਼ਰਦੋ-ਗ਼ੁਬਾਰ ਦੇ ਉਹਲੇ ਵਿਆਪਕ ਕਾਰਪੋਰੇਟ ਭ੍ਰਿਸ਼ਟਾਚਾਰ ਨੂੰ ਚਲਦਾ ਰੱਖਣ ਵਿਚ ਹੀ ਹੈ; ਪਰ ਇਹ ਮੰਨਣਾ ਪਵੇਗਾ ਕਿ ਕੇਜਰੀਵਾਲ ਨੇ ਆਪਣੀ ਵੱਖਰੀ ਤਰ੍ਹਾਂ ਦੀ ਚੋਣ ਮੁਹਿੰਮ ਵਿਚ ਲੋਕ ਮੁੱਦਿਆਂ ਉੱਪਰ ਸਾਰੇ ਹਲਕਿਆਂ ਲਈ 71 ਮੈਨੀਫੈਸਟੋ ਅਤੇ ਸਾਰਿਆਂ ਲਈ ਇਕ ਸਾਂਝਾ ਮੈਨੀਫੈਸਟੋ ਤਿਆਰ ਕਰ ਕੇ ਅਤੇ ਦਹਿ-ਹਜ਼ਾਰਾਂ ਵਾਲੰਟੀਅਰਾਂ ਜ਼ਰੀਏ ਘਰ-ਘਰ ਜਾ ਕੇ ਸਿਲਸਿਲੇਵਾਰ ਢੰਗ ਨਾਲ ਮੁਹਿੰਮ ਚਲਾਈ। ਵਿਆਪਕ ਭ੍ਰਿਸ਼ਟਾਚਾਰ, ਮਹਿੰਗਾਈ, ਮੁਫ਼ਤ ਬਿਜਲੀ, ਸਕੂਲਾਂ ਦੀ ਗਿਣਤੀ ਵਧਾਉਣ, ਗਰੀਬ ਬਸਤੀਆਂ ਵਿਚ ਪਾਣੀ ਦੀ ਸਪਲਾਈ ਯਕੀਨੀ ਬਣਾਏ ਜਾਣ ਦੇ ਅਹਿਮ ਸਵਾਲ ਉਠਾਏ। ਇਹ ਰਵਾਇਤੀ ਚੋਣ ਸਿਆਸਤ ਤੋਂ ਹਟਵਾਂ ਢੰਗ ਸੀ ਜੋ ਪੂਰੀ ਤਰ੍ਹਾਂ ਸੱਤਾ ਲਈ ਮੌਕਾਪ੍ਰਸਤ ਜੋੜਾਂ-ਤੋੜਾਂ ਤਕ ਸਿਮਟ ਚੁੱਕੀ ਹੈ। ਰਵਾਇਤੀ ਸਿਆਸਤ ਤੋਂ ਅੱਕੇ ਅਵਾਮ ਨੇ ਇਸ ਦਾ ਡੂੰਘਾ ਅਸਰ ਕਬੂਲਿਆ ਤੇ ਇਸ ਪਾਰਟੀ ਨੂੰ ਰਵਾਇਤੀ ਸਿਆਸਤ ਦਾ ਸੱਚਾ ਬਦਲ ਮੰਨ ਕੇ ਇਸ ਦਾ ਸਾਥ ਦਿੱਤਾ।

ਇਨ੍ਹਾਂ ਚੋਣਾਂ ਨੇ ਇਹ ਵੀ ਦਰਸਾ ਦਿੱਤਾ ਹੈ ਕਿ ਚੋਣਾਂ ਵਿਚ ਹਿੱਸਾ ਲੈਣ ਵਾਲੇ ਕਮਿਊਨਿਸਟ ਧੜਿਆਂ ਦੀ ਸਿਆਸਤ ਵਿਚ ਅਵਾਮ ਕੋਈ ਸਿਆਸੀ ਰੁਚੀ ਨਹੀਂ ਲੈ ਰਿਹਾ। ਦਿੱਲੀ ਦੇ ਪੰਦਰਾਂ ਹਲਕਿਆਂ ਵਿਚ ਕਮਿਊਨਿਸਟਾਂ ਨੇ ਸਤਾਰਾਂ ਉਮੀਦਵਾਰ ਚੋਣ ਮੈਦਾਨ ਵਿਚ ਉਤਾਰੇ ਸਨ ਜਿਨ੍ਹਾਂ ਨੂੰ ਢਾਈ ਕਰੋੜ ਆਬਾਦੀ ਵਿਚੋਂ ਮਹਿਜ਼ 8,467 ਵੋਟਾਂ ਹੀ ਪਈਆਂ। ਇਨ੍ਹਾਂ ਵਿਚੋਂ ਸਿਰਫ਼ ਇਕ ਉਮੀਦਵਾਰ ਹੀ 1192 ਵੋਟਾਂ ਹਾਸਲ ਕਰ ਸਕਿਆ। ਬਾਕੀ ਉਮੀਦਵਾਰ ਇਕ ਇਕ ਹਜ਼ਾਰ ਵੋਟ ਵੀ ਨਹੀਂ ਲੈ ਸਕੇ। ਇਸੇ ਤਰ੍ਹਾਂ ਰਾਜਸਥਾਨ ਵਿਚ ਜਿਥੇ ਪਿਛਲੀ ਵਾਰ ਸੀ.ਪੀ.ਐੱਮ. ਦੇ ਤਿੰਨ ਉਮੀਦਵਾਰ ਜਿੱਤੇ ਸਨ, ਉਥੇ ਇਸ ਵਾਰ ਇਸ ਦਾ ਪੂਰਾ ਤਰ੍ਹਾਂ ਦਾ ਸਫ਼ਾਇਆ ਹੋ ਗਿਆ। ਆਪਣੀਆਂ ਦੀਵਾਲੀਆ ਸਿਆਸਤ 'ਤੇ ਨਜ਼ਰਸਾਨੀ ਕਰਨ ਦੀ ਬਜਾਏ ਸੀ.ਪੀ.ਐੱਮ. ਦੀ ਪੋਲਿਟ ਬਿਊਰੋ ਹੁਣ ਕਾਂਗਰਸ ਨੂੰ ਦੋਸ਼ੀ ਠਹਿਰਾ ਰਹੀ ਹੈ ਕਿ ਕਾਂਗਰਸ ਨੂੰ ਗਲੋਂ ਲਾਹੁਣ ਦੀ ਅਵਾਮ ਦੀ ਜ਼ਿੱਦ ਕਾਰਨ ਭਾਜਪਾ ਸੱਤਾ 'ਚ ਆ ਗਈ ਅਤੇ ਇਸ ਰੁਝਾਨ ਵਲੋਂ ਸੀ.ਪੀ.ਐੱਮ. ਦੀ ਸੰਭਾਵਨਾਵਾਂ ਨੂੰ ਮਾੜੇ ਰੁਖ਼ ਪ੍ਰਭਾਵਤ ਕੀਤੇ ਜਾਣ ਕਾਰਨ ਸਾਡੀ ਹਾਰ ਹੋਈ। ਦਰਅਸਲ, ਜਿਸ ਨੂੰ ਇਹ ਤੀਜੇ ਬਦਲ ਵਜੋਂ ਪੇਸ਼ ਕਰਦੇ ਹਨ, ਅਵਾਮ ਉਸ ਨੂੰ ਕੋਈ ਭਰੋਸੇਯੋਗ ਬਦਲ ਹੀ ਨਹੀਂ ਸਮਝਦਾ। ਤੀਜੇ ਬਦਲ ਦੇ ਦਾਅਵਿਆਂ ਦੇ ਗ਼ਰਦ-ਗੁਬਾਰ ਦੌਰਾਨ ਇਨ੍ਹਾਂ ਖੱਬੀਆਂ ਪਾਰਟੀਆਂ ਦੀ ਮਦਦ ਅਤੇ ਸਿਆਸੀ ਦੀਵਾਲੀਆਪਣ ਜ਼ਰੀਏ ਹੀ ਕਾਂਗਰਸ ਦਾ 'ਕੌਮੀ ਸੁਰੱਖਿਆ' ਮਾਰਕਾ ਖ਼ਾਸ ਤਰ੍ਹਾਂ ਦਾ ਫਾਸ਼ੀਵਾਦ, ਸੰਘ ਪਰਿਵਾਰ ਦਾ ਹਿੰਦੂਤਵੀ ਫਾਸ਼ੀਵਾਦ ਅਤੇ ਇਨ੍ਹਾਂ ਦਾ ਜੂਨੀਅਰ ਭਾਈਵਾਲ ਖੇਤਰੀ ਪਿਛਾਖੜ ਆਪਣਾ ਸਿਆਸੀ ਗ਼ਲਬਾ ਮਜ਼ਬੂਤ ਕਰਨ 'ਚ ਕਾਮਯਾਬ ਹੋਇਆ ਹੈ।

ਤ੍ਰਾਸਦੀ ਇਹ ਹੈ ਕਿ ਪ੍ਰਭਾਵਸ਼ਾਲੀ ਇਨਕਲਾਬੀ ਲਹਿਰ ਦੀ ਅਣਹੋਂਦ ਵਿਚ ਬਦਲਾਅ ਲਈ ਤਾਂਘਦਾ ਅਵਾਮ ਅਗਲੇ ਪੰਜ ਸਾਲਾਂ ਲਈ ਫਿਰ ਹੁਕਮਰਾਨ ਜਮਾਤ ਦੀਆਂ ਦੋਵਾਂ ਮੁੱਖ ਪਾਰਟੀਆਂ ਹੱਥੋਂ ਬੇਰਹਿਮੀ ਨਾਲ ਲੁੱਟੇ ਤੇ ਕੁੱਟੇ ਜਾਣ ਲਈ ਸਰਾਪਿਆ ਗਿਆ ਹੈ। ਮੁਲਕ ਆਰਥਕ 'ਸੁਧਾਰਾਂ ਦੇ ਦੂਜੇ ਗੇੜ' ਵਿਚ ਦਾਖ਼ਲ ਹੋ ਚੁੱਕਾ ਹੈ। ਇਨ੍ਹਾਂ ਸੁਧਾਰਾਂ ਦੇ ਪਹਿਲੇ ਗੇੜ ਨੇ ਹੀ ਲੰਘੇ ਦੋ ਦਹਾਕਿਆਂ ਵਿਚ ਆਰਥਕ-ਸਮਾਜੀ ਪਾੜੇ ਨੂੰ ਇਸ ਕਦਰ ਜ਼ਰਬਾਂ ਦੇ ਦਿੱਤੀਆਂ ਹਨ ਕਿ ਇਸ ਮੁਲਕ ਦੀ ਅਬਾਦੀ ਵਿਚੋਂ ਲਗਭਗ 100 ਕਰੋੜ ਲੋਕ ਉਸ ਮਿਆਰ ਤੋਂ ਹੇਠਲੀ ਭਿਆਨਕ ਜ਼ਿੰਦਗੀ ਜੀ ਰਹੇ ਹਨ ਜਿਸ ਨੂੰ ਗ਼ਰੀਬੀ ਕਿਹਾ ਜਾਂਦਾ ਹੈ; ਜਿਸ ਨੂੰ ਦਰਅਸਲ ਮਨੁੱਖੀ ਜ਼ਿੰਦਗੀ ਕਿਹਾ ਹੀ ਨਹੀਂ ਜਾ ਸਕਦਾ। ਹਕੀਕਤ ਇਹ ਹੈ ਕਿ ਸਥਾਪਤੀ ਪੱਖੀ ਸਾਰੀਆਂ ਹੀ ਸਿਆਸੀ ਪਾਰਟੀਆਂ ਧੁਰ ਅੰਦਰੋਂ ਖੁੱਲ੍ਹੀ ਮੰਡੀ ਦੇ ਕਾਰਪੋਰੇਟ ਏਜੰਡੇ ਨੂੰ ਲਾਗੂ ਕਰਨ ਨੂੰ ਪ੍ਰਣਾਈਆਂ ਹੋਈਆਂ ਹਨ। ਇਹ ਆਰਥਿਕ 'ਸੁਧਾਰਾਂ' ਨੂੰ ਨਵੀਂ ਗਤੀ ਦੇ ਕੇ ਹਾਸ਼ੀਆਗ੍ਰਸਤ ਅਵਾਮ ਦੀ ਹਾਲਤ ਨੂੰ ਹੋਰ ਬਦਤਰ ਤਾਂ ਕਰ ਸਕਦੀਆਂ ਹਨ ਪਰ ਛੋਟੀਆਂ-ਛੋਟੀਆਂ ਰਾਹਤਾਂ-ਖ਼ੈਰਾਤਾਂ ਤੋਂ ਪਾਰ ਜਾ ਕੇ ਉਨ੍ਹਾਂ ਦੀ ਜ਼ਿੰਦਗੀ ਵਿਚ ਬਿਹਤਰੀ ਲਿਆਉਣ ਵਾਲੀ ਕੋਈ ਗਿਣਨਯੋਗ ਰਾਹਤ ਮੁਹੱਈਆ ਕਰਨ ਜੋਗੀਆਂ ਇਹ ਨਹੀਂ ਹਨ। ਨਵੀਂ ਉੱਭਰੀ 'ਆਮ ਆਦਮੀ ਪਾਰਟੀ' ਕੋਲ ਵੀ ਇਨ੍ਹਾਂ ਤੋਂ ਬਹੁਤਾ ਵੱਖਰਾ ਪ੍ਰੋਗਰਾਮ ਨਹੀਂ ਹੈ। ਕੇਜਰੀਵਾਲ ਨੇ ਜਿਨ੍ਹਾਂ ਅਠਾਰਾਂ ਮੁੱਦਿਆਂ ਦੇ ਆਧਾਰ ਉਤੇ ਹਮਾਇਤ ਮੰਗੀ ਸੀ, ਕਾਂਗਰਸ ਨੇ ਝੱਟ ਕਹਿ ਦਿੱਤਾ ਕਿ ਇਨ੍ਹਾਂ ਵਿਚੋਂ ਸੋਲਾਂ ਮੁੱਦੇ ਸਰਕਾਰ ਬਣਾਏ ਜਾਣ ਤੋਂ ਬਾਅਦ ਪ੍ਰਸ਼ਾਸਨਿਕ ਫ਼ੈਸਲੇ ਲਏ ਜਾਣ ਦੇ ਮਾਮਲੇ ਹਨ ਅਤੇ ਬਾਕੀ ਦੋ ਮੁੱਦਿਆਂ - ਦਿੱਲੀ ਨੂੰ ਪੂਰੇ ਸੂਬੇ ਦਾ ਦਰਜ ਦੇਣ ਅਤੇ ਇਥੇ ਲੋਕਾਯੁਕਤ ਨੂੰ ਮਜ਼ਬੂਤ ਕਰਨ - ਬਾਰੇ ਉਸ ਨੂੰ ਕੋਈ ਉਜ਼ਰ ਨਹੀਂ ਹੈ।

ਕੇਜਰੀਵਾਲ ਨੇ ਬੇਸ਼ਕ, ਸੜਿਆਂਦ ਮਾਰਦੀ ਆਪਹੁਦਰੀ ਪਾਰਲੀਮੈਂਟਰੀ ਸਿਆਸਤ ਦੇ ਅੰਦਰ ਲੋਕ-ਰਾਇ ਲੈਣ ਦੀ ਜਮਹੂਰੀ ਪਿਰਤ ਪਾਈ ਹੈ। ਇਸ ਵਿਚ ਕਾਫ਼ੀ ਕੁਝ ਲੋਕਪੱਖੀ ਤਾਕਤਾਂ ਦੇ ਸਿੱਖਣ ਵਾਲਾ ਹੈ ਪਰ ਗੰਭੀਰ ਸੀਮਤਾਈਆਂ ਤੇ ਜਮਾਂਦਰੂ ਕਮਜ਼ੋਰੀਆਂ ਵੀ ਸਪਸ਼ਟ ਹਨ। ਉਸ ਦੇ ਸਰਕਾਰ ਬਣਾ ਲਏ ਜਾਣ ਨਾਲ ਕੋਈ ਐਸੀ ਤਬਦੀਲੀ ਹੋਣ ਵਾਲੀ ਨਹੀਂ ਹੈ ਜੋ 'ਆਮ ਆਦਮੀ' ਦੀ ਸੰਤਾਪੀ ਜ਼ਿੰਦਗੀ ਦੀ ਕਾਇਆਕਲਪ ਕਰ ਦੇਵੇ। ਹਾਂ, ਉਸ ਦੇ ਜੋਸ਼ੀਲੇ ਮੱਧ ਵਰਗੀ ਪੈਰੋਕਾਰਾਂ ਨੂੰ ਵਕਤੀ ਉਤਸ਼ਾਹ ਜ਼ਰੂਰ ਹੈ ਕਿ ਸਰਕਾਰ ਬਣਾਉਣ ਵਰਗੇ ਵੱਡੇ ਫ਼ੈਸਲੇ ਕਰਨ ਦੇ ਅਮਲ ਵਿਚ ਆਮ ਆਦਮੀ ਦੀ ਸਹਿਮਤੀ ਲਈ ਜਾ ਰਹੀ ਹੈ। ਬੇਸ਼ਕ ਇਹ ਪਹਿਲੀ ਵਾਰ ਹੈ ਕਿ ਕੋਈ ਪਾਰਟੀ ਮੈਨੀਫੈਸਟੋ ਤਿਆਰ ਕਰਨ, ਉਮੀਦਵਾਰਾਂ ਦੇ ਨਾਂ ਤੈਅ ਕਰਨ ਅਤੇ ਕਿਸੇ ਹੋਰ ਪਾਰਟੀ ਦਾ ਸਹਿਯੋਗ ਲੈ ਕੇ ਸਰਕਾਰ ਬਣਾਉਣ ਜਾਂ ਨਾ ਬਣਾਉਣ ਬਾਰੇ ਆਮ ਲੋਕਾਂ ਦੀ ਰਾਇ ਲੈ ਰਹੀ ਹੈ; ਪਰ ਮੁਤਬਾਦਲ ਵਿਕਾਸ ਮਾਡਲ, ਅਵਾਮ ਦੀ ਹਕੀਕੀ ਸਿਆਸੀ ਪੁੱਗਤ ਅਤੇ ਉਨ੍ਹਾਂ ਸਮਾਜੀ-ਆਰਥਿਕ ਹਾਲਾਤ ਦੀ ਅਣਹੋਂਦ 'ਚ ਇਹ ਰਾਇ-ਸ਼ੁਮਾਰੀਆਂ ਮਹਿਜ਼ ਰਸਮੀ ਕਵਾਇਦ ਬਣ ਕੇ ਰਹਿ ਜਾਣਗੀਆਂ ਜਿਨ੍ਹਾਂ ਵਿਚ ਲੋਕ ਆਪਣੇ ਸਿਆਸੀ ਹੱਕ ਦਾ ਇਸਤੇਮਾਲ ਕਰਨ ਲਈ ਸੱਚਮੁੱਚ ਆਜ਼ਾਦ ਹੁੰਦੇ ਹਨ ਅਤੇ ਉਨ੍ਹਾਂ ਕੋਲ ਸੱਚੀਉਂ ਹੀ ਰਾਜਸੀ ਤਾਕਤ ਹੁੰਦੀ ਹੈ। ਅਜਿਹੀ ਯੁਗ-ਪਲਟਾਊ ਤਬਦੀਲੀ ਮਹਿਜ਼ ਇਕ ਨਵੀਂ ਪਾਰਟੀ ਦੇ ਬਣਨ ਨਾਲ ਨਹੀਂ ਆ ਸਕਦੀ। ਇਸ ਦੇ ਲਈ ਬੁਨਿਆਦੀ ਤਬਦੀਲੀ ਲਿਆਉਣ ਵਾਲੀ ਲਹਿਰ ਜ਼ਰੂਰੀ ਹੈ। ਅੱਜ ਦੇ ਹਾਲਾਤ ਵਿਚ ਇਸ ਦੀ ਘੱਟੋ-ਘੱਟ ਮੁੱਢਲੀ ਸ਼ਰਤ ਹੈ, ਕਾਰਪੋਰੇਟ ਵਿਕਾਸ ਮਾਡਲ ਨੂੰ ਰੱਦ ਕਰਨਾ ਅਤੇ ਬਦਲਵਾਂ ਵਿਕਾਸ ਮਾਡਲ ਮੁਹੱਈਆ ਕਰਨਾ ਜੋ ਆਮ ਆਦਮੀ ਦੇ ਦਿਨੋ-ਦਿਨ ਵਧ ਰਹੇ ਸੰਤਾਪ ਅਤੇ ਬੇਲਗਾਮ ਖੁੱਲ੍ਹੀ ਮੰਡੀ ਦੇ ਬੋਲਬਾਲੇ ਉੱਪਰ ਰੋਕ ਲਾ ਸਕੇ। ਰਾਇ-ਸ਼ੁਮਾਰੀ ਦਰਅਸਲ ਇਸ ਉੱਪਰ ਹੋਣੀ ਚਾਹੀਦੀ ਹੈ ਪਰ ਇਹ ਇਸ ਪਾਰਟੀ ਦਾ ਏਜੰਡਾ ਨਹੀਂ ਹੈ।

ਛੇ ਕੁ ਮਹੀਨੇ ਪਹਿਲਾਂ ਕੇਜਰੀਵਾਲ ਨੇ ਹਫ਼ਤਾਵਾਰ ਅੰਗਰੇਜ਼ੀ ਰਸਾਲੇ 'ਓਪਨ' ਦੇ ਮੁੱਖ ਸੰਪਾਦਕ ਨਾਲ ਗੱਲਬਾਤ ਸਮੇਂ ਆਪਣੀ ਨੀਤੀ ਸਪਸ਼ਟ ਕਰਦਿਆਂ ਕਿਹਾ ਸੀ: "ਜਿੱਥੋਂ ਤਕ ਕਾਰਪੋਰੇਟ ਸੈਕਟਰ ਦਾ ਸਵਾਲ ਹੈ, ਕਾਰੋਬਾਰ ਨੂੰ ਉਤਸ਼ਾਹਤ ਕੀਤੇ ਜਾਣ ਦੀ ਲੋੜ ਹੈ। ਅਸੀਂ ਚਾਹੁੰਦੇ ਹਾਂ ਕਿ ਕਾਰੋਬਾਰ ਇਮਾਨਦਾਰੀ ਨਾਲ ਹੋਣ। ਨਿਸ਼ਚੇ ਹੀ, ਕਾਰਪੋਰੇਟ ਸੈਕਟਰ ਨੇ ਮੁਲਕ ਵਿਚ ਵੱਡੀ ਭੂਮਿਕਾ ਨਿਭਾਉਣੀ ਹੈ। ਮੈਂ ਤੁਹਾਨੂੰ ਦੱਸ ਦਿਆਂ, ਕੁਝ ਕੁ ਲੋਕਾਂ ਨੂੰ ਛੱਡ ਕੇ ਜ਼ਿਆਦਾਤਰ ਕਾਰੋਬਾਰੀ ਤਾਂ ਖ਼ੁਦ ਹੀ ਭ੍ਰਿਸ਼ਟਾਚਾਰ ਤੋਂ ਪੀੜਤ ਹਨ ਅਤੇ ਉਹ ਇਸ ਨੂੰ ਅੰਜ਼ਾਮ ਦੇਣ ਵਾਲੇ ਨਹੀਂ ਹਨ।" ਹੁਣ ਦੇਖਣਾ ਇਹ ਹੈ ਕਿ ਅਵਾਮ ਦੇ ਰਵਾਇਤੀ ਵੋਟ ਸਿਆਸਤਦਾਨਾਂ ਤੋਂ ਮੋਹ-ਭੰਗ ਨੂੰ ਕੈਸ਼ ਕਰਨ ਵਾਲੀ ਕੇਜਰੀਵਾਲ ਟੀਮ, ਕਾਰਪੋਰੇਟ ਮਾਡਲ ਨੂੰ ਜਾਰੀ ਰੱਖਣ ਦੀ ਨੀਤੀ ਤਹਿਤ ਬਾਕੀ ਪਾਰਟੀਆਂ ਨਾਲੋਂ ਵੱਖਰਾ ਕੀ ਕਰਦੀ ਹੈ।

# ਖੱਬੇ ਪੱਖੀਆਂ ਨੂੰ ਹੁਣ ਤਬਦੀਲੀਆਂ ਦੀ ਲੋੜ

**ਪ੍ਰਫੁੱਲ ਬਿਦਵਈ**

ਸੀ.ਪੀ.ਐਮ. ਦੀ ਅਗਵਾਈ ਹੇਠਲੇ ਖੱਬੇ ਮੋਰਚੇ ਨੂੰ ਮਮਤਾ ਬੈਨਰਜੀ ਦੀ ਅਗਵਾਈ ਹੇਠਲੀ ਤ੍ਰਿਣਮੂਲ ਕਾਂਗਰਸ ਹੱਥੋਂ ਪੱਛਮੀ ਬੰਗਾਲ ਵਿਚ ਲਗਾਤਾਰ ਚੌਥੀ ਚੁਣਾਵੀ ਹਾਰ ਹੋਈ ਹੈ। ਪੰਜ ਮਿਉਂਸਿਪਲ ਸੰਸਥਾਵਾਂ ਦੀਆਂ ਹੁਣੇ ਮੁਕੰਮਲ ਹੋਈਆਂ ਚੋਣਾਂ ਵਿਚ ਖੱਬੇ ਮੋਰਚੇ ਦੀ ਕਾਰਗੁਜ਼ਾਰੀ ਬੇਹੱਦ ਨਿਕੰਮੀ ਰਹੀ ਹੈ। ਤ੍ਰਿਣਮੂਲ ਕਾਂਗਰਸ ਨੇ ਇਨ੍ਹਾਂ ਵਿਚ ਹੂੰਝਾ-ਫੇਰੂ ਜਿੱਤ ਹਾਸਲ ਕੀਤੀ। 5 ਮਿਉਂਸਿਪਲ ਸੰਸਥਾਵਾਂ ਵਿਚੋਂ 4 ਵਿਚ ਅਤੇ ਬਹੁਤੇ ਵਾਰਡਾਂ ਵਿਚ ਖੱਬਾ ਮੋਰਚਾ ਤੀਜੇ ਨੰਬਰ 'ਤੇ ਰਿਹਾ। ਇਸ ਤੋਂ ਜ਼ਾਹਰ ਹੋ ਜਾਂਦਾ ਹੈ ਕਿ 2014 ਦੀਆਂ ਲੋਕ ਸਭਾ ਚੋਣਾਂ ਵਿਚ ਇਸ ਦੀਆਂ ਸੰਭਾਵਨਾਵਾਂ ਮੱਧਮ ਹਨ। ਸੀ.ਪੀ.ਐਮ. ਨੂੰ ਪਿੱਛੇ ਛੱਡਦਿਆਂ ਤ੍ਰਿਣਮੂਲ ਕਾਂਘਰਸ ਨੇ ਹੁਣ ਖ਼ੁਦ ਨੂੰ ਬੰਗਾਲ ਦੀ ਸਭ ਤੋਂ ਵੱਡੀ ਪਾਰਟੀ ਵਜੋਂ ਸਥਾਪਤ ਕਰ ਲਿਆ ਹੈ। ਸੀ.ਪੀ.ਐਮ. ਚੀਨ ਦੀ ਕਮਿਊਨਿਸਟ ਪਾਰਟੀ ਤੋਂ ਬਾਅਦ ਵਿਸ਼ਵ ਦੀ ਦੂਜੀ ਸਭ ਤੋਂ ਵੱਡੀ ਕਮਿਊਨਿਸਟ ਪਾਰਟੀ ਹੈ। ਇਸ ਦੀ ਸ਼ਮੂਲੀਅਤ ਵਾਲੇ ਖੱਬੇ ਮੋਰਚੇ ਨੇ 2011 ਤੱਕ ਪੱਛਮੀ ਬੰਗਾਲ 'ਤੇ ਲਗਾਤਾਰ 34 ਸਾਲ ਰਾਜ ਕਰ ਕੇ ਸੰਸਾਰ ਰਿਕਾਰਡ ਬਣਾਇਆ ਸੀ। ਖੱਬੇ ਮੋਰਚੇ ਨੂੰ ਹੁਣ ਮਿਲੀਆਂ ਹਾਰਾਂ ਨੇ ਇਕ ਤਰ੍ਹਾਂ ਨਾਲ ਇਸ ਦੀ ਹੋਂਦ ਲਈ ਹੀ ਚੁਣੌਤੀ ਪੈਦਾ ਕਰ ਦਿੱਤੀ ਹੈ। ਜਦੋਂ ਤੱਕ ਇਹ ਆਪਣੀਆਂ ਵਿਚਾਰਧਾਰਕ ਖਾਮੀਆਂ ਨੂੰ ਦੂਰ ਨਹੀਂ ਕਰਦਾ, ਆਪਣੀਆਂ ਸਿਆਸੀ ਰਣਨੀਤੀਆਂ 'ਤੇ ਮੁੜ ਵਿਚਾਰ ਨਹੀਂ ਕਰਦਾਉਦੋਂ ਤੱਕ ਇਸ ਨੂੰ ਲੱਗੇ ਪੁੱਠੇ ਗੇੜੇ ਨੂੰ ਰੋਕਣਾ ਇਕ ਤਰ੍ਹਾਂ ਨਾਲ ਅਸੰਭਵ ਹੋਵੇਗਾ।

2009 ਦੀਆਂ ਲੋਕ ਸਭਾ ਚੋਣਾਂ ਦੇ ਬਾਅਦ ਤੋਂ ਵੋਟਰਾਂ ਵੱਲੋਂ ਲਗਾਤਾਰ ਖੱਬੇ ਪੱਖੀਆਂ ਵਿਰੁੱਧ ਵੋਟ ਫਤਵੇ ਦਿੱਤੇ ਜਾ ਰਹੇ ਹਨ। ਉਦੋਂ ਖੱਬੇ ਮੋਰਚੇ ਦੀਆਂ ਲੋਕ ਸਭਾ ਸੀਟਾਂ ਦੀ ਗਿਣਤੀ 35 ਤੋਂ ਘਟ ਕੇ 16 ਰਹਿ ਗਈ ਸੀ। ਬੰਗਾਲ ਵਿਚ ਕੁੱਲ 42 ਲੋਕ ਸਭਾ ਸੀਟਾਂ ਹਨ। ਫਿਰ 2011 ਦੀਆਂ ਵਿਧਾਨ ਸਭਾ ਚੋਣਾਂ ਵਿਚ ਖੱਬੇ ਮੋਰਚੇ ਦਾ ਸਫ਼ਾਇਆ ਹੋ ਗਿਆ। ਕੁੱਲ 294 ਸੀਟਾਂ ਵਿਚੋਂ ਇਸ ਨੂੰ 235 'ਤੇ ਹਾਰ ਹੋਈ ਅਤੇ ਸਿਰਫ 62 ਸੀਟਾਂ ਹੀ ਮਿਲੀਆਂ। ਉਸ ਤੋਂ ਬਾਅਦ ਪੰਚਾਇਤੀ ਅਤੇ ਮਿਉਂਸਿਪਲ ਅਦਾਰਿਆਂ ਦੀਆਂ ਚੋਣਾਂ ਵਿਚ ਵੀ ਇਸ ਦੀਆਂ ਵੋਟਾਂ ਦਾ ਸੁੰਗੜਨਾ ਜਾਰੀ ਰਿਹਾ। ਉਂਝ ਵੀ ਗੱਲ ਸਿਰਫ ਚੋਣ ਝਟਕਿਆਂ ਦੀ ਨਹੀਂ ਹੈ, ਸਗੋਂ ਇਹ ਬੰਗਾਲ ਦੇ ਖੱਬੇ ਮੋਰਚੇ ਦੀ ਸਿਆਸੀ ਹਾਰ ਹੈ।

ਅਸਲ ਵਿਚ ਬੰਗਾਲ ਦੇ ਖੱਬੇ ਮੋਰਚੇ ਦੇ ਪਤਨ ਨੂੰ 4 ਗੱਲਾਂ ਰਾਹੀਂ ਦੇਖਿਆ ਜਾ ਸਕਦਾ ਹੈ। ਪਹਿਲੀ ਗੱਲ, ਇਸ ਨੇ ਆਪਣੀਆਂ ਬਰਗਾ ਅਪ੍ਰੇਸ਼ਨ ਵਰਗੇ ਕਾਸ਼ਤਕਾਰੀ ਸੁਧਾਰਾਂ, ਪੰਚਾਇਤੀ ਰਾਜ ਲਾਗੂ ਕਰਨ, ਸਿਆਸੀ ਕੈਦੀਆਂ ਨੂੰ ਰਿਹਾਅ ਕਰਨ ਅਤੇ ਸੂਬੇ 'ਚ ਅਮਨ-ਚੈਨ ਕਾਇਮ ਕਰਨ ਆਦਿ ਵਰਗੀਆਂ ਸਿਆਸੀ ਪਹਿਲਕਦਮੀਆਂ ਤੋਂ ਲੋੜ ਤੋਂ ਵਧੇਰੇ ਸਮੇਂ ਤੱਕ ਉਮੀਦਾਂ ਲਾਈ ਰੱਖੀਆਂ। ਇਹ ਸੁਧਾਰ ਸੀਮਤ ਸਮੇਂ ਲਈ ਹੀ ਪ੍ਰਭਾਵਸ਼ਾਲੀ ਰਹੇ। ਦੂਜੀ ਗੱਲ, ਕੇਂਦਰ-ਰਾਜ ਸਬੰਧਾਂ ਦੀਆਂ ਸੀਮਾਵਾਂ ਦੇ ਹੁੰਦਿਆਂ ਖੱਬੇ ਮੋਰਚੇ ਨੇ ਰੂੜੀਵਾਦੀ ਆਰਥਿਕ ਅਤੇ ਸਮਾਜਕ ਨੀਤੀਆਂ ਅਪਣਾਈਆਂ। ਅੱਜ ਸਮਾਜਕ ਪੱਖਾਂ ਤੋਂ ਪੱਛਮੀ ਬੰਗਾਲ ਬਹੁਤ ਪਛੜਿਆ ਹੋਇਆ ਹੈ। ਤੀਜੀ ਗੱਲ, ਖੱਬੇ ਮੋਰਚੇ ਨੇ ਵੱਡੇ ਵਪਾਰਕ ਘਰਾਣਿਆਂ ਪੱਖੀ ਸਨਅਤੀ ਨੀਤੀ ਅਪਣਾਈ। ਰਾਤੋ-ਰਾਤ ਵਿਕਾਸ ਕਰਨ ਦੀ ਮ੍ਰਿਗਤ੍ਰਿਸ਼ਨਾ ਵਾਲੀ ਚਾਹਨਾ ਹੇਠ ਪੂੰਜੀਵਾਦ ਨੂੰ ਉਤਸ਼ਾਹਿਤ ਕੀਤਾ ਗਿਆ, ਜਿਸ ਲਈ ਧੱਕੇ ਨਾਲ ਜ਼ਮੀਨਾਂ ਵੀ ਗ੍ਰਹਿਣ ਕੀਤੀਆਂ ਗਈਆਂ। ਨਤੀਜੇ ਵਜੋਂ ਸਿੰਗੂਰ ਅਤੇ ਨੰਦੀਗ੍ਰਾਮ ਵਿਚ ਖ਼ੂਨੀ ਘਟਨਾਕ੍ਰਮ ਹੋਇਆ। ਚੌਥੀ ਗੱਲ, ਖੱਬੇ ਮੋਰਚੇ ਵੱਲੋਂ ਸੱਤਾ ਦੀ ਦੁਰਵਰਤੋਂ ਵੀ ਸ਼ੁਰੂ ਹੋ ਗਈ ਜਿਸ ਵਿਚ ਦਬਾਅ ਦੀਆਂ ਨੀਤੀਆਂ ਅਪਣਾਈਆਂ ਜਾਣ ਲੱਗੀਆਂ ਅਤੇ ਬਾਹੂਬਲ ਦੀ ਵਰਤੋਂ ਆਮ ਹੋ ਗਈ।

ਹੁਣ ਜਦੋਂ ਤੱਕ ਖੱਬਾ ਮੋਰਚਾ ਆਪਣੀਆਂ ਸਿਆਸੀ ਨੀਤੀਆਂ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਨਹੀਂ ਲਿਆਉਂਦਾ, ਇਹ ਬੰਗਾਲ ਵਿਚ ਹਾਸ਼ੀਏ 'ਤੇ ਹੀ ਰਹੇਗਾ। ਇਸ ਦਾ ਹੋਂਦ ਵਿਚ ਬਣੇ ਰਹਿਣਾ ਜ਼ਰੂਰੀ ਹੈ ਪਰ ਜਦੋਂ ਤੱਕ ਇਹ ਤਬਦੀਲੀਆਂ ਲਈ ਤਿਆਰ ਨਹੀਂ ਹੋਵੇਗਾ, ਉਦੋਂ ਤੱਕ ਇਸ ਨੂੰ ਲੱਗਾ ਖੋਰਾ ਰੁਕੇਗਾ ਨਹੀਂ।

ਚਰਚਾ ਤੇ ਚੇਤਾ

# ਹੁਣ ਨਹੀਂ ਹੱਥ ਫੂਕਣਗੀਆਂ ਪੰਜਾਬਣਾਂ!

ਮਨੁੱਖੀ ਵਿਕਾਸ ਅਤੇ ਵਿਗਿਆਨਕ ਕਾਢਾਂ ਕਾਰਨ ਕਿਸੇ ਨਾ ਕਿਸੇ ਅਜਿਹੀ ਚੀਜ਼ ਦਾ ਵਰਤੋਂ ਵਿਚੋਂ ਨਿਕਲਦੇ ਰਹਿਣਾ ਸੁਭਾਵਿਕ ਹੈ ਜਿਸ ਬਿਨਾਂ ਕਦੀ ਜੀਵਨ ਦੀ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ। ਇਸ ਸਾਧਾਰਨ ਕੁਦਰਤੀ ਵਰਤਾਰੇ ਨੂੰ ਸਮਝਣ ਤੋਂ ਅਸਮਰੱਥ ਕੁਝ ਲੋਕ ਵਿਰਲਾਪ ਕਰਦੇ ਰਹਿੰਦੇ ਹਨ, ਹਾਇ ਕਿਧਰ ਗਏ ਚਰਖੇ ਤੇ ਕੱਤਣੀਆਂ, ਹਾਇ ਕਿਥੋਂ ਲਿਆਈਏ ਖੂਹ ਤੇ ਹਲਟ, ਹਾਇ ਲੋਕ ਕਿਉਂ ਨਹੀਂ ਪਾਲਦੇ ਬੋਤੇ ਤੇ ਬਲ੍ਹਦ! ਹੁਣ ਇਨ੍ਹਾਂ ਲੋਕਾਂ ਵਾਸਤੇ ਇਕ ਹੋਰ ਬੁਰੀ ਖ਼ਬਰ ਹੈ। ਛੇਤੀ ਹੀ ਉਨ੍ਹਾਂ ਨੂੰ ਇਹ ਲੇਖ ਲਿਖਣੇ ਪੈਣਗੇ, ਹਾਇ ਕਿਥੋਂ ਲਿਆਈਏ ਤਵਾ ਤੇ ਪਰਾਤ, ਚਕਲਾ ਤੇ ਵੇਲਨਾ, ਚਿਮਟਾ ਤੇ ਖੁਰਚਣਾ!



ਗੁਰਬਚਨ ਸਿੰਘ ਭੁੱਲਰ
ਫੋਨ: 91-11-65736868
bhullargs@gmail.com

ਸਾਡੇ ਸਮਾਜ ਵਿਚ ਇਸਤਰੀ ਦੀ ਖੁੱਲ੍ਹੇਆਮ ਦੱਸੀ ਜਾ ਸਕਣ ਵਾਲੀ ਲੋੜ ਰੋਟੀ ਪਕਾਉਣ ਵਾਲੀ ਵਜੋਂ ਰਹੀ ਹੈ। ਜਦੋਂ ਵਿਚੋਲੇ ਕੁੜੀ ਦੇ ਸਾਕ ਦੀ ਗੱਲ ਤੋਰਦੇ ਸਨ, ਉਹ ਮੁੰਡੇ ਵਾਲਿਆਂ ਨੂੰ ਦਸਦੇ ਸਨ, ਜੀ, ਸਾਡੀ ਬੀਬੀ ਰੋਟੀ-ਟੁੱਕ, ਕੱਤਣਾ-ਕੱਢਣਾ, ਸਿਊਣਾ-ਪਰੋਣਾ ਸਾਰੇ ਕੰਮ ਵਧੀਆ ਕਰ ਲੈਂਦੀ ਹੈ। ਰੋਟੀ-ਟੁੱਕ ਸਭ ਤੋਂ ਪਹਿਲਾਂ ਆਉਂਦਾ ਸੀ। ਅਸਲ ਵਿਚ ਤਾਂ ਰੋਟੀ-ਟੁੱਕ ਦਾ ਮਹੱਤਵ ਏਨਾ ਸੀ ਕਿ ਪਤੀ-ਪਤਨੀ ਦਾ ਦੋਹਰੀ ਰਿਸ਼ਤਾ ਵੀ ਇਸੇ ਨਾਂ ਹੇਠ ਆ ਜਾਂਦਾ ਸੀ। ਜੇ ਇਸ ਰਿਸ਼ਤੇ ਵਿਚ ਮੂੰਹ-ਵੱਟ ਵਿਗਾੜ ਪੈ ਜਾਂਦਾ, ਫ਼ੈਸਲੇ ਵਾਸਤੇ ਜੁੜੀਆਂ ਦੋਵਾਂ ਧਿਰਾਂ ਦੀਆਂ ਪੰਚਾਇਤਾਂ ਵਿਚ ਧੀ ਵਾਲੇ ਆਖਦੇ, ਜੇ ਥੋੜੇ ਮੁੰਡੇ ਨੇ ਰੋਟੀ-ਟੁੱਕ ਹੀ ਨਹੀਂ ਦੇਣਾ, ਸਾਡੀ ਕੁੜੀ ਨੇ ਇਥੇ ਕਾਹਦੇ ਲਈ ਰਹਿਣਾ ਹੈ! ਕਈ ਦਹਾਕੇ ਪਹਿਲਾਂ ਦੇਖੀ ਸ਼ਿਆਮ ਬੈਨੇਗਲ ਦੀ ਦੱਖਣੀ ਭਾਰਤ ਬਾਰੇ ਇਕ ਫ਼ਿਲਮ ਵਿਚ ਪਤੀ-ਪਤਨੀ ਦੇ ਸਬੰਧਾਂ ਵਿਚ ਅਜਿਹੀ ਹੀ ਸੂਰਤ ਬਣ ਗਈ। ਨਿਬੇੜੇ ਵਾਸਤੇ ਜੁੜੀਆਂ ਦੋਵਾਂ ਪੰਚਾਇਤਾਂ ਵਿਚ ਕੁੜੀ ਵਾਲਿਆਂ ਨੇ ਐਨ ਇਹੋ ਪੰਜਾਬੀਆਂ ਵਾਲੇ ਸ਼ਬਦ ਵਰਤੇ ਤਾਂ ਮੇਰਾ ਦੰਗ ਹੋਣਾ ਸੁਭਾਵਿਕ ਸੀ!

ਧੀ ਅਜੇ ਬਾਲਪਨ ਵਿਚੋਂ ਬਾਹਰ ਵੀ ਨਹੀਂ ਸੀ ਨਿਕਲੀ ਹੁੰਦੀ, ਮਾਂ ਉਹਨੂੰ ਆਟਾ ਗੁੰਨ੍ਹਣ ਤੇ ਰੋਟੀਆਂ, ਭਾਵੇਂ ਵਿੰਗੀਆਂ-ਟੇਢੀਆਂ ਹੀ ਸਹੀ, ਪਕਾਉਣ ਵਾਸਤੇ ਪ੍ਰੇਰਨ ਲਗਦੀ। ਜਿਸ ਘਰ ਵਿਚ ਮਾਂ ਗੁਜ਼ਰ ਜਾਂਦੀ ਤੇ ਹੋਰ ਕੋਈ ਇਸਤਰੀ ਨਾ ਹੁੰਦੀ, ਲੋਕ ਆਖਦੇ, ਮੁੰਡਾ ਵਿਆਹਿਆ ਜਾਵੇ, ਰੋਟੀ ਪਕਦੀ ਹੋ ਜਾਵੇ। ਔਰਤ ਤੇ ਰੋਟੀ ਦੇ ਰਿਸ਼ਤੇ ਨੂੰ ਇਹ ਲੋਕ ਗੀਤ ਸਭ ਤੋਂ ਵਧੀਆ ਉਜਾਗਰ ਕਰਦਾ ਹੈ: ਰੰਨਾਂ ਵਾਲਿਆਂ ਦੇ ਪੱਕਣ ਪਰੌਂਠੇ, ਛੜਿਆਂ ਦੀ ਅੱਗ ਨਾ ਬਲੇ! ਇਸੇ ਕਰਕੇ ਲੋਕ ਛੜੇ ਨੂੰ ਆਖਦੇ, ਕਿਉਂ ਹੱਥ ਫੂਕਦਾ ਐਂ, ਚਾਰ ਕਿਆਰੇ ਗਹਿਣੇ ਰੱਖ ਕੇ ਕੋਈ ਕੁਦੇਸਣ ਹੀ ਲੈ ਆ। ਇਹੋ ਕਾਰਨ ਹੈ ਕਿ ਰੋਟੀ ਔਰਤ ਦੇ ਹੱਥ ਵਿਚ ਕਾਫ਼ੀ ਕਾਰਗਰ ਹਥਿਆਰ ਵੀ ਬਣਦੀ ਰਹੀ ਹੈ। ਪਤੀ-ਪਤਨੀ ਯੁੱਧ ਛਿੜਦਾ ਤਾਂ ਰੋਟੀ ਪਕਾਉਣ ਦੀ ਇਜਾਰੇਦਾਰ ਹੋਣ ਕਰਕੇ ਉਹ ਲਲਕਾਰਦੀ, ਪੇਕੀਂ ਤੁਰ ਗਈ ਤਾਂ ਫਿਰੀਂ ਹੱਥ ਫੂਕਦਾ!

ਜਦੋਂ ਵਿਆਹੁਤਾ ਜੀਵਨ ਅਜੇ ਚਾਅ-ਮਲ੍ਹਾਰ ਨੁੱਚੜ ਕੇ ਪੂਰੀ ਤਰ੍ਹਾਂ ਨੀਰਸ ਨਹੀਂ ਸੀ ਹੋਇਆ ਹੁੰਦਾ, ਰੋਟੀ-ਟੁੱਕ ਕਾਫ਼ੀ ਮਨਭਾਉਂਦਾ ਕੰਮ ਬਣਿਆ ਰਹਿੰਦਾ ਸੀ। ਖੇਤ ਵਿਚ ਕੰਮ ਕਰਨ ਗਏ ਪਤੀ ਵਾਸਤੇ ਰੋਟੀ ਤਿਆਰ ਕਰਨਾ ਝੰਜਟ ਨਹੀਂ ਸੀ ਲਗਦਾ। ਸਗੋਂ ਕੱਪੜੇ ਬਦਲ ਕੇ, ਹਾਰ-ਸ਼ਿੰਗਾਰ ਕਰ ਕੇ ਅਤੇ ਦੀਵੇ ਵਾਂਗ ਬਲਦੀ ਇਕ ਅੱਖ ਨੰਗੀ ਰਖਦਿਆਂ ਤਵੀਤ-ਦਿਖਾਵਾਂ ਘੁੰਡ ਕੱਢ ਕੇ ਵੀਹੀਆਂ ਵਿਚੋਂ ਦੀ ਭੱਤਾ ਲਿਜਾਣਾ ਬਹੁਤ ਹੁਲਾਸੀ ਤੇ ਅੰਗ-ਲਾਊ ਉਦਮ ਹੁੰਦਾ ਸੀ। ਪਰ ਕਬੀਲਦਾਰੀ ਦੀਆਂ ਉਲਝਣਾਂ ਇਹ ਦੌਰ ਬਹੁਤੇ ਸਮੇਂ ਤੱਕ ਰਹਿਣ ਨਹੀਂ ਸਨ ਦਿੰਦੀਆਂ। ਚਾਅ ਨਾਲ ਪਕਦਾ ਭੱਤਾ ਜੀਅ ਦਾ ਜੰਜਾਲ ਬਣ ਕੇ ਰਹਿ ਜਾਂਦਾ! ਹੁਣ ਜਦੋਂ ਅਨੇਕ ਘਰਾਂ ਦਾ ਨਾਤਾ ਸਕੂਲਾਂ ਅਤੇ ਦਫ਼ਤਰਾਂ ਨਾਲ ਜੁੜ ਗਿਆ ਹੈ, ਸਗੋਂ ਇਸਤਰੀਆਂ ਆਪ ਵੀ ਘਰੋਂ ਬਾਹਰ ਕੰਮ ਕਰਨ ਲੱਗੀਆਂ ਹਨ, ਪਤੀ ਲਈ, ਬੱਚਿਆਂ ਲਈ ਅਤੇ ਆਪਣੇ ਲਈ ਰੋਟੀ ਦੇ ਡੱਬੇ ਤਿਆਰ ਕਰਨਾ ਭੱਤਾ ਬਣਾਉਣ ਤੇ ਖੇਤ ਲੈ ਕੇ ਜਾਣ ਨਾਲੋਂ ਵੀ ਵੱਧ ਜਾਨ-ਮਾਰਵਾਂ ਕੰਮ ਹੋ ਗਿਆ ਹੈ।

'ਘਰ-ਬਾਹਰ' ਵਿਚੋਂ 'ਬਾਹਰ ਦਾ ਮਾਲਕ' ਆਪਣਾ ਖੇਤ ਦਾ, ਦਫ਼ਤਰ ਦਾ ਕੰਮ ਮੁਕਾ ਕੇ ਮੁਕਤ ਹੋ ਜਾਂਦਾ ਹੈ ਪਰ 'ਘਰ ਦੀ ਮਾਲਕਣ' ਭਾਵੇਂ ਪਤੀ ਵਾਂਗ ਘਰੋਂ ਬਾਹਰ ਵੀ ਕੰਮ ਕਰਦੀ ਹੋਵੇ, 'ਘਰ ਦੀ ਮਾਲਕੀ' ਤੋਂ, ਭਾਵ ਸਾਰੇ ਘਰੇਲੂ ਕੰਮਾਂ ਦੇ ਗੋਲੇ-ਧੰਦੇ ਤੋਂ ਉਹਦਾ ਪਿੱਛਾ ਨਹੀਂ ਛੁਟਦਾ। ਉਨ੍ਹਾਂ ਪਤਨੀਆਂ ਤੋਂ ਸਿਵਾ, ਜਿਨ੍ਹਾਂ ਦੇ ਪਤੀ ਜਾਗ੍ਰਿਤ ਹਨ, ਦੋਵਾਂ ਦੇ ਇਕੱਠਿਆਂ ਬਾਹਰੋਂ ਆਉਣ ਦੀ ਸੂਰਤ ਵਿਚ ਵੀ ਚਾਹ ਪਤਨੀ ਹੀ ਬਣਾਉਂਦੀ ਹੈ, ਰੋਟੀ ਤਾਂ ਬਣਾਉਣੀ ਹੀ ਹੋਈ। ਹੌਲੀ ਹੌਲੀ ਔਰਤ ਦੀ ਜ਼ਿੰਦਗੀ 'ਭੰਡਾ ਭੰਡਾਰੀਆ ਕਿੰਨਾ ਕੁ ਭਾਰ, ਇਕ ਮੁੱਠੀ ਚੁੱਕ ਲੈ, ਦੂਜੀ ਨੂੰ ਸਹਾਰ' ਬਣ ਕੇ ਰਹਿ ਜਾਂਦੀ ਹੈ। ਇਕ ਕੰਮ ਮੁੱਕਿਆ ਨਹੀਂ ਹੁੰਦਾ, ਦੂਜਾ ਉਡੀਕ ਰਿਹਾ ਹੁੰਦਾ ਹੈ! 'ਚਰਖਾ ਚੱਕ ਤੇ ਚੱਕੀ ਝੋਅ' ਦੇ ਜ਼ਮਾਨੇ ਵਿਚ ਤਾਂ ਉਹ ਆਟਾ ਪੀਂਹਦੀ ਵੀ ਆਪ ਹੀ ਸਨ।

ਭਾਵੇਂ ਬਹੁਤੇ ਲੋਕ ਕਲਜੁਗ ਦਾ ਗ਼ਲਤ ਅਰਥ ਕਾਲੇ ਜੁਗ ਵਜੋਂ ਕਰਦੇ ਹਨ, ਅਸਲ ਵਿਚ ਇਹ ਕਲ-ਪੁਰਜ਼ੇ ਵਾਲੀ ਕਲ ਦਾ, ਭਾਵ ਮਸ਼ੀਨਰੀ ਦਾ, ਤਕਨਾਲੋਜੀ ਦਾ ਜੁਗ ਹੈ। ਇਹੋ ਕਲਜੁਗ ਘਰੇਲੂ ਕੰਮ-ਧੰਦਿਆਂ ਦੇ ਕੋਹਲੂਗੇੜ ਵਿਚ ਉਲਝੀ ਇਸਤਰੀ ਵਾਸਤੇ ਭਾਂਤ ਭਾਂਤ ਦੀਆਂ ਸੇਵਾਦਾਰ ਵਸਤਾਂ ਲੈ ਕੇ ਆਇਆ ਹੈ। ਅਜਿਹੀ ਇਕ ਇਕ ਵਸਤ ਉਹਦੇ ਲਈ ਇਕ ਇਕ ਇਨਕਲਾਬ ਬਣ ਕੇ ਆਈ ਹੈ। ਪ੍ਰੈਸ਼ਰ ਕੁੱਕਰ, ਕੱਪੜੇ ਧੋਣ ਦੀ ਮਸ਼ੀਨ, ਵੈਕਿਊਮ ਕਲੀਨਰ, ਮਿਕਸਰ-ਗਰਾਈਂਡਰ, ਜੂਸਰ, ਮਾਈਕਰੋਵੇਵ ਜਿਹੀਆਂ ਅਣਗਿਣਤ ਚੀਜ਼ਾਂ ਹਨ ਜੋ ਇਸਤਰੀ ਦੀਆਂ ਸਖੀਆਂ-ਸਹੇਲੀਆਂ ਬਣ ਕੇ ਬਹੁੜੀਆਂ ਹਨ। ਇਨ੍ਹਾਂ ਸਭ ਇਨਕਲਾਬਾਂ ਦੇ ਬਾਵਜੂਦ ਰੋਟੀਆਂ ਪਕਾਉਣ ਦਾ ਝੰਜਟ ਕਾਇਮ ਹੈ। ਜੇ ਪ੍ਰਾਹੁਣੇ ਆ ਜਾਣ, ਫੇਰ ਤਾਂ ਚਕਲੇ ਉਤੇ ਵੇਲਣਾ ਫੇਰ ਫੇਰ ਡੌਲੇ ਦੁਖਣੇ ਹੀ ਹੋਏ!

ਹੁਣ ਰੋਟੀ-ਪਕਾਊ ਇਸਤਰੀਆਂ ਦੇ ਬੂਹੇ ਉਤੇ ਅਜਿਹਾ ਇਨਕਲਾਬ ਦਸਤਕ ਦੇ ਰਿਹਾ ਹੈ ਜੋ ਪਰਾਤ, ਚਕਲੇ-ਵੇਲਣੇ, ਤਵੇ ਅਤੇ ਚਿਮਟੇ-ਖੁਰਚਣੇ ਤੋਂ ਪਿੱਛਾ ਛੁਡਵਾ ਕੇ ਉਹਦੇ ਜੀਵਨ ਵਿਚ ਤਿੱਖਾ ਮੋੜ ਲਿਆ ਦੇਵੇਗਾ। ਪ੍ਰਣੌਤੀ ਨਗਰਕਰ ਅਤੇ ਰਿਸ਼ੀ ਇਸਰਾਨੀ ਦੀ ਭਾਰਤੀ ਜੋੜੀ ਨੇ ਰੋਟੀਮੈਟਿਕ ਨਾਂ ਦੀ ਬੜੀ ਖ਼ੂਬਸੂਰਤ, ਜੂਸਰ ਵਾਂਗ ਦਿਸਦੀ ਮਸ਼ੀਨ ਬਣਾਈ ਹੈ। ਜੋੜੀ ਨੇ ਨੈਟ ਰਾਹੀਂ ਖ਼ਰੀਦਦਾਰਾਂ ਤੋਂ ਅਰਜ਼ੀਆਂ ਮੰਗੀਆਂ ਤਾਂ ਕੁਛ ਹੀ ਸਮੇਂ ਵਿਚ ਉਹ ਤਿਆਰ ਮਸ਼ੀਨਾਂ ਦੀ ਗਿਣਤੀ ਤੋਂ ਵੱਧ ਪਹੁੰਚ ਗਈਆਂ ਅਤੇ ਹੋਰ ਆਰਡਰ ਲੈਣਾ ਬੰਦ ਕਰਨਾ ਪਿਆ। ਜ਼ਿੰਪਲਿਸਟਿਕ ਨਾਂ ਦੀ ਉਨ੍ਹਾਂ ਦੀ ਕੰਪਨੀ ਦਾ ਕਹਿਣਾ ਹੈ, ਮੰਗ ਕਿੰਨੀ ਵੀ ਹੋ ਜਾਵੇ, ਛੇਤੀ ਹੀ ਅਸੀਂ ਨਾਲੋ-ਨਾਲ ਪੂਰੀ ਕਰਨ ਦੀ ਹਾਲਤ ਵਿਚ ਹੋ ਜਾਵਾਂਗੇ। ਪਰਦੇਸਾਂ ਵਿਚ ਵਸੇ ਰੋਟੀ-ਖਾਣੇ ਲੋਕਾਂ ਕੋਲ ਰੋਟੀ ਪਕਾਉਣ ਜਾਂ ਰੈਸਟੋਰੈਂਟਾਂ ਵਿਚ ਜਾਣ ਵਾਸਤੇ ਭਾਰਤੀਆਂ ਜਿੰਨਾ ਵੀ ਸਮਾਂ ਨਾ ਹੋਣ ਕਰਕੇ ਅਤੇ ਨੌਕਰ ਰੱਖਣਾ ਅਸੰਭਵ ਹੋਣ ਕਰਕੇ ਪਹਿਲਾਂ ਵਿਕਰੀ ਭਾਰਤ ਤੋਂ ਬਾਹਰ ਖੋਲ੍ਹੀ ਜਾ ਰਹੀ ਹੈ। ਜੋੜੀ ਜਾਣਦੀ ਹੈ ਕਿ ਉਹ ਭਾਰਤ ਵਿਚ ਵਿਕਰੀ ਖੋਲ੍ਹਣ ਸਹੀ, ਮੰਗ ਦਾ ਹੜ੍ਹ ਆ ਜਾਵੇਗਾ। ਖ਼ਾਸ ਕਰਕੇ ਸ਼ਹਿਰਾਂ ਵਿਚ ਅਣਗਿਣਤ ਲੋਕ ਹਨ ਜੋ ਮਾਂ-ਪਿਓ ਤੇ ਹੋਰ ਸਕੇ-ਸਬੰਧੀਆਂ ਤੋਂ ਮੁਕਤ ਹੋਣ ਕਰਕੇ ਘਰੇ ਤਵੇ-ਪਰਾਤ ਦੇ ਝੰਜਟ ਤੋਂ ਡਰਦੇ ਹਰ ਰੋਜ਼ ਨਿਆਣਿਆਂ ਸਮੇਤ ਢਾਬੇ ਤੋਂ ਛੋਲੇ-ਭਠੂਰੇ, ਪੂਰੀਆਂ-ਛੋਲੇ, ਪਰੌਂਠੇ ਜਾਂ ਪੀਜ਼ਾ-ਪਾਸਤਾ ਖਾਣ ਜਾ ਪਹੁੰਚਦੇ ਹਨ।

ਰੋਟੀਮੈਟਿਕ ਵਿਚ ਇਕੋ ਵਾਰ ਵੀਹ ਤੱਕ ਰੋਟੀਆਂ ਦਾ ਤਮਾਨ ਪੈ ਜਾਂਦਾ ਹੈ। ਵੱਧ ਰੋਟੀਆਂ ਚਾਹੀਦੀਆਂ ਹਨ ਤਾਂ ਤਮਾਨ ਦੁਬਾਰਾ ਪਾ ਦਿਉ। ਖਾਣੇ ਦੀ ਮੇਜ਼ ਉਤੇ ਰੱਖ ਕੇ ਇਕ ਖਾਨੇ ਵਿਚ ਸੁੱਕਾ ਆਟਾ, ਦੂਜੇ ਵਿਚ ਪਾਣੀ ਅਤੇ ਤੀਜੇ ਵਿਚ ਚਮਚਾ ਕੁ ਘਿਉ ਪਾ ਦਿਉ। ਇਕ ਮਿੰਟ ਦੀ ਇਕ ਦੇ ਹਿਸਾਬ ਗਰਮਾ-ਗਰਮ ਫੁੱਲੀਆਂ ਹੋਈਆਂ ਸੁਨਹਿਰੀ ਰੜ੍ਹੀਆਂ ਰੋਟੀਆਂ ਲੈਂਦੇ ਜਾਉ। ਉਹ ਆਪੇ ਮੱਖਣ ਵਰਗਾ ਆਟਾ ਗੁੰਨ੍ਹਦੀ, ਪੇੜੇ ਕਰਦੀ, ਗੋਲ ਵੇਲਦੀ, ਬਰਾਬਰ ਸੇਕਦੀ ਅਤੇ ਪੋਣੇ ਨਾਲ ਦਬਦੀ ਸੁਆਣੀ ਵਾਂਗ ਦਬਾ ਪਾ ਕੇ ਰੋਟੀ ਨੂੰ ਫੁਲਾਉਂਦੀ ਹੈ। ਜੇ ਪੂਰੀਆਂ ਵਾਸਤੇ ਪੇੜਿਆਂ ਤੱਕ ਹੀ ਕੰਮ ਕਰਵਾਉਣਾ ਹੋਵੇ, ਉਹ ਏਨਾ ਕੰਮ ਵੀ ਕਰ ਦਿੰਦੀ ਹੈ। ਰੋਟੀਮੈਟਿਕ ਨੂੰ ਇਹ ਵੀ ਦੱਸਿਆ ਜਾ ਸਕਦਾ ਹੈ ਕਿ ਰੋਟੀ ਕਿੰਨੀ ਘੱਟ-ਵੱਧ ਮੋਟੀ ਤੇ ਕਿੰਨੀ ਘੱਟ-ਵੱਧ ਰੜ੍ਹੀ ਹੋਈ ਚਾਹੀਦੀ ਹੈ।





ਰੋਟੀਮੈਟਿਕ-ਹੁਣ ਚੁੱਲ੍ਹੇ 'ਤੇ ਹੱਥ ਫੂਕਣ ਦੀ ਨਹੀਂ ਰਹੇਗੀ ਲੋੜ

ਜਿਵੇਂ ਮਸ਼ੀਨ ਵਿਚ ਮੈਲੇ ਕੱਪੜੇ ਪਾ ਕੇ ਹੋਰ ਕੰਮ ਲੱਗ ਜਾਉ ਤੇ ਉਹਦਾ ਇਸ਼ਾਰਾ ਸੁਣ ਕੇ ਧੋਤੇ-ਨਿਚੋੜੇ ਹੋਏ ਆ ਕੱਢੋ, ਇਸ ਵਿਚ ਵੀ ਸੁੱਕਾ ਆਟਾ ਪਾਉ ਤੇ ਫੁੱਲੇ-ਰੜ੍ਹੇ ਪ੍ਰਸ਼ਾਦੇ ਚੁੱਕ ਲਵੋ! ਇਨ੍ਹਾਂ ਨੂੰ ਖਾਣੇ ਦੀ ਮੇਜ਼ ਉਤੇ ਰੱਖ ਕੇ ਲਹਿੰਦਾ ਲਹਿੰਦਾ ਫੁਲਕਾ ਛਕਦੇ ਰਹੋ। ਨੈਟ ਉਤੇ ਸ਼ਹਿਰੀ ਵਿਚਕਾਰਲੇ ਤਬਕੇ ਵੱਲ ਸੇਧੇ ਹੋਏ ਵਿਖਾਲੇ ਵਿਚ ਪਤੀ ਰੋਟੀਮੈਟਿਕ ਵਿਚ ਆਟਾ ਤੇ ਪਾਣੀ ਪਾ ਕੇ ਮੇਜ਼ ਉਤੇ ਭਾਂਡੇ ਸਜਾਉਣ ਲਗਦਾ ਹੈ ਅਤੇ ਪਤਨੀ ਮੌਜ ਨਾਲ ਨਹੁੰ ਪੇਂਟਿੰਗ ਕਰ ਰਹੀ ਹੈ।

ਜੁਗਤੀ ਪੰਜਾਬਣਾਂ ਵਾਸਤੇ ਤਾਂ ਇਹ ਮਸ਼ੀਨ ਵਰਦਾਨ ਸਿੱਧ ਹੋਵੇਗੀ। ਕੱਪੜੇ ਧੋਣੀ ਮਸ਼ੀਨ ਬਣਾਉਣ ਵਾਲਿਆਂ ਨੇ ਸੁਫ਼ਨਾ ਵੀ ਨਹੀਂ ਲਿਆ ਹੋਵੇਗਾ ਕਿ ਪੰਜਾਬਣਾਂ ਉਸ ਨਾਲ ਦੁੱਧ ਰਿੜਕਿਆ ਕਰਨਗੀਆਂ! ਪ੍ਰਣੌਤੀ ਤੇ ਰਿਸ਼ੀ ਦੀ ਜੋੜੀ ਤੋਂ ਜਿਹੋ ਜਿਹੀ ਅਤੇ ਜਿੰਨਾ ਕੁ ਕੰਮ ਕਰਨ ਵਾਲੀ ਮਸ਼ੀਨ ਬਣੀ ਹੈ, ਦੇਣ ਸਹੀ, ਉਹਨੂੰ ਪਰੌਂਠੇ, ਪੂੜੇ, ਗੁਲਗੁਲੇ ਤੇ ਮੱਠੀਆਂ ਪਕਾਉਣੇ ਪੰਜਾਬਣਾਂ ਆਪੇ ਸਿਖਾ ਲੈਣਗੀਆਂ!

ਸੰਪਾਦਕ ਦੀ ਡਾਕ

## ਰੂਸੀ ਆਗੂ ਲਿਓਨ ਤ੍ਰਾਤਸਕੀ ਬਾਰੇ ਲੇਖ

'ਪੰਜਾਬ ਟਾਈਮਜ਼' ਦੇ ਅੰਕ ਨੰਬਰ 50 ਅਤੇ 51 ਵਿਚ ਡਾ. ਅੰਮ੍ਰਿਤਪਾਲ ਸਿੰਘ ਦਾ ਰੂਸੀ ਇਨਕਲਾਬ ਦੇ ਆਗੂ ਲਿਓਨ ਤ੍ਰਾਤਸਕੀ ਬਾਰੇ ਲੇਖ ਪੜ੍ਹਿਆ। ਲੇਖ ਦੇ ਪਹਿਲੇ ਪੈਰੇ ਵਿਚ ਉਨ੍ਹਾਂ ਨੇ ਜਿਸ ਢੰਗ ਨਾਲ ਗੱਲ ਸ਼ੁਰੂ ਕੀਤੀ ਸੀ, ਉਹ ਲੇਖ ਦੇ ਅਗਲੇ ਹਿੱਸੇ ਵਿਚ ਬਰਕਰਾਰ ਨਹੀਂ ਰਹਿ ਸਕੀ। ਪਹਿਲਾ ਪੈਰਾ ਪੜ੍ਹ ਕੇ ਜਾਪਿਆ ਸੀ ਕਿ ਲੇਖਕ ਤ੍ਰਾਤਸਕੀ ਬਾਰੇ ਪਹਿਲਾਂ ਪ੍ਰਚਲਿਤ ਧਾਰਨਾਵਾਂ ਤੋਂ ਅਗਾਂਹ ਜਾ ਕੇ ਗੱਲ ਕਰੇਗਾ ਅਤੇ ਕੁਝ ਨਵਾਂ ਪੜ੍ਹਨ ਨੂੰ ਮਿਲੇਗਾ ਪਰ ਜਾਪਦਾ ਹੈ, ਉਸ ਨੇ ਤ੍ਰਾਤਸਕੀ ਨੂੰ ਰੂਸੀ ਇਨਕਲਾਬ ਵਿਚੋਂ ਮਨਫ਼ੀ ਕਰਨ ਦਾ ਤਹੱਈਆ ਕੀਤਾ ਹੋਇਆ ਸੀ। ਇਸੇ ਕਰ ਕੇ ਲੇਖਕ ਦਾ ਇਹ ਯਤਨ ਚੰਗਾ ਹੋਣ ਦੇ ਬਾਵਜੂਦ ਇਕਪਾਸੜ ਹੋ ਨਿਬੜਿਆ।

ਮੈਂ ਆਪ ਕੋਈ ਤ੍ਰਾਤਸਕੀਵਾਦੀ ਨਹੀਂ, ਉਸ ਦੀਆਂ ਕਈ ਧਾਰਨਾਵਾਂ ਕੂੜ ਸਾਬਤ ਹੋ ਚੁੱਕੀਆਂ ਹਨ ਅਤੇ ਉਸ ਦੀ ਪਹੁੰਚ ਦੇ ਕਈ ਨੁਕਸ ਵੀ ਜੱਗ-ਜ਼ਾਹਿਰ ਹਨ; ਪਰ ਮੈਂ ਇਹ ਜ਼ਰੂਰ ਸੋਚਦਾ ਹਾਂ ਕਿ ਹੁਣ ਇਤਨੇ ਸਾਲਾਂ ਬਾਅਦ ਜਦੋਂ ਰੂਸੀ ਇਨਕਲਾਬ ਅਤੇ ਇਸ ਇਨਕਲਾਬ ਦੇ ਆਗੂਆਂ ਬਾਰੇ ਇਤਨੇ ਤੱਥ ਸਾਹਮਣੇ ਆ ਚੁੱਕੇ ਹਨ ਤਾਂ ਚੋਟੀ ਦੇ ਅਜਿਹੇ ਆਗੂਆਂ ਨੂੰ ਮੂਲੋਂ ਹੀ ਸਵੀਕਾਰਨ ਜਾਂ ਰੱਦ ਕਰਨ ਦੀ ਥਾਂ ਉਨ੍ਹਾਂ ਬਾਰੇ ਸਮੁੱਚੇ ਰੂਪ ਵਿਚ ਗੱਲ ਕਰਨੀ ਚਾਹੀਦੀ ਹੈ। ਇਹ ਠੀਕ ਹੈ ਕਿ ਤ੍ਰਾਤਸਕੀ ਨੇ ਕਈ ਮੁੱਦਿਆਂ 'ਤੇ ਬੜੀਆਂ ਬੱਜਰ ਗ਼ਲਤੀਆਂ ਕੀਤੀਆਂ ਜੋ ਉਸ ਦੇ ਪਤਨ ਦਾ ਕਾਰਨ ਵੀ ਬਣੀਆਂ, ਪਰ ਇਨਕਲਾਬ ਵਿਚ ਉਸ ਦਾ ਕੁਝ ਤਾਂ ਨਿੱਗਰ ਯੋਗਦਾਨ ਹੋਵੇਗਾ। ਉਸ ਨੂੰ ਲੈਨਿਨ ਦੀ ਕਤਾਰ ਦਾ ਆਗੂ ਮੰਨਿਆ ਗਿਆ ਹੈ।

ਇਹ ਲੇਖ ਪੜ੍ਹਦਿਆਂ ਮੈਨੂੰ ਆਂਧਰਾ ਪ੍ਰਦੇਸ਼ ਦੇ ਚਰਚਿਤ ਨਕਸਲੀ ਆਗੂ ਕੌਂਡਾਪੱਲੀ ਸੀਤਾਰਮੱਈਆ ਦਾ ਚੇਤਾ ਆ ਗਿਆ। ਇਹ ਉਹੀ ਕੌਂਡਾਪੱਲੀ ਹੈ ਜਿਸ ਵੱਲੋਂ ਲੋਕ-ਘੋਲਾਂ ਦਾ ਲਾਇਆ ਬੂਟਾ ਅੱਜ ਪੂਰਾ ਫੈਲਰ ਕੇ ਸੀ.ਪੀ.ਆਈ. (ਮਾਓਵਾਦੀ) ਨਾਂ ਦੀ ਪਾਰਟੀ ਦੇ ਰੂਪ ਵਿਚ ਸਭ ਦੇ ਸਾਹਮਣੇ ਹੈ। ਜਿਸ ਵੇਲੇ ਨਕਸਲੀਆਂ ਦੇ ਵੱਖ-ਵੱਖ ਆਗੂ ਆਪੋ-ਆਪਣੀਆਂ ਧਾਰਨਾਵਾਂ ਸਹੀ ਹੋਣ ਦੇ ਦਮਗਜੇ ਮਾਰ ਰਹੇ ਸਨ, ਉਸ ਵਕਤ ਇਹ ਆਗੂ ਆਪਣੇ ਸਾਥੀਆਂ ਨਾਲ ਰਲ ਕੇ ਨਕਸਲੀ ਲਹਿਰ ਬਾਰੇ ਪੁਨਰਵਿਚਾਰ ਕਰ ਰਿਹਾ ਸੀ ਅਤੇ ਆਂਧਰਾ ਪ੍ਰਦੇਸ਼ ਦੇ ਮਜ਼ਦੂਰਾਂ-ਕਿਸਾਨਾਂ ਵਿਚ ਕੰਮ ਕਰ ਰਿਹਾ ਸੀ। ਮਗਰੋਂ ਨਵੀਂ ਲੀਡਰਸ਼ਿਪ ਨੇ ਇਸ ਆਗੂ ਨੂੰ ਇਹ ਕਹਿ ਕੇ ਪਾਸੇ ਕਰ ਦਿੱਤਾ ਕਿ ਉਹ ਲੀਹੋਂ ਲਹਿ ਗਿਆ ਹੈ। ਪਰ ਇਸ ਆਗੂ ਦੇ ਯੋਗਦਾਨ ਨੂੰ ਕਦੇ ਵੀ ਪਾਸੇ ਨਹੀਂ ਕੀਤਾ ਜਾ ਸਕਦਾ। ਸੀ.ਪੀ.ਆਈ. (ਮਾਓਵਾਦੀ) ਦੀ ਹੁਣ ਵਾਲੀ ਲੀਡਰਸ਼ਿਪ ਵੀ ਉਸ ਦੇ ਯੋਗਦਾਨ ਨੂੰ ਬਾਕਾਇਦਾ ਮੰਨਦੀ ਹੈ। ਚੰਗਾ ਹੁੰਦਾ ਜੇ ਡਾ. ਅੰਮ੍ਰਿਤਪਾਲ ਸਿੰਘ ਤ੍ਰਾਤਸਕੀ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਵੀ ਕਰਦੇ।

*-ਕਰਨੈਲ ਸਿੰਘ ਸੋਹੀ*
*ਨਿਊ ਯਾਰਕ।*

## ਗੁਰਬਖ਼ਸ਼ ਸਿੰਘ ਬਾਰੇ ਸੰਪਾਦਕੀ

'ਪੰਜਾਬ ਟਾਈਮਜ਼' ਦੇ 21 ਦਸੰਬਰ ਵਾਲੇ ਅੰਕ ਦੀ ਸੰਪਾਦਕੀ 'ਸਿਦਕ ਤੇ ਸੇਧ ਦਾ ਸਫ਼ਰ' ਪੜ੍ਹ ਕੇ ਇਹ ਖ਼ਤ ਲਿਖ ਰਿਹਾ ਹਾਂ। ਇਸ ਨੌਜਵਾਨ ਨੇ ਬਹੁਤ ਚੰਗਾ ਮੁੱਦਾ ਸਾਡੇ ਸਭ ਦੇ ਸਾਹਮਣੇ ਰੱਖਿਆ ਹੈ ਪਰ ਜੇ ਉਸ ਦੇ ਸੰਘਰਸ਼ ਨੂੰ ਹੋਰ ਵੱਡਾ ਕਰ ਲਿਆ ਜਾਂਦਾ ਤਾਂ ਇਸ ਦਾ ਪ੍ਰਭਾਵ ਜ਼ਿਆਦਾ ਪੈਣਾ ਸੀ। ਤੁਸੀਂ ਬੜਾ ਸੰਤੁਲਨ ਰੱਖ ਕੇ ਇਸ ਮੁੱਦੇ ਬਾਰੇ ਆਪਣੀ ਰਾਏ ਰੱਖੀ ਹੈ, ਨਹੀਂ ਤਾਂ ਉਸ ਬਾਰੇ ਬਹੁਤ ਭਾਵੁਕ ਬਿਆਨਬਾਜ਼ੀ ਨਾਲ ਅਖ਼ਬਾਰਾਂ ਭਰੀਆਂ ਪਈਆਂ ਹਨ। ਉਂਜ ਇਹ ਮੁੱਦਾ ਵੀ ਵਿਚਾਰਨ ਵਾਲਾ ਹੈ ਕਿ ਸਜ਼ਾ ਭੁਗਤ ਚੁੱਕੇ ਕੈਦੀ ਇਕੱਲੇ ਸਿੱਖ ਹੀ ਨਹੀਂ ਹਨ, ਹੋਰ ਵੀ ਹਨ। ਉਨ੍ਹਾਂ ਦਾ ਮੁੱਦਾ ਵੀ ਜੇ ਨਾਲ ਜੋੜਿਆ ਜਾਂਦਾ ਤਾਂ ਵਧੇਰੇ ਚੰਗਾ ਸੀ। ਜੇ ਅਜਿਹਾ ਹੋ ਜਾਂਦਾ ਤਾਂ ਇਸ ਸੰਘਰਸ਼ ਦਾ ਘੇਰਾ ਐਨਾ ਸੀਮਤ ਨਾ ਰਹਿੰਦਾ। ਤੁਸੀਂ ਠੀਕ ਹੀ ਨਿਸ਼ਾਨਦੇਹੀ ਕੀਤੀ ਹੈ ਕਿ ਹੁਣ ਇਸ ਸੰਘਰਸ਼ ਨੂੰ ਤੋੜ ਤੱਕ ਲੈ ਕੇ ਜਾਣ ਦੀ ਵਾਰੀ ਅਤੇ ਜ਼ਿੰਮੇਵਾਰੀ ਲੀਡਰਾਂ ਦੀ ਹੈ। ਆਸ ਕੀਤੀ ਜਾਣੀ ਚਾਹੀਦੀ ਹੈ ਕਿ ਸਾਡੀ ਲੀਡਰਸ਼ਿਪ ਇਸ ਮਾਮਲੇ ਵਿਚ ਪੂਰੀ ਨਿਤਰੇਗੀ ਅਤੇ ਪਹਿਲੀਆਂ ਗ਼ਲਤੀਆਂ ਮੁੜ ਕੇ ਨਹੀਂ ਦੋਹਰਾਵੇਗੀ ਤਾਂ ਜੋ ਕੌਮ ਦਾ ਹੋਰ ਨੁਕਸਾਨ ਨਾ ਹੋਵੇ।

ਇਸੇ ਅੰਕ ਵਿਚ ਬੂਟਾ ਸਿੰਘ ਦਾ ਲੇਖ 'ਸਿਆਸੀ ਕੈਦੀਆਂ ਦੀ ਰਿਹਾਈ ਅਤੇ ਸਥਾਪਤੀ ਦੀ ਬਦਨੀਤੀ' ਵੀ ਇਸੇ ਮਸਲੇ ਬਾਰੇ ਸੀ। ਉਸ ਨੇ ਵੀ ਭਾਰਤੀ ਸਟੇਟ ਦੇ ਫ਼ਾਸ਼ੀਵਾਦ ਨੂੰ ਕੇਂਦਰ ਵਿਚ ਰੱਖ ਕੇ ਵਿਚਾਰ ਪ੍ਰਗਟ ਕੀਤੇ ਹਨ। ਗੁਰਬਖ਼ਸ਼ ਸਿੰਘ ਦਾ ਸੰਘਰਸ਼ ਚਲਾ ਰਹੇ ਆਗੂਆਂ ਨੂੰ ਇਸ ਬਾਰੇ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ। ਸਿੱਖ ਬੰਦੀਆਂ ਦੀ ਰਿਹਾਈ ਦਾ ਮੁੱਦਾ ਸਰਬੱਤ ਨਾਲ ਜੁੜਨਾ ਚਾਹੀਦਾ ਹੈ।

*-ਕਰਤਾਰ ਸਿੰਘ ਸੰਧੂ, ਫਰੀਮਾਂਟ, ਕੈਲੀਫੋਰਨੀਆ।*

## ਕਹਾਣੀ 'ਹੁਣ ਮੈਂ ਚੌੜ ਨਹੀਂ ਕਰਦਾ'

ਘਰ ਸੇ ਮਸਜਿਦ ਹੈ ਬਹੁਤ ਦੂਰ
ਚਲੋ ਯੂੰ ਕਰ ਲੇਂ,
ਕਿਸੀ ਰੋਤੇ ਹੁਏ ਬੱਚੇ ਕੋ ਹਸਾਇਆ ਜਾਏ।

ਪੰਜਾਬ ਦੇ ਸਕੂਲਾਂ ਵਿਚ ਅਧਿਆਪਕਾਂ ਦੀ ਘੱਟ ਗਿਣਤੀ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਆਮ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਨੌਕਰੀਆਂ ਲੈਣ ਲਈ ਜਾਂ ਪੱਕੇ ਹੋਣ ਲਈ ਅਧਿਆਪਕਾਂ ਦੇ ਅੰਦੋਲਨ ਆਮ ਹੁੰਦੇ ਰਹਿੰਦੇ ਹਨ। ਅਧਿਆਪਕਾਂ ਦੀਆਂ ਸਹੀ ਜਗ੍ਹਾ 'ਤੇ ਨਾ ਹੁੰਦੀਆਂ ਬਦਲੀਆਂ ਦੀਆਂ ਖ਼ਬਰਾਂ ਵੀ ਕਦੇ ਕਦੇ ਨਜ਼ਰ ਪੈ ਜਾਂਦੀਆਂ ਹਨ।

ਆਮ ਤੌਰ 'ਤੇ ਇਨ੍ਹਾਂ ਨੂੰ ਅਧਿਆਪਕਾਂ ਦਾ ਨਿੱਜੀ ਮਾਮਲਾ ਹੀ ਸਮਝਿਆ ਜਾਂਦਾ ਹੈ। ਬਹੁਤੀ ਹੱਦ ਤੱਕ ਹੈ ਵੀ। ਪਰ ਸਕੂਲਾਂ ਵਿਚ ਅਧਿਆਪਕਾਂ ਦੀ ਗਿਣਤੀ ਘੱਟ ਹੋਣ, ਇਕ ਸਕੂਲ ਵਿਚ ਇਕ ਹੀ ਅਧਿਆਪਕ ਹੋਣ ਅਤੇ ਸਹੀ ਜਗ੍ਹਾ ਬਦਲੀਆਂ ਨਾ ਹੋਣ ਨਾਲ ਸਕੂਲਾਂ ਵਿਚ ਕਿਸ ਤਰ੍ਹਾਂ ਦੀਆਂ ਭਿਆਨਕ, ਕਰੂਰ, ਦਿਲ-ਚੀਰਵੀਆਂ, ਅਸਹਿਣਯੋਗ ਘਟਨਾਵਾਂ ਵਾਪਰ ਸਕਦੀਆਂ ਹਨ, ਇਸ ਦਾ ਖ਼ੁਲਾਸਾ 'ਹੁਣ ਮੈਂ ਚੌੜ ਨਹੀਂ ਕਰਦਾ' ਕਹਾਣੀ ਵਿਚ ਬਹੁਤ ਹੀ ਕਲਾਮਈ, ਮਾਰਮਿਕ ਅਤੇ ਦੁਖਾਂਤਕ ਅੰਦਾਜ਼ ਵਿਚ ਕੀਤਾ ਗਿਆ ਹੈ।

ਕਹਾਣੀ ਪੜ੍ਹਨ ਤੋਂ ਬਾਅਦ ਮੈਂ ਕਿੰਨੀ ਦੇਰ ਬੈਠਾ ਇਹੀ ਸੋਚਦਾ ਰਿਹਾ ਕਾਸ਼! ਇਸ ਸਕੂਲ ਵਿਚ ਹਰ ਕਲਾਸ ਦਾ ਵੱਖਰਾ ਅਧਿਆਪਕ ਹੁੰਦਾ, ਸਕੂਲ ਮਾਸਟਰ ਦਾ ਪਿੰਡ ਸਕੂਲ ਤੋਂ 90 ਮੀਲ ਦੂਰ ਨਾ ਹੁੰਦਾ ਤਾਂ ਇਹ ਦੁਖਾਂਤ ਕਦੇ ਨਾ ਵਾਪਰਦਾ। ਜਗਦੀਸ਼ ਕੌਸ਼ਲ ਦੀ ਦਰਦਮਈ, ਦਿਲ-ਵਿਨ੍ਹਵੀਂ ਕਹਾਣੀ ਸ਼ਬਦਾਂ ਵਿਚ ਬਿਆਨ ਤਾਂ ਮਨੋਵਿਗਿਆਨਕ ਛੋਹਾਂ ਨਾਲ ਕਰਦੀ ਹੀ ਹੈ, ਪਰ ਇਸ ਕਹਾਣੀ ਵਿਚ ਜੋ ਨਹੀਂ ਕਿਹਾ ਗਿਆ, ਉਹ ਵੀ ਕਹੇ ਗਏ ਨਾਲੋਂ ਘੱਟ ਮਹੱਤਵਪੂਰਨ, ਕਰੂਰ, ਕਰੂਪ ਤੇ ਦਿਲ-ਪਾੜਵਾਂ ਨਹੀਂ ਹੈ। ਮਾਸੂਮ ਬੱਚੇ ਦੀ ਬੇਬਸੀ, ਸਿਸਕੀਆਂ, ਹੰਝੂ ਅਤੇ ਅੰਤ ਅਸਲ ਵਿਚ ਸਾਡੀਆਂ ਵਿਦਿਅਕ ਸੰਸਥਾਵਾਂ ਦੇ ਨਿਘਾਰ ਅਤੇ ਅਯੋਗ ਪ੍ਰਸ਼ਾਸਨ ਦਾ ਹੀ ਚਿੰਨ੍ਹ ਹੈ।

*-ਸੁਰਿੰਦਰ ਸੋਹਲ, ਨਿਊ ਯਾਰਕ*
*ਫੋਨ: 646-220-2586*

PUNJAB
India Begins Here

# a blissful beginning



## Historic Initiatives to protect OUR DAUGHTERS

- The **"PUNJAB COMPULSORY REGISTRATION OF MARRIAGES ACT 2012"**
- **Registration of marriages made compulsory**
- For the convenience of public to expedite the process of Registration of Marriages, powers given to the DCs, DROs, Tehsildars and Naib Tehsildars.
- **Dedicated 24X7 Interactive Website for NRIs**
  **Log on to www.nripunjab.gov.in**
  **24x7 NRI Punjab Helpline +91-172-6672301**
  **or for police matters Log on to www.nripunjabpolice.com**
  **24x7 Punjab Police Helpline +91-172-2298543 or for police matters**
  **Log on to www.nripunjabpolice.com**
  **24x7 Punjab Police Helpline +91-172-2298543**
- **Non Registration of marriages has been made punishable**

# NRI



**ANOTHER OPPORTUNITY TO INTERACT :**
**NRI SAMMELAN with delegates on 10 JANUARY, 2014 at Virasat-e-Khalsa, Sri Anandpur Sahib and OPEN HOUSE on 11 JANUARY, 2014 at Jalandhar**

**PROGRESSIVE PUNJAB - A GROWING INVESTMENT DESTINATION**

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ**

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

**We can sell your house in short sale at no cost to you.**

**Selling Homes from Gilroy to Sacramento, CA**

### JUST SOLD

1. 1498 Columbine Way, Livermore, CA 94551
2. 1820 De Vaca Way, Livermore, CA 94550
3. 4124 Polaris Ave., Union City, CA 94587
4. 2995 Masonwood St., San Jose, CA 95148
5. 4326 San Juan Way Fremont, CA 94536
6. 2809 Glen Sharon Way, San Jose, CA 95148
7. 2385 Patricia Dr., Santa Clara, CA 95050
8. 43881 Cameron Hills Dr., Fremont CA 94539
9. 1098 Phelps Ave., San Jose, CA 95117
10. 2712 Sea Drift ln., Hayward, CA 94545
11. 27659 Persimmon Dr., Hayward, CA 94544
12. 115 Juniper Ct., Hercules, CA 945547
13. 2980 Glen Alden Ct., San Jose, CA 95148
14. 34782 Klondike Dr., Union City, CA 94587

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

**WE CAN SELL HUD HOMES ANY WHERE IN CALIFORNIA**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

# ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਮੀਟਿੰਗ ਵਿਚ ਵਿਛੜੇ ਸਾਹਿਤਕਾਰਾਂ ਨੂੰ ਸ਼ਰਧਾਂਜਲੀ

**ਨਿਊ ਯਾਰਕ (ਬਿਊਰੋ):** ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਦਸੰਬਰ ਮਹੀਨੇ ਦੀ ਲੰਘੇ ਸਨਿਚਰਵਾਰ ਹੋਈ ਮੀਟਿੰਗ ਵਿਚ ਜਿਥੇ ਹਾਲ ਹੀ ਵਿਚ ਇਸ ਸੰਸਾਰ ਤੋਂ ਕੂਚ ਕਰ ਗਏ ਕਹਾਣੀਕਾਰ ਤਲਵਿੰਦਰ ਸਿੰਘ ਅਤੇ ਸ਼ਾਇਰ ਦੇਵਨੀਤ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਉਥੇ ਸਾਹਿਤਕ ਰਚਨਾਵਾਂ ਦੇ ਦੌਰ ਵਿਚ ਲੇਖਕਾਂ ਅਤੇ ਗਾਇਕਾਂ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ ਅਤੇ ਗਾ ਕੇ ਸੁਣਾਈਆਂ। ਜ਼ਿਕਰਯੋਗ ਹੈ ਕਿ ਤਲਵਿੰਦਰ ਸਿੰਘ ਦੀ ਆਪਣੀ ਪਤਨੀ ਸਮੇਤ ਇਕ ਕਾਰ ਹਾਦਸੇ ਵਿਚ ਮੌਤ ਹੋ ਗਈ ਸੀ ਜਦੋਂਕਿ ਕਵੀ ਦੇਵਨੀਤ ਕੈਂਸਰ ਦੀ ਭਿਆਨਕ ਬੀਮਾਰੀ ਦਾ ਸ਼ਿਕਾਰ ਹੋ ਗਿਆ।

ਨਿਊ ਜਰਸੀ ਵਿਚ ਅਵਤਾਰ ਸ਼ੇਰਪੁਰੀ ਅਤੇ ਜਗਮੋਹਣ ਸਿੰਘ ਦੇ ਘਰ ਹੋਈ ਇਸ ਮੀਟਿੰਗ ਦੇ ਸ਼ੁਰੂ ਵਿਚ ਪ੍ਰੇਮ ਮਾਨ ਨੇ ਵਿਛੜੇ ਲੇਖਕਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਪਰੰਤ ਦੋ ਮਿੰਟ ਦਾ ਮੌਨ ਰਖ ਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਦੇਵਨੀਤ ਨੂੰ ਸ਼ਰਧਾਂਜਲੀ ਵਜੋਂ ਦਲਜੀਤ ਮੋਖਾ ਨੇ ਉਸ ਦੀਆਂ ਤਿੰਨ ਕਵਿਤਾਵਾਂ-ਨਾਨਕ ਨੂੰ, ਵੀਲ੍ਹ ਚੇਅਰ ਦੀ ਪ੍ਰਾਰਥਨਾ ਅਤੇ ਨੰਜਨ ਦੀ ਭਗਤੀ ਲਹਿਰ ਪੜ੍ਹੀਆਂ। ਫਿਰ ਉਸ ਨੇ ਆਪਣੀ ਕਵਿਤਾ 'ਹਾਸ਼ੀਆ' ਸੁਣਾਈ।

ਭਗਵਾਨ ਸਿੰਘ ਘਨੌਰ ਨੇ ਪਹਿਲਾਂ ਆਪਣੀ ਕਵਿਤਾ 'ਕਾਮਾ' ਪੜ੍ਹੀ ਅਤੇ ਆਪਣਾ ਇਕ ਗੀਤ 'ਤੁਰ ਗਿਆ ਰਾਤ ਦੀ ਗੱਡੀ' ਸੁਣਾਇਆ। ਵਿਨੋਦ ਸਿੱਬਲ ਨੇ ਹਰਿਵੰਸ਼ ਰਾਏ ਬੱਚਨ ਦੀਆਂ ਮਧੂਸ਼ਾਲਾ ਬਾਰੇ ਲਿਖੀਆਂ ਤਿੰਨ ਰੁਬਾਈਆਂ ਤਰੰਨਮ ਵਿਚ ਸੁਣਾਈਆਂ। ਚੇਤਨ ਸੋਢੀ ਦੇ ਮਾਤਾ ਜੀ ਨੇ ਇਕ ਭਜਨ ਗਾ ਕੇ ਸੁਣਾਇਆ ਜਦੋਂਕਿ ਸੰਗੀਤ ਸ਼ਰਮਾ ਨੇ 'ਆਵਾਜ਼ ਦੇ ਕਹਾਂ ਹੈ, ਦੁਨੀਆਂ ਮੇਰੀ ਜਵਾਂ ਹੈ' ਗੀਤ ਪੇਸ਼ ਕੀਤਾ। ਚੇਤਨ ਸੋਢੀ ਨੇ ਆਪਣੀ ਕਵਿਤਾ 'ਯੇਹ ਸੱਚ ਹੈ ਕਿ ਜੀਵਨ ਕੀ ਸ਼ਾਮ ਅਬ ਢਲ ਗਈ ਹੈ' ਸੁਣਾਈ। ਅਵਤਾਰ ਸ਼ੇਰਪੁਰੀ ਨੇ ਪੰਜਾਬੀ ਗ਼ਜ਼ਲਗੋ ਕਵਿੰਦਰ ਚਾਂਦ ਦੀ ਗ਼ਜ਼ਲ ਪੜ੍ਹੀ। ਗਾਇਕ ਅਜਾਇਬ ਸਿੰਘ ਨੇ ਦੋ ਗੀਤ ਪੇਸ਼ ਕੀਤੇ। ਮੀਨਾਕਸ਼ੀ ਸਿੰਘ ਨੇ ਆਪਣੀ ਕਹਾਣੀ 'ਪੰਜਾਹ ਦਾ ਨੋਟ' ਪੜ੍ਹੀ।



ਪੰਜਾਬੀ ਅਤੇ ਉਰਦੂ ਦੇ ਵਧੀਆ ਗਾਇਕ ਨਵਾਜ਼ ਡੋਗਾ ਨੇ ਕੋਈ ਇਕ ਘੰਟਾ ਪੰਜਾਬੀ ਅਤੇ ਉਰਦੂ ਦੇ ਗੀਤ ਅਤੇ ਗ਼ਜ਼ਲਾਂ ਗਾ ਕੇ ਸਾਹਿਤਕ ਮਾਹੌਲ ਨੂੰ ਮਹਿਫ਼ਲ ਵਿਚ ਬਦਲ ਦਿੱਤਾ। ਨਵਾਜ਼ ਨੇ ਰੇਸ਼ਮਾ ਦਾ ਗਾਇਆ ਗੀਤ 'ਚਾਰ ਦਿਨਾਂ ਦਾ ਪਿਆਰ ਓਹ ਰੱਬਾ' ਗਾ ਕੇ ਰੇਸ਼ਮਾ ਨੂੰ ਸ਼ਰਧਾਂਜਲੀ ਭੇਟ ਕੀਤੀ। ਫਿਰ ਨਵਾਜ਼ ਡੋਗਾ ਅਤੇ ਸੰਗੀਤ ਸ਼ਰਮਾ ਨੇ ਇਕ ਗੀਤ ਇਕੱਠਿਆਂ ਗਾਇਆ। ਅਖੀਰ ਵਿਚ ਬਲਦੇਵ ਸਿੰਘ (ਜੋ ਅਵਤਾਰ ਸ਼ੇਰਪੁਰੀ ਦੇ ਪਿਤਾ ਹਨ) ਨੇ ਗੀਤ 'ਜੇਕਰ ਪੈਸੇ ਦੀ ਕੀਮਤ ਪੁੱਛਣੀ ਹੈ ਤਾਂ ਕਿਸੇ ਮਜ਼ਦੂਰ ਤੋਂ ਪੁੱਛੋ' ਅਤੇ 'ਤੂੰ ਸਾਡਾ ਏਂ ਮਲਾਹ ਸਾਂਈਆਂ' ਗਾਏ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਰਾਜਵੰਤ ਮੋਖਾ, ਨੀਲਮ ਸਿੱਬਲ, ਸਰਬਜੀਤ ਮਾਨ, ਜਗਮੋਹਣ ਸਿੰਘ, ਸਿਮਰਨ ਕੌਰ, ਪਰਵਿੰਦਰ ਕੌਰ, ਕਮਲਜੀਤ ਕੌਰ, ਜਰਨੈਲ ਕੌਰ, ਗਗਨਦੀਪ ਸਿੰਘ, ਬੇਅੰਤ ਸਿੰਘ, ਗੁਰਮਾਨ ਸਿੰਘ, ਸਿਕੰਦਰ ਸਿੰਘ, ਹਰਲੀਨ ਕੌਰ, ਹਰਨੂਰ ਕੌਰ, ਅਤੇ ਏਕਮਜੋਤ ਕੌਰ ਨੇ ਵੀ ਹਾਜ਼ਰੀ ਭਰੀ।


H K TRANSPORT INC

*Division of HK Incorporated*

1401 West Ray St, Indianapolis, IN 46221

Ph: 317-408-3211, web: www.hktransportinc.com

ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ



ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਨਵੇਂ ਨਕੋਰ ਟਰੇਲਰ ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰ ਲਈ |
|---|---|
| 92% ਫਲੈਟ ਡਿਸਪੈਚ | 42 ਸੈਂਟ ਤੱਕ ਪ੍ਰਤੀ ਮੀਲ |
| 30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | 95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| ਨਵੇਂ ਨਕੋਰ ਟਰੇਲਰ | ਨਵੇਂ ਨਕੋਰ ਟਰੇਲਰ |
| ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | ਵਧੀਆ ਅਤੇ ਸਾਫ ਸੁਥਰੇ ਟਰੱਕ |
| ਹਰ 15 ਦਿਨ ਬਾਅਦ ਅਦਾਇਗੀ | ਹਰ 15 ਦਿਨ ਪਿਛੋਂ ਤਨਖਾਹ |

*ਲੋੜੀਂਦੀ ਯੋਗਤਾ:*

■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ ■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*

*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

ਸੰਪਰਕ ਕਰੋ: ਫੋਨ 317-408-3211

ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ



Spiceland Truck Plaza

5809 S. State Road 3, Spiceland, IN 47385 (Exit 123 off I-70)




ਪੰਜਾਬੀਆਂ ਦਾ ਆਪਣਾ ਟਰੱਕ ਸਟਾਪ

*24 ਘੰਟੇ 7 ਦਿਨ ਖੁੱਲ੍ਹਾ*

Guaranteed 100% pure diesel no bio diesel.
100% ਪਿਓਰ ਡੀਜ਼ਲ, ਕੋਈ ਬਾਇਓ ਡੀਜ਼ਲ ਨਹੀਂ

ਹਰ ਗੈਲਨ 'ਤੇ 10 ਸੈਂਟ ਬਚਾਓ, ਖਰਚ ਘਟਾਓ, ਪੈਸੇ ਬਚਾਓ

ਤਾਜ਼ਾ ਪੰਜਾਬੀ ਖਾਣਾ ਖਾਣ ਲਈ ਪੰਜਾਬੀ ਢਾਬਾ

Fuel for Less! Save 10¢*

*Offer subject to change without notice.




Get Your Card from the Cashier

www.fuelmaster.net/rewards

Ph: 317-291-2300, ext. 22

# ਉਸਤਾਦਾਂ ਦਾ ਉਸਤਾਦ ਐਸ.ਡੀ. ਬਾਤਿਸ਼

**ਖ਼ਾਮੋਸ਼ ਸੁਰਾਂ-11**

*ਹਿੰਦੀ ਫ਼ਿਲਮ ਗਾਇਕੀ ਮੁੱਖ ਤੌਰ 'ਤੇ ਲਤਾ ਮੰਗੇਸ਼ਕਰ, ਮੁਹੰਮਦ ਰਫ਼ੀ, ਆਸ਼ਾ ਭੌਂਸਲੇ, ਕਿਸ਼ੋਰ ਕੁਮਾਰ, ਮੰਨਾ ਡੇਅ, ਗੀਤਾ ਦੱਤ ਅਤੇ ਹੇਮੰਤ ਕੁਮਾਰ ਵਾਲੀ ਪੀੜ੍ਹੀ ਨਾਲ ਹੀ ਜੁੜੀ ਮੰਨੀ ਜਾਂਦੀ ਹੈ। ਇਨ੍ਹਾਂ ਮਹਾਨ ਗਾਇਕਾਂ-ਗਾਇਕਾਵਾਂ ਦੇ ਯੁੱਗ ਦੌਰਾਨ ਹੀ ਕੁਝ ਅਜਿਹੀਆਂ ਗਾਇਕਾਵਾਂ ਤੇ ਗਾਇਕ ਸਰਗਰਮ ਰਹੇ ਜਿਨ੍ਹਾਂ ਬਾਰੇ ਅੱਜ ਦੀ ਪੀੜ੍ਹੀ ਬਹੁਤ ਘੱਟ ਜਾਣਦੀ ਹੈ। 'ਖ਼ਾਮੋਸ਼ ਸੁਰਾਂ' ਵਿਚ ਹਿੰਦੀ ਫ਼ਿਲਮ ਗਾਇਕੀ ਦੇ ਸੁਨਹਿਰੀ ਯੁੱਗ ਨਾਲ ਜੁੜੇ ਅਜਿਹੇ ਗਾਇਕਾਂ-ਗਾਇਕਾਵਾਂ ਨਾਲ ਤੁਆਰਫ਼ ਕਰਵਾਇਆ ਜਾ ਰਿਹਾ ਹੈ।*

ਬੰਗਾਲੀ ਫ਼ਿਲਮ ਸੰਗੀਤਕਾਰ ਹਮੇਸ਼ਾ ਚੰਗੇ ਗਾਇਕ ਵੀ ਮੰਨੇ ਜਾਂਦੇ ਹਨ ਅਤੇ ਸ਼ਾਸਤਰੀ ਸੰਗੀਤ ਦੇ ਚੰਗੇ ਗਿਆਤਾ ਵੀ। ਇਸ ਮਾਮਲੇ ਵਿਚ ਸਚਿਨ ਦੇਵ ਬਰਮਨ, ਹੇਮੰਤ ਕੁਮਾਰ, ਸ਼ਿਆਮਲ ਮਿੱਤਰਾ, ਸੁਬੀਰ ਸੇਨ ਆਦਿ ਦੇ ਨਾਂ ਸਹਿਜੇ ਹੀ ਗਿਣਾਏ ਜਾ ਸਕਦੇ ਹਨ। ਪੰਜਾਬੀ ਫ਼ਿਲਮ ਸੰਗੀਤਕਾਰਾਂ ਵਿਚ ਅਜਿਹਾ ਮਾਣ ਸਿਰਫ਼ ਐਸ.ਡੀ. ਬਾਤਿਸ਼ ਨੂੰ ਜਾਂਦਾ ਹੈ। ਪੰਡਿਤ ਸ਼ਿਵ ਦਿਆਲ ਬਾਤਿਸ਼ ਵਜੋਂ ਜਾਣਿਆ ਜਾਂਦਾ ਇਹ ਕਲਾਕਾਰ ਖ਼ੁਦ ਚੰਗਾ ਸਾਜ਼ਿੰਦਾ ਸੀ, ਵਧੀਆ ਸੰਗੀਤਕਾਰ ਸੀ, ਪਿੱਠਵਰਤੀ ਗਾਇਕ ਸੀ ਅਤੇ ਸ਼ਾਸਤਰੀ ਸੰਗੀਤ ਦੇ ਗਿਆਨ ਪੱਖੋਂ ਉਸਤਾਦਾਂ ਦਾ ਉਸਤਾਦ ਵੀ ਸੀ। ਅਜਿਹੀ ਹੁਨਰਮੰਦੀ ਦੇ ਬਾਵਜੂਦ ਉਹ ਨਾ ਤਾਂ ਮੋਹਰੀ ਗਾਇਕਾਂ ਦੀ ਕਤਾਰ ਵਿਚ ਆ ਸਕਿਆ ਅਤੇ ਨਾ ਹੀ ਮਕਬੂਲ ਸੰਗੀਤਕਾਰ ਬਣ ਸਕਿਆ। ਉਸ ਦੀ ਆਵਾਜ਼ ਖ਼ੂਬ ਸਧੀ ਹੋਈ ਸੀ, ਲੈਅਦਾਰ ਸੀ ਅਤੇ ਆਵਾਜ਼ ਨੂੰ ਫਿਲਮ ਸੰਗੀਤ ਦੇ ਅਨੁਕੂਲ ਜਜ਼ਬਾਤੀ ਪੁੱਠ ਦੇਣ ਦੀ ਕਲਾ ਵੀ ਉਸ ਨੂੰ ਆਉਂਦੀ ਸੀ, ਪਰ ਇਹ ਸ਼ਾਇਦ ਉਸ ਦੀ

**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਬਦਕਿਸਮਤੀ ਸੀ ਕਿ ਉਸ ਵਾਲਾ ਯੁੱਗ ਮੁਹੰਮਦ ਰਫ਼ੀ-ਮੁਕੇਸ਼-ਤਲਤ ਮਹਿਮੂਦ-ਮੰਨਾ ਡੇਅ-ਕਿਸ਼ੋਰ ਕੁਮਾਰ ਵਾਲਾ ਯੁੱਗ ਸੀ। ਇਸ ਕਲੱਬ ਵਿਚ ਮਹਿੰਦਰ ਕਪੂਰ ਨੂੰ ਵੀ ਦਾਖ਼ਲਾ ਸਿਰਫ਼ ਇਸ ਕਾਰਨ ਮਿਲਿਆ ਕਿ ਉਹ ਉੱਚੀਆਂ ਸੁਰਾਂ ਵਿਚ ਜਾ ਕੇ ਵੀ ਸੁਰ ਨਹੀਂ ਸੀ ਛੱਡਦਾ। ਦੂਜੇ ਪਾਸੇ ਐਸ.ਡੀ. ਬਾਤਿਸ਼ ਦੀ ਆਵਾਜ਼ ਵਿਚ ਸੁਰ ਦੀ ਪੁਖ਼ਤਗੀ ਦੇ ਬਾਵਜੂਦ ਅਜਿਹੀ ਕੋਈ ਵਿਲੱਖਣਤਾ ਨਹੀਂ ਸੀ, ਜਿਹੜੀ ਵੱਖਰਾ ਮੁਕਾਮ ਬਣਾਉਣ ਵਿਚ ਉਸ ਨੂੰ ਮਦਦ ਦਿੰਦੀ। ਅੱਜ ਵੀ ਬਾਤਿਸ਼ ਦਾ ਨਾਂ ਆਉਂਦਿਆਂ ਜਾਂ ਤਾਂ 'ਬਰਸਾਤ ਕੀ ਰਾਤ' (1962) ਦੀਆਂ ਦੋ ਕੱਵਾਲੀਆਂ ('ਨਾ ਤੋ ਕਾਰਵਾਂ ਕੀ ਤਲਾਸ਼ ਹੈ' ਅਤੇ 'ਯਿਹ ਇਸ਼ਕ ਇਸ਼ਕ ਹੈ ਇਸ਼ਕ ਇਸ਼ਕ') ਯਾਦ ਆਉਂਦੀਆਂ ਹਨ ਅਤੇ ਜਾਂ ਫਿਰ 'ਮੇਰੀ ਸੂਰਤ ਤੇਰੀ ਆਂਖੇਂ' (1962) ਦਾ ਮੰਨਾ ਡੇਅ ਦਾ ਅਮਰ ਗੀਤ 'ਪੂਛੋ ਨਾ ਕੈਸੇ ਮੈਨੇ ਰੈਨ ਬਿਤਾਈ'। ਅਜਬ ਗੱਲ ਇਹ ਹੈ ਕਿ ਇਨ੍ਹਾਂ ਤਿੰਨਾਂ ਕੰਪੋਜ਼ੀਸ਼ਨਜ਼ ਵਿਚ ਬਾਤਿਸ਼ ਨੂੰ ਪੂਰੀ-ਪੂਰੀ ਬੰਦਿਸ਼ ਵੀ ਗਾਉਣ ਨੂੰ ਨਹੀਂ ਮਿਲੀ, ਫਿਰ ਵੀ ਇਹ ਗੀਤ ਉਸ ਦੀ ਪਛਾਣ ਮੰਨੇ ਜਾਂਦੇ ਹਨ।

ਪਟਿਆਲਾ ਦੇ ਜੰਮਪਲ ਸ਼ਿਵ ਦਿਆਲ ਬਾਤਿਸ਼ ਨੇ ਆਪਣੀ ਜ਼ਿੰਦਗੀ ਦੇ ਸੱਤ ਦਹਾਕੇ ਸੰਗੀਤ ਸਾਧਨਾ ਵਿਚ ਗੁਜ਼ਾਰੇ। 14 ਦਸੰਬਰ, 1914 ਨੂੰ ਜਨਮੇ ਬਾਤਿਸ਼ ਦਾ ਇੰਤਕਾਲ 29 ਜੁਲਾਈ 2006 ਨੂੰ ਹੋਇਆ। 1934 ਵਿਚ ਉਸ ਨੇ ਪਹਿਲੀ ਵਾਰ ਹਿੰਦੋਸਤਾਨੀ ਫ਼ਿਲਮ ਸਨਅਤ ਵਿਚ ਪੈਰ ਧਰਨ ਦਾ ਯਤਨ ਕੀਤਾ। ਕਾਮਯਾਬੀ ਨਾ ਮਿਲਣ 'ਤੇ ਪਟਿਆਲਾ ਪਰਤ ਗਿਆ ਅਤੇ ਪੰਡਿਤ ਚੰਦਨਰਾਮ ਚਰਨ ਦੇ ਚਰਨੀਂ ਲੱਗ ਕੇ ਸ਼ਾਸਤਰੀ ਸੰਗੀਤ ਦੀ ਭਰਪੂਰ ਸਾਧਨਾ ਕੀਤੀ। ਫਿਰ ਲਾਹੌਰ ਜਾ ਕੇ ਫ਼ਿਲਮ ਸਨਅਤ ਵਿਚ ਇਕ ਵਾਰ ਫਿਰ ਕਿਸਮਤ ਅਜ਼ਮਾਈ। ਸੰਗੀਤਕਾਰ ਪੰਡਿਤ ਅਮਰਨਾਥ ਨੇ 1942 ਵਿਚ ਪੰਜਾਬੀ ਫ਼ਿਲਮ 'ਗੁਆਂਢੀ' ਵਿਚ ਉਸ ਪਾਸੋਂ 'ਪਗੜੀ ਸੰਭਾਲ ਜੱਟਾ' ਗੀਤ ਗਵਾਇਆ ਜੋ ਮਕਬੂਲ ਵੀ ਹੋਇਆ, ਪਰ ਬਾਤਿਸ਼ ਦੀ ਪੇਸ਼ਕਦਮੀ ਦੀ ਬੁਨਿਆਦ ਨਾ ਬਣ ਸਕਿਆ।

ਫਿਰ, ਬਾਤਿਸ਼ ਨੇ ਆਲ ਇੰਡੀਆ ਰੇਡੀਓ ਅਤੇ ਸੰਗੀਤ ਕੰਪਨੀ ਈ.ਐਮ.ਆਈ. ਲਈ 'ਗਾਇਕ ਕਲਾਕਾਰ' ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਪੂਰੇ ਸਮੇਂ ਦੌਰਾਨ ਪੰਡਿਤ ਅਮਰਨਾਥ ਨਾਲ ਉਸ ਦਾ ਨਾਤਾ ਬਰਕਰਾਰ ਰਿਹਾ। 1947 ਵਿਚ ਪੰਡਿਤ ਜੀ ਨੇ ਉਸ ਨੂੰ ਫ਼ਿਲਮ ਗੀਤ ਗਾਉਣ ਦੇ ਮੌਕੇ ਵੀ ਦਿੱਤੇ-ਦਿਵਾਏ ਅਤੇ ਨਾਲ ਹੀ ਸੰਗੀਤਕਾਰ ਵਜੋਂ ਵੀ ਉਸ ਨੂੰ ਪ੍ਰੋਮੋਟ ਕੀਤਾ।

1948 ਤੋਂ ਲੈ ਕੇ 1960 ਤੱਕ ਐਸ.ਡੀ. ਬਾਤਿਸ਼ ਨੇ ਇਕ ਦਰਜਨ ਤੋਂ ਵੱਧ ਹਿੰਦੀ ਫ਼ਿਲਮਾਂ ਲਈ ਸੰਗੀਤ ਦਿੱਤਾ। ਉਸ ਦੀਆਂ ਪਹਿਲੀਆਂ ਕੁਝ ਫਿਲਮਾਂ ਫਲਾਪ ਹੋ ਜਾਣ ਕਾਰਨ ਬਾਤਿਸ਼ ਨੂੰ ਵੀ ਫਲਾਪ ਸੰਗੀਤਕਾਰ ਮੰਨਿਆ ਜਾਣ ਲੱਗਾ ਅਤੇ ਉਹ 'ਸੀ' ਗਰੇਡ ਫ਼ਿਲਮਾਂ ਲਈ ਸੰਗੀਤ ਰਚਣ ਤੇ ਗਾਉਣ ਤੱਕ ਹੀ ਸੀਮਤ ਹੋ ਕੇ ਰਹਿ ਗਿਆ। 'ਤੂਫ਼ਾਨ' (1954) ਦੇ ਕੁਝ ਗੀਤ ਚੰਗੇ ਮਕਬੂਲ ਹੋਏ। ਇਹ ਗੀਤ ਕ੍ਰਮਵਾਰ ਲਤਾ, ਗੀਤਾ ਦੱਤ ਤੇ ਖ਼ੁਦ ਬਾਤਿਸ਼ ਦੇ ਗਾਏ ਹੋਏ ਸਨ, ਪਰ ਇਨ੍ਹਾਂ ਦੀ ਮਕਬੂਲੀਅਤ ਚਿਰ-ਸਥਾਈ ਨਾ ਬਣ ਸਕੀ। ਉੱਘੇ ਹਿੰਦੀ ਕਵੀ ਸਰਸਵਤੀ ਕੁਮਾਰ ਦੀਪਕ ਵੱਲੋਂ ਲਿਖੇ ਗੀਤ 'ਖ਼ਾਮੋਸ਼ ਹੈ ਸਿਤਾਰੇ ਔਰ ਰਾਤ ਰੋ ਰਹੀ ਹੈ' ਨੂੰ ਬਾਤਿਸ਼ ਨੇ ਬਹੁਤ ਖ਼ੂਬਸੂਰਤ ਧੁਨ ਨਾਲ ਸਜਾਇਆ, ਪਰ ਫ਼ਿਲਮ 'ਹਾਰ ਜੀਤ' (1954) ਦਾ ਇਹ ਗੀਤ ਤਲਤ ਮਹਿਮੂਦ ਦੀ ਆਵਾਜ਼ ਨਾਲ ਸ਼ਿੰਗਾਰਿਆ ਹੋਣ ਦੇ ਬਾਵਜੂਦ ਬਾਤਿਸ਼ ਦੀ ਤਕਦੀਰ ਨਾ ਬਦਲ ਸਕਿਆ। ਖ਼ੁਦ ਬਾਤਿਸ਼ ਨੇ ਆਪਣਾ ਨਾਮ ਬਦਲ ਕੇ ਨਿਰਮਲ ਕੁਮਾਰ ਤੇ ਮਾਸਟਰ ਰਮੇਸ਼ ਦੇ ਫਰਜ਼ੀ ਨਾਵਾਂ ਹੇਠ ਕੁਝ ਫਿਲਮਾਂ ਵਿਚ ਸੰਗੀਤ ਦਿੱਤਾ, ਪਰ ਇਹ ਕਦਮ ਵੀ ਕਾਰਗਰ ਨਾ ਹੋਇਆ।



*ਐਸ.ਡੀ. ਬਾਤਿਸ਼ ਨੇ ਫ਼ਿਲਮ 'ਅਮਰ ਕੀਰਤਨ' ਵਿਚ ਸੱਤ ਸੋਲੋ ਗੀਤ ਗਾਏ। ਆਪਣੇ ਸੰਗੀਤ ਨਿਰਦੇਸ਼ਨ ਵਾਲੀ ਹਰ ਫ਼ਿਲਮ ਵਿਚ ਉਸ ਦਾ ਘੱਟੋ-ਘੱਟ ਇਕ ਸੋਲੋ ਗੀਤ ਜ਼ਰੂਰ ਹੁੰਦਾ ਸੀ, ਪਰ ਜਿਹੜਾ ਸੋਲੋ ਉਸ ਦੀ ਆਵਾਜ਼ ਨੂੰ ਤਰਾਸ਼ੇ ਹੋਏ ਰੂਪ ਵਿਚ ਪੇਸ਼ ਕਰਦਾ ਹੈ, ਉਹ ਫ਼ਿਲਮ 'ਲਾਡਲੀ' (1949) ਦਾ ਹੈ। 'ਇਸੀ ਰੰਗੀਨ ਦੁਨੀਆਂ ਮੇਂ ਨਾ ਕਿਆ ਕਿਆ ਦੋਸਤੀ ਦੇਖੀ' ਦੇ ਮੁਖੜੇ ਵਾਲੇ ਚੰਦਰਸ਼ੇਖ਼ਰ ਪਾਂਡੇ ਦੇ ਬੋਲਾਂ ਨੂੰ ਸੰਗੀਤਕਾਰ ਅਨਿਲ ਬਿਸਵਾਸ ਨੇ ਨਿਹਾਇਤ ਖ਼ੂਬਸੂਰਤ ਧੁਨ ਦਾ ਜਾਮਾ ਪਹਿਨਾਇਆ ਹੈ। ਬਾਤਿਸ਼ ਨੇ ਵੀ ਇਸ ਧੁਨ ਨਾਲ ਪੂਰਾ ਨਿਆਂ ਕੀਤਾ।*

ਐਸ.ਡੀ. ਬਾਤਿਸ਼ ਨੇ ਨੌਸ਼ਾਦ ਅਲੀ, ਸਲਿਲ ਚੌਧਰੀ ਅਤੇ ਹੇਮੰਤ ਕੁਮਾਰ ਨੂੰ ਛੱਡ ਕੇ 1950ਵਿਆਂ ਤੇ 1960ਵਿਆਂ ਦੇ ਸਮੇਂ ਦੇ ਹੋਰ ਸਾਰੇ ਸੰਗੀਤਕਾਰਾਂ ਨਾਲ ਕੰਮ ਕੀਤਾ। ਉਸ ਅੰਦਰਲੀ ਸੰਗੀਤਕ ਪ੍ਰਤਿਭਾ ਅਤੇ ਗਿਆਨ ਤੋਂ ਸਾਰੇ ਵਾਕਫ਼ ਸਨ ਅਤੇ ਇਸ ਤੋਂ ਕਾਇਲ ਵੀ ਸਨ। ਸਾਥੀ ਗਾਇਕ-ਗਾਇਕਾਵਾਂ ਵੀ ਉਸ ਨੂੰ 'ਪੰਡਿਤ ਜੀ' ਕਹਿ ਕੇ ਬੁਲਾਇਆ ਕਰਦੀਆਂ ਸਨ। ਬਾਤਿਸ਼ ਨੇ ਧਾਰਮਿਕ ਗੀਤ ਵੀ ਗਾਏ ਤੇ ਰੋਮਾਨੀ ਵੀ। ਸਮਾਜਕ ਸੋਚ ਤੇ ਸੂਹਜ ਨੂੰ ਹਲੂਣਨ ਵਾਲੇ ਗੀਤ ਗਾਉਣ ਦਾ ਵੀ ਉਸ ਨੂੰ ਮੌਕਾ ਮਿਲਿਆ ਅਤੇ ਸੂਫ਼ੀਆਨਾ ਛੋਹ ਵਾਲੇ ਗੀਤ ਵੀ ਉਸ ਦੇ ਹਿੱਸੇ ਆਏ। ਐੱਸ. ਬਲਬੀਰ ਵਾਂਗ ਮਜ਼ਾਹੀਆ ਗੀਤ ਗਾਉਣ ਦਾ ਵੀ ਉਸ ਨੂੰ ਮੌਕਾ ਮਿਲਿਆ।

ਐਸ.ਡੀ. ਬਾਤਿਸ਼ ਨੇ ਫ਼ਿਲਮ 'ਅਮਰ ਕੀਰਤਨ' ਵਿਚ ਸੱਤ ਸੋਲੋ ਗੀਤ ਗਾਏ। ਆਪਣੇ ਸੰਗੀਤ ਨਿਰਦੇਸ਼ਨ ਵਾਲੀ ਹਰ ਫ਼ਿਲਮ ਵਿਚ ਉਸ ਦਾ ਘੱਟੋ-ਘੱਟ ਇਕ ਸੋਲੋ ਗੀਤ ਜ਼ਰੂਰ ਹੁੰਦਾ ਸੀ, ਪਰ ਜਿਹੜਾ ਸੋਲੋ ਉਸ ਦੀ ਆਵਾਜ਼ ਨੂੰ ਤਰਾਸ਼ੇ ਹੋਏ ਰੂਪ ਵਿਚ ਪੇਸ਼ ਕਰਦਾ ਹੈ, ਉਹ ਫ਼ਿਲਮ 'ਲਾਡਲੀ' (1949) ਦਾ ਹੈ। 'ਇਸੀ ਰੰਗੀਨ ਦੁਨੀਆਂ ਮੇਂ ਨਾ ਕਿਆ ਕਿਆ ਦੋਸਤੀ ਦੇਖੀ' ਦੇ ਮੁਖੜੇ ਵਾਲੇ ਚੰਦਰਸ਼ੇਖ਼ਰ ਪਾਂਡੇ ਦੇ ਬੋਲਾਂ ਨੂੰ ਸੰਗੀਤਕਾਰ ਅਨਿਲ ਬਿਸਵਾਸ ਨੇ ਨਿਹਾਇਤ ਖ਼ੂਬਸੂਰਤ ਧੁਨ ਦਾ ਜਾਮਾ ਪਹਿਨਾਇਆ ਹੈ। ਬਾਤਿਸ਼ ਨੇ ਵੀ ਇਸ ਧੁਨ ਨਾਲ ਪੂਰਾ ਨਿਆਂ ਕੀਤਾ। ਇੰਝ ਹੀ, 'ਚੁਪਕੇ ਚੁਪਕੇ' (1948) ਦੇ ਗੀਤ 'ਖ਼ਿਜ਼ਾਂ ਆਈ ਉਮੀਦੋਂ ਸੇ' ਵਿਚ ਬਾਤਿਸ਼ ਨੇ ਆਪਣੀ ਹੀ ਧੁਨ ਨੂੰ ਆਪਣੀ ਗਾਇਕੀ ਨਾਲ ਬਿਹਤਰ ਸਰੂਪ ਬਖ਼ਸ਼ਿਆ। ਬਾਤਿਸ਼ ਵੱਲੋਂ ਗਾਏ ਦੋਗਾਣੇ ਡੇਢ ਸੌ ਦੇ ਕਰੀਬ ਹਨ, ਪਰ ਰਮੇਸ਼ ਸਹਿਗਲ ਦੀ 1955 ਵਿਚ ਬਣੀ ਫ਼ਿਲਮ 'ਰੇਲਵੇ ਪਲੈਟਫਾਰਮ' ਵਿਚ ਆਸ਼ਾ ਭੋਸਲੇ ਦੇ ਸੰਗ ਗਾਏ 'ਮਸਤ ਸ਼ਾਮ ਹੈ, ਹਾਥੋਂ ਮੇਂ ਜਾਮ ਹੈ' (ਸਾਹਿਰ ਲੁਧਿਆਣਵੀ) ਦੀ ਸ਼ਾਨ ਹੀ ਕੁਝ ਵੱਖਰੀ ਹੈ।

ਹਿੰਦੀ ਫ਼ਿਲਮਾਂ ਵਿਚ ਸਹੀ ਮੁਕਾਮ ਨਾ ਮਿਲਣ ਤੋਂ ਕੁੰਠਿਤ ਹੋਣ ਦੇ ਬਾਵਜੂਦ ਐਸ.ਡੀ. ਬਾਤਿਸ਼ ਨੇ ਸੰਗੀਤਕ ਅਧਿਐਨ ਨਿਰੰਤਰ ਜਾਰੀ ਰੱਖਿਆ। 1964 ਵਿਚ ਉਹ ਬ੍ਰਿਟੇਨ ਚਲਾ ਗਿਆ ਜਿੱਥੇ ਉਸ ਦੀ ਬੇਟੀ ਪੜ੍ਹਾਈ ਕਰ ਰਹੀ ਸੀ। ਇਹ ਕਦਮ ਖੁਸ਼ਗਵਾਰ ਸਾਬਤ ਹੋਇਆ। ਉਸ ਨੂੰ ਬੀਟਲਜ਼ ਦੇ ਨਾਲ ਉਨ੍ਹਾਂ ਦੀ ਫ਼ਿਲਮ 'ਹੈਲਪ' (1965) ਵਿਚ ਬੈਕਗ੍ਰਾਊਂਡ ਮਿਊਜ਼ਿਕ ਦੇਣ ਅਤੇ ਦਿਲਰੁਬਾ ਤੇ ਹੋਰ ਸਾਜ਼ ਵਜਾਉਣ ਵਿਚ ਆਪਣੀ ਮੁਹਾਰਤ ਦਰਸਾਉਣ ਦਾ ਮੌਕਾ ਮਿਲ ਗਿਆ।

ਇਸ ਮਗਰੋਂ ਅਕਾਦਮਿਕ ਖੇਤਰ ਵਿਚ ਉਸ ਦੀ ਵੁੱਕਤ ਵਧ ਗਈ ਅਤੇ 1970 ਵਿਚ ਉਸ ਦੀ ਯੂਨੀਵਰਸਿਟੀ ਆਫ਼ ਕੈਲੇਫੋਰਨੀਆ ਵਿਚ ਅਧਿਆਪਕ ਵਜੋਂ ਨਿਯੁਕਤੀ ਹੋ ਗਈ। ਉਹ ਸੇਂਟਾ ਕਰੂਜ਼ (ਕੈਲੀਫੋਰਨੀਆ-ਅਮਰੀਕਾ) ਜਾ ਵਸਿਆ ਜਿੱਥੇ ਆਪਣੇ ਪਰਿਵਾਰ ਨਾਲ ਮਿਲ ਕੇ ਉਸ ਨੇ ਬਾਤਿਸ਼ ਇੰਸਟੀਚਿਊਟ ਆਫ਼ ਫਾਈਨ ਆਰਟਸ ਸਥਾਪਤ ਕੀਤਾ। ਉਸ ਦੀਆਂ ਕੁਝ ਕਿਤਾਬਾਂ ਵੀ ਪ੍ਰਕਾਸ਼ਿਤ ਹੋਈਆਂ ਅਤੇ ਤਿੰਨ ਐਲਬਮਾਂ ਵੀ ਆਈਆਂ ਜਿਨ੍ਹਾਂ ਵਿਚੋਂ ਇਕ ਰਾਗ ਟੋਡੀ (ਤੋੜੀ) ਬਾਰੇ ਸੀ ਅਤੇ ਇਕ ਕਰਨਾਟਕ ਸੰਗੀਤ ਬਾਰੇ।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ **ਕਵਿਤਾ ਦੀਆਂ ਇਕ-ਦੋ ਸਤਰਾਂ** 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਜਨਵਰੀ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-97



*ਕਿੱਥੇ ਤੁਰ ਗਈਆਂ ਸੱਥਾਂ ਦੀਆਂ ਛਾਂਵਾਂ, ਕਿਸੇ ਨੂੰ ਕੁਝ ਸੁੱਝਿਆ ਹੀ ਨਾ।*
*ਕਿੱਦਾਂ ਢਲਿਆ ਸਮੇਂ ਦਾ ਪਰਛਾਵਾਂ, ਕਿਸੇ ਨੇ ਖੌਰੇ ਗੌਲਿਆ ਹੀ ਨਾ।*
*ਹਾਏ ਟੁੱਟ ਕੇ ਗਲੇ ਨੂੰ ਆਈਆਂ ਬਾਹਵਾਂ, ਦੁੱਖਾਂ ਨੂੰ ਫਰੋਲਿਆ ਹੀ ਨਾ।*

## ਕੈਪਸ਼ਨ ਮੁਕਾਬਲਾ-95



ਧੀਆਂ ਤਾਂ ਹਨ ਸਾਡੀਆਂ ਨੀਂਹਾਂ,
ਇਨ੍ਹਾਂ ਨੂੰ ਗਲ ਲਾ ਕੇ ਰੱਖੋ।
ਸਿਰ 'ਤੇ ਰੱਖ ਕੇ ਹੱਥ ਆਪਣਾ,
ਪੂਰਾ ਲਾਡ ਲਡਾ ਕੇ ਰੱਖੋ।
ਕੁੱਖਾਂ ਦੇ ਵਿਚ ਮਾਰਨ ਵਾਲਿਓ,
ਆਪਣੀ ਹੋਂਦ ਬਚਾ ਕੇ ਰੱਖੋ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਹੱਥ ਬਾਬੇ ਦਾ ਪੋਤੀ ਦੇ ਸਿਰ 'ਤੇ
ਅੱਖਾਂ ਵਿਚ ਦੁਆ।
ਸਦਾ ਸਲਾਮਤ ਰਹੇ ਮੇਰੀ ਬੱਚੀ
ਲੱਗੇ ਨਾ ਤੱਤੀ ਵਾਅ।

***-ਗੁਰਦੇਵ ਸਿੰਘ, ਕੈਨੇਡਾ***
***ਫੋਨ: 226-345-7126***

---

ਬਾਬੇ ਪੋਤੀ ਦਾ ਦੇਖੋ ਪਿਆਰ।
ਪੋਤੀ ਪਈ ਸੋਚੇ,
ਕੱਲ੍ਹ ਬਾਬਾ ਜੀ ਨਾਲ ਜਾਵਾਂਗੀ ਬਾਜ਼ਾਰ।
ਖਾਵਾਂਗੇ ਬਰਫ਼ੀ ਨਾਲੇ ਰਸਗੁੱਲੇ,
ਬਾਬਾ ਜੀ ਨੂੰ ਕਰਾਉਨੀ ਆਂ ਯਾਦ,
ਕਿਤੇ ਬਾਬਾ ਜੀ ਨਾ ਭੁੱਲੇ।
ਸਿਰ ਉਪਰ ਹੱਥ ਰੱਖ ਕੇ,
ਬਾਬਾ ਕਰਦਾ ਪਿਆਰ।
ਧੀ ਧਿਆਣੀਏ ਕੱਲ੍ਹ ਜਾਵਾਂਗੇ,
ਜ਼ਰੂਰ ਤੇ ਜ਼ਰੂਰ ਬਾਜ਼ਾਰ।
ਰੱਬ ਅੱਗੇ ਮੇਰੀ ਇਹੋ ਅਰਦਾਸ,
ਸੁਖੀ ਰਹੇਂ, ਪੜ੍ਹੇਂ-ਲਿਖੇਂ,
ਉਚਾ ਤੇ ਸੁੱਚਾ ਕਰ ਆਪਣਾ ਪਿਆਰ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਬੱਚਿਆਂ ਨੂੰ ਸਭ ਪਿਆਰ ਕਰਦੇ,
ਰੱਬ ਦੇ ਉਹ ਨਜ਼ਦੀਕ ਕਹਾਉਣ।
ਸਾਰਿਆਂ ਕੋਲੋਂ ਉਹ ਪਿਆਰ ਲੈਂਦੇ,
ਉਨ੍ਹਾਂ ਦੀ ਹੈ ਬੱਸ ਇਹੀ ਪਛਾਣ।
ਬਜ਼ੁਰਗਾਂ ਦੇ ਉਹ ਕੋਲ ਆ ਕੇ,
ਉਨ੍ਹਾਂ ਦਾ ਪਿਆਰ ਅਸੀਸ ਪਾਉਣ।
ਫੁੱਲਾਂ ਵਰਗੇ ਕੋਮਲ ਬੱਚੇ,
ਸਭ ਦੇ ਫੇਰ ਮਨ ਨੂੰ ਭਾਉਣ।

***-ਦਿਲਪ੍ਰੀਤ ਮਾਨ, ਕਲੋਵਿਸ***
***ਫੋਨ: 559-291-7116***

## ਕੈਪਸ਼ਨ ਮੁਕਾਬਲਾ-93

ਤੜਕੇ ਤੜਕੇ ਉਠ ਕੇ ਸਹੇਲੀਆਂ
ਲੈਣ ਗਈਆਂ ਪੱਠੇ-ਦੱਥੇ।
ਆਪਸ ਵਿਚ ਕਰਨ ਵਿਚਾਰਾਂ
ਸਾਡੀ ਜ਼ਿੰਦਗੀ ਕਿਉਂ ਲੀਹੋਂ ਲੱਥੇ?
ਨਾ ਦਈਂ ਗਰੀਬੀ ਰੱਬਾ,
ਨਾ ਦਈਂ ਘਰਵਾਲਾ ਮਾੜਾ।
ਕਰਕੇ ਮਿਹਨਤ ਪਾਲੀਏ ਡੰਗਰ
ਇਹੋ ਇਕ ਸਹਾਰਾ।

***-ਗੋਰਾ ਪ੍ਰਜਾਪਤ, ਨਿਊ ਯਾਰਕ***

# ਨੰਦਿਤਾ ਬੈਰੀ ਬਣੀ ਟੈਕਸਸ ਦੀ ਗ੍ਰਹਿ ਤੇ ਵਿਦੇਸ਼ ਸਕੱਤਰ

**ਵਾਸ਼ਿੰਗਟਨ:** ਟੈਕਸਸ ਦੇ ਗਵਰਨਰ ਰਿੱਕ ਪੇਰੀ ਨੇ ਭਾਰਤੀ ਮੂਲ ਦੀ ਅਟਾਰਨੀ ਨੰਦਿਤਾ ਬੈਰੀ ਨੂੰ ਸੂਬੇ ਦੀ ਗ੍ਰਹਿ ਸਕੱਤਰ ਨਿਯੁਕਤ ਕੀਤਾ ਹੈ। ਇਹ ਪਹਿਲਾ ਮੌਕਾ ਹੈ ਜਦੋਂ ਕਿਸੇ ਭਾਰਤੀ ਮੂਲ ਦੇ ਅਮਰੀਕੀ ਨੂੰ ਇਸ ਸੂਬੇ ਵਿਚ ਇੰਨਾ ਵੱਡਾ ਅਹੁਦਾ ਮਿਲਿਆ ਹੈ। ਨਵੀਂ ਨਿਯੁਕਤੀ 7 ਜਨਵਰੀ ਤੋਂ ਮੰਨੀ ਜਾਵੇਗੀ ਤੇ ਸ੍ਰੀਮਤੀ ਬੈਰੀ ਰਾਜ ਦੀ ਮੁੱਖ ਚੋਣ ਅਧਿਕਾਰੀ ਵਜੋਂ ਸੇਵਾਵਾਂ ਨਿਭਾਉਣਗੇ। ਨੰਦਿਤਾ 21 ਸਾਲ ਦੀ ਉਮਰ 'ਚ ਅਮਰੀਕਾ ਪੁੱਜੀ ਤੇ ਕਾਨੂੰਨ ਦੀ ਪੜ੍ਹਾਈ ਕਰਨ ਮਗਰੋਂ ਕਈ ਅਹਿਮ ਕੇਸ ਜਿੱਤੇ।

# ਪਰਵਾਸੀ ਭਾਰਤੀ ਪਾਲ ਸਿੰਘ ਫਰਾਂਸ ਸਣੇ ਤਿੰਨ ਜਣਿਆਂ ਨੂੰ ਕੈਦ

## ਹਥਿਆਰ ਤੇ ਵਿਸਫੋਟਕ ਸਮੱਗਰੀ ਰੱਖਣ ਦੇ ਦੋਸ਼



**ਅੰਮ੍ਰਿਤਸਰ:** ਅਦਾਲਤ ਨੇ ਪਾਲ ਸਿੰਘ ਫਰਾਂਸ ਤੇ ਉਸ ਦੇ ਦੋ ਸਾਥੀਆਂ ਮੱਖਣ ਸਿੰਘ ਤੇ ਗੁਰਮੁੱਖ ਸਿੰਘ ਨੂੰ ਨਾਜਾਇਜ਼ ਹਥਿਆਰ ਤੇ ਵਿਸਫੋਟਕ ਸਮੱਗਰੀ ਰੱਖਣ ਦੇ ਦੋਸ਼ ਵਿਚ 10-10 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਵੱਲੋਂ ਦੋ ਦਿਨ ਪਹਿਲਾਂ ਇਨ੍ਹਾਂ ਤਿੰਨਾਂ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ। ਇਨ੍ਹਾਂ ਕੋਲੋਂ ਪੁਲਿਸ ਨੇ ਦੋ ਏ.ਕੇ 47 ਰਾਈਫਲਾਂ, 15 ਕਿਲੋ ਆਰਡੀਐਕਸ ਤੇ ਹੋਰ ਗੋਲੀ-ਸਿੱਕਾ ਬਰਾਮਦ ਕੀਤਾ ਸੀ। ਅਦਾਲਤ ਵੱਲੋਂ ਪਾਲ ਸਿੰਘ ਨੂੰ ਧਮਾਕਾਖੇਜ਼ ਸਮੱਗਰੀ ਰੱਖਣ ਦੇ ਦੋਸ਼ ਹੇਠ ਦਸ ਸਾਲ ਤੇ ਅਸਲਾ ਐਕਟ ਹੇਠ ਪਾਲ ਸਿੰਘ ਤੇ ਗੁਰਮੁੱਖ ਸਿੰਘ ਨੂੰ ਸੱਤ ਸਾਲ ਦੀ ਸਜ਼ਾ ਸੁਣਾਈ ਗਈ ਹੈ।

ਸਰਕਾਰੀ ਵਕੀਲ ਆਰ.ਕੇ ਸਲਵਾਨ ਨੇ ਦੱਸਿਆ ਕਿ ਇਹ ਸਾਰੀਆਂ ਸਜ਼ਾਵਾਂ ਇਕੋ ਸਮੇਂ ਚੱਲਣਗੀਆਂ ਤੇ ਤਿੰਨਾਂ ਨੂੰ ਵੱਧ ਤੋਂ ਵੱਧ 10 ਸਾਲ ਦੀ ਕੈਦ ਕੱਟਣੀ ਪਵੇਗੀ। ਇਸ ਕੇਸ ਵਿਚ ਸਟੇਟ ਸਪੈਸ਼ਲ ਓਪਰੇਸ਼ਨ ਸੈਲ ਦੀ ਪੁਲਿਸ ਵੱਲੋਂ ਪੰਜ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਜਿਨ੍ਹਾਂ ਵਿਚ ਇਨ੍ਹਾਂ ਤਿੰਨਾਂ ਤੋਂ ਇਲਾਵਾ ਨਰੈਣ ਸਿੰਘ ਚੌੜਾ ਤੇ ਕੁਲਵੰਤ ਸਿੰਘ ਵੀ ਸ਼ਾਮਲ ਸਨ। ਇਸ ਦੌਰਾਨ ਕੁਲਵੰਤ ਸਿੰਘ ਦੀ ਪੁਲਿਸ ਹਿਰਾਸਤ ਦੌਰਾਨ ਮੌਤ ਹੋ ਗਈ ਸੀ ਜਦੋਂਕਿ ਨਰੈਣ ਸਿੰਘ ਚੌੜਾ ਨੂੰ ਪੁਲਿਸ ਨੇ ਬਾਅਦ ਵਿਚ ਗ੍ਰਿਫਤਾਰ ਕੀਤਾ ਸੀ ਤੇ ਉਸ ਖਿਲਾਫ ਕੇਸ ਅਦਾਲਤ ਦੇ ਵਿਚਾਰ ਅਧੀਨ ਹੈ।

ਪੁਲਿਸ ਨੇ ਪਹਿਲਾਂ ਕੁਲਵੰਤ ਸਿੰਘ ਵਾਸੀ ਵਰਪਾਲ ਤੇ ਗੁਰਮੁਖ ਸਿੰਘ ਵਾਸੀ ਪਿੰਡ ਪੰਡੋਰੀ ਮਹਿਮਾ ਨੂੰ ਏ.ਕੇ 47 ਰਾਈਫਲ ਤੇ ਹੋਰ ਵਿਸਫੋਟਕ ਸਮੱਗਰੀ ਨਾਲ ਜਿਪਸੀ ਸਮੇਤ ਗ੍ਰਿਫਤਾਰ ਕੀਤਾ ਸੀ। ਮਗਰੋਂ ਇਨ੍ਹਾਂ ਦੀ ਨਿਸ਼ਾਨਦੇਹੀ 'ਤੇ ਪਾਲ ਸਿੰਘ ਨੂੰ ਜਲੰਧਰ ਨੇੜਿਓਂ ਢੰਡੋਵਾਲ ਪਿੰਡ ਤੋਂ ਗ੍ਰਿਫਤਾਰ ਕਰਕੇ ਉਸ ਕੋਲੋਂ 15 ਕਿਲੋ ਆਰਡੀਐਕਸ ਬਰਾਮਦ ਕੀਤਾ ਸੀ। ਇਨ੍ਹਾਂ ਨੂੰ 2010 ਵਿਚ ਗ੍ਰਿਫਤਾਰ ਕੀਤਾ ਗਿਆ ਸੀ।

ਪਾਲ ਸਿੰਘ 1978 ਤੋਂ 1999 ਤੱਕ ਫਰਾਂਸ ਵਿਚ ਰਿਹਾ ਹੈ ਤੇ ਇਥੋਂ ਦਾ ਨਾਗਰਿਕ ਵੀ ਹੈ। ਇਹ ਤਿੰਨ ਵਾਰ 1989, 1998 ਅਤੇ 2002 ਵਿਚ ਸਿੱਖ ਸ਼ਰਧਾਲੂਆਂ ਦੇ ਜਥੇ ਨਾਲ ਪਾਕਿਸਤਾਨ ਵੀ ਜਾ ਚੁੱਕਾ ਹੈ। ਇਸ ਤੋਂ ਪਹਿਲਾਂ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਇਸ ਦਾ ਸਬੰਧ ਬੱਬਰ ਖਾਲਸਾ ਜਥੇਬੰਦੀ ਨਾਲ ਹੈ। ਇਨ੍ਹਾਂ ਸਾਰਿਆਂ ਦਾ ਸਬੰਧ 2010 ਵਿਚ ਗ੍ਰਿਫਤਾਰ ਕੀਤੇ ਗਏ ਸੁਖਦੇਵ ਸਿੰਘ ਚਿੜਾ ਨਾਲ ਵੀ ਸੀ ਜਿਸ ਨੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਨਜ਼ਦੀਕ ਧਮਾਕੇ ਲਈ ਧਮਾਕਾਖੇਜ਼ ਸਮੱਗਰੀ ਵਾਲਾ ਵਾਹਨ ਭੀੜ-ਭਾੜ ਇਲਾਕੇ ਵਿਚ ਖੜ੍ਹਾ ਕੀਤਾ ਸੀ।

# ਪੀ.ਪੀ.ਪੀ. ਆਗੂ 'ਤੇ ਹਮਲਾ ਕਰਨ ਵਾਲੇ ਦੀ ਜੇਲ੍ਹ ਵਿਚ ਮੌਤ

**ਮਾਨਸਾ:** ਪੰਜਾਬ ਪੀਪਲਜ਼ ਪਾਰਟੀ (ਪੀ.ਪੀ.ਪੀ.) ਦੇ ਆਗੂ ਲਖਵੀਰ ਸਿੰਘ ਲੱਖਾ ਸਿਧਾਣਾ 'ਤੇ ਹਮਲਾ ਕਰਨ ਦੇ ਦੋਸ਼ ਵਿਚ ਮਾਨਸਾ ਜ਼ਿਲ੍ਹਾ ਜੇਲ੍ਹ ਵਿਚ ਬੰਦ ਕੈਦੀ ਗੁਰਤੇਜ ਸਿੰਘ ਸਿਧਾਣਾ ਦੀ ਭੇਤਭਰੀ ਹਾਲਤ ਵਿਚ ਮੌਤ ਹੋ ਗਈ ਹੈ। ਜੇਲ੍ਹ ਪ੍ਰਸ਼ਾਸਨ ਨੇ ਉਸ ਦੀ ਮੌਤ ਦਿਲ ਦਾ ਦੌਰਾ ਪੈਣਾ ਕਾਰਨ ਦੱਸੀ ਹੈ ਜਦਕਿ ਉਸ ਦੇ ਮਾਪਿਆਂ ਨੇ ਇਸ ਘਟਨਾ ਨੂੰ ਸਾਜਿਸ਼ ਕਰਾਰ ਦਿੱਤਾ ਹੈ। 29 ਵਰ੍ਹਿਆਂ ਦੇ ਗੁਰਤੇਜ ਸਿੰਘ ਸਿਧਾਣਾ ਦੀ ਮੌਤ ਦੇ ਮੈਜਿਸਟਰੇਟ ਜਾਂਚ ਦੇ ਹੁਕਮ ਦਿੱਤੇ ਗਏ ਹਨ।

**ਪਰਿਵਾਰ ਵੱਲੋਂ ਘਟਨਾ ਸਾਜ਼ਿਸ਼ ਕਰਾਰ**

ਮਾਨਸਾ ਜ਼ਿਲ੍ਹਾ ਜੇਲ੍ਹ ਦੇ ਸੁਪਰਡੈਂਟ ਸੁਖਵਿੰਦਰ ਸਿੰਘ ਮੁਤਾਬਕ ਗੁਰਤੇਜ ਸਿੰਘ ਨੂੰ ਦਿਲ ਦਾ ਦੌਰਾ ਪੈਣ 'ਤੇ ਜੇਲ੍ਹ ਵਿਚਲੇ ਹਸਪਤਾਲ ਵਿਚ ਦਾਖਲ ਕਰਵਾਇਆ ਪਰ ਹਾਲਤ ਸਥਿਰ ਨਾ ਹੋਣ ਕਾਰਨ ਉਸ ਨੂੰ ਮਾਨਸਾ ਦੇ ਸਿਵਲ ਹਸਪਤਾਲ ਭੇਜਿਆ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਮ੍ਰਿਤਕ ਦੇ ਪਿਤਾ ਹਮੀਰ ਸਿੰਘ ਦਾ ਕਹਿਣਾ ਹੈ ਕਿ ਉਸ ਦੇ ਪੁੱਤਰ ਨੂੰ ਗਿਣੀ-ਮਿੱਥੀ ਯੋਜਨਾ ਤਹਿਤ ਕਤਲ ਕਰਵਾਇਆ ਗਿਆ ਹੈ। ਉਸ ਦੇ ਪੁੱਤਰ ਨੂੰ ਪਹਿਲਾਂ ਵੀ ਬਠਿੰਡਾ ਜੇਲ੍ਹ ਵਿਚ ਜ਼ਹਿਰ ਦੇ ਕੇ ਮਾਰਨ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਹੁਣ ਉਸ ਦੀ ਮੌਤ ਹੋਈ ਹੈ ਜੋ ਡੂੰਘੀ ਚਾਲ ਦਾ ਹਿੱਸਾ ਹੈ, ਜਿਸ ਦੀ ਸੀ.ਬੀ.ਆਈ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮਾਨਸਾ ਪੁਲਿਸ ਤੇ ਜੇਲ੍ਹ ਅਧਿਕਾਰੀ ਹੁਣ ਕੋਈ ਕਾਰਵਾਈ ਕਰਨ ਦੀ ਬਜਾਏ, ਸਿਰਫ਼ ਅੱਖਾਂ ਪੂੰਝ ਰਹੇ ਹਨ। ਉਹ ਆਪਣੇ ਪੁੱਤਰ ਦੀ ਮੌਤ ਦੇ ਮਾਮਲੇ ਨੂੰ ਅਦਾਲਤ ਵਿਚ ਲਿਜਾਣਗੇ।

ਪ੍ਰਾਪਤ ਵੇਰਵਿਆਂ ਮੁਤਾਬਕ ਗੁਰਤੇਜ ਸਿੰਘ ਸਿਧਾਣਾ ਇਸ ਤੋਂ ਪਹਿਲਾਂ ਕਤਲ, ਇਰਾਦਾ ਕਤਲ ਤੇ ਹੋਰਨਾਂ ਮਾਮਲਿਆਂ ਵਿਚ ਬਠਿੰਡਾ ਜੇਲ੍ਹ ਵਿਚ ਬੰਦ ਸੀ। ਉਸ ਖ਼ਿਲਾਫ 2012 ਵਿਚ ਜੇਲ੍ਹ ਵਿਚ ਪੀ.ਪੀ.ਪੀ ਦੇ ਆਗੂ ਲਖਵੀਰ ਸਿੰਘ ਲੱਖਾ ਸਿਧਾਣਾ 'ਤੇ ਹਮਲਾ ਕਰਨ ਤੇ ਫਿਰ ਮਈ 2013 ਵਿਚ ਪਿੰਡ ਆਦਮਪੁਰ ਵਿਖੇ ਯੋਜਨਾ ਤਹਿਤ ਲੱਖਾ ਸਿੰਘ ਸਿਧਾਣਾ ਤੇ ਉਸ ਦੇ ਸਾਥੀ 'ਤੇ ਹਮਲਾ ਕਰਕੇ ਇਕ ਵਿਅਕਤੀ ਦੇ ਕਤਲ ਦਾ ਮਾਮਲਾ ਥਾਣਾ ਦਿਆਲਪੁਰਾ (ਬਠਿੰਡਾ) ਵਿਚ ਦਰਜ ਸੀ। ਗੁਰਤੇਜ ਸਿੰਘ 'ਤੇ ਬਠਿੰਡਾ ਜੇਲ੍ਹ ਵਿਚ ਜਾਨਲੇਵਾ ਹਮਲਾ ਹੋਣ ਕਾਰਨ ਉਸ ਨੂੰ ਅਗਸਤ 2013 ਵਿਚ ਮਾਨਸਾ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ ਸੀ।

# ਸਿੱਖ ਪੀੜਤਾਂ ਨੇ ਗਰਗ ਕਮਿਸ਼ਨ ਨੂੰ ਸੁਣਾਏ ਦੁਖੜੇ

**ਚੰਡੀਗੜ੍ਹ:** ਇਕ ਮੈਂਬਰੀ ਕਮਿਸ਼ਨ ਦੇ ਜੱਜ ਟੀ.ਪੀ ਗਰਗ ਦੀ ਅਦਾਲਤ ਅੱਗੇ ਹਰਿਆਣਾ ਦੇ ਸ਼ਹਿਰ ਗੁੜਗਾਉਂ ਵਿਚ 1984 ਦੇ ਕਤਲੇਆਮ ਦੌਰਾਨ ਮਾਰੇ ਗਏ 47 ਸਿੱਖਾਂ ਦੇ ਵਾਰਸਾਂ ਨੇ ਆਪਣੇ ਦੁੱਖੜੇ ਸੁਣਾਏ ਤੇ ਇਨਸਾਫ ਦੀ ਮੰਗ ਕੀਤੀ ਹੈ। ਕਮਿਸ਼ਨ ਦੀ ਹਿਸਾਰ ਅਦਾਲਤ ਵਿਚ ਪੀੜਤ ਧਿਰ ਦੇ ਵਕੀਲ ਸੁਭਾਸ਼ ਮਿੱਤਲ ਨੇ ਦਸ ਪਟੀਸ਼ਨਰਾਂ ਦੀਆਂ ਗਵਾਹੀਆਂ ਭੁਗਤਾਈਆਂ।

ਪੀੜਤ ਰਾਮ ਸਿੰਘ ਨੇ ਜੱਜ ਨੂੰ ਦੱਸਿਆ ਕਿ ਦੋ ਨਵੰਬਰ 1984 ਨੂੰ ਵਾਪਰੇ ਕਤਲੇਆਮ ਸਮੇਂ ਉਹ 14 ਸਾਲਾਂ ਦਾ ਸੀ ਤੇ ਉਸ ਦੇ ਸਾਹਮਣੇ ਭੀੜ ਨੇ ਉਸ ਦੇ ਪਿਤਾ ਰਾਮ ਸਿੰਘ, ਮਾਤਾ ਮਹਿੰਦਰ ਕੌਰ, 13 ਸਾਲਾ ਛੋਟੀ ਭੈਣ ਗੁਰਮੇਲ ਕੌਰ ਤੇ ਉਸ ਤੋਂ ਛੋਟੇ ਤਿੰਨ ਭਰਾਵਾਂ ਸੁੱਚਾ ਸਿੰਘ, ਬੱਗਾ ਸਿੰਘ ਤੇ ਸੁਖਵਿੰਦਰ ਸਿੰਘ ਦਾ ਕਤਲ ਕਰ ਦਿੱਤਾ ਸੀ। ਦੇਹਰਾਦੂਨ ਵਾਸੀ ਪਰਮਜੀਤ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਉਸ ਦੇ ਪਰਿਵਾਰ ਦੇ ਪੰਜ ਮੈਂਬਰਾਂ ਪਿਤਾ ਸੇਵਾ ਸਿੰਘ, ਮਾਤਾ ਸਵਰਨ ਕੌਰ, ਭਰਾ ਜਤਿੰਦਰ ਤੇ ਸਤਵਿੰਦਰ ਸਿੰਘ ਤੇ ਭਰਜਾਈ ਕੁਲਦੀਪ ਕੌਰ ਮਾਰੇ ਗਏ।

ਪਟਿਆਲਾ ਵਾਸੀ ਪ੍ਰੇਮ ਸਿੰਘ ਨੇ ਦੱਸਿਆ ਕਿ ਉਸ ਦੇ ਤਿੰਨ ਪੁੱਤਰ ਪਰਮਿੰਦਰ ਸਿੰਘ (15), ਪ੍ਰਦੀਪ (13) ਤੇ ਪਵਿੱਤਰ ਸਿੰਘ (11) ਮਾਰੇ ਗਏ। ਗੁੜਗਾਉਂ ਦੇ ਸੰਤੋਖ ਸਿੰਘ ਮੁਤਾਬਕ ਉਸ ਦੇ ਪਿਤਾ ਜੋਧ ਸਿੰਘ ਨੂੰ ਭੀੜ ਨੇ ਕਤਲ ਕਰ ਦਿੱਤਾ ਤੇ ਉਸ ਦੀਆਂ ਦੋਵੇਂ ਫੈਕਟਰੀਆਂ ਲੁੱਟ ਲਈਆਂ। ਅਮਰਜੀਤ ਸਿੰਘ, ਨਰਿੰਦਰ ਸਿੰਘ, ਹਰਮਹਿੰਦਰ ਸਿੰਘ, ਬਲਵਿੰਦਰ ਸਿੰਘ ਸਾਹਨੀ ਅਤੇ ਕਮਲਜੀਤ ਕੌਰ ਨੇ ਆਪਣੇ ਪਰਿਵਾਰਾਂ ਦੀ ਵਿਥਿਆ ਬਿਆਨ ਕੀਤੀ। ਕੇਸ ਦੀ ਅਗਲੀ ਸੁਣਵਾਈ 21 ਜਨਵਰੀ ਨੂੰ ਹੋਵੇਗੀ।

# ਕਤਲ ਦੇ ਦੋਸ਼ ਵਿਚ ਪਿਉ ਤੇ ਦੋ ਪੁੱਤਰਾਂ ਨੂੰ ਉਮਰ ਕੈਦ

**ਸੰਗਰੂਰ:** ਅਦਾਲਤ ਨੇ ਕਤਲ ਦੇ ਇਕ ਕੇਸ ਵਿਚ ਪਿਤਾ ਤੇ ਉਸ ਦੇ ਦੋ ਪੁੱਤਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਮਿਲੀ ਜਾਣਕਾਰੀ ਮੁਤਾਬਕ ਜਗਸੀਰ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਧੂਰਾ ਨੇ 18 ਜੂਨ, 2012 ਨੂੰ ਪੁਲਿਸ ਕੋਲ ਬਿਆਨ ਦਰਜ ਕਰਵਾਇਆ ਸੀ ਕਿ ਉਹ ਆਪਣੇ ਚਾਚੇ ਗੁਰਦੇਵ ਸਿੰਘ ਨਾਲ ਸਵੇਰੇ ਗਲੀ ਵਿਚ ਆ ਰਿਹਾ ਸੀ ਜਦੋਂ ਉਸ ਨੇ ਵੇਖਿਆ ਕਿ ਉਸ ਦੇ ਵੱਡੇ ਭਰਾ ਜਸਵੀਰ ਸਿੰਘ ਉਰਫ ਸੀਰਾ ਨੂੰ ਜਗਦੀਸ਼ ਸਿੰਘ ਤੇ ਉਸ ਦੇ ਦੋ ਪੁੱਤਰ ਜਸਵਿੰਦਰ ਸਿੰਘ ਉਰਫ ਲੱਕੀ ਤੇ ਸੰਦੀਪ ਸਿੰਘ ਉਰਫ ਹੈਪੀ ਡਾਂਗਾਂ ਅਤੇ ਲੋਹੇ ਦੀਆਂ ਰਾਡਾਂ ਨਾਲ ਕੁੱਟ ਰਹੇ ਸਨ।

ਇਸ ਮਾਰਕੁਟ ਕਾਰਨ ਜਸਵੀਰ ਸਿੰਘ ਉਰਫ ਸੀਰਾ ਦੀ ਮੌਤ ਹੋ ਗਈ। ਇਸ ਮਾਰਕੁਟ ਦੀ ਵਜ੍ਹਾ ਇਹ ਸੀ ਕਿ ਜਗਦੀਸ਼ ਸਿੰਘ ਹੋਰਾਂ ਨੂੰ ਸ਼ੱਕ ਸੀ ਕਿ ਜਸਵੀਰ ਸਿੰਘ ਦੇ ਉਸ ਦੀ ਪਤਨੀ ਨਾਲ ਨਾਜਾਇਜ਼ ਸਬੰਧ ਹਨ। ਕੇਸ ਦੀ ਸੁਣਵਾਈ ਮੁਕੰਮਲ ਹੋਣ 'ਤੇ ਅਦਾਲਤ ਨੇ ਕਤਲ ਦੇ ਦੋਸ਼ ਹੇਠ ਜਗਦੀਸ਼ ਸਿੰਘ ਅਤੇ ਉਸ ਦੇ ਦੋਵੇਂ ਪੁੱਤਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

# ਵਿਧਾਇਕ ਜੈਨ ਦਾ ਪੁੱਤ ਭਗੌੜਾ ਕਰਾਰ

**ਮੋਗਾ:** ਕਾਂਗਰਸ ਛੱਡ ਅਕਾਲੀ ਦਲ ਵਿਚ ਸ਼ਾਮਲ ਹੋਏ ਵਿਧਾਇਕ ਜੈਨ ਤੇ ਉਸ ਦੇ ਪਰਿਵਾਰਕ ਮੈਂਬਰਾਂ ਖਿਲਾਫ਼ ਦਰਜ ਨਾਜਾਇਜ਼ ਕਲੋਨੀ ਵਿਕਸਤ ਕਰਨ ਦੇ ਮਾਮਲੇ ਵਿਚ ਅਦਾਲਤ ਨੇ ਉਸ ਦੇ ਪੁੱਤਰ ਨੂੰ ਭਗੌੜਾ (ਪ੍ਰੋਕਲੇਮਡ ਪਰਸਨ) ਕਰਾਰ ਦਿੱਤਾ ਹੈ। ਅਦਾਲਤ ਨੇ ਇਸ ਕੇਸ ਦੀ ਅਗਲੀ ਸੁਣਵਾਈ 31 ਜਨਵਰੀ ਤੈਅ ਕੀਤੀ ਹੈ। ਵਿਧਾਇਕ ਜੈਨ ਤੇ ਉਨ੍ਹਾਂ ਦੀ ਪਤਨੀ ਸਵਰਨ ਲਤਾ ਜੈਨ (ਸਾਬਕਾ ਪ੍ਰਧਾਨ ਨਗਰ ਕੌਂਸਲ) ਉਨ੍ਹਾਂ ਦੇ ਦੋਵਾਂ ਪੁੱਤਰਾਂ ਪੁਨੀਤ ਜੈਨ ਤੇ ਅਕਸ਼ਿਤ ਜੈਨ ਤੋਂ ਇਲਾਵਾ ਉਨ੍ਹਾਂ ਦੀ ਪੁੱਤਰੀ ਖਿਲਾਫ਼ ਨਾਜਾਇਜ਼ ਕਲੋਨੀ ਵਿਕਸਤ ਕਰਨ ਦੇ ਦੋਸ਼ ਹੇਠ 26 ਅਗਸਤ 2007 ਨੂੰ ਥਾਣਾ ਮਹਿਣਾ ਵਿਚ ਕੇਸ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ ਸ੍ਰੀ ਜੈਨ ਦੀ ਅਰਜ਼ੀ 'ਤੇ ਇਹ ਕੇਸ ਮੋਗਾ ਵਿਚੋਂ ਫ਼ਰੀਦਕੋਟ ਦੀ ਅਦਾਲਤ ਵਿਚ ਤਬਦੀਲ ਹੋ ਗਿਆ ਸੀ। ਇਸ ਕੇਸ ਦੀ ਸੁਣਵਾਈ ਦੌਰਾਨ 21 ਫ਼ਰਵਰੀ 2012 ਨੂੰ ਪੁਨੀਤ ਜੈਨ ਅਦਾਲਤ ਤੋਂ ਆਗਿਆ ਲੈ ਕੇ ਕੈਨੇਡਾ ਚਲਾ ਗਿਆ ਪਰ ਮੁੜ ਨਹੀਂ ਪਰਤਿਆ। ਇਸ ਮਗਰੋਂ ਫ਼ਰੀਦਕੋਟ ਦੀ ਅਦਾਲਤ ਨੇ 31 ਮਈ 2013 ਨੂੰ ਪੁਨੀਤ ਜੈਨ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ। ਇਸ ਤੋਂ ਬਾਅਦ ਫਿਰ ਸ੍ਰੀ ਜੈਨ ਦੀ ਅਰਜ਼ੀ 'ਤੇ ਹਾਈ ਕੋਰਟ ਦੇ ਹੁਕਮ ਉਤੇ ਇਹ ਕੇਸ ਮੁੜ ਮੋਗਾ ਦੀ ਅਦਾਲਤ ਵਿਚ ਤਬਦੀਲ ਕਰ ਦਿੱਤਾ ਗਿਆ।

ਇਥੋਂ ਦੇ ਜੁਡੀਸ਼ਲ ਮੈਜਿਸਟਰੇਟ ਸੁਮਨ ਅਗਨੀਹੋਤਰੀ ਦੀ ਅਦਾਲਤ ਨੇ ਪੁਨੀਤ ਜੈਨ ਨੂੰ ਭਗੌੜਾ ਕਰਾਰ ਦੇਣ ਲਈ ਇਸ਼ਤਿਹਾਰ (ਪੋਸਟਰ) ਜਾਰੀ ਕੀਤਾ ਸੀ ਤੇ ਇਹ ਇਸ਼ਤਿਹਾਰ ਸ੍ਰੀ ਜੈਨ ਦੇ ਨਿਵਾਸ ਤੇ ਜਨਤਕ ਥਾਵਾਂ ਤੋਂ ਇਲਾਵਾ ਅਦਾਲਤ ਅੱਗੇ ਚਿਪਕਾਏ ਗਏ ਸਨ। ਇਸ ਦੌਰਾਨ ਪੰਜਾਬ ਸਰਕਾਰ ਦੀ ਨਾਜਾਇਜ਼ ਕਲੋਨੀਆਂ ਨੂੰ ਰੈਗੂਲਰ ਕਰਨ ਨੀਤੀ ਤਹਿਤ ਜੈਨ ਨੇ ਇਸ ਕਲੋਨੀ ਨੂੰ ਮਨਜ਼ੂਰ ਕਰਨ ਲਈ ਪੁੱਡਾ ਕੋਲ ਕੁਝ ਰਕਮ ਜਮ੍ਹਾਂ ਕਰਵਾ ਕੇ ਅਦਾਲਤ ਵਿਚ ਕੇਸ ਦੀ ਸੁਣਵਾਈ ਰੋਕਣ ਬਾਰੇ ਅਰਜ਼ੀ ਦਾਇਰ ਕਰ ਦਿੱਤੀ। ਇਸ ਸਮੇਂ ਦੌਰਾਨ ਪੁਨੀਤ ਜੈਨ ਵੀ ਕੈਨੇਡਾ ਤੋਂ ਪਰਤ ਆਇਆ ਪਰ ਜੇਲ੍ਹ ਭੇਜੇ ਜਾਣ ਦੇ ਡਰ ਕਾਰਨ ਅਦਾਲਤ ਵਿਚ ਪੇਸ਼ ਨਹੀਂ ਹੋਇਆ।

ਸਰਕਾਰ ਨੇ ਵਿਧਾਇਕ ਜੋਗਿੰਦਰ ਪਾਲ ਜੈਨ ਤੋਂ ਚੇਅਰਮੈਨੀ ਵਾਪਸ ਲੈ ਲਈ ਹੈ। ਉਨ੍ਹਾਂ ਨੂੰ 27 ਦਸੰਬਰ 2012 ਨੂੰ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦਾ ਚੇਅਰਮੈਨ ਬਣਾਇਆ ਗਿਆ ਸੀ। ਇਹ ਨਿਯੁਕਤੀ ਹਾਈ ਕੋਰਟ ਨੇ 31 ਅਕਤੂਬਰ 2013 ਨੂੰ ਰੱਦ ਕਰ ਦਿੱਤਾ ਸੀ।

# ਵਿਦਿਆਰਥੀ ਵੱਲੋਂ ਪ੍ਰੋਫੈਸਰ 'ਤੇ ਜੀਪ ਚਾੜ੍ਹ ਕੇ ਹੱਤਿਆ ਦੀ ਕੋਸ਼ਿਸ਼

**ਹੁਸ਼ਿਆਰਪੁਰ:** ਕਾਲਜ ਕੰਪਲੈਕਸ ਵਿਚ ਖੜ੍ਹੇ ਪ੍ਰੋਫੈਸਰ 'ਤੇ ਕਾਲਜ ਦੇ ਹੀ ਇਕ ਵਿਦਿਆਰਥੀ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਜੀਪ ਚਾੜ੍ਹ ਦਿੱਤੀ। ਇਕ ਵਾਰੀ ਅਸਫਲ ਰਹਿਣ 'ਤੇ ਮੁਲਜ਼ਮਾਂ ਨੇ ਦੁਬਾਰਾ ਜੀਪ ਉਸ ਉੱਤੋਂ ਲੰਘਾ ਦਿੱਤੀ। ਇਸ ਦਾ ਕਾਰਨ ਪ੍ਰੋਫੈਸਰ ਵੱਲੋਂ ਕਾਲਜ ਕੈਂਪਸ ਵਿਚ ਬਾਹਰੀ ਨੌਜਵਾਨਾਂ ਨੂੰ ਲਿਆਉਣ ਤੋਂ ਰੋਕਣਾ ਦੱਸਿਆ ਜਾ ਰਿਹਾ ਹੈ। ਗੰਭੀਰ ਜ਼ਖਮੀ ਹੋਏ ਪ੍ਰੋਫੈਸਰ ਨੂੰ ਤੁਰੰਤ ਇਕ ਨਿੱਜੀ ਹਸਪਤਾਲ ਵਿਚ ਲਿਜਾਇਆ ਗਿਆ, ਜਿਥੇ ਉਸ ਦੀ ਚਿੰਤਾਜਨਕ ਹਾਲਤ ਨੂੰ ਦੇਖਦਿਆਂ ਉਸ ਨੂੰ ਆਈ.ਸੀ.ਯੂ ਵਿਚ ਦਾਖਲ ਕਰ ਲਿਆ ਗਿਆ।

ਥਾਣਾ ਮਾਡਲ ਟਾਊਨ ਪੁਲਿਸ ਨੇ ਬਾਰੇ ਇਰਾਦਾ ਕਤਲ ਦੇ ਦੋਸ਼ ਵਿਚ ਮਾਮਲਾ ਦਰਜ ਕਰ ਲਿਆ ਹੈ। ਪ੍ਰੋ: ਮਨੀਸ਼ ਕਪਿਲ ਨੇ ਥਾਣਾ ਮਾਡਲ ਟਾਊਨ ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿਚ ਦੱਸਿਆ ਹੈ ਕਿ ਸਥਾਨਕ ਪੰਡਿਤ ਜਗਤ ਰਾਮ ਬਹੁ-ਤਕਨੀਕੀ ਕਾਲਜ ਵਿਚ ਪਲਾਸਟਿਕ ਟੈਕਨਾਲੋਜੀ ਵਿਭਾਗ ਦੇ ਪ੍ਰੋਫੈਸਰ ਪੰਕਜ ਚਾਵਲਾ (40) ਤਾਇਨਾਤ ਹਨ। ਪਿਛਲੇ ਕੁਝ ਸਮੇਂ ਤੋਂ ਕਾਲਜ ਦਾ ਇਕ ਵਿਦਿਆਰਥੀ ਬਾਹਰੀ ਨੌਜਵਾਨਾਂ ਨੂੰ ਕਾਲਜ ਵਿਚ ਲੈ ਕੇ ਆਉਂਦਾ ਸੀ, ਜਿਸ ਨੂੰ ਪ੍ਰੋ: ਚਾਵਲਾ ਨੇ ਅਜਿਹਾ ਕਰਨ ਤੋਂ ਕਈ ਵਾਰ ਰੋਕਿਆ ਸੀ। ਘਟਨਾ ਵਾਲੇ ਦਿਨ ਜਦੋਂ ਪ੍ਰੋ: ਪੰਕਜ ਚਾਵਲਾ ਦੁਪਹਿਰ ਵੇਲੇ ਕਾਲਜ ਕੰਪਲੈਕਸ ਵਿਚ ਖੜ੍ਹੇ ਸਨ ਤਾਂ ਕਾਲਜ ਦਾ ਵਿਦਿਆਰਥੀ ਬਾਹਰੀ ਸਾਥੀਆਂ ਨਾਲ ਖੁੱਲ੍ਹੀ ਜੀਪ ਵਿਚ ਆਇਆ ਤੇ ਪ੍ਰੋ: ਚਾਵਲਾ ਦੀ ਹੱਤਿਆ ਦੀ ਨੀਅਤ ਨਾਲ ਉਸ 'ਤੇ ਚਾੜ੍ਹ ਦਿੱਤੀ। ਮੁਲਜ਼ਮਾਂ ਨੇ ਬਾਅਦ ਵਿਚ ਫਿਰ ਦੁਬਾਰਾ ਜੀਪ ਬੈਕ ਕਰਕੇ ਪ੍ਰੋ: ਚਾਵਲਾ ਉੱਪਰੋਂ ਲੰਘਾ ਦਿੱਤੀ ਤੇ ਮੌਕੇ ਤੋਂ ਫਰਾਰ ਹੋ ਗਏ।

# ਮੇਲਾ ਵੇਖਣ ਆਏ ਦੋ ਜਣਿਆਂ ਦੀ ਗੋਲੀ ਮਾਰ ਕੇ ਹੱਤਿਆ

**ਫਿਰੋਜ਼ਪੁਰ:** ਪਿੰਡ ਖੋਸਾ ਦਲ ਸਿੰਘ ਵਿਚ ਪੁਰਾਣੀ ਰੰਜਿਸ਼ ਕਾਰਨ ਭਰੇ ਮੇਲੇ ਵਿਚ ਦੋ ਵਿਅਕਤੀਆਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਹਮਲੇ ਵਿਚ ਇਕ ਗੰਭੀਰ ਜ਼ਖ਼ਮੀ ਹੋ ਗਿਆ। ਮ੍ਰਿਤਕਾਂ ਵਿਚੋਂ ਇਕ ਮੇਲੇ ਵਿਚ ਮੁਖ ਮਹਿਮਾਨ ਵਜੋਂ ਆਇਆ ਸੀ। ਜਾਣਕਾਰੀ ਮੁਤਾਬਕ ਖੋਸਾ ਦਲ ਸਿੰਘ ਵਿਚ ਕੁੱਤਿਆਂ ਦਾ ਸ਼ੋਅ ਸੀ। ਇਸ ਵਿਚ ਕਰਮਿੱਤੀ ਪਿੰਡ ਦਾ ਸੁਖਦੀਪ ਸਿੰਘ ਸੇਖੋਂ (40) ਬਤੌਰ ਮੁੱਖ ਮਹਿਮਾਨ ਸ਼ਾਮਲ ਸੀ। ਉਸ ਦੇ ਨਾਲ ਉਸ ਦਾ ਇਕ ਸਾਥੀ ਗੁਰਪ੍ਰੀਤ ਸਿੰਘ (25) ਵਾਸੀ ਪਿੰਡ ਕੈਲਾਸ਼ ਵੀ ਸੀ।

ਇਸ ਦੌਰਾਨ ਦੁਪਹਿਰ ਕੁਝ ਅਣਪਛਾਤੇ ਵਿਅਕਤੀ ਮੇਲੇ ਵਿਚ ਆਏ ਤੇ ਦੋਵਾਂ ਨੂੰ ਗੋਲੀਆਂ ਨਾਲ ਮਾਰ ਦਿੱਤਾ। ਇਨ੍ਹਾਂ ਦਾ ਇਕ ਹੋਰ ਸਾਥੀ ਕੇਵਲ ਸਿੰਘ ਉਰਫ ਕਾਲੀ (35) ਵਾਸੀ ਪਿੰਡ ਨੌਰੰਗ ਸਿੰਘ ਵਾਲਾ ਵੀ ਜ਼ਖ਼ਮੀ ਹੋ ਗਿਆ।

# ਨਸ਼ਾ ਤਸਕਰੀ: ਤਿੰਨ ਮੰਤਰੀਆਂ ਦਾ ਨਾਂ ਗੂੰਜਿਆ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਡੀ.ਜੀ.ਪੀ. (ਜੇਲ੍ਹਾਂ) ਸ਼ਸ਼ੀ ਕਾਂਤ ਨੇ ਨਸ਼ਾ ਤਸਕਰੀ ਵਿਚ ਦੇ ਕੇਸ ਵਿਚ ਗ੍ਰਿਫਤਾਰ ਜਗਦੀਸ਼ ਭੋਲਾ ਵੱਲੋਂ ਸੂਬੇ ਦੇ ਤਿੰਨ ਮੰਤਰੀਆਂ ਦੀ ਕੌਮਾਂਤਰੀ ਨਸ਼ਾ ਕਾਰੋਬਾਰ 'ਚ ਸਰਗਰਮ ਸ਼ਮੂਲੀਅਤ ਵਾਲੇ ਦਾਅਵੇ ਨੂੰ ਸਹੀ ਦੱਸਦਿਆਂ ਖੁਦ ਨੂੰ ਵੀ ਇਨ੍ਹਾਂ ਨਾਵਾਂ ਦੀ ਪੁਖ਼ਤਾ ਜਾਣਕਾਰੀ ਹੋਣ ਦੀ ਗੱਲ ਕਹੀ ਹੈ। ਅਕਾਲੀ-ਭਾਜਪਾ ਗਠਜੋੜ ਦੇ ਹੀ ਪਿਛਲੇ ਕਾਰਜਕਾਲ ਸਮੇਂ ਰਾਜ ਦੇ ਏ.ਡੀ.ਜੀ.ਪੀ. (ਇੰਟੈਲੀਜੈਂਸ) ਰਹਿ ਚੁੱਕੇ ਸ਼ਸ਼ੀ ਕਾਂਤ ਵੱਲੋਂ ਇਹ ਕੇਸ ਅਦਾਲਤੀ ਚਾਰਾਜੋਈ ਅਧੀਨ ਹੋਣ ਨਾਤੇ ਇਨ੍ਹਾਂ ਮੰਤਰੀਆਂ ਸਣੇ ਅੱਧੀ ਦਰਜਨ ਦੇ ਕਰੀਬ ਮੌਜੂਦਾ ਤੇ ਸਾਬਕਾ ਵਿਧਾਇਕਾਂ ਦੇ ਨਾਂ ਹੁਣ ਪੰਜਾਬ ਅਤੇ ਹਰਿਆਣਾ ਹਾਈਕੋਰਟ ਕੋਲ ਹਲਫ਼ਨਾਮੇ ਰਾਹੀਂ ਦੱਸਣ ਦੀ ਗੱਲ ਕਹੀ ਗਈ ਹੈ।

ਉਨ੍ਹਾਂ ਸਪਸ਼ਟ ਕੀਤਾ ਹੈ ਕਿ ਸੂਬੇ ਅੰਦਰ ਨਸ਼ਿਆਂ ਦਾ ਰੈਕਟ ਚਲਾ ਰਹੇ ਇਹ ਤਿੰਨੇ ਮੰਤਰੀ ਅਤੇ ਬਾਕੀ ਦੇ ਸਿਆਸਤਦਾਨ ਮਾਝਾ ਤੇ ਦੋਆਬਾ ਖੇਤਰ ਦੇ ਹਨ ਅਤੇ ਇਨ੍ਹਾਂ 'ਚੋਂ ਇੱਕ ਨੂੰ ਜਲੰਧਰ ਦੇ ਆਲੇ-ਦੁਆਲੇ 'ਡੇਂਡਿਆਂ ਵਾਲੇ ਬਾਬੇ' ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਤੇ ਉਪ-ਮੁੱਖ ਮੰਤਰੀ ਨੂੰ ਵੀ ਇਨ੍ਹਾਂ ਨਾਵਾਂ ਦੀ ਪੂਰੀ ਜਾਣਕਾਰੀ ਹੈ ਅਤੇ ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਦਿੱਤੀ ਸੀਲਬੰਦ ਰਿਪੋਰਟ ਵਿਚ ਸਬੂਤਾਂ ਅਤੇ ਹਵਾਲਿਆਂ ਸਣੇ ਇਨ੍ਹਾਂ ਦਾ ਪੂਰਾ ਕੱਚਾ ਚਿੱਠਾ ਦਰਜ ਕੀਤਾ ਹੈ। ਉਪ ਮੁੱਖ ਮੰਤਰੀ ਵੱਲੋਂ ਪੰਜਾਬ ਦੇ ਖ਼ੁਫੀਆ ਵਿਭਾਗ ਤੋਂ ਉਨ੍ਹਾਂ ਦੇ ਕਾਰਜਕਾਲ ਸਮੇਂ ਅਜਿਹੀਆਂ ਹੋਰ ਵੀ ਰਿਪੋਰਟਾਂ ਲਈਆਂ ਗਈਆਂ ਸਨ। ਉਨ੍ਹਾਂ ਇਸ ਧੰਦੇ ਵਿਚ ਇਕੱਲੇ ਇਨ੍ਹਾਂ ਸਿਆਸਤਦਾਨਾਂ ਦੇ ਹੀ ਨਹੀਂ, ਬਲਕਿ ਕਈ ਉੱਚ ਪੁਲਿਸ ਅਧਿਕਾਰੀਆਂ ਦੀ ਸ਼ਮੂਲੀਅਤ ਹੋਣ ਦਾ ਦਾਅਵਾ ਵੀ ਕੀਤਾ ਹੈ।



ਇਸੇ ਦੌਰਾਨ ਪੰਜਾਬ ਪੁਲਿਸ ਵੱਲੋਂ 11 ਨਵੰਬਰ ਨੂੰ ਗ੍ਰਿਫ਼ਤਾਰ ਕੀਤੇ ਗਏ ਜਗਦੀਸ਼ ਭੋਲਾ ਵੱਲੋਂ ਪੰਜਾਬ ਪੁਲਿਸ ਦੀ ਜਾਂਚ ਨੂੰ ਸਿਆਸਤਦਾਨਾਂ ਦੇ ਦਬਾਅ ਹੇਠ ਦੱਸਦਿਆਂ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪਣ ਦੀ ਮੰਗ ਹਿੱਤ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਜਾ ਰਹੀ ਹੈ। ਭੋਲਾ ਦੇ ਵਕੀਲ ਨੇ ਦੱਸਿਆ ਕਿ ਜਗਦੀਸ਼ ਭੋਲਾ ਪੰਜਾਬ ਸਰਕਾਰ ਅਤੇ ਪੁਲਿਸ ਵਿਭਾਗ ਦੇ ਅਹਿਮ ਕਰੀਬੀਆਂ ਦੀ ਨਸ਼ਾ ਰੈਕਟ ਵਿਚ ਸ਼ਮੂਲੀਅਤ ਹੋਣ ਦੀ ਪੁਖ਼ਤਾ ਜਾਣਕਾਰੀ ਰੱਖਦਾ ਹੈ ਅਤੇ ਸਰਕਾਰ ਆਪਣੇ 'ਬੰਦਿਆਂ' ਨੂੰ ਬਚਾਉਣ ਲਈ ਕੇਸ ਦੀ ਨਿਰਪੱਖ ਜਾਂਚ ਨਹੀਂ ਕਰ ਰਹੀ।

# ਕੀ ਲੋਕਪਾਲ ਕਰ ਸਕੇਗਾ ਭ੍ਰਿਸ਼ਟਾਚਾਰ ਦਾ ਖਾਤਮਾ !

**ਪੂਨਮ ਆਈ ਕੌਸ਼ਿਸ਼**

45 ਵਰ੍ਹਿਆਂ ਦੀ ਲੰਮੀ ਉਡੀਕ ਅਤੇ ਕਈ ਅੜਿੱਕਿਆਂ ਤੋਂ ਬਾਅਦ ਆਖਰਕਾਰ ਲੋਕਪਾਲ ਪਿਛਲੇ ਅਸਲੀਅਤ ਬਣ ਗਿਆ। ਹੁਣ ਸਭ ਦੀਆਂ ਨਜ਼ਰਾਂ ਇਸ ਪਾਸੇ ਹਨ ਕਿ ਸਿਆਸੀ ਨਿਘਾਰ ਅਤੇ ਭ੍ਰਿਸ਼ਟਾਚਾਰ ਨੂੰ ਰੋਕਣ ਵਿਚ ਇਹ ਲੋਕਪਾਲ ਕਿੰਨਾ ਅਸਰਦਾਰ ਸਾਬਤ ਹੁੰਦਾ ਹੈ।

ਇਹ ਗੱਲ ਕਿਸੇ ਤੋਂ ਲੁਕੀ ਨਹੀਂ ਹੈ ਕਿ ਭਾਰਤੀ ਰਾਜਨੇਤਾ ਲੋਕਪਾਲ ਬਿੱਲ ਪਾਸ ਕਰਨ ਲਈ ਇਸ ਕਰ ਕੇ ਮਜਬੂਰ ਹੋਏ ਕਿਉਂਕਿ ਦੇਸ਼ ਦੀ ਜਨਤਾ ਵਿਚ ਸਮੁੱਚੇ ਸਿਆਸੀ ਵਰਗ, ਵੀ.ਆਈ.ਪੀ. ਕਲਚਰ ਅਤੇ ਇਨ੍ਹਾਂ ਵਿਚ ਵਧਦੇ ਭ੍ਰਿਸ਼ਟਾਚਾਰ ਵਿਰੁੱਧ ਗੁੱਸਾ ਵਧ ਰਿਹਾ ਹੈ। ਇਹ ਗੱਲ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿਚ ਪਹਿਲੀ ਵਾਰ ਚੋਣ ਮੈਦਾਨ ਵਿਚ ਉਤਰੀ ਆਮ ਆਦਮੀ ਪਾਰਟੀ (ਆਪ) ਦੀ ਭਾਰੀ ਸਫਲਤਾ ਦੇ ਰੂਪ ਵਿਚ ਸਾਹਮਣੇ ਆਈ ਹੈ। ਇਸ ਤੱਥ ਦੇ ਮੱਦੇਨਜ਼ਰ ਸਿਆਸੀ ਪਾਰਟੀਆਂ ਮੱਤਭੇਦ ਭੁਲਾ ਕੇ ਇਕਜੁੱਟ ਹੋਈਆਂ ਅਤੇ ਇਸ ਬਿੱਲ ਨੂੰ ਪਾਸ ਕਰਨ ਲਈ ਬਹੁਮਤ ਜੁਟਾਇਆ, ਕਿਉਂਕਿ ਨੇਤਾਵਾਂ ਨੂੰ ਡਰ ਹੈ ਕਿ ਅਜਿਹਾ ਨਾ ਕੀਤਾ ਤਾਂ ਕਿਤੇ ਅਗਲੀਆਂ ਆਮ ਚੋਣਾਂ ਵਿਚ ਵੀ ਉਨ੍ਹਾਂ ਨੂੰ ਦਿੱਲੀ ਵਰਗੇ ਹਾਲਾਤ ਦਾ ਸਾਹਮਣਾ ਨਾ ਕਰਨਾ ਪਵੇ। ਲੋਕਪਾਲ ਇਕ ਸ਼ਕਤੀਸ਼ਾਲੀ ਬਾਡੀ ਹੋਵੇਗੀ ਜਿਸ ਨੂੰ ਸੀ.ਬੀ.ਆਈ., ਆਈ.ਬੀ. ਅਤੇ ਇਨਫੋਰਸਮੈਂਟ ਡਾਇਰੈਕਟੋਰੇਟ ਵਰਗੀਆਂ ਕੇਂਦਰੀ ਏਜੰਸੀਆਂ ਦੀ ਵਰਤੋਂ ਕਰਨ ਦਾ ਅਧਿਕਾਰ ਹੋਵੇਗਾ। ਜੇ ਲੋਕਪਾਲ ਨੂੰ ਇਹ ਯਕੀਨ ਹੋ ਜਾਂਦਾ ਹੈ ਕਿ ਸ਼ਿਕਾਇਤ ਜਾਇਜ਼ ਹੈ ਅਤੇ ਇਸ ਦੇ ਲਈ ਵਿਸਥਾਰ ਸਹਿਤ ਜਾਂਚ ਦੀ ਲੋੜ ਹੈ ਤਾਂ ਉਹ ਕਿਸੇ ਵੀ ਜਾਂਚ ਏਜੰਸੀ ਦੀ ਸੇਵਾ ਲੈ ਸਕਦਾ ਹੈ ਅਤੇ ਲੋਕ-ਸੇਵਕਾਂ ਵਿਰੁੱਧ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇ ਸਕਦਾ ਹੈ। ਇਹ ਸਭ ਤਾਂ ਠੀਕ ਹੈ ਪਰ ਸਰਕਾਰ ਨੇ ਸੀ.ਬੀ.ਆਈ. ਨੂੰ ਆਜ਼ਾਦ ਬਾਡੀ ਕਿਉਂ ਨਹੀਂ ਬਣਾਇਆ? ਸੀ.ਬੀ.ਆਈ. ਉਤੇ ਅਜੇ ਵੀ ਪ੍ਰਧਾਨ ਮੰਤਰੀ ਦਾ ਕੰਟਰੋਲ ਰਹੇਗਾ। ਅੱਜ ਸਰਕਾਰ ਦੇ ਕੰਟਰੋਲ ਵਾਲੀ ਸੀ.ਬੀ.ਆਈ. ਨੇ ਆਪਣੇ ਸਿਆਸੀ ਆਕਾਵਾਂ ਦੇ ਭਲੇ ਦੀ ਬਜਾਏ ਨੁਕਸਾਨ ਜ਼ਿਆਦਾ ਕੀਤਾ ਜਿਸ ਕਾਰਨ ਸਾਰੇ ਨੇਤਾਵਾਂ ਦਾ ਅਕਸ 'ਸਭ ਚੋਰ ਹਨ' ਵਾਲਾ ਬਣਿਆ, ਹਾਲਾਂਕਿ ਅੱਜ ਵੀ ਸਿਆਸਤ ਵਿਚ ਸਾਫ-ਸੁਥਰੇ ਅਕਸ ਵਾਲੇ ਨੇਤਾ ਹੈਨ। ਅਸਲ ਵਿਚ ਸੀ.ਬੀ.ਆਈ. ਸਾਡੇ ਨੇਤਾਵਾਂ ਦੀ ਕਠਪੁਤਲੀ ਹੈ ਅਤੇ ਉਹ ਉਨ੍ਹਾਂ ਦੀ ਮਰਜ਼ੀ ਨਾਲ ਚੱਲਦੀ ਹੈ ਜਿਸ ਕਾਰਨ ਉਹ ਸਿਆਸੀ ਲਿਪਾ-ਪੋਚੀ ਕਰਨ, ਕਲੀਨ ਚਿੱਟ ਦੇਣ ਅਤੇ ਕਾਨੂੰਨ ਬਣਾਉਣ ਵਾਲਿਆਂ ਨੂੰ ਹੀ ਕਾਨੂੰਨ ਦੀ ਉਲੰਘਣਾ ਕਰਨ ਦੀ ਪੂਰੀ ਆਜ਼ਾਦੀ ਦਿੰਦੀ ਹੈ। ਇਸੇ ਕਾਰਨ ਸੀ.ਬੀ.ਆਈ. ਨੂੰ ਲੋਕ ਹੁਣ 'ਕਾਂਗਰਸ ਬਿਊਰੋ ਆਫ਼ ਇਨਵੈਸਟੀਗੇਸ਼ਨ' ਅਤੇ 'ਸੈਂਟਰਲ ਬਿਊਰੋ ਆਫ਼ ਕੁਰੱਪਸ਼ਨ' ਕਹਿਣ ਲੱਗ ਪਏ ਹਨ।

ਅੱਜ ਵੀ ਇਹ ਹੈਰਾਨੀ ਵਾਲਾ ਵਿਸ਼ਾ ਹੈ ਕਿ ਸੀ.ਬੀ.ਆਈ. ਨੇ ਸੁਪਰੀਮ ਕੋਰਟ ਵਿਚ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ ਦੀ ਜ਼ਮਾਨਤ ਅਰਜ਼ੀ ਦਾ ਵਿਰੋਧ ਕਿਉਂ ਨਹੀਂ ਕੀਤਾ? ਲਾਲੂ ਨੂੰ ਚਾਰਾ ਘਪਲੇ ਵਿਚ ਦੋਸ਼ੀ ਮੰਨਿਆ ਗਿਆ ਅਤੇ ਜਨ-ਪ੍ਰਤੀਨਿਧੀ ਐਕਟ ਦੀ ਨਵੀਂ ਧਾਰਾ-8 (4) ਦੇ ਤਹਿਤ ਉਨ੍ਹਾਂ ਨੂੰ ਲੋਕ ਸਭਾ ਦੀ ਮੈਂਬਰੀ ਅਤੇ 6 ਸਾਲਾਂ ਤਕ ਚੋਣ ਲੜਨ ਦੇ ਅਯੋਗ ਕਰਾਰ ਦੇ ਦਿੱਤਾ ਗਿਆ। ਇਹੋ ਨਹੀਂ, ਲਾਲੂ ਦੀ ਜੇਲ੍ਹ ਵਿਚੋਂ ਰਿਹਾਈ ਤੋਂ ਇਕ ਦਿਨ ਬਾਅਦ ਹੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਉਨ੍ਹਾਂ ਨਾਲ ਫੋਨ 'ਤੇ ਗੱਲ ਕਰ ਕੇ ਐਲਾਨ ਕੀਤਾ ਕਿ ਕਾਂਗਰਸ-ਰਾਸ਼ਟਰੀ ਜਨਤਾ ਦਲ ਗੱਠਜੋੜ ਜਾਰੀ ਰਹੇਗਾ। ਇਹੋ ਨਹੀਂ, ਸੀ.ਬੀ.ਆਈ. ਨੇ ਸੱਤਾਧਾਰੀ ਪਾਰਟੀ ਮੁਤਾਬਕ ਚੱਲਣ ਦੀ ਮੌਕਾਪ੍ਰਸਤੀ ਵਾਲੀ ਨੀਤੀ ਅਪਣਾਈ ਅਤੇ ਉਸ ਦੇ ਮੁਤਾਬਕ ਹੀ ਕੰਮ ਕੀਤਾ। ਇਸ ਦਾ ਕਾਰਨ ਇਹ ਹੈ ਕਿ ਸੀ.ਬੀ.ਆਈ. ਅਧਿਕਾਰੀ ਆਪਣੀ ਸਰਵਿਸ ਮਿਆਦ ਲਈ ਆਪਣੇ ਸਿਆਸੀ ਆਕਾਵਾਂ 'ਤੇ ਨਿਰਭਰ ਹਨ। ਜੇ ਉਹ ਆਪਣੇ ਸਿਆਸੀ ਆਕਾਵਾਂ ਮੁਤਾਬਿਕ ਕੰਮ ਕਰਦੇ ਹਨ ਤਾਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਇਸੇ ਲਈ ਇਕ ਸਾਬਕਾ ਸੀ.ਬੀ.ਆਈ. ਨਿਰਦੇਸ਼ਕ ਨੂੰ ਮਨੁੱਖੀ ਅਧਿਕਾਰ ਕਮਿਸ਼ਨ ਦਾ ਮੈਂਬਰ ਬਣਾਇਆ ਗਿਆ। ਲੋਕਪਾਲ ਬਿੱਲ ਵਿਚ ਵੀ ਆਪਣੇ ਸਿਆਸੀ ਆਕਾਵਾਂ ਦੀ ਆਗਿਆ ਦੀ ਪਾਲਣਾ ਕਰਨ ਦੀ ਦੋਸ਼ੀ ਸੀ.ਬੀ.ਆਈ. ਨੂੰ ਲੋਕਪਾਲ ਦੇ ਅਧੀਨ ਨਾ ਲਿਆਉਣ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ। ਹਾਲਾਂਕਿ ਕਿਸੇ ਮਾਮਲੇ ਦੀ ਜਾਂਚ ਕਰ ਰਹੇ ਸੀ.ਬੀ.ਆਈ. ਅਧਿਕਾਰੀ ਦੀ ਬਦਲੀ ਲੋਕਪਾਲ ਦੀ ਮਰਜ਼ੀ ਤੋਂ ਬਿਨਾਂ ਨਹੀਂ ਹੋਵੇਗੀ ਪਰ ਸਰਕਾਰ ਇਹ ਯਕੀਨੀ ਬਣਾ ਸਕਦੀ ਹੈ ਕਿ ਰਾਜਨੇਤਾਵਾਂ ਅਤੇ ਨੌਕਰਸ਼ਾਹਾਂ ਨਾਲ ਜੁੜੇ ਸੰਵੇਦਨਸ਼ੀਲ ਮਾਮਲਿਆਂ ਦੀ ਜਾਂਚ ਲਈ ਲੋਕਪਾਲ ਨੂੰ ਸਰਕਾਰ ਆਪਣਾ 'ਆਗਿਆਪਾਲਕ' ਅਧਿਕਾਰੀ ਸੌਂਪੇ; ਖ਼ਾਸ ਕਰ ਕੇ ਉਦੋਂ, ਜਦੋਂ ਵੱਖ-ਵੱਖ ਅਦਾਲਤਾਂ ਵਿਚ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਵਿਰੁੱਧ 1300 ਕੇਸ ਬਕਾਇਆ ਹਨ।

ਭਾਰਤੀ ਨੇਤਾਵਾਂ ਦੇ ਪਾਖੰਡੀ ਸਭਿਆਚਾਰ ਨੂੰ ਦੇਖਦਿਆਂ ਸਾਨੂੰ ਅਜੇ ਵੀ ਸਿਰਫ਼ ਓਪਰੇ ਜਿਹੇ ਉਪਾਅ ਦੇਖਣ ਨੂੰ ਮਿਲਣਗੇ। ਇਹ ਕਹਿਣਾ ਬੇਵਕੂਫ਼ੀ ਹੈ ਕਿ ਸੀ.ਬੀ.ਆਈ. ਠੋਸ ਜਾਂਚ ਨਹੀਂ ਕਰ ਸਕਦੀ। ਏ. ਰਾਜਾ, ਕਨੀਮੋੜੀ, ਕਲਮਾਡੀ ਦੇ ਮਾਮਲੇ ਵਿਚ ਇਸ ਨੇ ਹਿੰਮਤ ਦਿਖਾਈ ਹੈ ਪਰ ਇਸ ਦੇ ਲਈ ਠੋਸ ਸਿਆਸੀ ਇੱਛਾ-ਸ਼ਕਤੀ ਦੀ ਲੋੜ ਹੈ। ਇਸ ਦਿਸ਼ਾ ਵਿਚ ਸਭ ਤੋਂ ਵੱਡਾ ਸੁਧਾਰਾਤਮਕ ਕਦਮ ਇਹ ਹੈ ਕਿ ਸੀ.ਬੀ.ਆਈ. ਨਿਰਦੇਸ਼ਕ ਦੀ ਨਿਯੁਕਤੀ ਅਸਲੀ ਵਿਸ਼ੇਸ਼ਤਾ, ਸੱਚੀ ਲਗਨ, ਸਮਰੱਥਾ ਅਤੇ ਵਚਨਬੱਧਤਾ ਦੇ ਆਧਾਰ 'ਤੇ ਪਾਰਦਰਸ਼ੀ ਹੋਵੇ। ਉਹ ਕਿਸੇ ਸਿਆਸੀ ਪਾਰਟੀ ਨਾਲ ਜੁੜਿਆ ਹੋਇਆ ਨਾ ਹੋਵੇ, ਨਹੀਂ ਤਾਂ ਉਸ ਨੂੰ 'ਪ੍ਰਧਾਨ ਮੰਤਰੀ ਦਾ ਆਦਮੀ' ਕਿਹਾ ਜਾਵੇਗਾ। ਉਸ ਦੀ ਇਮਾਨਦਾਰੀ ਸੀ.ਬੀ.ਆਈ. ਦੇ ਸਾਰੇ ਅਧਿਕਾਰੀਆਂ ਦੀ ਭਰੋਸੇਯੋਗਤਾ ਨੂੰ ਬਹਾਲ ਕਰਨ ਵਿਚ ਸਹਾਈ ਹੋਵੇਗੀ। ਇਸ ਨਾਲ ਸਾਰੇ ਅਹਿਮ ਮਾਮਲਿਆਂ ਦਾ ਸਹੀ ਅਤੇ ਨਿਰਪੱਖ ਮੁਲੰਕਣ ਹੋਵੇਗਾ ਅਤੇ ਨਿਰਾਸ਼ ਲੋਕਾਂ ਵਿਚ ਭਰੋਸਾ ਬਹਾਲ ਕਰਨ ਲਈ ਸੀ.ਬੀ.ਆਈ. ਵਿਚ ਜੁਆਬਦੇਹੀ ਆਵੇਗੀ। ਜਦੋਂ ਤਕ ਸੀ.ਬੀ.ਆਈ. ਨੂੰ ਸਰਕਾਰ ਦੇ ਕੰਟਰੋਲ ਤੋਂ ਮੁਕਤ ਨਹੀਂ ਕੀਤਾ ਜਾਂਦਾ, ਉਦੋਂ ਤਕ ਉਸ ਨੂੰ ਸਰਕਾਰ ਦਾ 'ਪਿੰਜਰੇ ਵਿਚ ਬੰਦ ਤੋਤਾ' ਕਿਹਾ ਜਾਂਦਾ ਰਹੇਗਾ, ਭਾਵ ਸੀ.ਬੀ.ਆਈ. ਨੂੰ ਆਜ਼ਾਦ ਤੇ ਖ਼ੁਦਮੁਖਤਿਆਰ ਬਣਾਉਣਾ ਜ਼ਰੂਰੀ ਹੈ। ਸੀ.ਬੀ.ਆਈ. ਦਾ ਆਪਣਾ ਕਾਡਰ ਹੋਣਾ ਚਾਹੀਦਾ ਹੈ ਤਾਂ ਕਿ ਅਧਿਕਾਰੀਆਂ ਲਈ ਉਸ ਨੂੰ ਸਿਆਸਤਦਾਨਾਂ 'ਤੇ ਨਿਰਭਰ ਨਾ ਰਹਿਣਾ ਪਵੇ ਅਤੇ ਉਸ ਦੇ ਅਧਿਕਾਰੀ ਸਿਆਸਤ ਤੋਂ ਦੂਰ ਰਹਿਣ। ਭਾਰਤ ਨੂੰ ਅਜਿਹੀ ਚੁਸਤ ਸੀ.ਬੀ.ਆਈ. ਦੀ ਲੋੜ ਹੈ ਜੋ ਨਿਰਪੱਖ ਹੋ ਕੇ ਕੰਮ ਕਰੇ। ਇਨ੍ਹਾਂ ਸਭ ਗੱਲਾਂ ਵਿਚ ਵੱਡਾ ਸਵਾਲ ਵੀ ਲੁਕਿਆ ਹੋਇਆ ਹੈ ਕਿ ਭ੍ਰਿਸ਼ਟਾਚਾਰ ਦਾ ਮੁਕਾਬਲਾ ਕਰਨ ਲਈ ਸਰਵਉੱਤਮ ਸੰਸਥਾਗਤ ਢਾਂਚਾ ਕਿਹੜਾ ਹੈ? ਕੀ ਮਜ਼ਬੂਤ ਲੋਕਪਾਲ ਇਸ ਦਾ ਹੱਲ ਹੈ? ਜਾਂ ਕੀ ਸੀ.ਬੀ.ਆਈ. ਨੂੰ ਸੱਚਮੁਚ ਆਜ਼ਾਦ ਬਣਾਉਣ, ਨਿਆਇਕ ਜੁਆਬਦੇਹੀ ਅਤੇ ਸਟੈਂਡਰਡ ਬਿੱਲ ਲਿਆਉਣ ਆਦਿ ਨਾਲ ਮਦਦ ਮਿਲੇਗੀ? ਇਨ੍ਹਾਂ ਸਭ ਚੀਜ਼ਾਂ ਨਾਲ ਲੋਕਪਾਲ ਦਾ ਗਠਨ ਕਰ ਕੇ ਨੇਤਾਵਾਂ ਅਤੇ ਨੌਕਰਸ਼ਾਹਾਂ 'ਤੇ ਨਿਗਰਾਨੀ ਰੱਖੀ ਜਾ ਸਕਦੀ ਹੈ। ਇਨ੍ਹਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਹੈ। ਇਹ ਕਹਿਣਾ ਅਜੇ ਜਲਦਬਾਜ਼ੀ ਹੋਵੇਗੀ ਕਿ ਲੋਕਪਾਲ ਬਿੱਲ ਪਾਸ ਹੋਣ ਨਾਲ ਭ੍ਰਿਸ਼ਟਾਚਾਰ ਖਤਮ ਹੋ ਜਾਵੇਗਾ। ਹਰ ਕਾਨੂੰਨ ਵਿਚ ਕਮੀਆਂ ਹੁੰਦੀਆਂ ਹਨ ਅਤੇ ਜਿਸ ਤਰ੍ਹਾਂ ਨਾਲ ਹੱਥ ਦੀਆਂ ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ, ਉਸੇ ਤਰ੍ਹਾਂ ਹਰ ਆਦਮੀ ਵੀ ਇਮਾਨਦਾਰ ਹੋਵੇ, ਇਸ ਦੀ ਕੋਈ ਗਾਰੰਟੀ ਨਹੀਂ। ਇਹ ਤਾਂ ਸਿਰਫ਼ ਸਮਾਂ ਹੀ ਦੱਸੇਗਾ ਕਿ ਲੋਕਪਾਲ ਨਾਲ ਰਿਸ਼ਵਤਖੋਰੀ ਖਤਮ ਹੋਵੇਗੀ ਜਾਂ ਨਹੀਂ ਪਰ ਸਰਕਾਰ ਨੂੰ ਲੋਕਪਾਲ ਨੂੰ ਇਕ ਬਿਹਤਰੀਨ ਬਾਡੀ ਬਣਾਉਣ ਤੋਂ ਕੋਈ ਨਹੀਂ ਰੋਕਦਾ ਜੋ ਸਿਆਸੀ ਨਿਘਾਰ ਨੂੰ ਰੋਕ ਸਕੇ। ਨੇਤਾਵਾਂ ਨੂੰ ਪ੍ਰਸ਼ਾਸਨ ਵਿਚ ਕਿਫਾਇਤ ਦੇ ਨਾਂ 'ਤੇ ਸੀ.ਬੀ.ਆਈ. ਨੂੰ ਨੌਕਰਸ਼ਾਹੀ ਦੇ ਅਧੀਨ ਨਹੀਂ ਰੱਖਣਾ ਚਾਹੀਦਾ। ਇਸ ਦੇ ਨਾਲ-ਨਾਲ ਯੂ.ਪੀ.ਏ. ਜਾਂ ਭਵਿੱਖ ਵਿਚ ਆਉਣ ਵਾਲੀ ਸਰਕਾਰ ਨੂੰ ਨਿਆਇਕ ਸੁਧਾਰਾਂ ਵੱਲ ਵੀ ਧਿਆਨ ਦੇਣਾ ਪਵੇਗਾ। ਨਿਆਂ ਪ੍ਰਕਿਰਿਆ ਵਿਚ ਫੌਰੀ ਤੌਰ 'ਤੇ ਸੁਧਾਰ ਦੀ ਲੋੜ ਹੈ ਤਾਂ ਕਿ ਕਿਸੇ ਮਾਮਲੇ ਵਿਚ ਆਖਰੀ ਫ਼ੈਸਲਾ ਦਹਾਕਿਆਂ ਵਿਚ ਨਹੀਂ, ਸਗੋਂ ਮਹੀਨਿਆਂ ਵਿਚ ਸੁਣਾਇਆ ਜਾ ਸਕੇ। ਅਦਾਲਤਾਂ ਵਿਚ ਤਾਂ ਪਹਿਲਾਂ ਹੀ 3 ਕਰੋੜ ਤੋਂ ਜ਼ਿਆਦਾ ਕੇਸ ਪਏ ਹਨ।

ਸੁਪਰੀਮ ਕੋਰਟ ਨੂੰ ਹੇਠਲੀਆਂ ਅਦਾਲਤਾਂ ਦੀ ਕਾਰਗੁਜ਼ਾਰੀ ਸੁਚੱਜੀ ਬਣਾਉਣੀ ਪਵੇਗੀ, ਚਿਰਾਂ ਤੋਂ ਉਡੀਕੇ ਜਾ ਰਹੇ ਚੋਣ ਸੁਧਾਰ ਕਰਨੇ ਪੈਣਗੇ ਅਤੇ ਨਾਲ ਹੀ ਸਰਕਾਰ ਨੂੰ ਵ੍ਹਿਸਲ ਬਲੋਅਰ ਬਿੱਲ, ਸਿਟੀਜ਼ਨ ਚਾਰਟਰ ਬਿੱਲ, ਸ਼ਿਕਾਇਤ ਨਿਵਾਰਨ ਬਿੱਲ ਅਤੇ ਨਿਆਇਕ ਜੁਆਬਦੇਹੀ ਬਿੱਲ ਪਾਸ ਕਰਵਾਉਣੇ ਪੈਣਗੇ। ਇਸ ਸਭ ਤੋਂ ਵਧ ਕੇ ਸਾਨੂੰ ਅਜਿਹੇ ਨੇਤਾਵਾਂ ਦੀ ਲੋੜ ਹੈ ਜੋ ਇਮਾਨਦਾਰ, ਸੱਚੀ ਲਗਨ ਵਾਲੇ ਅਤੇ ਭਰੋਸੇਯੋਗ ਹੋਣ, ਨਾ ਕਿ ਅਪਰਾਧਿਕ ਪਿਛੋਕੜ ਵਾਲੇ। ਨਹੀਂ ਤਾਂ ਇਤਿਹਾਸ ਅਤੇ ਆਮ ਆਦਮੀ ਉਨ੍ਹਾਂ ਨੂੰ ਕਦੇ ਮੁਆਫ਼ ਨਹੀਂ ਕਰੇਗਾ। ਸਿਆਸੀ ਜੁਆਬਦੇਹੀ ਬਹੁਤ ਜ਼ਰੂਰੀ ਹੈ।

> ***ਭਾਰਤੀ ਨੇਤਾਵਾਂ ਦੇ ਪਾਖੰਡੀ ਸਭਿਆਚਾਰ ਨੂੰ ਦੇਖਦਿਆਂ ਸਾਨੂੰ ਅਜੇ ਵੀ ਸਿਰਫ਼ ਓਪਰੇ ਜਿਹੇ ਉਪਾਅ ਦੇਖਣ ਨੂੰ ਮਿਲਣਗੇ। ਇਹ ਕਹਿਣਾ ਬੇਵਕੂਫੀ ਹੈ ਕਿ ਸੀ.ਬੀ.ਆਈ. ਠੋਸ ਜਾਂਚ ਨਹੀਂ ਕਰ ਸਕਦੀ। ਏ. ਰਾਜਾ, ਕਨੀਮੋੜੀ, ਕਲਮਾਡੀ ਦੇ ਮਾਮਲੇ ਵਿਚ ਇਸ ਨੇ ਹਿੰਮਤ ਦਿਖਾਈ ਹੈ ਪਰ ਇਸ ਦੇ ਲਈ ਠੋਸ ਸਿਆਸੀ ਇੱਛਾ-ਸ਼ਕਤੀ ਦੀ ਲੋੜ ਹੈ। ਇਸ ਦਿਸ਼ਾ ਵਿਚ ਸਭ ਤੋਂ ਵੱਡਾ ਸੁਧਾਰਾਤਮਕ ਕਦਮ ਇਹ ਹੈ ਕਿ ਸੀ.ਬੀ.ਆਈ. ਨਿਰਦੇਸ਼ਕ ਦੀ ਨਿਯੁਕਤੀ ਅਸਲੀ ਵਿਸ਼ੇਸ਼ਤਾ, ਸੱਚੀ ਲਗਨ, ਸਮਰੱਥਾ ਅਤੇ ਵਚਨਬੱਧਤਾ ਦੇ ਆਧਾਰ 'ਤੇ ਪਾਰਦਰਸ਼ੀ ਹੋਵੇ। ਉਹ ਕਿਸੇ ਸਿਆਸੀ ਪਾਰਟੀ ਨਾਲ ਜੁੜਿਆ ਹੋਇਆ ਨਾ ਹੋਵੇ, ਨਹੀਂ ਤਾਂ ਉਸ ਨੂੰ 'ਪ੍ਰਧਾਨ ਮੰਤਰੀ ਦਾ ਆਦਮੀ' ਕਿਹਾ ਜਾਵੇਗਾ। ਉਸ ਦੀ ਇਮਾਨਦਾਰੀ ਸੀ.ਬੀ.ਆਈ. ਦੇ ਸਾਰੇ ਅਧਿਕਾਰੀਆਂ ਦੀ ਭਰੋਸੇਯੋਗਤਾ ਨੂੰ ਬਹਾਲ ਕਰਨ ਵਿਚ ਸਹਾਈ ਹੋਵੇਗੀ। ਇਸ ਨਾਲ ਸਾਰੇ ਅਹਿਮ ਮਾਮਲਿਆਂ ਦਾ ਸਹੀ ਅਤੇ ਨਿਰਪੱਖ ਮੁਲੰਕਣ ਹੋਵੇਗਾ ਅਤੇ ਨਿਰਾਸ਼ ਲੋਕਾਂ ਵਿਚ ਭਰੋਸਾ ਬਹਾਲ ਕਰਨ ਲਈ ਸੀ.ਬੀ.ਆਈ. ਵਿਚ ਜੁਆਬਦੇਹੀ ਆਵੇਗੀ।***

---

# ਤਬਦੀਲੀ ਦਾ ਮੁੱਢ ਬੰਨ੍ਹ ਸਕਦਾ ਹੈ ਲੋਕਪਾਲ ਬਿੱਲ

**ਕਿਰਨ ਬੇਦੀ**

ਕੀ ਲੋਕਪਾਲ ਤਬਦੀਲੀ ਦਾ ਹਰਕਾਰਾ ਸਿੱਧ ਹੋਵੇਗਾ ਜਾਂ ਫਿਰ ਜੋਕਪਾਲ ਸਿੱਧ ਹੋਵੇਗਾ, ਜਿਵੇਂ ਕੁਝ ਲੋਕ ਸੰਸਦੀ ਕਮੇਟੀ ਵੱਲੋਂ ਕੀਤੀਆਂ ਗਈਆਂ ਸੋਧਾਂ ਨੂੰ ਪੜ੍ਹੇ ਬਿਨਾਂ ਹੀ ਇਸ ਨੂੰ ਕਰਾਰ ਦੇ ਰਹੇ ਹਨ? ਇਹੀ ਉਹ ਸੋਧਾਂ ਹਨ ਜਿਨ੍ਹਾਂ ਨੂੰ ਅੰਨਾ ਹਜ਼ਾਰੇ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਕਬੂਲ ਕੀਤਾ ਹੈ ਅਤੇ ਸਹੀ ਸ਼ੁਰੂਆਤ ਕਹਿ ਕੇ ਸਵਾਗਤ ਕੀਤਾ ਹੈ। ਲੋਕਪਾਲ ਅਜਿਹਾ ਅਸੰਭਵ ਮਿਸ਼ਨ ਸੀ ਜਿਸ ਨੂੰ ਅੰਨਾ ਹਜ਼ਾਰੇ ਦੀ ਅਗਵਾਈ ਹੇਠ ਲੱਖਾਂ ਲੋਕਾਂ ਵੱਲੋਂ ਪਿਛਲੇ ਤਿੰਨ ਸਾਲਾਂ ਦੌਰਾਨ ਕੀਤੇ ਗਏ ਸੰਘਰਸ਼ ਰਾਹੀਂ ਸੰਭਵ ਬਣਾਇਆ ਗਿਆ। ਇਸ ਵਿਚ ਕੁਝ ਲੋਕਾਂ ਨੇ ਕੇਂਦਰੀ ਭੂਮਿਕਾ ਨਿਭਾਈ, ਕੁਝ ਹੋਰਾਂ ਨੇ ਸਹਿਯੋਗੀ ਭੂਮਿਕਾ ਨਿਭਾਈ, ਕੁਝ ਨੇ ਇਸ ਦੀ ਸ਼ੁਰੂਆਤ ਕੀਤੀ ਅਤੇ ਉਥੇ ਹੀ ਰੁਕ ਗਏ। ਕੁਝ ਨੇ ਇਸ ਲਈ ਲੜਾਈ ਤਾਂ ਲੜੀ ਪਰ ਹਤਾਸ਼ ਹੋਣ ਤੋਂ ਬਾਅਦ ਲੜਾਈ ਨੂੰ ਤਿਆਗ ਗਏ ਅਤੇ ਕੁਝ ਅਜਿਹੇ ਸਨ ਜੋ ਅੰਤ ਤੱਕ ਡਟੇ ਰਹੇ।

ਇਹ ਅਜਿਹਾ ਕਾਨੂੰਨ ਹੈ ਜਿਸ ਨੂੰ ਜੇ ਭਾਰਤੀ ਸੰਸਦ ਵੱਲੋਂ ਆਜ਼ਾਦੀ ਤੋਂ ਛੇਤੀ ਬਾਅਦ ਹੀ ਪਾਸ ਕਰ ਦਿੱਤਾ ਜਾਂਦਾ ਤਾਂ ਦੇਸ਼ ਨੇ ਸੰਸਾਰ ਦੇ ਸਭ ਤੋਂ ਖੁਸ਼ਹਾਲ ਲੋਕਤੰਤਰਾਂ ਵਿਚ ਸ਼ਾਮਿਲ ਹੋਣਾ ਸੀ। ਇਥੇ ਅਜਿਹੇ ਅਪਰਾਧੀ ਅਤੇ ਭ੍ਰਿਸ਼ਟ ਕਿਸਮ ਦੇ ਅਨਸਰ ਪੈਸੇ ਦੇ ਜ਼ੋਰ ਨਾਲ ਚੁਣੇ ਨਹੀਂ ਸਨ ਜਾਣੇ ਜਿਨ੍ਹਾਂ ਵੱਲੋਂ ਨੌਕਰਸ਼ਾਹੀ ਨੂੰ ਆਪਣਾ ਗੁਲਾਮ ਬਣਾਇਆ ਜਾਂਦਾ ਹੈ; ਸਗੋਂ ਉਸੇ ਤਰ੍ਹਾਂ ਦੇ ਸਮਰੱਥ, ਦਾਨਿਸ਼ਵਰ ਅਤੇ ਇਮਾਨਦਾਰ ਲੋਕਾਂ ਦੇ ਹੱਥਾਂ ਵਿਚ ਹੀ ਦੇਸ਼ ਦੀ ਵਾਗਡੋਰ ਹੋਣੀ ਸੀ ਜਿਸ ਤਰ੍ਹਾਂ ਦੇ ਲੋਕਾਂ ਨੇ ਦੇਸ਼ ਨੂੰ ਬਸਤੀਵਾਦੀ ਹਕੂਮਤ ਤੋਂ ਆਜ਼ਾਦ ਕਰਾਇਆ ਸੀ। ਉਨ੍ਹਾਂ ਲੋਕਾਂ ਨੇ ਗਰੀਬਾਂ ਦੀ ਕੀਮਤ 'ਤੇ ਖ਼ੁਦ ਨੂੰ ਅਮੀਰ ਨਹੀਂ ਸੀ ਬਣਾਉਣਾ। ਆਜ਼ਾਦੀ ਦੇ ਬਾਅਦ ਤੋਂ ਦੇਸ਼ ਨੇ ਅਰਬਾਂ-ਖਰਬਾਂ ਰੁਪਏ ਗੁਆਏ ਹਨ ਅਤੇ ਇਹ ਸਾਰਾ ਧਨ ਦੇਸ਼ ਦੇ ਗਰੀਬ ਵਿਅਕਤੀਆਂ ਦਾ ਹੀ ਸੀ। ਹੁਣ ਸਮਾਂ ਆ ਗਿਆ ਹੈ ਕਿ ਇਸ ਸਭ ਕੁਝ ਨੂੰ ਖ਼ਤਮ ਕੀਤਾ ਜਾਵੇ। ਇਸ ਲਈ ਜਹਾਦ ਦੀ ਸ਼ੁਰੂਆਤ ਅੰਨਾ ਹਜ਼ਾਰੇ ਦੀ ਅਗਵਾਈ ਹੇਠ ਅਨੇਕਾਂ ਸਮਾਜਕ ਕਾਰਕੁਨਾਂ ਵੱਲੋਂ ਇਕਜੁੱਟ ਹੋਣ ਨਾਲ ਹੋਈ ਸੀ। 'ਇੰਡੀਆ ਅਗੇਂਸਟ ਕੁਰੱਪਸ਼ਨ' ਵੱਲੋਂ ਇਸ ਲਈ ਰਣਨੀਤਕ, ਜਥੇਬੰਦਕ ਅਤੇ ਲਾਮਬੰਦਕ ਤਿਆਰੀਆਂ ਕੀਤੀਆਂ ਗਈਆਂ। ਜਨਵਰੀ 2011 ਨੂੰ ਸ਼ੁਰੂ ਕੀਤੇ ਗਏ ਆਪਣੇ ਅੰਦੋਲਨ ਵਿਚ ਹੋਰ ਮੰਗਾਂ ਸਮੇਤ 'ਇੰਡੀਆ ਅਗੇਂਸਟ ਕੁਰੱਪਸ਼ਨ' ਦੀ ਇਕ ਮੰਗ ਇਹ ਵੀ ਸੀ ਕਿ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਜਾਂਚ ਸਬੰਧੀ ਸੀ.ਬੀ.ਆਈ. ਪੂਰਨ ਤੌਰ 'ਤੇ ਸੁਤੰਤਰ ਹੋਵੇ। ਆਜ਼ਾਦੀ ਦੇ ਬਾਅਦ ਤੋਂ ਹੀ ਇਸ 'ਤੇ ਸਿਆਸੀ ਕਬਜ਼ਾ ਰਿਹਾ ਹੈ ਅਤੇ ਇਸ ਨੂੰ ਮਨਮਰਜ਼ੀ ਅਨੁਸਾਰ ਵਰਤਿਆ ਜਾਂਦਾ ਰਿਹਾ ਹੈ। ਸੀ.ਬੀ.ਆਈ. ਤੋਂ ਭਰੋਸਾ ਇਸ ਕਦਰ ਉੱਠ ਚੁੱਕਾ ਹੈ ਕਿ ਦੇਸ਼ ਦੀ ਸੁਪਰੀਮ ਕੋਰਟ ਨੇ ਇਸ ਵੱਲੋਂ ਕੀਤੀਆਂ ਜਾਣ ਵਾਲੀਆਂ ਅਹਿਮ ਜਾਂਚਾਂ, ਜਿਵੇਂ ਕੋਲਗੇਟ ਮਾਮਲਾ ਦੀ ਨਿਗਰਾਨੀ ਖ਼ੁਦ ਕਰਨੀ ਸ਼ੁਰੂ ਕਰ ਦਿੱਤੀ ਹੈ। ਅਦਾਲਤ ਵੱਲੋਂ ਇਹ ਵੀ ਵਾਰ-ਵਾਰ ਕਿਹਾ ਗਿਆ ਕਿ 'ਪਿੰਜਰੇ ਦਾ ਤੋਤਾ' ਬਣ ਚੁੱਕੀ ਇਸ ਏਜੰਸੀ ਨੂੰ ਆਜ਼ਾਦ ਕਰਾਇਆ ਜਾਵੇ।

ਆਓ ਵੇਖੀਏ ਕਿ ਸੰਸਦ ਵੱਲੋਂ ਪਾਸ ਕੀਤਾ ਗਿਆ ਲੋਕਪਾਲ ਬਿੱਲ ਕੀ ਹੈ? ਵਿਸ਼ਲੇਸ਼ਣ ਕਰੀਏ ਕਿ ਇਹ ਕਿੰਨਾ ਸਮਰੱਥ ਹੈ? ਕੀ ਇਹ ਉੱਚ ਅਤੇ ਤਾਕਤਵਰ ਲੋਕਾਂ ਨੂੰ ਸਜ਼ਾਵਾਂ ਦਿਵਾ ਸਕੇਗਾ? ਕੀ ਇਹ ਭ੍ਰਿਸ਼ਟ ਲੋਕਾਂ ਵਿਚ ਡਰ ਪੈਦਾ ਕਰ ਕੇ ਉਨ੍ਹਾਂ 'ਤੇ ਲਗਾਮ ਕੱਸ ਸਕੇਗਾ? ਕੀ ਭ੍ਰਿਸ਼ਟ ਤਰੀਕਿਆਂ ਨਾਲ ਹਾਸਲ ਕੀਤੀ ਗਈ ਜ਼ਮੀਨ-ਜਾਇਦਾਦ ਦੇ ਜ਼ਬਤ ਹੋਣ ਦੀਆਂ ਸੰਭਾਵਨਾਵਾਂ ਬਣਨਗੀਆਂ? ਕੀ ਮੰਤਰੀਆਂ ਅਤੇ ਨੌਕਰਸ਼ਾਹਾਂ ਦੀ ਕਾਰਜਸ਼ੈਲੀ ਵਿਚ ਤਬਦੀਲੀ ਆਏਗੀ? ਆਓ ਵੇਖੀਏ ਕਿ ਲੋਕਪਾਲ ਸੀ.ਬੀ.ਆਈ. ਦੇ ਕਾਰਜ-ਢੰਗ ਨੂੰ ਕਿਵੇਂ ਸੁਧਾਰੇਗਾ?

ਸੀ.ਬੀ.ਆਈ. ਦੇ ਮੁਖੀ: ਸੀ.ਬੀ.ਆਈ. ਦੇ ਮੁਖੀ ਦੀ ਨਿਯੁਕਤੀ ਪਹਿਲਾਂ ਪੂਰੀ ਤਰ੍ਹਾਂ ਸਰਕਾਰ ਦੇ ਹੱਥਾਂ ਵਿਚ ਹੈ ਪਰ ਹੁਣ ਪ੍ਰਧਾਨ ਮੰਤਰੀ, ਭਾਰਤ ਦੇ ਮੁੱਖ ਜੱਜ ਅਤੇ ਵਿਰੋਧੀ ਧਿਰ ਦੇ ਆਗੂ 'ਤੇ ਆਧਾਰਿਤ ਚੋਣ ਮੰਡਲ ਵੱਲੋਂ ਇਹ ਨਿਯੁਕਤੀ ਕੀਤੀ ਜਾਇਆ ਕਰੇਗੀ।

ਜਾਂਚ: ਜੋ ਵੀ ਮਾਮਲਾ ਲੋਕਪਾਲ ਸੀ.ਬੀ.ਆਈ. ਨੂੰ ਸੌਂਪੇਗਾ, ਉਸ ਦੀ ਜਾਂਚ ਰਿਪੋਰਟ ਸੀ.ਬੀ.ਆਈ. ਲੋਕਪਾਲ ਨੂੰ ਹੀ ਦੇਵੇਗੀ। ਮਾਮਲਿਆਂ ਦੀ ਪੈਰਵੀ ਲਈ ਸੀ.ਬੀ.ਆਈ. ਲੋਕਪਾਲ ਵੱਲੋਂ ਪ੍ਰਵਾਨਿਤ ਪੈਨਲ ਵਿਚੋਂ ਵਕੀਲਾਂ ਦੀ ਚੋਣ ਕਰੇਗੀ (ਇਥੇ ਵੀ ਸਰਕਾਰ ਦਾ ਕੋਈ ਦਖ਼ਲ ਜਾਂ ਪ੍ਰਭਾਵ ਨਹੀਂ ਰਹਿ ਜਾਵੇਗਾ)।

ਪ੍ਰਵਾਨਗੀ: ਜਿਵੇਂ ਆਦਰਸ਼ ਸੁਸਾਇਟੀ ਘਪਲੇ ਵਿਚ ਮਹਾਰਾਸ਼ਟਰ ਦੇ ਰਾਜਪਾਲ ਨੇ ਸੀ.ਬੀ.ਆਈ. ਨੂੰ ਭ੍ਰਿਸ਼ਟ ਅਧਿਕਾਰੀਆਂ ਖਿਲਾਫ਼ ਜਾਂਚ ਦੀ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਲੋਕਪਾਲ ਦੇ ਹੁੰਦਿਆਂ ਅਜਿਹੀ ਕਿਸੇ ਪ੍ਰਵਾਨਗੀ ਦੀ ਲੋੜ ਨਹੀਂ ਹੋਵੇਗੀ। ਲੋਕਪਾਲ ਸੀ.ਬੀ.ਆਈ. ਜਾਂ ਕਿਸੇ ਹੋਰ ਜਾਂਚ ਏਜੰਸੀ ਤੋਂ ਕਿਸੇ ਵੀ ਮਾਮਲੇ ਦੀ ਮੁਢਲੀ ਜਾਂ ਮੁਕੰਮਲ ਜਾਂਚ ਦੇ ਹੁਕਮ ਦੇ ਸਕਦਾ ਹੈ।

ਲੋਕਪਾਲ ਦਾ ਸਰੂਪ: ਲੋਕਪਾਲ ਦੀ ਨਿਯੁਕਤੀ ਚੋਣ ਕਮੇਟੀ ਵੱਲੋਂ ਕੀਤੀ ਜਾਵੇਗੀ ਜਿਸ ਵਿਚ ਪ੍ਰਧਾਨ ਮੰਤਰੀ, ਸੰਸਦੀ ਆਗੂ, ਭਾਰਤ ਦੇ ਚੀਫ਼ ਜਸਟਿਸ, ਸਪੀਕਰ ਅਤੇ ਉੱਘੇ ਕਾਨੂੰਨਦਾਨ ਸ਼ਾਮਿਲ ਹੋਣਗੇ। ਇਸ ਚੋਣ ਮੰਡਲ ਨਾਲ ਸਹਾਇਕ ਖੋਜ ਕਮੇਟੀ ਹੋਵੇਗੀ ਜਿਸ ਵਿਚ 8 ਮੈਂਬਰ ਹੋਣਗੇ। ਇਨ੍ਹਾਂ ਵਿਚੋਂ 50 ਫ਼ੀਸਦੀ ਮੈਂਬਰ ਨਿਆਂਪਾਲਕਾ ਵਿਚੋਂ ਹੋਣਗੇ, ਜਦ ਕਿ 4 ਮੈਂਬਰ ਕਾਨੂੰਨ, ਜਾਂਚ, ਵਿੱਤ, ਚੌਕਸੀ ਅਤੇ ਭ੍ਰਿਸ਼ਟਾਚਾਰ ਵਿਰੋਧੀ ਵਿਭਾਗ ਆਦਿ ਵਰਗੇ ਵੱਖ-ਵੱਖ ਵਿਭਾਗਾਂ ਨਾਲ ਜੁੜੇ ਮਾਹਿਰ ਹੋਣਗੇ। ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲਿਆਂ ਅਤੇ ਔਰਤਾਂ ਨੂੰ ਵੀ ਢੁਕਵੀਂ ਨੁਮਾਇੰਦਗੀ ਦਿੱਤੀ ਜਾਵੇਗੀ।

ਖਰਚਾ: ਕੋਈ ਵੀ ਨਿਰਪੱਖ ਜਾਂਚ ਕਰਾਉਣ ਲਈ ਸੀ.ਬੀ.ਆਈ. ਦੇ ਮੁਖੀ ਅਨੁਸਾਰ ਜਿੰਨੇ ਖਰਚੇ ਦੀ ਲੋੜ ਹੋਵੇਗੀ, ਉਹ ਸਾਰਾ ਸਰਕਾਰ ਵੱਲੋਂ ਮੁਹੱਈਆ ਕਰਾਇਆ ਜਾਵੇਗਾ (ਇਸ ਨਾਲ ਮੌਜੂਦਾ ਲਾਲ ਫੀਤਾਸ਼ਾਹੀ ਵਿਚ ਕਟੌਤੀ ਆਏਗੀ)।

ਪ੍ਰਧਾਨ ਮੰਤਰੀ: ਕੁਝ ਅਪਵਾਦਾਂ ਜਿਵੇਂ ਜਨਤਕ ਆਦੇਸ਼, ਪੁਲਾੜ, ਰੱਖਿਆ ਮਾਮਲੇ ਆਦਿ ਨੂੰ ਛੱਡ ਕੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਬਾਕੀ ਮਾਮਲਿਆਂ ਵਿਚ ਜਾਂਚ ਦੇ ਘੇਰੇ ਤੋਂ ਬਾਹਰ ਨਹੀਂ ਰੱਖਿਆ ਗਿਆ।

ਲੋਕਪਾਲ ਨੂੰ ਹਟਾਉਣਾ: 100 ਸੰਸਦ ਮੈਂਬਰਾਂ ਦੇ ਦਸਤਖ਼ਤਾਂ ਵਾਲੀ ਪਟੀਸ਼ਨ ਤੋਂ ਬਾਅਦ ਰਾਸ਼ਟਰਪਤੀ ਸੁਪਰੀਮ ਕੋਰਟ ਨੂੰ ਜਾਂਚ ਲਈ ਕਹੇਗਾ ਅਤੇ ਉਸ ਤੋਂ ਬਾਅਦ ਰਾਸ਼ਟਰਪਤੀ ਵੱਲੋਂ ਹੀ ਲੋਕਪਾਲ ਨੂੰ ਅਹੁਦੇ ਤੋਂ ਹਟਾਇਆ ਜਾ ਸਕੇਗਾ।

ਲੋਕਪਾਲ ਕਾਨੂੰਨ ਸਾਰੇ ਰਾਜਾਂ ਲਈ ਆਦਰਸ਼ ਕਾਨੂੰਨ ਹੋਵੇਗਾ ਕਿ ਉਹ ਇਕ ਸਾਲ ਦੇ ਵਿਚ-ਵਿਚ ਲੋਕ ਆਯੁਕਤ ਸਥਾਪਤ ਕਰਨ। ਜਿਥੇ ਪਹਿਲਾਂ ਹੀ ਇਨ੍ਹਾਂ ਦੀ ਮੌਜੂਦਗੀ ਹੈ, ਉਥੇ ਕੇਂਦਰੀ ਕਾਨੂੰਨ ਦੀ ਤਰਜ਼ 'ਤੇ ਸੁਧਾਰ ਹੋ ਸਕਣਗੇ।

ਲੋਕਪਾਲ ਭ੍ਰਿਸ਼ਟਾਚਾਰ ਖਿਲਾਫ਼ ਸੁਪਰੀਮ ਕੋਰਟ ਵਾਂਗ ਹੈ। ਸੰਦੇਸ਼ ਇਹ ਹੈ ਕਿ ਕੋਈ ਵੀ ਜਨਤਕ ਅਧਿਕਾਰੀ ਆਪਣੇ ਕੰਮ ਨੂੰ ਹਲਕੇ ਤੌਰ 'ਤੇ ਨਹੀਂ ਲੈ ਸਕੇਗਾ। ਅਜਿਹਾ ਕਰਨ ਦੀ ਸਜ਼ਾ ਮਿਲਣੀ ਯਕੀਨੀ ਹੈ। ਇਹ ਸਿਰਫ ਸ਼ੁਰੂਆਤ ਹੈ। ਅਜੇ ਹੋਰ ਕਈ ਕੁਝ ਹੋਣਾ ਬਾਕੀ ਹੈ, ਜਿਵੇਂ 'ਵਿਸਲ ਬਲੋਅਰ ਬਿੱਲ', 'ਸਿਟੀਜ਼ਨ ਚਾਰਟਰ' ਅਤੇ 'ਸ਼ਿਕਾਇਤ ਨਿਵਾਰਨ ਬਿੱਲ' ਆਦਿ। ਭਾਰਤ ਬਦਲ ਚੁੱਕਾ ਹੈ, ਸਦਾ ਲਈ। ਲੋਕਾਂ ਦੀ ਤਾਕਤ ਦਾ ਧੰਨਵਾਦ।

ਗੁਰਮਤਿ ਵਿਚਾਰ

# ਨਦਰਿ ਕਰਹਿ ਜੇ ਆਪਣੀ ਤਾਂ ਨਦਰੀ ਸਤਿਗੁਰੁ ਪਾਇਆ



ਡਾ. ਗੁਰਨਾਮ ਕੌਰ, ਕੈਨੇਡਾ

ਨਦਰਿ, ਕਿਰਪਾ, ਮਿਹਰ, ਪਰਸਾਦਿ ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਬਹੁਤ ਵਾਰ ਆਏ ਹਨ। ਗੁਰਬਾਣੀ ਅਨੁਸਾਰ ਗਿਆਨ, ਜਿਸ ਤੋਂ ਮਨੁੱਖ ਨੂੰ ਜ਼ਿੰਦਗੀ ਦੇ ਸਹੀ ਮਾਰਗ 'ਤੇ ਚੱਲਣ ਦੀ ਸੋਝੀ ਆਉਣੀ ਹੈ, ਗੁਰੂ ਅਤੇ ਅਕਾਲ ਪੁਰਖ ਦੋਹਾਂ ਦੀ ਮਿਹਰ ਰਾਹੀਂ ਪ੍ਰਾਪਤ ਹੁੰਦਾ ਹੈ। ਜਿਸ ਮਨੁੱਖ 'ਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ, ਉਸ ਨੂੰ ਅਸਲੀ ਗੁਰੂ ਮਿਲਦਾ ਹੈ, ਜਿਸ 'ਤੇ ਗੁਰੂ ਦੀ ਮਿਹਰ ਹੁੰਦੀ ਹੈ, ਉਸ ਨੂੰ ਗਿਆਨ ਪ੍ਰਾਪਤ ਹੁੰਦਾ ਹੈ।

'ਪੰਜਾਬ ਟਾਈਮਜ਼' ਦੇ 21 ਦਸੰਬਰ ਦੇ ਅੰਕ ਵਿਚ ਦਲਜੀਤ ਸਿੰਘ (ਇੰਡੀਆਨਾ) ਦਾ ਲੇਖ 'ਪ੍ਰਸ਼ਾਦ' ਛਪਿਆ ਹੈ, ਜਿਸ ਵਿਚ ਉਸ ਨੇ ਸਿੱਖ ਧਰਮ ਵਿਚ ਪਰਸ਼ਾਦ ਦੀ ਮਹੱਤਤਾ ਅਤੇ ਅੱਜ ਕਲ੍ਹ ਇਸ ਦੇ ਹੋ ਰਹੇ ਵਪਾਰੀਕਰਨ ਬਾਰੇ ਲਿਖਿਆ ਹੈ। ਇਸ ਨੂੰ 'ਪਰਸ਼ਾਦ' ਗੁਰੂ ਅਤੇ ਅਕਾਲ ਪੁਰਖ ਦੀ ਮਿਹਰ ਨਾਲ ਜੁੜਿਆ ਹੋਣ ਕਰਕੇ ਹੀ ਕਿਹਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਸਾਹਮਣੇ ਸਿੱਖ ਧਰਮ ਦਾ ਪ੍ਰਕਾਸ਼ਨ ਕਰਨ ਦਾ ਮਕਸਦ ਇੱਕ ਸੱਚਾ-ਸੁੱਚਾ, ਅਕਾਲ ਪੁਰਖ ਦੇ ਪ੍ਰੇਮ ਵਿਚ ਰੰਗਿਆ, ਆਪਸੀ ਸਹਿਚਾਰ, ਪ੍ਰੇਮ-ਪਿਆਰ ਨਾਲ ਓਤ-ਪੋਤ ਅਤੇ ਜਾਤ-ਪਾਤ ਦੇ ਵਖਰੇਵਿਆਂ ਤੋਂ ਰਹਿਤ ਮਨੁੱਖੀ ਬਰਾਬਰੀ ਵਾਲਾ ਸਮਾਜ ਸਿਰਜਣ ਦਾ ਸੀ। ਇਸੇ ਆਦਰਸ਼ ਨੂੰ ਅਮਲੀ ਰੂਪ ਦੇਣ ਲਈ ਸੰਗਤਿ, ਲੰਗਰ, ਪਰਸ਼ਾਦ ਆਦਿ ਸੰਸਥਾਵਾਂ ਅਤੇ ਪਰੰਪਰਾਵਾਂ ਸ਼ੁਰੂ ਕੀਤੀਆਂ ਗਈਆਂ। ਪਰਸ਼ਾਦ ਵਿਚ ਵੀ ਗੁਰੂ ਦੀ ਮਿਹਰ ਸ਼ਾਮਲ ਹੈ। ਲੰਗਰ ਵਿਚ ਵਰਤਣ ਵਾਲਾ ਵੀ ਪਰਸ਼ਾਦਾ ਹੁੰਦਾ ਹੈ, ਆਮ ਰੋਟੀ ਨਹੀਂ। ਇਹ ਅਜਿਹੀਆਂ ਸੰਸਥਾਵਾਂ ਹਨ ਜਿਨ੍ਹਾਂ ਰਾਹੀਂ ਮਨੁੱਖ ਰੱਬ ਅਤੇ ਬੰਦੇ ਨੂੰ ਪ੍ਰੇਮ ਕਰਨਾ ਸਿੱਖਦਾ ਹੈ ਅਤੇ ਮਨੁੱਖਤਾ ਦੀ ਸੇਵਾ ਕਰਨੀ ਸਿੱਖਦਾ ਹੈ। ਪਰ ਵਰਤਮਾਨ ਸਮੇਂ ਵਿਚ ਲੰਗਰ ਅਤੇ ਪਰਸ਼ਾਦ-ਦੋਹਾਂ ਵਿਚੋਂ ਸੰਗਤੀ-ਭਾਵਨਾ ਅਤੇ ਸੇਵਾ ਦੋਵੇਂ ਗੁਆਚ ਰਹੇ ਹਨ।

ਦਲਜੀਤ ਸਿੰਘ ਵੱਲੋਂ ਵਰਣਨ ਕੀਤੇ ਗਏ ਪਖੰਡ ਵਰਗਾ ਹੀ ਇੱਕ ਹੋਰ ਪਖੰਡ ਹੈ, ਮੱਸਿਆ ਅਤੇ ਪੂਰਨਮਾਸ਼ੀ ਮਨਾਉਣਾ ਅਤੇ ਇਸ ਦੇ ਨਾਮ 'ਤੇ ਗੁਰਦੁਆਰਿਆਂ/ਡੇਰਿਆਂ ਤੇ ਇਕੱਠ ਕਰਨਾ ਜਿਨ੍ਹਾਂ ਦਾ ਸਿੱਖ ਧਰਮ ਵਿਚ ਕੋਈ ਮਹੱਤਵ ਨਹੀਂ ਹੈ। ਇਨ੍ਹਾਂ ਦੀ ਮਨੌਤ ਸ਼ਾਇਦ ਗੁਰਦੁਆਰਿਆਂ ਉਤੇ ਮਹੰਤਾਂ ਦੇ ਕਬਜ਼ਿਆਂ ਵੇਲੇ ਸ਼ੁਰੂ ਹੋਈ ਹੋਵੇਗੀ ਪਰ ਅਫਸੋਸ ਤਾਂ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਪ੍ਰਬੰਧ ਨੂੰ ਜਿਉਂ ਦਾ ਤਿਉਂ ਚੱਲਣ ਦੇ ਰਹੀ ਹੈ ਕਿਉਂਕਿ ਇਹ ਗੁਰਦੁਆਰਿਆਂ ਦੀ ਆਮਦਨ ਦਾ ਸਾਧਨ ਬਣ ਗਿਆ ਹੈ। ਸਿਤਮ ਦੀ ਗੱਲ ਹੈ ਕਿ ਇਸ ਮੱਸਿਆ ਅਤੇ ਪੂਰਨਮਾਸ਼ੀ ਕਰਕੇ ਹੀ ਸੰਤ ਸਮਾਜ ਨੇ ਇਕੱਠੇ ਹੋ ਕੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਪਾਸੋਂ ਮੰਗ ਕੀਤੀ ਹੈ ਕਿ ਬਿਕਰਮੀ ਕੈਲੰਡਰ ਲਾਗੂ ਕੀਤਾ ਜਾਵੇ। ਪਹਿਲਾਂ ਇਨ੍ਹਾਂ ਡੇਰੇਦਾਰਾਂ ਨੇ ਹੀ ਅਸਲੀ ਨਾਨਕਸ਼ਾਹੀ ਕੈਲੰਡਰ ਦਾ ਭੋਗ ਪੁਆ ਕੇ ਰੱਲਗੱਡ ਕੈਲੰਡਰ ਲਾਗੂ ਕਰਵਾਇਆ। ਹੁਣ ਇਸ ਆੜ ਵਿਚ ਕਿ ਇਸ ਨਾਲ ਝਗੜੇ ਪੈਦਾ ਹੋ ਰਹੇ ਹਨ, ਮੁੜ ਬਿਕਰਮੀ ਕੈਲੰਡਰ ਲਾਗੂ ਕਰਵਾਉਣਾ ਚਾਹੁੰਦੇ ਹਨ। ਇਹ ਹੋ ਵੀ ਜਾਣਾ ਹੈ ਕਿਉਂਕਿ ਸੱਤਾ 'ਤੇ ਕਾਬਜ਼ ਅਕਾਲੀ ਦਲ ਨੂੰ ਸਿੱਖ ਜਾਂ ਸਿੱਖੀ ਦਾ ਕੋਈ ਫਿਕਰ ਨਹੀਂ, ਸੱਤਾ 'ਤੇ ਬਣੇ ਰਹਿਣ ਦਾ ਫਿਕਰ ਹੈ। ਆਸਾ ਦੀ ਵਾਰ ਵਿਚ ਦਰਜ਼ ਸਲੋਕਾਂ ਵਿਚ ਕੁਝ ਇਸ ਕਿਸਮ ਦੇ ਹੀ ਧਾਰਮਿਕ ਪਖੰਡਾਂ, ਜਨਤਾ ਦੇ ਆਪਣੇ ਹੱਕਾਂ ਪ੍ਰਤੀ ਚੇਤੰਨ ਨਾ ਹੋਣ, ਤਾਕਤਵਰਾਂ ਵੱਲੋਂ ਕਮਜ਼ੋਰਾਂ ਦੇ ਸ਼ੋਸ਼ਣ ਅਤੇ ਹੋਰ ਸਮਾਜਿਕ ਬੁਰਾਈਆਂ ਦੀ ਗੱਲ ਕੀਤੀ ਗਈ ਹੈ।

ਸਿਰਲੇਖ ਵਾਲੀ ਪੰਕਤੀ ਆਸਾ ਦੀ ਵਾਰ ਦੀ ਚੌਥੀ ਪਉੜੀ ਦੀ ਹੈ। ਇਸ ਪਉੜੀ ਵਿਚ ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਜੇ ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਹੁੰਦੀ ਹੈ, ਜੇ ਉਹ ਮਨੁੱਖ 'ਤੇ ਮਿਹਰ ਕਰੇ ਤਾਂ ਉਸ ਮਨੁੱਖ ਨੂੰ ਸਤਿਗੁਰੂ ਮਿਲ ਪੈਂਦਾ ਹੈ। ਇਸ ਗੱਲ ਦਾ ਜ਼ਿਕਰ ਪਹਿਲਾਂ ਵੀ ਹੋ ਚੁੱਕਾ ਹੈ ਕਿ ਸਿੱਖ ਧਰਮ ਵਿਚ ਮਨੁੱਖ ਦੇ ਜਨਮ ਨੂੰ ਸਭ ਤੋਂ ਉਤਮ ਮੰਨਿਆ ਗਿਆ ਹੈ ਜੋ ਬਹੁਤ ਜਨਮਾਂ ਵਿਚ ਵਿਚਰਨ ਤੋਂ ਬਾਅਦ ਅਕਾਲ ਪੁਰਖ ਦੀ ਮਿਹਰ ਨਾਲ ਮਿਲਦਾ ਹੈ। ਇਸ ਪਉੜੀ ਵਿਚ ਗੁਰੂ ਨਾਨਕ ਸਾਹਿਬ ਨੇ ਫੁਰਮਾਇਆ ਹੈ ਕਿ ਬਹੁਤ ਸਾਰੇ ਜਨਮਾਂ ਵਿਚ ਭਟਕਣ ਤੋਂ ਬਾਅਦ ਜਦੋਂ ਅਕਾਲ ਪੁਰਖ ਦੀ ਮਿਹਰ ਹੋਈ ਤਾਂ ਜੀਵ ਮਨੁੱਖ ਦੀ ਜੂਨੀ ਵਿਚ ਆਇਆ। ਸਤਿਗੁਰੂ ਨੇ ਉਸ ਨੂੰ ਆਪਣਾ ਸ਼ਬਦ ਸੁਣਾਇਆ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਸਤਿਗੁਰੂ ਦੇ ਬਰਾਬਰ ਕੋਈ ਦਾਤਾ (ਦਾਤਾਂ ਦੇਣ ਵਾਲਾ) ਨਹੀਂ ਹੈ ਕਿਉਂਕਿ ਉਹ ਸ਼ਬਦ ਰਾਹੀਂ ਮਨੁੱਖ ਨੂੰ ਗਿਆਨ ਬਖ਼ਸ਼ਿਸ਼ ਕਰਦਾ ਹੈ।

ਗੁਰੂ ਨਾਨਕ ਸਾਹਿਬ ਨੇ ਜਪੁਜੀ ਦੇ ਅਰੰਭ ਵਿਚ ਹੀ ਸਪੱਸ਼ਟ ਕੀਤਾ ਹੈ ਕਿ ਮਨੁੱਖ ਦੇ ਸਚਿਆਰ ਬਣਨ ਦੇ ਰਸਤੇ ਵਿਚ ਹਉਮੈ ਸਤਿ ਦਾ ਅਨੁਭਵ ਨਹੀਂ ਕਰਨ ਦਿੰਦੀ, ਅਰਥਾਤ ਮਨੁੱਖ ਅਤੇ ਪਰਮਾਤਮਾ ਦੇ ਮੇਲ ਵਿਚ ਹਉਮੈ ਐਸੀ ਦੀਵਾਰ ਹੈ ਜੋ ਮਿਲਾਪ ਨਹੀਂ ਹੋਣ ਦਿੰਦੀ। ਇਸ ਪਉੜੀ ਵਿਚ ਵੀ ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੇ ਆਪਣੇ ਅੰਦਰੋਂ ਆਪਾ-ਭਾਵ (ਹਉਮੈ) ਗਵਾ ਦਿੱਤੀ ਹੈ, ਉਨ੍ਹਾਂ ਨੂੰ ਸਤਿਗੁਰੂ ਦੇ ਮਿਲਣ ਨਾਲ ਸੱਚੇ ਪਰਮਾਤਮਾ ਦੀ ਪ੍ਰਾਪਤੀ ਹੋ ਗਈ ਹੈ। ਸਤਿਗੁਰੂ ਨੇ ਸੱਚੇ ਪਰਮਾਤਮਾ ਦੀ ਸੋਝੀ ਪਾਈ ਹੈ, ਸੱਚਾ ਗੁਰੂ ਉਹ ਹੈ ਜਿਸ ਨੇ ਆਪ ਸੱਚੇ ਪਰਮਾਤਮਾ ਦਾ ਅਨੁਭਵ ਕਰ ਲਿਆ ਹੈ ਅਤੇ ਸਤਿਗੁਰੂ ਪਾਸੋਂ ਸ਼ਬਦ ਰਾਹੀਂ ਇਹ ਸੋਝੀ ਆਮ ਮਨੁੱਖ ਪ੍ਰਾਪਤ ਕਰਦਾ ਹੈ,

ਨਦਰਿ ਕਰਹਿ ਜੇ ਆਪਣੀ
ਤਾਂ ਨਦਰੀ ਸਤਿਗੁਰੁ ਪਾਇਆ॥
ਏਹੁ ਜੀਉ ਬਹੁਤੇ ਜਨਮ ਭਰੰਮਿਆ
ਤਾਂ ਸਤਿਗੁਰਿ ਸਬਦੁ ਸੁਣਾਇਆ॥
(ਪੰਨਾ 464)

ਇਸ ਪਉੜੀ ਤੋਂ ਅਗਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਨੇ ਇਸ ਸੰਸਾਰ ਦੀ ਪਰਮਾਤਮਾ ਵੱਲੋਂ ਕੀਤੀ ਘਾੜਤ ਦਾ ਬਿਆਨ ਕੀਤਾ ਹੈ ਅਤੇ ਦੱਸਿਆ ਹੈ ਕਿ ਅਗਿਆਨ ਵਿਚ ਗ੍ਰੱਸੀ ਹੋਣ ਕਰਕੇ ਇਹ ਦੁਨੀਆਂ ਠੱਗੀ ਜਾ ਰਹੀ ਹੈ। ਕਰਤਾ ਪੁਰਖ ਨੇ ਸੰਸਾਰ ਦੀ ਘਾੜਤ ਇਸ ਤਰ੍ਹਾਂ ਕੀਤੀ ਹੈ ਜਿਵੇਂ ਰਾਸ ਪੈ ਰਹੀ ਹੋਵੇ (ਰਾਸਾਂ ਵਿਚ ਰਾਸਧਾਰੀਏ ਅਵਤਾਰਾਂ ਦਾ ਸਾਂਗ ਬਣਾ ਕੇ ਗਾਉਂਦੇ ਅਤੇ ਨੱਚਦੇ ਹਨ)। ਇਸ ਦੇ ਸਮੇਂ ਨੂੰ ਇਸ ਤਰ੍ਹਾਂ ਬਣਾਇਆ ਹੈ ਕਿ ਇਸ ਦੇ ਘੰਟੇ (ਘੜੀਆਂ) ਜਿਵੇਂ ਗੋਪੀਆਂ ਹਨ, ਦਿਨ ਦੇ ਪਹਿਰ ਜਿਵੇਂ ਕਾਨ੍ਹ ਹਨ; ਪਉਣ, ਪਾਣੀ ਅਤੇ ਅੱਗ ਜਿਵੇਂ ਉਨ੍ਹਾਂ ਦੇ ਗਹਿਣੇ ਹਨ (ਜੋ ਗੋਪੀਆਂ ਨੇ ਪਹਿਨੇ ਹੋਏ ਹਨ)। ਕੁਦਰਤਿ ਦੀ ਇਸ ਰਾਸ ਵਿਚ ਚੰਦਰਮਾ ਅਤੇ ਸੂਰਜ ਪਰਮਾਤਮਾ ਵੱਲੋਂ ਘੜੇ ਹੋਏ ਦੋ ਅਵਤਾਰ ਹਨ। ਇਹ ਸਾਰੀ ਧਰਤੀ ਪਰਮਾਤਮਾ ਵੱਲੋਂ ਬਣਾਈ ਹੋਈ ਰਾਸ ਪਾਉਣ ਲਈ ਮਾਲ-ਧਨ ਹੈ ਅਤੇ ਇਸ ਸੰਸਾਰ ਦੇ ਧੰਦੇ ਰਾਸ ਦਾ ਵਰਤਣ-ਵਲੇਵਾਂ ਹਨ। ਮਾਇਆ ਦੀ ਇਸ ਰਾਸ ਵਿਚ ਗਿਆਨ ਤੋਂ ਵਿਹੂਣਾ ਇਹ ਸੰਸਾਰ ਠੱਗਿਆ ਜਾ ਰਿਹਾ ਹੈ ਅਤੇ ਇਸ ਨੂੰ ਜਮਕਾਲ ਖਾਈ ਜਾ ਰਿਹਾ ਹੈ। ਕਹਿਣ ਤੋਂ ਭਾਵ ਹੈ ਕਿ ਜੀਵ ਸੰਸਾਰ ਦੀ ਇਸ ਸੁੰਦਰ ਘਾੜਤ ਵਿਚ ਸੁਹਣੇ ਪਦਾਰਥਾਂ ਨੂੰ ਦੇਖ ਦੇਖ ਕੇ ਹੀ ਮਸਤ ਹੋ ਰਿਹਾ ਹੈ ਅਤੇ ਆਪਣਾ ਜੀਵਨ ਅਜਾਈਂ ਗਵਾ ਰਿਹਾ ਹੈ,

ਘੜੀਆ ਸਭੇ ਗੋਪੀਆ
ਪਹਰ ਕੰਨ੍ਹ ਗੋਪਾਲ॥
ਗਹਣੇ ਪਉਣੁ ਪਾਣੀ ਬੈਸੰਤਰੁ
ਚੰਦੁ ਸੂਰਜੁ ਅਵਤਾਰ॥ (ਪੰਨਾ 465)

ਅਗਲੇ ਸਲੋਕ ਵਿਚ ਰਾਸਾਂ ਪਾਉਣ ਵਾਲਿਆਂ ਦਾ ਜ਼ਿਕਰ ਹੈ। ਇਨ੍ਹਾਂ ਰਾਸਾਂ ਵਿਚ ਚੇਲੇ ਸਾਜ ਵਜਾਉਂਦੇ ਹਨ ਅਤੇ ਉਨ੍ਹਾਂ ਦੇ ਗੁਰੂ ਪੈਰ ਹਿਲਾ ਹਿਲਾ ਕੇ ਅਤੇ ਸਿਰ ਫੇਰਦੇ ਨੱਚਦੇ ਹਨ। ਉਨ੍ਹਾਂ ਦੇ ਪੈਰਾਂ ਨਾਲ ਉਡ ਉਡ ਕੇ ਧੂੜ ਉਨ੍ਹਾਂ ਦੇ ਸਿਰ ਵਿਚ ਪੈਂਦੀ ਹੈ। ਲੋਕ ਉਨ੍ਹਾਂ ਨੂੰ ਨੱਚਦਿਆਂ ਦੇਖ ਦੇਖ ਕੇ ਹੱਸਦੇ ਹਨ। ਰਾਸਧਾਰੀਏ ਇਹ ਸਾਰੇ ਸਵਾਂਗ ਰੋਜ਼ੀ ਦੀ ਖ਼ਾਤਰ ਰਚਦੇ ਹਨ ਅਤੇ ਰਾਸ ਪਾਉਂਦੇ ਹਨ, ਆਪਣੇ ਆਪ ਨੂੰ ਜ਼ਮੀਨ 'ਤੇ ਸੁੱਟਦੇ ਹਨ। ਗੋਪੀਆਂ ਅਤੇ ਕਾਨ੍ਹ ਦੇ ਸਵਾਂਗ ਬਣ ਕੇ ਗਾਉਂਦੇ ਹਨ, ਸੀਤਾ, ਰਾਮ ਅਤੇ ਹੋਰ ਸਵਾਂਗ ਬਣ ਕੇ ਗਾਉਂਦੇ ਹਨ। ਜਿਸ ਕਰਤਾ ਪੁਰਖ ਨੇ ਇਹ ਸੰਸਾਰ ਬਣਾਇਆ ਹੈ ਉਹ ਆਪ ਭੈ ਤੋਂ ਰਹਿਤ ਹੈ ਅਤੇ ਨਿਰਾਕਾਰ ਹੈ, ਉਸ ਦਾ ਕੋਈ ਆਕਾਰ ਨਹੀਂ ਹੈ ਅਤੇ ਉਸ ਦਾ ਨਾਮ ਸਦੀਵੀ ਹੈ। ਉਸ ਅਕਾਲ ਪੁਰਖ ਨੂੰ ਉਹੀ ਸਿਮਰਦੇ ਹਨ ਜਿਨ੍ਹਾਂ ਦੇ ਮਨ ਉਸ ਦੀ ਮਿਹਰ ਸਦਕਾ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਹਨ, ਜਿਨ੍ਹਾਂ ਦੇ ਮਨ ਵਿਚ ਉਸ ਨੂੰ ਸਿਮਰਨ ਦਾ ਚਾਅ ਹੈ। ਪਰਮਾਤਮਾ ਦੇ ਅਜਿਹੇ ਸੇਵਕਾਂ ਦੀ ਜੀਵਨ-ਰੂਪੀ ਰਾਤ ਸੁਆਦਲੀ ਗੁਜ਼ਰਦੀ ਹੈ।

ਗੁਰੂ ਦੀ ਲੋੜ ਦੱਸਦਿਆਂ ਗੁਰੂ ਨਾਨਕ ਫੁਰਮਾਉਂਦੇ ਹਨ ਕਿ ਰੱਬ ਦੇ ਅਜਿਹੇ ਸੇਵਕਾਂ ਨੂੰ ਕਰਤਾ ਪੁਰਖ ਆਪਣੀ ਮਿਹਰ ਦੀ ਨਜ਼ਰ ਨਾਲ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦਿੰਦਾ ਹੈ ਜਿਨ੍ਹਾਂ ਨੇ ਗੁਰੂ ਦੀ ਮੱਤ ਦੁਆਰਾ ਅਜਿਹੀ ਸਿੱਖਿਆ ਲਈ ਹੈ। ਨੱਚਣ ਤੇ ਨੱਚਦਿਆਂ ਫੇਰੀਆਂ ਲੈਣ ਨਾਲ ਜੀਵਨ ਦਾ ਉਧਾਰ ਨਹੀਂ ਹੁੰਦਾ। ਜੇ ਇਸ ਤਰ੍ਹਾਂ ਉਧਾਰ ਹੁੰਦਾ ਤਾਂ ਸੰਸਾਰ 'ਤੇ ਪੈਦਾ ਹੋਣ ਵਾਲੇ ਅਨੇਕਾਂ ਪਦਾਰਥ ਅਤੇ ਜੀਵ ਸਦਾ ਹੀ ਭੌਂਦੇ ਰਹਿੰਦੇ ਹਨ ਜਿਵੇਂ ਕੋਹਲੂ, ਚਰਖਾ, ਚੱਕੀ, ਚੱਕ, ਥਲਾਂ ਦੇ ਬੇਅੰਤ ਵਰੋਲੇ, ਲਾਟੂ, ਮਧਾਣੀਆਂ, ਫਲ੍ਹੇ, ਪੰਛੀ, ਭੰਬੀਰੀਆਂ ਜੋ ਇੱਕੋ ਸਾਹ ਉਡਦੀਆਂ ਰਹਿੰਦੀਆਂ ਹਨ, ਉਨ੍ਹਾਂ ਦਾ ਵੀ ਉਧਾਰ ਹੋ ਗਿਆ ਹੁੰਦਾ। ਸੂਲ ਉਤੇ ਚੜ੍ਹਾ ਕੇ ਵੀ ਕਈ ਜੀਵਾਂ ਨੂੰ ਭੰਵਾਇਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਇਸ ਤਰ੍ਹਾਂ ਭੌਣ ਵਾਲੇ ਜੀਵ ਅਣਗਿਣਤ ਹਨ, ਉਨ੍ਹਾਂ ਦੀ ਗਿਣਤੀ ਦਾ ਕੋਈ ਅੰਤ ਨਹੀਂ ਲਗਾਇਆ ਜਾ ਸਕਦਾ। ਇਸੇ ਤਰ੍ਹਾਂ ਉਹ ਅਕਾਲ ਪੁਰਖ ਵੀ ਜੀਵਾਂ ਨੂੰ ਜ਼ੰਜੀਰਾਂ ਵਿਚ ਜਕੜ ਕੇ ਭਵਾਉਂਦਾ ਹੈ। ਹਰ ਇੱਕ ਜੀਵ ਆਪਣੇ ਕੀਤੇ ਕਰਮਾਂ ਅਨੁਸਾਰ ਨੱਚ ਰਿਹਾ ਹੈ। ਜਿਹੜੇ ਜੀਵ ਨੱਚ ਨੱਚ ਕੇ ਹੱਸਦੇ ਹਨ, ਉਹ ਅੰਤ ਵਾਰ ਰੋਂਦੇ ਹੋਏ ਇੱਥੋਂ ਤੁਰਦੇ ਹਨ। ਨੱਚਣ ਟੱਪਣ ਨਾਲ ਮਨੁੱਖ ਕਿਸੇ ਉਚੀ ਅਵਸਥਾ ਨੂੰ ਨਹੀਂ ਪਹੁੰਚ ਜਾਂਦੇ ਅਤੇ ਨਾ ਹੀ ਕਿਸੇ ਕਿਸਮ ਦੀ ਸਿੱਧੀ ਪ੍ਰਾਪਤ ਕਰ ਲੈਂਦੇ ਹਨ। ਨੱਚਣਾ ਕੁੱਦਣਾ ਮਨ ਦੀ ਖੁਸ਼ੀ ਹੈ, ਸ਼ੌਕ ਹੈ। ਪ੍ਰੇਮ ਉਨ੍ਹਾਂ ਦੇ ਮਨ ਵਿਚ ਪੈਦਾ ਹੁੰਦਾ ਹੈ ਜਿਨ੍ਹਾਂ ਦੇ ਮਨ ਵਿਚ ਅਕਾਲ ਪੁਰਖ ਦਾ ਭੈ ਹੁੰਦਾ ਹੈ,

ਵਾਇਨਿ ਚੇਲੇ ਨਚਨਿ ਗੁਰ॥
ਪੈਰ ਹਲਾਇਨਿ ਫੇਰਨਿ ਸਿਰ॥
ਉਡਿ ਉਡਿ ਰਾਵਾ ਝਾਟੈ ਪਾਇ॥
ਵੇਖੈ ਲੋਕੁ ਹਸੈ ਘਰਿ ਜਾਇ॥ (ਪੰਨਾ 465)

ਗੁਰੂ ਨਾਨਕ ਦਾ ਦੱਸਿਆ ਮਾਰਗ ਨਾਮ-ਮਾਰਗ ਹੈ, ਜਿਸ ਵਿਚ ਕਿਸੇ ਕਰਮ-ਕਾਂਡ ਨੂੰ ਕੋਈ ਥਾਂ ਪ੍ਰਾਪਤ ਨਹੀਂ ਹੈ। ਗੁਰੂ ਨਾਨਕ ਅਗਲੀ ਪਉੜੀ ਵਿਚ ਕਰਤਾ ਪੁਰਖ ਨੂੰ ਸੰਬੋਧਿਤ ਹਨ ਕਿ ਹੇ ਅਕਾਲ ਪੁਰਖ ਤੇਰਾ ਨਾਮ ਨਿਰੰਕਾਰ ਹੈ। ਜੋ ਜੋ ਪ੍ਰਾਣੀ ਇਸ ਨਾਮ ਦਾ ਸਿਮਰਨ ਕਰਦੇ ਹਨ, ਉਹ ਨਰਕ ਵਿਚ ਨਹੀਂ ਪੈਂਦੇ ਅਰਥਾਤ ਇਸ ਸੰਸਾਰ-ਸਾਗਰ ਤੋਂ ਪਾਰ ਲੰਘ ਜਾਂਦੇ ਹਨ। ਇਹ ਸਰੀਰ ਅਤੇ ਇਸ ਵਿਚ ਜੀਵਨ ਸਭ ਉਸ ਅਕਾਲ ਪੁਰਖ ਦੀ ਦੇਣ ਹੈ। ਉਹੀ ਜੀਵਨ ਬਸਰ ਕਰਨ ਲਈ ਜੀਵਾਂ ਨੂੰ ਖਾਣ ਲਈ ਭੋਜਨ ਦਿੰਦਾ ਹੈ। ਉਸ ਦੀਆਂ ਦਾਤਾਂ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਵੀ ਹੈ ਅਤੇ ਵਿਅਰਥ ਵੀ ਹੈ ਕਿ ਉਹ ਕਿੰਨਾ ਕੁਝ ਦਿੰਦਾ ਹੈ। ਜੇ ਜੀਵ ਆਪਣਾ ਭਲਾ ਚਾਹੁੰਦਾ ਹੈ ਤਾਂ ਭਲਾ ਇਸ ਗੱਲ ਵਿਚ ਹੀ ਕਿ ਉਹ ਚੰਗਾ ਕੰਮ ਕਰਕੇ ਵੀ ਆਪਣੇ ਆਪ ਨੂੰ ਨੀਵਾਂ ਸਮਝੇ (ਇਸੇ ਨੂੰ ਗੁਰਮਤਿ ਵਿਚ ਹਲੀਮੀ ਕਹਿੰਦੇ ਹਨ ਜੋ ਸਦਾਚਾਰਕ ਗੁਣ ਹੈ)। ਜਦੋਂ ਮਨੁੱਖ ਦੀ ਉਮਰ ਹੋ ਜਾਂਦੀ ਹੈ ਤਾਂ ਬੁਢਾਪਾ ਵੀ ਆਉਣਾ ਹੀ ਹੁੰਦਾ ਹੈ, ਬੁਢਾਪਾ ਕੋਈ ਨਾ ਕੋਈ ਵੇਸ ਧਾਰ ਕੇ ਆ ਹੀ ਜਾਂਦਾ ਹੈ। ਜਦੋਂ ਜੀਵਨ ਦੇ ਸੁਆਸ ਪੂਰੇ ਹੋ ਜਾਂਦੇ ਹਨ ਤਾਂ ਜੀਵ ਇਸ ਸੰਸਾਰ ਤੋਂ ਕੂਚ ਕਰ ਜਾਂਦਾ ਹੈ, ਕੋਈ ਵੀ ਇਥੇ ਰਹਿ ਨਹੀਂ ਸਕਦਾ, ਜਾਣਾ ਹੀ ਹੁੰਦਾ ਹੈ,

ਪਉੜੀ॥
ਨਾਉ ਤੇਰਾ ਨਿਰੰਕਾਰੁ ਹੈ
ਨਾਇ ਲਇਐ ਨਰਕਿ ਨ ਜਾਈਐ॥
ਜੀਉ ਪਿੰਡੁ ਸਭੁ ਤਿਸ ਦਾ
ਦੇ ਖਾਜੈ ਆਖਿ ਗਵਾਈਐ॥ (ਪੰਨਾ 465)

ਅਗਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਨੇ ਵੱਖ ਵੱਖ ਧਾਰਮਿਕ ਪਰੰਪਰਾਵਾਂ ਨੂੰ ਮੰਨਣ ਵਾਲਿਆਂ ਤੇ ਉਨ੍ਹਾਂ ਦੇ ਵਿਸ਼ਵਾਸ ਦੀ ਗੱਲ ਕੀਤੀ ਹੈ ਜਿਸ ਅਨੁਸਾਰ ਉਹ ਸਮਝਦੇ ਹਨ ਕਿ ਰੱਬ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਇਨ੍ਹਾਂ ਪਰੰਪਰਾਵਾਂ ਦੀ ਤੁਲਨਾ ਵਿਚ ਰੱਬ ਦੇ ਉਹ ਭਗਤ ਹਨ ਜਿਹੜੇ ਉਸ ਦੀ ਸਿਫਤ-ਸਾਲਾਹ ਕਰਕੇ ਉਸ ਦੀ ਸਹਿਜ ਪ੍ਰਾਪਤੀ ਕਰ ਲੈਂਦੇ ਹਨ। ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਮੁਸਲਮਾਨਾਂ ਦਾ ਵਿਸ਼ਵਾਸ ਸ਼ਰਹ ਵਿਚ ਹੈ ਕਿ ਸ਼ਰਹ ਨੂੰ ਮੰਨਣ ਨਾਲ, ਸ਼ਰਹ ਦੀਆਂ ਬੰਦਸ਼ਾਂ ਵਿਚ ਰਹਿਣ ਨਾਲ ਹੀ ਉਹ ਰੱਬ ਦੇ ਬੰਦੇ ਬਣ ਸਕਦੇ ਹਨ। ਇਸ ਲਈ ਉਹ ਸ਼ਰਹ ਦੀ ਵਡਿਆਈ ਕਰਦੇ ਹਨ ਅਤੇ ਸ਼ਰਹ ਨੂੰ ਪੜ੍ਹ ਪੜ੍ਹ ਕੇ ਵਿਚਾਰ ਕਰਦੇ ਹਨ ਕਿ ਰੱਬ ਦਾ ਦੀਦਾਰ ਕਰਨ ਲਈ ਜੋ ਮਨੁੱਖ ਸ਼ਰਹ ਦੇ ਬੰਧਨ ਵਿਚ ਪੈਂਦੇ ਹਨ, ਉਹ ਹੀ ਰੱਬ ਦੇ ਅਸਲੀ ਬੰਦੇ ਹਨ। ਦੂਸਰੇ ਪਾਸੇ ਹਿੰਦੂ ਹਨ ਜੋ ਹਿੰਦੂ ਸ਼ਾਸਤਰਾਂ ਅਨੁਸਾਰ ਉਸ ਸਲਾਹੁਣਯੋਗ ਸੁੰਦਰ ਤੇ ਬੇਅੰਤ ਪ੍ਰਭੂ ਦੇ ਗੁਣ ਗਾਉਂਦੇ ਹਨ, ਤੀਰਥਾਂ 'ਤੇ ਨਹਾਉਂਦੇ ਹਨ, ਮੂਰਤੀਆਂ ਅੱਗੇ ਭੇਟਾ ਧਰ ਕੇ, ਚੰਦਨ ਅਤੇ ਧੂਪ ਵਗੈਰਾ ਸੁਗੰਧੀ ਵਾਲੇ ਪਦਾਰਥਾਂ ਦੀ ਵਰਤੋਂ ਕਰਦੇ ਹਨ ਅਤੇ ਹਰੀ ਦੀ ਪੂਜਾ ਕਰਦੇ ਹਨ। ਇੱਕ ਪਰੰਪਰਾ ਜੋਗੀਆਂ ਦੀ ਹੈ ਜੋ ਸਮਾਧੀ ਸਥਿਤ ਹੋ ਕੇ ਕਰਤਾਰ ਨੂੰ ਧਿਆਉਂਦੇ ਹਨ ਅਤੇ ਉਸ ਨੂੰ 'ਅਲਖ, ਅਲਖ' ਕਹਿ ਕੇ ਪੁਕਾਰਦੇ ਹਨ। ਜੋਗੀਆਂ ਅਨੁਸਾਰ ਉਸ ਦਾ ਸਰੂਪ ਸੂਖਮ ਹੈ ਅਤੇ ਉਹ ਨਿਰੰਜਨ ਭਾਵ ਮਾਇਆ ਤੋਂ ਨਿਰਲੇਪ ਹੈ ਅਤੇ ਇਹ ਸਾਰਾ ਸੰਸਾਰ ਉਸੇ ਦਾ ਸਰੀਰ ਹੈ। ਇੱਕ ਹੋਰ ਹਨ ਜੋ ਆਪਣੇ ਆਪ ਨੂੰ ਸਤੀ, ਦਾਨੀ ਅਖਵਾਉਂਦੇ ਹਨ ਜਿਨ੍ਹਾਂ ਦੇ ਮਨ ਵਿਚ ਕੁਝ ਦਾਨ ਕਰਨ ਦੇ ਵਿਚਾਰ ਨਾਲ ਖੁਸ਼ੀ ਪੈਦਾ ਹੁੰਦੀ ਹੈ। ਪਰ ਉਹ ਲੋੜਵੰਦਾਂ ਨੂੰ ਦਾਨ ਕਰਕੇ ਪਰਮਾਤਮਾ ਕੋਲੋਂ ਉਸ ਤੋਂ ਵੀ ਹਜ਼ਾਰਾਂ ਗੁਣਾ ਵੱਧ ਮੰਗਦੇ ਹਨ। ਸੰਸਾਰ ਉਨ੍ਹਾਂ ਦੇ ਦਾਨੀ ਪੁਰਸ਼ ਹੋਣ ਦੀ ਵਡਿਆਈ ਕਰਦਾ ਹੈ। ਸੰਸਾਰ ਵਿਚ ਮਨੁੱਖਾਂ ਦੀ ਇੱਕ ਹੋਰ ਕਿਸਮ ਵੀ ਹੈ ਅਰਥਾਤ ਸੰਸਾਰ ਵਿਚ ਝੂਠੇ, ਬੁਰੇ ਕੰਮ ਕਰਨ ਵਾਲੇ, ਵਿਭਚਾਰੀ, ਝੂਠ ਬੋਲਣ ਵਾਲੇ, ਵਿਕਾਰੀ ਮਨੁੱਖ ਵੀ ਹਨ ਜੋ ਬੁਰੇ ਕੰਮ ਕਰਕੇ ਆਪਣੀ ਪਹਿਲੀ ਕੀਤੀ ਕਮਾਈ ਵੀ ਗੁਆ ਬੈਠਦੇ ਹਨ ਅਤੇ ਸੰਸਾਰ ਤੋਂ ਖਾਲੀ ਹੱਥ ਚਲੇ ਜਾਂਦੇ ਹਨ। ਇਹ ਸਭ ਰੰਗ-ਬਿਰੰਗੀ ਦੁਨੀਆਂ ਉਸੇ ਦੀ ਸਾਜੀ ਹੋਈ ਹੈ ਅਤੇ ਉਸ ਨੇ ਹੀ ਅਜਿਹੀ ਕਾਰ ਸੌਂਪੀ ਹੋਈ ਹੈ।

ਇਸ ਸਾਰੇ ਬ੍ਰਹਿਮੰਡ ਵਿਚ ਜਲ, ਥਲ, ਅਨੇਕ ਪੁਰੀਆਂ ਅਤੇ ਲੋਕਾਂ ਵਿਚ ਜਿੰਨੇ ਵੀ ਜੀਵ ਹਨ, ਉਹ ਜੋ ਕੁਝ ਵੀ ਕਹਿੰਦੇ ਜਾਂ ਕਰਦੇ ਹਨ ਕਰਤਾ ਪੁਰਖ ਸਭ ਕੁਝ ਸੁਣਦਾ ਅਤੇ ਜਾਣਦਾ ਹੈ ਅਤੇ ਉਹ ਸਾਰੇ ਜੀਵਾਂ ਦਾ ਆਸਰਾ ਹੈ। ਗੁਰੂ ਨਾਨਕ ਸਾਹਿਬ ਅੱਗੇ ਦੱਸਦੇ ਹਨ ਕਿ ਇਨ੍ਹਾਂ ਸਾਰਿਆਂ ਤੋਂ ਵੱਖਰੀ ਇੱਕ ਕਿਸਮ ਪਰਮਾਤਮਾ ਦੇ ਭਗਤਾਂ ਦੀ ਹੈ। ਉਨ੍ਹਾਂ ਦੇ ਮਨ ਵਿਚ ਕੇਵਲ ਅਕਾਲ ਪੁਰਖ ਦੀ ਸਿਫਤ-ਸਾਲਾਹ ਕਰਨ ਦੀ ਪ੍ਰਬਲ ਇੱਛਾ ਹੁੰਦੀ ਹੈ। ਉਸ ਸਦੀਵੀ ਰਹਿਣ ਵਾਲੇ ਅਕਾਲ ਪੁਰਖ ਦਾ ਨਾਮ ਹੀ ਉਨ੍ਹਾਂ ਦਾ ਓਟ-ਆਸਰਾ ਹੈ। ਉਹ ਉਸ ਨੂੰ ਯਾਦ ਕਰਦਿਆਂ ਸਦਾ ਅਨੰਦ ਦੀ ਅਵਸਥਾ ਵਿਚ ਰਹਿੰਦੇ ਹਨ। ਰੱਬ ਦੇ ਭਗਤ ਹਲੀਮ ਹੁੰਦੇ ਹਨ, ਇਸ ਲਈ ਆਪਣੇ ਆਪ ਨੂੰ ਜਤਾਉਂਦੇ ਨਹੀਂ,

ਮੁਸਲਮਾਨਾ ਸਿਫਤਿ ਸਰੀਅਤਿ
ਪੜਿ ਪੜਿ ਕਰਹਿ ਬੀਚਾਰੁ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ
ਵੇਖਣੁ ਕਉ ਦੀਦਾਰੁ॥ (ਪੰਨਾ 465)

## ਗੁਰਿ ਪੂਰੈ ਕਿਰਪਾ ਧਾਰੀ...

**ਸੋਰਠਿ ਮਹਲ ੫**

ਗੁਰਿ ਪੂਰੈ ਕਿਰਪਾ ਧਾਰੀ॥
ਪ੍ਰਭਿ ਪੂਰੀ ਲੋਚ ਹਮਾਰੀ॥
ਕਰਿ ਇਸਨਾਨੁ ਗ੍ਰਿਹਿ ਆਏ॥
ਅਨਦ ਮੰਗਲ ਸੁਖ ਪਾਏ॥੧॥
ਸੰਤਹੁ ਰਾਮ ਨਾਮਿ ਨਿਸਤਰੀਐ॥
ਊਠਤ ਬੈਠਤ ਹਰਿ ਹਰਿ ਧਿਆਈਐ
ਅਨਦਿਨੁ ਸੁਕ੍ਰਿਤੁ ਕਰੀਐ॥੧॥ਰਹਾਉ॥
ਸੰਤ ਕਾ ਮਾਰਗੁ ਧਰਮ ਕੀ ਪਉੜੀ
ਕੋ ਵਡਭਾਗੀ ਪਾਏ॥
ਕੋਟਿ ਜਨਮ ਕੇ ਕਿਲਬਿਖ ਨਾਸੇ
ਹਰਿ ਚਰਣੀ ਚਿਤੁ ਲਾਏ॥੨॥
ਉਸਤਤਿ ਕਰਹੁ ਸਦਾ ਪ੍ਰਭ ਅਪਨੇ
ਜਿਨਿ ਪੂਰੀ ਕਲ ਰਾਖੀ॥
ਜੀਅ ਜੰਤ ਸਭਿ ਭਏ ਪਵਿਤ੍ਰਾ
ਸਤਿਗੁਰ ਕੀ ਸਚੁ ਸਾਖੀ॥੩॥
ਬਿਘਨ ਬਿਨਾਸਨ ਸਭਿ ਦੁਖ ਨਾਸਨ
ਸਤਿਗੁਰਿ ਨਾਮੁ ਦ੍ਰਿੜਾਇਆ॥
ਖੋਏ ਪਾਪ ਭਏ ਸਭਿ ਪਾਵਨ
ਜਨ ਨਾਨਕ ਸੁਖਿ ਘਰਿ ਆਇਆ॥੪॥

ਸ੍ਰੀ ਗੁਰੂ ਅਰਜਨ ਦੇਵ ਪ੍ਰਭੂ ਦੇ ਪਿਆਰੇ ਸੰਤ ਜਨਾਂ ਨੂੰ ਮੁਖਾਤਬ ਹੁੰਦੇ ਹਨ, ਗੁਰਿ ਪੂਰੈ ਕਿਰਪਾ ਧਾਰੀ, ਭਾਵ ਹੇ ਪ੍ਰਭੂ ਜੀ ਦੇ ਪਿਆਰਿਓ! ਜਦੋਂ ਤੋਂ ਪੂਰੇ ਗੁਰੂ ਨੇ ਕਿਰਪਾ ਕੀਤੀ ਹੈ, ਉਦੋਂ ਤੋਂ ਹੀ ਮਿਹਰਬਾਨ ਪ੍ਰਭੂ ਨੇ ਆਪਣਾ ਨਾਮ ਸਿਮਰਨ ਦੇ ਕੇ ਸਾਡੀ ਇੱਛਾ ਪੂਰੀ ਕਰ ਦਿੱਤੀ ਹੈ; ਕਰਿ ਇਸਨਾਨੁ ਗ੍ਰਿਹਿ ਆਏ, ਹੁਣ ਅਸੀਂ ਨਾਮ ਰੂਪੀ ਜਲ ਨਾਲ ਇਸ਼ਨਾਨ ਕਰ ਕੇ ਅੰਤਰ ਆਤਮੇ ਘਰ ਵਿਚ ਟਿਕ ਗਏ ਹਾਂ ਭਾਵ ਭਟਕਣਾ ਮੁਕ ਗਈ ਹੈ, ਆਤਮਿਕ ਖੁਸ਼ੀਆਂ ਅਤੇ ਅਨੰਦ ਸੁਖ ਮਾਣ ਰਹੇ ਹਾਂ।

ਸੰਤਹੁ ਰਾਮ ਨਾਮਿ ਨਿਸਤਰੀਐ॥
ਊਠਤ ਬੈਠਤ ਹਰਿ ਹਰਿ ਧਿਆਈਐ
ਅਨਦਿਨੁ ਸੁਕ੍ਰਿਤੁ ਕਰੀਐ॥੧॥ਰਹਾਉ॥

ਗੁਰਦੇਵ ਜੀ ਬਖਸ਼ਿਸ਼ ਕਰਦੇ ਹਨ, ਹੇ ਪ੍ਰਭੂ ਦੇ ਪਿਆਰੇ ਸੰਤ ਜਨੋ! ਉਸ ਸੋਹਣੇ ਪ੍ਰੀਤਮ ਦੇ ਨਾਮ ਨਾਲ ਜੁੜ ਕੇ ਹੀ ਵਿਕਾਰਾਂ ਦੇ ਸੰਸਾਰ ਸਮੁੰਦਰ ਤੋਂ ਪਾਰ ਜਾ ਸਕੀਦਾ ਹੈ; ਇਸ ਲਈ ਹੇ ਭਾਈ! ਉਠਦਿਆਂ ਬੈਠਦਿਆਂ ਹਰ ਸਮੇਂ ਹੀ ਉਸ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਰਹਿਣਾ ਚਾਹੀਏ; ਜੀਵ ਨੂੰ ਹਰ ਰੋਜ਼ ਹਰ ਵੇਲੇ ਹੀ ਨੇਕ ਕਰਮਾਂ ਨਾਲ ਜੁੜ ਕੇ ਪ੍ਰਭੂ ਦੇ ਨਾਮ ਸਿਮਰਨ ਦੀ ਨੇਕ ਕਮਾਈ ਕਰਨੀ ਚਾਹੀਦੀ ਹੈ। ਨਾਮ ਸਿਮਰਨ ਹੀ ਉਤਮ ਹੈ।

ਸੰਤ ਕਾ ਮਾਰਗੁ ਧਰਮ ਕੀ ਪਉੜੀ
ਕੋ ਵਡਭਾਗੀ ਪਾਏ॥
ਕੋਟਿ ਜਨਮ ਕੇ ਕਿਲਬਿਖ ਨਾਸੇ
ਹਰਿ ਚਰਣੀ ਚਿਤੁ ਲਾਏ॥੨॥

ਗੁਰਦੇਵ ਆਖ ਰਹੇ ਹਨ, ਹੇ ਪ੍ਰਭੂ ਦੇ ਪਿਆਰੇ ਸੰਤ ਜਨੋ! ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਹੀ ਜੀਵਾਂ ਲਈ ਗੁਰੂ ਦਾ ਦੱਸਿਆ ਸਹੀ ਰਸਤਾ ਹੈ, ਨਾਮ ਸਿਮਰਨ ਹੀ ਧਰਮ ਦੀ ਉਹ ਪਉੜੀ ਹੈ ਜਿਸ ਰਾਹੀਂ ਇਹ ਜੀਵ ਉਸ ਮਾਲਕ ਦੇ ਚਰਨਾਂ ਵਿਚ ਪਹੁੰਚ ਸਕਦਾ ਹੈ, ਇਸ ਪਉੜੀ ਨੂੰ ਕੋਈ ਵਡਭਾਗਾ ਜੀਵ ਹੀ ਪਾ ਸਕਦਾ ਹੈ; ਜਿਹੜਾ ਵਡਭਾਗਾ ਜੀਵ ਆਪਣੇ ਮਨ ਨੂੰ ਪ੍ਰਭੂ ਚਰਨਾਂ ਵਿਚ ਜੋੜ ਲੈਂਦਾ ਹੈ, ਉਸ ਦੇ ਕਰੋੜਾਂ ਹੀ ਜਨਮਾਂ ਦੇ ਪਾਪ ਨਾਸ਼ ਹੋ ਜਾਂਦੇ ਹਨ।

ਉਸਤਤਿ ਕਰਹੁ ਸਦਾ ਪ੍ਰਭ ਅਪਨੇ
ਜਿਨਿ ਪੂਰੀ ਕਲ ਰਾਖੀ॥
ਜੀਅ ਜੰਤ ਸਭਿ ਭਏ ਪਵਿਤ੍ਰਾ
ਸਤਿਗੁਰ ਕੀ ਸਚੁ ਸਾਖੀ॥੩॥

## ਗੁਰਬਾਣੀ ਗਿਆਨ

ਹੇ ਭਾਈ! ਉਸ ਸੰਸਾਰ ਦੇ ਰਚਨਹਾਰ ਪ੍ਰਭੂ ਦੀ ਸਿਫ਼ਤ-ਸਾਲਾਹ ਹਰ ਸਮੇਂ ਹੀ ਕਰਦੇ ਰਹਿਣਾ ਚਾਹੀਏ; ਜਿਨਿ ਪੂਰੀ ਕਲ ਰਾਖੀ, ਭਾਵ ਜਿਸ ਪਾਲਣਹਾਰ ਪ੍ਰਭ ਨੇ ਆਪਣੀ ਸ਼ਕਤੀ ਇਸ ਸੰਸਾਰ ਵਿਚ ਬਣਾ ਰਖੀ ਹੈ, ਉਸ ਨੂੰ ਸਦਾ ਯਾਦ ਕਰੋ। ਹੇ ਭਾਈ, ਸੁਣੋ! ਜਿਹੜੇ ਜੀਵ ਗੁਰੂ ਦੀ ਸਿੱਖਿਆ ਨੂੰ ਪੱਲੇ ਬੰਨ੍ਹ ਕੇ ਉਸ ਦੇ ਸੇਵਾ ਸਿਮਰਨ ਵਿਚ ਜੁੜ ਜਾਂਦੇ ਹਨ, ਸਮਝੋ ਉਹ ਵਡਭਾਗੇ ਜੀਅ-ਜੰਤ ਤਾਂ ਪਵਿਤਰ ਹੋ ਗਏ ਅਤੇ ਉਨ੍ਹਾਂ ਦਾ ਜੀਵਨ ਉਚਾ-ਸੁੱਚਾ ਹੋ ਗਿਆ ਜਿਨ੍ਹਾਂ ਨੇ ਗੁਰੂ ਤੋਂ ਮਤ ਲੈ ਕੇ ਨਾਮ ਸਿਮਰਨ ਕਰ ਲਿਆ।

ਬਿਘਨ ਬਿਨਾਸਨ ਸਭਿ ਦੁਖ ਨਾਸਨ
ਸਤਿਗੁਰਿ ਨਾਮੁ ਦ੍ਰਿੜਾਇਆ॥
ਖੋਏ ਪਾਪ ਭਏ ਸਭਿ ਪਾਵਨ
ਜਨ ਨਾਨਕ ਸੁਖਿ ਘਰਿ ਆਇਆ॥੪॥

ਹੇ ਪ੍ਰਭੂ ਦੇ ਪਿਆਰਿਓ! ਸੰਸਾਰਕ ਸਫਰ ਦੀਆਂ ਸਾਰੀਆਂ ਰੁਕਾਵਟਾਂ ਦੂਰ ਕਰਨ ਵਾਲਾ ਅਤੇ ਸਾਰੇ ਹੀ ਦੁਖਾਂ ਦਾ ਨਾਸ਼ ਕਰਨ ਵਾਲਾ ਪ੍ਰਭੂ ਦਾ ਸੋਹਣਾ ਨਾਮ ਸਤਿਗੁਰੂ ਨੇ ਜਿਨ੍ਹਾਂ ਜੀਵਾਂ ਨੂੰ ਦ੍ਰਿੜ ਕਰਵਾ ਦਿੱਤਾ; ਖੋਏ ਪਾਪ ਭਏ ਸਭਿ ਪਾਵਨ, ਭਾਈ! ਫਿਰ ਉਨ੍ਹਾਂ ਵਡਭਾਗੇ ਜੀਵਾਂ ਦੇ ਸਾਰੇ ਪਾਪਾਂ ਦਾ ਨਾਸ਼ ਹੋ ਗਿਆ ਅਤੇ ਉਹ ਜੀਵ ਪਾਵਨ ਸੁਚੇ ਜੀਵਨ ਵਾਲੇ ਬਣ ਗਏ; ਜਨ ਨਾਨਕ ਸੁਖਿ ਘਰਿ ਆਇਆ, ਹੇ ਨਾਨਕ! ਹੁਣ ਉਹ ਨਾਮ ਜਪਣ ਵਾਲੇ ਸਾਰੇ ਹੀ ਜੀਵ ਸੁਖ ਅਨੰਦ ਤੇ ਸਹਿਜ ਦੇ ਘਰ ਟਿਕੇ ਬੈਠ ਗਏ ਹਨ।

ਗੁਰੂ ਪਿਆਰਿਓ! ਆਓ, ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਛੋਟਾ ਕੱਦ ਵੱਡਾ ਕੱਦ

***ਕਾਨਾ ਸਿੰਘ ਨੇ ਸ਼ਾਇਰੀ ਵੀ ਕੀਤੀ ਹੈ ਅਤੇ ਕਹਾਣੀਆਂ ਵੀ ਲਿਖੀਆਂ ਹਨ। ਬਾਲ ਰਚਨਾਵਾਂ ਵੀ ਸਾਹਿਤ ਦੀ ਝੋਲੀ ਪਾਈਆਂ ਹਨ। ਹੋਰ ਵੀ ਕਈ ਕੁਝ, ਨਿੱਕ-ਸੁੱਕ; ਪਰ ਉਹਦੀ ਨਸਰ (ਵਾਰਤਕ) ਦਾ ਰੰਗ ਨਿਰਾਲਾ ਹੈ। ਰਸਦਾਰ, ਸੁਘੜ, ਚੁਸਤ, ਤੇ ਨਾਲ ਹੀ ਨੱਚ-ਨੱਚ ਫਾਵੀ ਹੁੰਦੀ। ਰਚਨਾ 'ਚ ਲੋਹੜੇ ਦੀ ਰਵਾਨੀ...। ਪਿਛਲੇ ਅੰਕ ਵਿਚ ਉਹਦੀ ਨਸਰ ਦਾ ਇਕ ਰੰਗ 'ਮਰ ਜਾਣੇ ਜਿਉਣ ਜੋਗੇ' ਆਪਣੇ ਪਾਠਕਾਂ ਲਈ ਪੇਸ਼ ਕੀਤਾ ਸੀ। ਐਤਕੀਂ 'ਛੋਟਾ ਕੱਦ ਵੱਡਾ ਕੱਦ' ਲੇਖ ਛਾਪ ਰਹੇ ਹਾਂ। ਉਹਦੀ ਨਸਰ ਦੀ ਕਿਤਾਬ 'ਚਿਤ ਚੇਤਾ' ਹੁਣੇ-ਹੁਣੇ ਛਪੀ ਹੈ। -ਸੰਪਾਦਕ***

ਜੇ ਮੈਂ ਦੂਰ ਚੇਤੇ ਦੇ ਅਰੰਭ ਵੱਲ ਚਲੀ ਜਾਵਾਂ ਤਾਂ ਜਿਹੜੇ ਲਫ਼ਜ਼ ਅੱਜ ਤੱਕ ਉਂਜ ਦੇ ਉਂਜ ਹੀ ਕੰਨਾਂ ਵਿਚ ਗੂੰਜਦੇ ਆਏ ਹਨ, ਉਹ ਹਨ, 'ਹਾਇ ਜੇ ਤੂੰ ਰਤਾ ਲੰਮੀ ਹੋਨੀ ਤਾਂ...।'

ਭੈਣਾਂ ਵਿਚੋਂ ਪੰਜਵੀਂ ਅਤੇ ਸਾਰੇ ਭੈਣਾਂ-ਭਰਾਵਾਂ ਤੋਂ ਛੋਟੀ ਅਰ ਮਧਰੀ ਹੋਣ ਕਾਰਨ ਮੈਨੂੰ 'ਕਚੀਚੀ' ਕਰ ਕੇ ਵੀ ਛੇੜਿਆ ਜਾਂਦਾ ਸੀ। ਮੇਰੀ ਦਸ ਸਾਲ ਦੀ ਉਮਰ ਤੱਕ ਵੱਡੀਆਂ ਤਿੰਨਾਂ ਭੈਣਾਂ ਦੇ ਘਰ ਕੁਲ ਮਿਲਾ ਕੇ, ਮੇਰੇ ਦਸ ਭਣੇਵੇਂ-ਭਣੇਵੀਆਂ ਪੈਦਾ ਹੋ ਚੁੱਕੇ ਸਨ ਜਿਨ੍ਹਾਂ ਦੀ 'ਬੱਚੀ ਮਾਸੀ' ਅਖਵਾਉਣਾ ਵੀ ਮੇਰੀ ਕਿਸਮਤ ਵਿਚ ਲਿਖਿਆ ਹੋਇਆ ਸੀ। ਦੋ ਨਿੱਕੇ ਭਰਾਵਾਂ ਸਮੇਤ ਇਹ ਦਰਜਨ ਬਾਲਕ ਮੇਰੀਆਂ ਜੁੱਤੀਆਂ ਨਾਲ ਆਪਣੇ ਜੁੱਤੇ ਮੇਚ-ਮੇਚ ਛੁਟਿਆਉਂਦੇ ਅਤੇ ਮੈਥੋਂ ਗਿੱਠ-ਗਿੱਠ ਉਚੇ ਹੋ ਕੇ



**ਕਾਨਾ ਸਿੰਘ**
**ਫੋਨ: 91-95019-44944**

ਮੈਨੂੰ ਹੀਰੀਆਂ ਦੇਂਦੇ।

ਮੁਸਕਰਾਉਣ ਤੋਂ ਇਲਾਵਾ ਮੇਰੇ ਲਈ ਹੋਰ ਕੋਈ ਚਾਰਾ ਨਹੀਂ ਸੀ।

ਮਾਨਾ ਮੈਥੋਂ ਦੋ ਸਾਲ ਵੱਡੀ ਸੀ ਪਰ ਭਰੀ ਭਰੀ ਤੇ ਕੱਦਾਵਰ ਹੋਣ ਕਰ ਕੇ ਉਹ ਮੈਥੋਂ ਕਾਫੀ ਵੱਡੀ ਸਮਝੀ ਜਾਂਦੀ ਸੀ। ਉਹ ਪੜ੍ਹਾਈ ਵਿਚ ਬੜੀ ਕਮਜ਼ੋਰ ਸੀ ਜਿਸ ਦਾ ਇਕ ਕਾਰਨ ਮੈਥੋਂ ਨਿੱਕੇ ਵੀਰ ਦੀ ਬਿਮਾਰੀ ਵੀ ਸੀ। ਜਿਗਰ ਦੇ ਵਾਧੇ ਅਤੇ ਸੋਕੜੇ ਦਾ ਮਾਰਿਆ ਉਹ ਸੱਤ ਸਾਲ ਤੱਕ ਤੁਰ ਹੀ ਨਾ ਸਕਿਆ। ਉਸ ਦੇ ਇਲਾਜ ਲਈ ਥਾਂ ਥਾਂ ਭਟਕਦੀ ਮਾਂ, ਮਾਨਾ ਨੂੰ ਵੀ ਨਾਲ ਲੈ ਤੁਰਦੀ; ਵੀਰੇ ਨੂੰ ਚੁੱਕਣ ਵਿਚ ਉਸ ਦਾ ਹੱਥ ਵਟਾਉਣ ਲਈ ਜਿਸ ਕਰ ਕੇ ਮਾਨਾ ਦੇ ਸਕੂਲੋਂ ਕਈ ਕਈ ਨਾਗੇ ਹੋ ਜਾਂਦੇ।

ਮਾਨਾ ਦੀ ਅਧਿਆਪਕਾ ਨੇ ਉਸ ਦਾ ਨਾਂ 'ਨਾਲਾਇਕ ਬੁਰਛਾ' ਪਾ ਦਿੱਤਾ। ਉਸ ਦੇ ਸਾਹਵੇਂ ਮੇਰਾ ਨਾਂ 'ਹੋਣਹਾਰ ਪਿਸਤੀ' ਪੈ ਗਿਆ।

ਮੇਰਾ ਸੂਖਮ ਸਰੀਰ ਮਾਨਾ ਲਈ ਸਰਾਪ ਸੀ।

ਮੌਸਮ ਸਰਦੀ ਦਾ। ਚੌਥੀ ਵਿਚ ਸਾਂ ਮੈਂ ਤੇ ਮਾਨਾ ਛੇਵੀਂ ਵਿਚ। ਸ਼ਹਿਰ ਗੁਜਰਖਾਨ ਦੇ ਹਾਈ ਸਕੂਲ ਦੇ ਖੁੱਲ੍ਹੇ ਦਾਲਾਨ ਦੀ ਧੁੱਪ ਵਿਚ ਵਿਛੀਆਂ ਟਾਟ-ਪੱਟੀਆਂ ਉਪਰ ਸਾਰੀਆਂ ਜਮਾਤਾਂ ਲੱਗੀਆਂ ਹੋਈਆਂ ਸਨ। ਕੰਨ ਪਕੜ ਕੇ ਖੜ੍ਹੀ ਹੋਈ ਮਾਨਾ ਨੂੰ ਉਸ ਦੀ ਆਧਿਆਪਕਾ ਸ਼ੁਰੇਆਮ ਮਾਰ ਰਹੀ ਸੀ, ਧੱਫੋ-ਧੱਫੇ। ਫੇਰ ਰੋਂਦੀ ਕੁਰਲਾਉਂਦੀ ਮਾਨਾ ਨੂੰ ਕੰਨੋਂ ਫੜ ਕੇ ਉਹ ਮੇਰੀ ਜਮਾਤ ਵਿਚ ਲੈ ਆਈ ਅਤੇ ਉਸ ਨੂੰ ਮੇਰੇ ਨਾਲ ਬਿਠਾਉਂਦਿਆਂ ਗਰਜੀ: 'ਹੇ ਵੀ ਤੈ ਤੇਰੀ ਭੈਣ ਹੈ ਨਾ। ਕਿਤਨੀ ਹੁਸ਼ਿਆਰ ਹੈ। ਹੈ ਕੋਈ, ਇਸਨਾ ਮੁਕਾਬਲਾ? ਤੂੰ ਤੈ ਇਸ ਨਾਲ ਵੀ ਬਹਿਣ ਨੇ ਕਾਬਲ ਨਹੀਂ...।'

ਸਾਰੇ ਸਕੂਲ ਦੀਆਂ ਵਿਦਿਆਰਥਣਾਂ ਸਾਹਵੇਂ ਮਾਨਾ ਦਾ ਏਨਾ ਅਪਮਾਨ ਮੇਰੀ ਰੂਹ 'ਤੇ ਸਦੀਵੀ ਲਾਸ ਪਾ ਗਿਆ।

ਘਰ-ਬਾਹਰ ਖੁਦ ਨੂੰ 'ਛਟਾਂਕੜੀ' ਅਤੇ ਮਾਨਾ ਨੂੰ 'ਬੋਤਾ' ਕਰ ਕੇ ਸੁਣਦਿਆਂ ਮੈਨੂੰ ਲੱਗਦਾ ਕਿ ਮਾਨਾ ਨਾਲ ਹੁੰਦੇ ਜ਼ੁਲਮ ਦਾ ਕਾਰਨ ਮੇਰਾ ਸੂਖਮ ਸਰੀਰ ਹੀ ਹੈ।

ਮੈਨੂੰ ਆਪਣੀ ਤੁੱਛਤਾ ਦੇ ਹੋਰ ਵੀ ਤੁੱਛ ਹੋਣ ਦਾ ਅਹਿਸਾਸ ਹੁੰਦਾ।

ਦਿੱਲੀ-ਸ਼ਾਹਦਰੇ ਦੇ ਗਾਂਧੀ ਮੈਮੋਰੀਅਲ ਸਕੂਲ ਵਿਚ ਛੇਵੀਂ ਜਮਾਤ ਵਿਚ ਸਾਂ ਮੈਂ, ਤੇ ਕਾਂਤਾ ਪਿਸ਼ੌਰਨ ਮੇਰੀ ਜਮਾਤਣ। ਕੱਦ-ਬੁੱਤ ਵਿਚ ਤਾਂ ਨਿਰੀ ਪਠਾਣੀ ਸੀ ਕਾਂਤਾ ਪਰ ਪੜ੍ਹਾਈ ਵਿਚ ਬੜੀ ਹੀ ਕਮਜ਼ੋਰ।

ਕਾਂਤਾ ਦਾ ਦਿਮਾਗ ਸਦਾ ਸ਼ਰਾਰਤੀ ਕਾਢਾਂ ਵਿਚ ਲੱਗਿਆ ਰਹਿੰਦਾ। ਜਦੋਂ ਵੀ ਉਸ ਵੱਲ ਵੇਖਾਂ, ਉਹ ਆਪਣੀ ਚੌੜੀ ਗਿੱਠ ਵਿਖਾਉਂਦੀ ਹੋਈ ਮੈਨੂੰ 'ਗਿੱਠੀ-ਗਿੱਠੀ' ਆਖ ਕੇ ਛੇੜੇ। ਅਧਿਆਪਕਾ ਤਵਾਰੀਖ ਜਾਂ ਜੁਗਰਾਫੀਏ ਦਾ ਸਬਕ ਦੇ ਰਹੀ ਹੋਵੇ, ਤੇ ਕਾਂਤਾ ਇਸ਼ਾਰਿਆਂ ਇਸ਼ਾਰਿਆਂ ਵਿਚ ਮੈਨੂੰ ਚਿੜਾ ਰਹੀ ਹੋਵੇ। ਮੈਂ ਲੱਖ ਇਰਾਦੇ ਕਰਦੀ ਉਸ ਵੱਲ ਨਾ ਵੇਖਣ ਦੇ, ਫੇਰ ਵੀ ਮੈਥੋਂ ਵੇਖ ਹੋ ਜਾਂਦਾ।

ਮੈਨੂੰ ਕਾਂਤਾ ਦੀ ਗਿੱਠ ਦਾ ਸੰਤਾਪ ਹੰਢਾਉਣਾ ਹੀ ਪੈਂਦਾ।

ਪਾਣੀਪਤ ਦੀ ਤੀਜੀ ਲੜਾਈ ਬਿਆਨ ਕਰ ਰਹੀ ਸੀ ਅਧਿਆਪਕਾ, ਤੇ ਮੈਂ ਉਸ ਦੀ ਕੁਰਸੀ ਕੋਲ ਬੈਠੀ ਹੋਈ ਸਾਂ, ਭੁੰਜੇ ਹੀ। ਕਾਂਤਾ ਮੇਰੇ ਪਿੱਛੇ ਬੈਠੀ ਹੋਈ ਸੀ। ਉਸ ਮੇਰੀ ਗੁੱਤ ਦੀ ਪਰਾਂਦੀ ਕੁਰਸੀ ਦੀ ਲੱਤ ਨਾਲ ਬੰਨ੍ਹ ਦਿੱਤੀ। ਮੈਂ ਬੇਖਬਰ ਸਾਂ। ਅੱਧੀ ਛੁੱਟੀ ਦੀ ਘੰਟੀ ਵੱਜਦਿਆਂ ਮੈਂ ਉਠ ਕੇ ਭੱਜਣ ਦੀ ਜੋ ਕੀਤੀ, ਤਾਂ ਧੜੰਮ ਕਰ ਕੇ ਡਿੱਗ ਪਈ। ਮੇਰੇ ਕੋਲ ਬੈਠੀ ਅਮਰਜੀਤ ਨੇ ਕਾਂਤਾ ਦੀ ਕਾਰਸਤਾਨੀ ਦੀ ਖਬਰ 'ਭੈਣ ਜੀ' ਨੂੰ ਕਰ ਦਿੱਤੀ। ਭੈਣ ਜੀ ਨੇ ਕਾਂਤਾ ਨੂੰ ਸਜ਼ਾ ਦੇਣ ਲਈ ਮੈਨੂੰ ਉਸ ਦੇ ਮੋਢਿਆਂ 'ਤੇ ਚੜ੍ਹ ਕੇ ਸਾਰੇ ਸਕੂਲ ਵਿਚ ਗੇੜਾ ਲਗਾਉਣ ਦਾ ਹੁਕਮ ਦੇ ਦਿੱਤਾ। ਹੁਣ ਕਾਂਤਾ ਬੁਰੀ ਤਰ੍ਹਾਂ ਰੋ ਰਹੀ ਸੀ। ਤੇ ਮੈਂ...?

ਮੈਨੂੰ ਲੱਗਦਾ ਕਿ ਕਾਂਤਾ ਦੀ ਬੇਇੱਜ਼ਤੀ ਲਈ ਮੈਂ ਹੀ ਕਸੂਰਵਾਰ ਹਾਂ।

ਜ਼ਾਹਿਰ ਹੈ, ਜੇ ਮੈਂ ਵੀ ਕਾਂਤਾ ਵਰਗੀ ਲੰਮੀ ਤਗੜੀ ਹੁੰਦੀ ਤਾਂ ਭੈਣ ਜੀ ਨੇ ਉਸ ਲਈ ਇਹ ਸਜ਼ਾ ਤਜਵੀਜ਼ ਨਹੀਂ ਸੀ ਕਰਨੀ।

ਮੇਰਾ ਮਧਰਾ ਕੱਦ ਅਤੇ ਸੂਖਮ ਸਰੀਰ ਕੱਦਾਵਰ ਕੁੜੀਆਂ ਲਈ ਮੈਨੂੰ ਸਰਾਪ ਮਹਿਸੂਸ ਹੁੰਦਾ।

ਅੱਠਵੀਂ ਤੋਂ ਦਸਵੀਂ ਤਕ ਜਦੋਂ ਮੈਂ ਦਿੱਲੀ ਦੇ ਜਾਮਾ ਮਸਜਿਦ ਖੇਤਰ ਦੇ ਸਰਕਾਰੀ ਸਕੂਲ ਵਿਚ ਪੜ੍ਹਦੀ ਸਾਂ, ਤਾਂ ਰੇਲ ਗੱਡੀ ਉਤੇ ਮੇਰੇ ਨਾਲ ਚੜ੍ਹਦੀਆਂ ਹਮਉਮਰ ਕੁੜੀਆਂ ਦੇ ਮਹੀਨੇਵਾਰੀ



ਰੇਲਵੇ-ਪਾਸਾਂ ਦੇ ਪੂਰੇ ਪੈਸੇ ਲੱਗਦੇ ਤੇ ਮੇਰੇ ਅੱਧੇ।

ਮੇਰਾ ਹਾਫ਼ ਟਿਕਟ ਹੁੰਦਾ। ਮੈਂ ਬੱਚੀ ਜਿਹੀ ਜੁ ਦਿਖਦੀ ਸਾਂ।

ਉਦੋਂ ਬਾਰਾਂ ਸਾਲ ਦੀ ਉਮਰ ਤਕ ਰੇਲ ਦੇ ਪਾਸ ਦਾ ਅੱਧਾ ਕਿਰਾਇਆ ਲੱਗਦਾ ਸੀ। ਛੋਟੇ ਕੱਦ ਦਾ ਇਹ ਵੀ ਫਾਇਦਾ ਸੀ ਕਿ ਜਿਥੇ ਉਚੀਆਂ ਲੰਮੀਆਂ ਕੁੜੀਆਂ ਗੱਡੀ ਦੀ ਭੀੜ ਵਿਚ ਧੱਕੇ ਖਾਂਦੀਆਂ ਕਈ ਵੇਰਾਂ ਰਹਿ ਵੀ ਜਾਂਦੀਆਂ, ਉਥੇ ਮੈਂ ਹੋਰ ਝੁਕਦੀ ਤੇ ਸੁੰਗੜਦੀ ਹੋਈ ਹੇਠੋਂ-ਹੇਠੋਂ ਭੀੜ ਵਿਚ ਧੁਸਦੀ, ਛੜੱਪ ਜਾ ਵੜਦੀ ਜ਼ਨਾਨੇ ਡੱਬੇ ਵਿਚ। ਬਾਲੜੀ ਜਿਹੀ ਦਿਸਣ ਕਾਰਨ ਮੈਨੂੰ ਮਰਦਾਵੇਂ ਡੱਬਿਆਂ ਵਿਚ ਵੀ ਵੜ ਜਾਣ ਦੀ ਸਹੂਲੀਅਤ, ਖੁੱਲ੍ਹ ਅਤੇ ਸੁਰੱਖਿਆ ਮਿਲਦੀ ਸੀ।

ਜੇ ਗੱਡੀਆਂ ਅਤੇ ਰੇਲਵੇ ਦੇ ਅਰਾਮ-ਘਰਾਂ ਜਾਂ ਪਬਲਿਕ ਪੇਸ਼ਾਬਘਰਾਂ ਦੇ ਦਰਵਾਜ਼ਿਆਂ ਦੀ ਹੇਠਲੀ ਕੁੰਡੀ ਖਰਾਬ ਜਾਂ ਨਦਾਰਦ ਹੋਵੇ ਤਾਂ ਮੈਨੂੰ ਬੜੀ ਮੁਸੀਬਤ ਦਾ ਸਾਹਮਣਾ ਕਰਨਾ ਪੈਂਦਾ। ਸੱਤ-ਫੁੱਟੇ ਦਰਵਾਜ਼ੇ ਦੀ ਉਪਰਲੀ ਕੁੰਡੀ ਤਕ ਕਿਵੇਂ ਪਹੁੰਚਾਂ? ਅਜਿਹੇ ਵੇਲੇ ਰੱਬ ਉਤੇ ਡਾਢਾ ਗੁੱਸਾ ਆਉਂਦਾ। ਮੈਨੂੰ ਇਕ-ਦੋ ਇੰਚ ਹੋਰ ਕੱਦ ਦੇਣ ਨਾਲ ਭਲਾ ਰੱਬ ਦਾ ਕੀ ਘਟ ਜਾਣਾ ਸੀ!

ਅਠਵੀਂ ਜਮਾਤ ਤਕ ਪੁੱਜਦੀਆਂ ਕਿਸ਼ੋਰੀਆਂ ਆਪੋ-ਆਪਣੀ ਸੀਮਾ ਤੇ ਸਮਰਥਾ ਅਨੁਸਾਰ ਪੂਰਾ ਕੱਦ ਕੱਢ ਲੈਂਦੀਆਂ ਹਨ। ਦਿੱਲੀ ਦੇ ਗਾਂਧੀ ਗਰਾਊਂਡ, ਚਾਂਦਨੀ ਚੌਕ, ਦਰੀਬਾ, ਦਰਿਆਗੰਜ, ਦਿੱਲੀ ਗੇਟ, ਅਜਮੇਰੀ ਗੇਟ, ਨਵੀਂ ਸੜਕ, ਖਾਰੀ ਬਾਉਲੀ, ਮੋਰੀ ਗੇਟ ਅਤੇ ਕਸ਼ਮੀਰੀ ਗੇਟ ਦੀ ਵਲਗਣ ਵਿਚ ਪੈਂਦੇ ਇਸ ਇਕੋ-ਇਕ ਸਿਰਕੱਢ ਸਕੂਲ ਦੀਆਂ ਮੇਰੀਆਂ ਹਾਣਨਾਂ-ਜਮਾਤਣਾਂ ਦੀ ਚਰਚਾ ਦਾ ਹੁਣ ਮੁੱਖ ਵਿਸ਼ਾ ਹੁੰਦਾ ਸੀ, ਰਾਹ ਵਿਚ ਦਿਸਦਾ ਜਾਂ ਟੱਕਰਦਾ, ਮੁਸਕਦਾ ਜਾਂ ਮਿਲਦਾ ਕੋਈ ਕਿਸ਼ੋਰ ਨੱਢਾ।

'ਆਜ ਸਾਲੇ ਨੇ ਪਾਸ ਸੇ ਗੁਜ਼ਰਤੇ ਹੂਏ ਮੁਝੇ ਗੁਲਾਬ ਕਾ ਫੂਲ ਥਮਾ ਦੀਆ, ਯੇਹ ਦੇਖੋ...।' ਕੋਈ ਆਖਦੀ ਅਤੇ ਕੋਈ ਝੁੰਝਲਾ ਕੇ ਬੋਲਦੀ, 'ਆਜ ਮਰਾ ਦਿੱਖਾ ਹੀ ਨਹੀਂ...।'

ਇੰਦੂ, ਸੁਚਿੰਤਾ, ਸ਼ਮੀਮ, ਮਨਜੀਤ ਤੇ ਮੇਨਕਾ ਸਭ ਦੇ ਆਪਣੇ 'ਸਾਲੇ' ਤੇ 'ਮਰੇ' ਸਨ ਪਰ ਮੇਰਾ ਕੋਈ ਵੀ ਨਾ। ਮੈਂ ਅਜੇ ਤਕ ਬਾਲੜੀ ਜੁ ਦਿਖਦੀ ਸਾਂ।

ਛੋਟੇ ਕੱਦ ਦਾ ਅਹਿਸਾਸ ਹੁਣ ਹੋਰ ਵੀ ਦੁਖਦਾਈ ਸੀ।

ਬਾਲੜੀ ਦਿਸਣਾ ਮੇਰੇ ਲਈ ਗਾਹਲ ਦੇ ਬਰਾਬਰ ਸੀ।

ਹਵਾਈ ਫ਼ੌਜ ਵਿਚ ਅਫ਼ਸਰ ਅਤੇ ਬੰਗਲੌਰ ਨਿਯੁਕਤ ਹੋਏ ਮੇਰੇ ਵੱਡੇ ਵੀਰ ਦੂਜੀ ਸਾਲਾਨਾ ਛੁੱਟੀ 'ਤੇ ਘਰ ਆਏ। ਕੱਦ ਦੇ ਦੁੱਖ ਕਾਰਨ ਮੈਂ ਉਨ੍ਹਾਂ ਦਿਨਾਂ ਵਿਚ ਖੁਦਕੁਸ਼ੀ ਦੇ ਮਨਸੂਬੇ ਬਣਾ ਰਹੀ ਸਾਂ। ਵੀਰ ਜੀ ਤੋਂ ਮੇਰੀ ਪੀੜ ਗੁੱਝੀ ਨਾ ਰਹੀ।

'ਤੂੰ ਭੁੱਲ ਕੇ ਵੀ ਜਸਵੰਤ ਮਾਮੀ ਵਰਗੀ ਨਹੀਂ ਹੋਣਾ।' ਵੀਰ ਜੀ ਨੇ ਨਸੀਹਤ ਦਿੱਤੀ।

ਜਸਵੰਤ ਮਾਮੀ ਮੇਰੇ ਵੱਡੇ ਮਾਮੇ ਦੀ ਦੂਜੀ ਪਤਨੀ ਸੀ। ਪਹਿਲੀ ਮਾਮੀ ਤਿੰਨ ਨਿਆਣੇ ਛੱਡ ਕੇ ਮਰ ਗਈ ਸੀ। ਇਸ ਮਾਮੀ ਨੂੰ ਮਤਰੇਈ ਦੀ ਅੱਲ ਨਾਲ ਜੀਣਾ ਪੈ ਰਿਹਾ ਸੀ। ਜ਼ਾਹਿਰ ਹੈ ਕਿ ਜੇ ਕੋਈ ਮੁਟਿਆਰ 'ਮਤਰੇਈ-ਮਤਰੇਈ' ਦੇ ਦੂਸ਼ਣਾਂ ਨਾਲ ਜਿਉਂਦੀ ਹੋਈ ਸ਼ੱਕ ਦੀ ਘਾਟੀ ਵਿਚੋਂ ਪਲ-ਪਲ ਲੰਘੇ ਤਾਂ ਵਕਤ ਪਾ ਕੇ ਉਸ ਨੇ ਮਤਰੇਈ ਦਾ ਚੰਡਾਲ ਰੂਪ ਧਾਰ ਵੀ ਲੈਣਾ ਹੁੰਦਾ ਹੈ।

ਮਧਰੀ, ਮੋਟੀ, ਖਰ੍ਹਵੀ ਤੇ ਭਾਰੀ ਅਰ ਮਰਦਾਵੀਂ ਜਿਹੀ ਆਵਾਜ਼ ਵਾਲੀ ਜਸਵੰਤ ਮਾਮੀ ਮੈਨੂੰ ਉਕਾ ਨਾ ਭਾਉਂਦੀ। ਮਮੇਰੇ ਭਰਾ ਅਤੇ ਭੈਣਾਂ ਸਾਹਵੇਂ ਉਹ ਮਾਮੀ ਮੈਨੂੰ ਨਿਰੀ ਡੈਣ ਜਾਪਦੀ। ਬਚਪਨ ਵਿਚ ਸੁਣੀਆਂ ਹੋਈਆਂ ਰਾਖਸ਼ਾਂ ਅਤੇ ਡੈਣਾਂ ਦੀਆਂ ਸਾਰੀਆਂ ਹੀ ਕਹਾਣੀਆਂ ਦੇ ਕਿਰਦਾਰਾਂ ਦੇ ਦਰਸ਼ਨ ਮੈਂ ਮਾਮੀ ਦੇ ਚਿਹਰੇ ਤੋਂ ਕਰਦੀ।

ਜਸਵੰਤ ਮਾਮੀ ਵਰਗੀ ਬਣਨ ਨਾਲੋਂ ਤਾਂ ਮੇਰੇ ਲਈ ਮਰ ਜਾਣਾ ਹੀ ਬਿਹਤਰ ਸੀ।

'ਪਰ ਮੈਂ ਜਸਵੰਤ ਮਾਮੀ ਵਰਗੀ ਕਿਉਂ ਤੇ ਕਿਵੇਂ ਬਣਾਂਗੀ?' ਮੈਂ ਵੀਰ ਜੀ ਤੋਂ ਪੁੱਛਦੀ।

'ਤੂੰ ਕਦੇ ਮੋਟੀ ਨਹੀਂ ਹੋਣਾ। ਵਰਜਿਸ਼ ਵਲੋਂ ਘੇਸਲ ਨਹੀਂ ਮਾਰਨੀ। ਰੋਜ਼ ਲਟਕਣ ਦਾ ਅਭਿਆਸ ਕਰਿਆ ਕਰ। ਕੰਬੀਨੇਸ਼ਨਾਂ ਦੀ ਥਾਂ ਇਕੋ ਰੰਗ ਦਾ ਸੂਫੀਆਨਾ ਸੂਟ ਪਾਇਆ ਕਰ। ਲੰਮੀਆਂ ਧਾਰੀਆਂ ਤੇ ਬਰੀਕ ਛੀਟ ਅਰ ਹਲਕੇ ਰੰਗ ਦੀਆਂ ਕਮੀਜ਼ਾਂ ਪਾਇਆ ਕਰ। ਇਸ ਤਰ੍ਹਾਂ ਕਰਨ ਨਾਲ ਤੇਰਾ ਕੱਦ ਘੱਟ ਛੋਟਾ ਲੱਗੇਗਾ। ਤੂੰ ਜੇ ਲੰਮੀ ਨਹੀਂ ਹੋ ਸਕਦੀ ਤਾਂ ਲੰਮੀ ਦਿਸਣ ਦਾ ਭੁਲੇਖਾ ਤਾਂ ਪਾ ਹੀ ਸਕਦੀ ਏਂ...।'

'... ਤੂੰ ਸਰੀਰਕ ਕੱਦ ਦੀ ਬਨਿਸਬਤ ਆਪਣਾ ਮਾਨਸਿਕ ਤੇ ਬੌਧਿਕ ਕੱਦ ਉਚਾ ਕਰ। ਇਸ ਕੱਦ ਦੀ ਕੋਈ ਸੀਮਾ ਨਹੀਂ...ਸਰਾਫ਼ਾ ਬਾਜ਼ਾਰ ਦੀਆਂ ਤੇਰੀਆਂ ਅਮੀਰ ਜਮਾਤਣਾਂ ਛੇਤੀ ਹੀ ਵਿਆਹੀਆਂ ਜਾਣਗੀਆਂ। ਪੂੜੀਆਂ-ਕਚੌਰੀਆਂ, ਮਿਠਾਈਆਂ ਅਤੇ ਭਾਂਤ-ਭਾਂਤ ਦੇ ਪਕਵਾਨ ਖਾ-ਖਾ ਕੇ ਉਹ ਮੰਜਿਆਂ ਉਤੇ ਮੇਲ੍ਹਦੀਆਂ ਮੋਟੀਆਂ ਮਾਂਵਾਂ ਬਣ ਜਾਣਗੀਆਂ ਤੇ ਤੂੰ ਪੜ੍ਹ-ਲਿਖ ਕੇ ਡਾਕਟਰ ਬਣੇਂਗੀ ਜਾਂ ਵਕੀਲ ਜਾਂ ਅਫ਼ਸਰ, ਤੇ ਇੰਜ ਹੀ ਰਹੇਂਗੀ ਪਤਲੀ-ਪਤੰਗ ਤੇ ਚੁਸਤ। ਤੇਰੀਆਂ ਕੱਦਾਵਰ ਸਹੇਲੀਆਂ ਤੇਰੇ 'ਤੇ ਰਸ਼ਕ ਕਰਨਗੀਆਂ। ਦੁਨੀਆਂ ਦੇ ਮਹਾਨ ਅਤੇ ਪ੍ਰਤਿਭਾਸ਼ਾਲੀ ਪੁਰਖ ਜਿਨ੍ਹਾਂ ਨੇ ਇਤਿਹਾਸ ਬਦਲਿਆ, ਬਣਾਇਆ ਤੇ ਮੁੜ-ਮੁੜ ਸਿਰਜਿਆ, ਉਹ ਜ਼ਿਆਦਾ ਕਰ ਕੇ ਛੋਟੇ ਕੱਦ ਦੇ ਹੀ ਸਨ...।'

ਵੀਰ ਜੀ ਦੀ ਹੱਲਾਸ਼ੇਰੀ ਅਤੇ ਮੇਰੀ ਪ੍ਰਤਿਭਾ ਵਿਚ ਉਨ੍ਹਾਂ ਦੇ ਦ੍ਰਿੜ੍ਹ ਵਿਸ਼ਵਾਸ ਨੇ ਮੈਨੂੰ ਮੁੜ ਜਿਉਣ ਜੋਗੀ ਕਰ ਦਿੱਤਾ।

ਅਧਿਆਪਨ ਦੇ ਕਿੱਤੇ ਦੇ ਨਾਲ-ਨਾਲ ਆਪ ਵੀ ਪੜ੍ਹਦੀ-ਪੜ੍ਹਦੀ ਮੈਂ ਐਮ.ਏ. ਤੱਕ ਪੁੱਜ ਗਈ। ਜਿਉਂ-ਜਿਉਂ ਸਫ਼ਲ ਹੁੰਦੀ ਗਈ, ਹੀਣਤਾ ਦੇ ਭਾਵ ਤੋਂ ਮੁਕਤ ਹੁੰਦੀ ਗਈ, ਭਾਵੇਂ ਸਾਰੀ ਦੀ ਸਾਰੀ ਕਦੇ ਵੀ ਨਹੀਂ।

ਜ਼ਿੰਦਗੀ ਦੇ ਸਮੁੱਚੇ ਤਜਰਬੇ ਨੇ ਮੈਨੂੰ ਇਹ ਸਿਖਾਇਆ ਹੈ ਕਿ ਕੁਝ ਵੀ ਕਰ ਸਕਣ, ਬਣਨ, ਹੋਣ ਜਾਂ ਥੀਣ ਦਾ ਰਾਜ਼ ਮੂਲ ਰੂਪ ਵਿਚ ਕਮਤਰੀ ਦਾ ਅਹਿਸਾਸ ਹੀ ਹੈ।

ਉਨ੍ਹੀਵੇਂ ਵਰ੍ਹੇ ਵਿਚ ਪੈਰ ਸੀ ਮੇਰਾ। ਪੰਜਵੀਂ ਜਮਾਤ ਦੀ ਅਧਿਆਪਕਾ ਸਾਂ ਉਦੋਂ। ਜਮਾਤ ਕਮਰੇ ਵਿਚ ਆਪਣੇ ਵਿਦਿਆਰਥੀਆਂ ਨਾਲ ਭੁੰਜੇ ਬੈਠੀ ਉਨ੍ਹਾਂ ਤੋਂ ਨਕਸ਼ੇ ਬਣਵਾ ਰਹੀ ਸਾਂ ਕਿ ਅਚਾਨਕ ਮੁਆਇਨੇ ਲਈ ਇੰਸਪੈਕਟਰ ਆ ਨਿਕਲੀ।

'ਤੁਮਾਰੀ ਅਧਿਆਪਕਾ ਕਹਾਂ ਹੈ ਬੱਚੋ?'




ਬੱਚਿਆਂ ਨਾਲ ਬੈਠੀ ਹੋਈ ਬੱਚੀ ਜਿਹੀ ਅਧਿਆਪਕਾ ਇੰਸਪੈਕਟਰ ਨੂੰ ਦਿਸੀ ਹੀ ਨਾ।

ਤਗੜਾ ਤੇ ਕੱਦਾਵਰ ਰਮੇਸ਼, ਜਮਾਤ ਦਾ ਮਨੀਟਰ ਸੀ। ਉਸ ਉਠ ਕੇ ਮੇਰੇ ਵੱਲ ਇਸ਼ਾਰਾ ਕੀਤਾ।

'ਅਰੇ ਤੁਮ ਹੋ ਅਧਿਆਪਕਾ? ਇਤਨੀ ਨੰਨ੍ਹੀ ਸੀ? ਜ਼ਰਾ ਸਾਹੜੀ-ਵਾਹੜੀ ਪਹਿਨ ਕਰ ਬੱਚੋਂ ਸੇ ਅਲੱਗ ਤੋ ਦਿਖਾ ਕਰੋ। ਤੁਮ ਤੋ ਉਨਸੇ ਭੀ ਛੋਟੀ ਲੱਗ ਰਹੀ ਹੋ...?'

ਉਸ ਦਿਨ ਤੋਂ ਬਾਅਦ ਮੈਂ ਸਾੜ੍ਹੀ ਪਹਿਨਣੀ ਸ਼ੁਰੂ ਕਰ ਦਿੱਤੀ। ਨਾਲ ਹੀ ਉਚੀ ਅੱਡੀ ਦੇ ਸੈਂਡਲ ਪਾਉਣ ਲੱਗੀ। ਵਾਲ ਵੀ ਦੋ ਗੁੱਤਾਂ ਦੀ ਥਾਂ 'ਤੇ ਜੂੜੇ ਵਿਚ ਸੰਭਾਲਣ ਲੱਗੀ। ਉਦੋਂ ਤੋਂ ਅੱਜ ਤੱਕ ਸਾੜ੍ਹੀ ਹੀ ਮੇਰਾ ਲਿਬਾਸ ਹੈ। ਜੇ ਕਦੇ ਭੁੱਲ ਭੁਲੇਖੇ ਵੀ ਸੂਟ ਪਾ ਲਿਆ ਤਾਂ ਇਹੀ ਸੁਣਨ ਨੂੰ ਮਿਲਿਆ: 'ਜਿੰਨੀ ਚੰਗੀ ਤੈਨੂੰ ਸਾੜ੍ਹੀ ਫੱਬਦੀ ਹੈ, ਸੂਟ ਨਹੀਂ...।'

'... ਠੀਕ ਹੈ ਸੂਟ ਪਰ ਸਾੜ੍ਹੀ ਦਾ ਜੁਆਬ ਨਹੀਂ।'

ਇਸ 'ਪਰ' ਤੋਂ ਮੈਂ ਕਦੇ ਵੀ 'ਬੇਪਰ' ਨਾ ਹੋ ਸਕੀ। ਮੁਕਤ ਹੋਣ ਲਈ ਇਕ ਹੋਰ ਜਨਮ ਲੈਣਾ ਪਵੇਗਾ। ਚਲੋ ਮੁੜ ਵਾਪਸ ਆਉਣ ਲਈ ਇਕ ਪੱਜ ਤਾਂ ਹੈ!

ਇਹ ਦੁਨੀਆਂ ਇਤਨੀ ਖੂਬਸੂਰਤ ਹੈ ਕਿ ਸਦਾ-ਸਦਾ ਲਈ ਚਲੇ ਜਾਣ ਲਈ ਜੀ ਨਹੀਂ ਕਰਦਾ। ਮਧਰੀ ਹੀ ਸਹੀ, ਮੈਂ ਮੁੜ-ਮੁੜ ਆਉਣਾ, ਜੀਣਾ ਤੇ ਰੱਜ-ਰੱਜ ਜੀ ਕੇ ਹੀ ਜਾਣਾ ਚਾਹਵਾਂਗੀ।

—

ਲੰਮੇਰੀ ਦਿਸਣ ਲਈ ਮੈਂ ਸਦਾ ਤਣ ਕੇ ਤੁਰਦੀ ਹਾਂ, ਸਿੱਧਮ-ਸਿੱਧੀ।

ਬੁੱਢਾ ਹੀ ਕਿਉਂ ਨਾ ਹੋ ਜਾਵੇ, ਛੋਟੇ ਕੱਦ ਦਾ ਬੰਦਾ ਕਦੇ ਕੁੱਬਾ ਨਹੀਂ ਹੁੰਦਾ, ਬਸ਼ਰਤੇ ਕਿ ਉਹ ਰੀੜ੍ਹ-ਹੱਡੀ ਦੀ ਕਿਸੇ ਬਿਮਾਰੀ ਦਾ ਸ਼ਿਕਾਰ ਨਾ ਹੋਵੇ। ਲੰਮੇ ਕੱਦ ਦੇ ਬੰਦੇ ਅਕਸਰ ਹੀ ਵੱਡੀ ਉਮਰ ਵਿਚ ਆ ਕੇ ਦੂਹਰੇ ਹੋਣ ਲੱਗਦੇ ਹਨ।

ਕੱਦਾਵਰ ਇਸਤਰੀਆਂ ਅਕਸਰ ਆਪਣੀ ਉਮਰ ਘਟਾ ਦੇ ਦੱਸਦੀਆਂ ਹਨ। ਇਹ ਮੇਰੀ ਸਮੱਸਿਆ ਨਹੀਂ। ਮੈਨੂੰ ਤਾਂ ਸਦਾ ਆਪਣੀ ਸਹੀ ਉਮਰ ਦੱਸਣ ਕਾਰਨ ਇਹ ਵੀ ਸੁਣਨ ਨੂੰ ਮਿਲਦਾ ਹੈ ਕਿ ਯੋਗ ਸਾਧਨਾ ਅਰ ਹੈਲਥ ਕਲੱਬ ਦੇ ਕਿੱਤੇ ਨਾਲ ਸਬੰਧਤ ਹੋਣ ਕਰ ਕੇ ਮੈਂ ਆਪਣੀ ਉਮਰ ਵਧਾ ਕੇ ਦੱਸਦੀ ਹਾਂ।

ਸੱਚ ਹੈ ਕਿ ਕਈ ਵੇਰਾਂ ਸੱਚ ਗਲਪ ਨਾਲੋਂ ਵੀ ਅਜੀਬ ਤੇ ਅਨੋਖਾ ਜਾਪਣ ਲੱਗਦਾ ਹੈ। ਛੋਟਾ ਤੇ ਅਨੁਪਾਤਿਤ ਆਕਾਰ ਸੁੰਦਰਤਾ ਦਾ ਪ੍ਰਤੀਕ ਹੈ।

ਛੋਟੇ ਜੀਵ-ਜੰਤੂ ਪੰਛੀ-ਜਨੌਰ ਤ੍ਰਿਖੇ ਅਤੇ ਮਾਣ-ਮੱਤੇ ਹੁੰਦੇ ਹਨ। ਪੰਛੀ ਢਿੱਲੇ-ਢਾਲੇ, ਬੇਤਰਤੀਬੇ, ਡਿਗਦੇ-ਢਹਿੰਦੇ ਜਾਂ ਬੁੱਢੇ ਵੀ ਕਦੇ ਨਹੀਂ ਦਿਸੇ। ਹਾਂ, ਪਿੰਜਰੇ-ਪਿਆਂ ਦੀ ਹੋਰ ਗੱਲ ਹੈ!

ਕੱਦ ਵੱਲੋਂ ਹਾਥੀ ਸਭ ਤੋਂ ਵਿਸ਼ਾਲ ਚੌਪਾਇਆ ਹੈ। ਉਸ ਦੀ ਠੁਮਕਦਾਰ ਚਾਲ ਲਾਸਾਨੀ ਹੈ। ਬਾਲਕ ਹਾਥੀ ਦੀ ਸਵਾਰੀ ਦਾ ਅਨੰਦ ਭਾਵੇਂ ਮਾਣਦੇ ਹਨ ਪਰ ਛਲਾਂਗਾ ਮਾਰਨ ਅਰ ਚੁੰਗੀਆਂ ਭਰਨ ਵੇਲੇ ਉਹ ਹਿਰਨਾਂ ਅਤੇ ਖਰਗੋਸ਼ਾਂ ਦੀ ਹੀ ਰੀਸ ਕਰਦੇ ਹਨ। ਹਾਥੀ ਪ੍ਰੌੜਤਾ ਦਾ ਪ੍ਰਤੀਕ ਹੈ। ਪ੍ਰੌੜ ਅਤੀਤ-ਮੁਖੀ ਹੁੰਦੇ ਹਨ ਅਤੇ ਬਾਲਕ ਭਵਿੱਖ-ਮੁਖੀ।

ਤੇਜ਼ ਤੇਜ਼ ਤੁਰਦੇ, ਦੁਲਾਂਘਾਂ ਪੁੱਟਦੇ ਮਧਰੇ ਬੰਦੇ ਬੱਚਿਆਂ ਨਾਲ ਬੱਚੇ ਹੋ ਨਿਬੜਦੇ ਹਨ; ਭਾਵੇਂ ਇਹ ਵੀ ਸੱਚ ਹੈ ਕਿ ਤ੍ਰਿਖਾ ਤੁਰਨਾ ਉਨ੍ਹਾਂ ਦੀ ਮਜਬੂਰੀ ਹੁੰਦੀ ਹੈ। ਉਨ੍ਹਾਂ ਨੂੰ ਲੰਮਿਆਂ ਨਾਲ ਕਦਮ ਜੁ ਮਿਲਾ ਕੇ ਤੁਰਨਾ ਪੈਂਦਾ ਹੈ। ਲੰਮੇ ਦੀ ਇਕ ਦੁਲਾਂਘ ਤੇ ਗਿੱਠੇ ਦੀਆਂ ਦੋ। ਗਿੱਠਾ ਦੌੜੇ ਨਾ ਤਾਂ ਕੀ ਕਰੇ? ਰਫ਼ਤਾਰ ਦੀ ਮਜਬੂਰੀ ਮਧਰੇ ਦੀ ਆਦਤ ਬਣ ਜਾਂਦੀ ਹੈ। ਚਾਲ ਦੀ ਫੁਰਤੀ ਉਸ ਦੇ ਹਰ ਕਦਮ ਨੂੰ ਫੁਰਤੀਲਾ ਬਣਾਉਂਦੀ ਹੋਈ ਉਸ ਦਾ ਸੁਭਾਅ ਹੋ ਨਿਬੜਦੀ ਹੈ।

ਵੱਡਿਆਂ ਵਿਚ ਤ੍ਰਿਖਾ ਅਤੇ ਨਿੱਕਿਆਂ ਨਾਲ ਨਿੱਕਾ ਹੋਣਾ ਛੋਟੇ ਕੱਦ ਦਾ ਹਾਸਲ ਹੈ।

ਮਧਰੇ ਦੀ ਸੀਮਾ ਤਾਂ ਆਕਾਸ਼ ਹੈ ਪਰ ਇਸ ਦੇ ਉਲਟ ਔਸਤ-ਕੱਦ ਦੀ ਦੁਨੀਆਂ ਵਿਚ ਵਿਚਰਦੇ ਹੋਏ ਲੰਮੇਰੇ ਬੰਦੇ ਨੂੰ ਥਾਂ-ਥਾਂ ਝੁਕਣਾ ਪੈਂਦਾ ਹੈ। ਆਪਣੇ ਤੋਂ ਨੀਵੇਂ ਕੱਦ ਵਾਲਿਆਂ ਦੀ ਅੱਖ ਵਿਚ ਅੱਖ ਪਾ ਕੇ ਵੇਖਣ ਅਤੇ ਜੱਫੀ ਪਾਉਣ ਲਈ ਲੰਮੇ ਬੰਦੇ ਨੂੰ ਅਕਸਰ ਹੀ ਲਿਫਣਾ ਪੈਂਦਾ ਹੈ। ਲਿਫਣ ਦਾ ਇਹ ਅਹਿਸਾਸ ਲੰਮੇ ਬੰਦੇ ਦੀ ਰੂਹ ਵਿਚ ਅਚੇਤ ਹੀ ਪ੍ਰਵੇਸ਼ ਕਰਦਾ ਹੋਇਆ ਉਸ ਦੀ ਜੀਣ-ਥੀਣ ਅਤੇ ਕਰਮ-ਸ਼ੈਲੀ ਉਤੇ ਹਾਵੀ ਹੋ ਕੇ ਉਸ ਨੂੰ ਝੁਕਾਉਂਦਾ-ਝੁਕਾਉਂਦਾ ਕੁੱਬਾ ਬਣਾ ਦੇਂਦਾ ਹੈ।

ਛੋਟੇ ਕੱਦ ਵਾਲੇ ਬੰਦੇ ਦਾ ਅਹਿਸਾਸੇ-ਕਮਤਰੀ ਦਾ ਸ਼ਿਕਾਰ ਹੋਣਾ ਸੁਭਾਵਕ ਹੈ। ਇਹ ਅਹਿਸਾਸ ਉਸ ਨੂੰ ਆਪਣੀ ਪਛਾਣ ਬਣਾਉਣ ਲਈ ਉਤੇਜਿਤ ਕਰਦਾ ਹੈ ਜਿਸ ਕਰ ਕੇ ਉਚਾ ਉਠਦਾ-ਉਠਦਾ ਉਹ ਅਕਾਸ਼ੀ ਬੁਲੰਦੀਆਂ ਛੂਹਣ ਦੀ ਵੀ ਸੰਭਾਵਨਾ ਰੱਖਦਾ ਹੈ। ਇਸ ਤੱਥ ਦੇ ਪ੍ਰਮਾਣ ਵਜੋਂ ਮਹਾਨ ਹਸਤੀਆਂ ਦੇ ਅੰਕੜੇ ਲੱਭਣੇ ਕੋਈ ਔਖੇ ਨਹੀਂ।

ਹੀਣਤਾ ਦਾ ਅਹਿਸਾਸ ਸਿਰਫ਼ ਛੋਟੇ ਕੱਦ ਵਾਲਿਆਂ ਦੀ ਹੀ ਹੋਣੀ ਨਹੀਂ, ਆਮ ਨਾਲੋਂ ਲੰਮੇਰੇ ਬੰਦਿਆਂ ਲਈ ਵੀ ਇਹ ਉਤਨੀ ਹੀ ਗੰਭੀਰ ਸਮੱਸਿਆ ਹੈ। ਛੇ ਫੁੱਟ ਤੋਂ ਇਕ ਦੋ ਇੰਚ ਵੱਧ ਹੋਣਾ ਤਾਂ ਵਾਹ ਭਲਾ, ਪਰ ਤਿੰਨ ਚਾਰ ਜਾਂ ਪੰਜ ਇੰਚ?

ਏਨਾ ਲੰਮਾ ਬੰਦਾ ਜਾਂ ਤਾਂ ਝੁਕਦਾ-ਝੁਕਦਾ ਝੁਕ ਹੀ ਜਾਏਗਾ, ਤੇ ਜਾਂ ਫਿਰ ਕਿਸੇ ਮਧਰੇ ਵਾਂਗ ਉਹ ਵੀ ਆਪਣੇ ਕੱਦ ਨੂੰ ਹੀ ਆਪਣੀ ਪਛਾਣ ਦਾ ਕੇਂਦਰ ਬਣਾ ਕੇ ਆਪਣੇ ਅੰਤਰੀਵ ਗੁਣ ਨੂੰ ਵਧਾ-ਚਮਕਾ ਕੇ ਕਿਸੇ ਬੁਲੰਦੀ 'ਤੇ ਪੁੱਜ ਜਾਏਗਾ। ਕੀ ਸਦੀ ਦਾ ਮਹਾਨ ਅਭਿਨੇਤਾ ਅਮਿਤਾਭ ਬਚਨ ਇਸ ਤੱਥ ਦੀ ਸਾਖਿਅਤ ਮਿਸਾਲ ਨਹੀਂ?

ਲੰਮੀਆਂ ਕੁੜੀਆਂ ਜੀਵਨ-ਸਾਥੀ ਵਜੋਂ ਬਰਾਬਰ ਜਾਂ ਲੰਮੇਰੇ ਕੱਦ ਦੇ ਬੰਦੇ ਭਾਲਦੀਆਂ ਹਨ। ਉਹ ਆਪਣੇ ਦੋਸਤ ਮਿੱਤਰਾਂ ਦੀ ਅੱਖ ਵਿਚ ਅੱਖ ਪਾ ਕੇ ਸਾਹਮਣੇ ਤੇ ਸਿੱਧਾ ਵੇਖਣ ਦੀਆਂ

*(ਬਾਕੀ ਅਗਲੇ ਸਫੇ 'ਤੇ)*

# ਕਬੱਡੀ ਦੇ ਬਹੁਕਰੋੜੀ ਕੱਪ ਦੀ ਬੱਲੇ ਬੱਲੇ!

**ਖੇਡ ਤੇ ਖਿਡਾਰੀ**

ਕਬੱਡੀ ਵਿਸ਼ਵ ਕੱਪ ਨੇ ਕਈ ਦਿਨ ਕਬੱਡੀ ਦੀ ਬੱਲੇ ਬੱਲੇ ਕਰਾਈ ਰੱਖੀ। ਇਸ ਦੇ ਮੈਚ ਸੌ ਤੋਂ ਵੱਧ ਮੁਲਕਾਂ 'ਚ ਵਸਦੇ ਪੰਜਾਬੀਆਂ ਨੇ ਚਾਅ ਨਾਲ ਵੇਖੇ। ਮੁੰਡਿਆਂ ਦੇ ਨਾਲ ਕੁੜੀਆਂ ਦੀ ਕਬੱਡੀ ਦੀ ਵੀ ਚੜ੍ਹ ਮੱਚੀ। ਜਿੰਨੇ ਢੋਲ ਢਮੱਕੇ ਨਾਲ ਇਹ ਕੱਪ ਸ਼ੁਰੂ ਹੋਇਆ ਉਨੇ ਹੀ ਰੌਣਕ ਮੇਲੇ ਨਾਲ ਸਮਾਪਤ ਹੋਇਆ। ਬਾਲੀਵੁੱਡ ਦੀ ਅਦਾਕਾਰਾ ਪ੍ਰਿਅੰਕਾ ਚੋਪੜਾ ਦੇ ਬੇਹੱਦ ਮਹਿੰਗੇ ਠੁਮਕਿਆਂ ਨਾਲ ਇਸ ਦਾ ਉਦਘਾਟਨ ਹੋਇਆ ਅਤੇ ਨੱਚਦੇ ਗਾਉਂਦੇ ਗਾਇਕਾਂ ਤੇ ਕਲਾਕਾਰ



ਪ੍ਰਿੰ. ਸਰਵਣ ਸਿੰਘ
ਫੋਨ: 91-94651-01651

ਰਣਵੀਰ ਸਿੰਘ ਦੀਆਂ ਕਲਜੁਗੀ ਕਲਾਬਾਜ਼ੀਆਂ ਨਾਲ ਸਮਾਪਤੀ। ਸਾਰੇ ਖਰਚੇ ਲਾ ਪਾ ਕੇ ਇਹ ਕੱਪ ਵੀਹ ਕਰੋੜ ਰੁਪਏ ਤੋਂ ਵੱਧ 'ਚ ਪਿਆ!

ਕੰਪਨੀਆਂ ਤੋਂ ਲੈ ਦੇ ਕੇ ਭਰੇ ਕਰੋੜਾਂ ਦੇ ਭੰਡਾਰੇ 'ਚੋਂ ਸੱਤ ਕੁ ਕਰੋੜ ਰੁਪਏ ਦੇ ਇਨਾਮ ਖਿਡਾਰੀਆਂ 'ਚ ਵੰਡੇ ਗਏ ਤੇ ਏਨੇ ਕੁ ਉਦਘਾਟਨੀ ਤੇ ਸਮਾਪਤੀ ਸ਼ੋਆਂ ਦੇ ਕਲਾਕਾਰਾਂ ਨੂੰ ਦਿੱਤੇ ਗਏ। ਬਾਕੀ ਖਰਚੇ ਆਵਾਜਾਈ, ਹੋਟਲਾਂ ਤੇ ਖਾਣ ਪੀਣ ਦੇ ਹੋਏ। 15 ਦਿਨਾਂ ਦੇ ਇਸ ਖੇਡ ਮੇਲੇ ਦੇ 45 ਮੈਚ 13 ਥਾਂਵਾਂ ਉਤੇ ਖੇਡੇ ਗਏ। ਸਰਕਾਰੀ ਅਮਲਾ ਤਿਆਰੀ 'ਚ ਲੱਗਾ ਰਿਹਾ। ਵਿਸ਼ਵ ਕੱਪ ਕਰਾਉਣ ਨਾਲ ਪੰਜਾਬ ਦੀ ਦੇਸੀ ਖੇਡ ਕਬੱਡੀ ਦੀ ਤਾਂ ਬੱਲੇ ਬੱਲੇ ਹੋਣੀ ਹੀ ਸੀ, ਨਾਲ ਪੰਜਾਬ ਸਰਕਾਰ ਤੇ ਸ. ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ, ਪੰਜਾਬ ਦੀ ਵੀ ਬੜੀ ਬੱਲੇ ਬੱਲੇ ਹੋਈ!

ਕਬੱਡੀ ਦੇ ਇਸ ਚੌਥਾ ਵਿਸ਼ਵ ਕੱਪ 'ਚ 13 ਮੁਲਕਾਂ ਤੋਂ ਮਰਦਾਂ ਦੀਆਂ 11 ਤੇ ਔਰਤਾਂ ਦੀਆਂ 8 ਟੀਮਾਂ ਨੇ ਭਾਗ ਲਿਆ। ਹੁਣ ਤਕ ਹੋਏ ਚਾਰੇ ਵਿਸ਼ਵ ਕੱਪ ਭਾਰਤ ਦੀਆਂ ਕਬੱਡੀ ਟੀਮਾਂ ਨੇ ਜਿੱਤੇ ਹਨ ਜਿਨ੍ਹਾਂ ਵਿਚ ਹਰ ਵਾਰ ਪੰਜਾਬ ਦੇ ਖਿਡਾਰੀ ਹੀ ਖੇਡਦੇ ਹਨ। ਭਾਰਤੀ ਲੜਕੀਆਂ ਦੀ ਟੀਮ ਵਿਚ ਪੰਜਾਬਣਾਂ ਦੇ ਨਾਲ ਕੁਝ ਹਰਿਆਣੇ ਦੀਆਂ ਛੋਹਰੀਆਂ ਵੀ ਰਲ ਜਾਂਦੀਆਂ ਹਨ। ਮਰਦਾਂ ਦੀ ਕਬੱਡੀ ਦਾ ਦੋ ਕਰੋੜੀ ਤੇ ਕੁੜੀਆਂ ਦੀ ਕਬੱਡੀ ਦਾ ਇਕ ਕਰੋੜੀ ਇਨਾਮ ਪੰਜਾਬ ਤੇ ਹਰਿਆਣੇ ਦੇ ਮੁੰਡੇ ਕੁੜੀਆਂ ਹੀ ਜਿੱਤਦੇ ਆਏ ਹਨ। ਕੁਮੈਂਟੇਟਰ ਟੱਪੇ ਬੋਲਣ ਲੱਗੇ ਨੇ-ਖੇਡੋ ਮੁੰਡਿਓ ਖੇਡ ਕਬੱਡੀ, ਖੜ੍ਹਨਾ ਛੱਡ ਦਿਓ ਮੋੜਾਂ 'ਤੇ, ਬਾਦਲ ਸਾਹਬ ਨੇ ਚਾੜ੍ਹ ਦਿੱਤੀ ਆ ਕਬੱਡੀ ਹੁਣ ਕਰੋੜਾਂ 'ਤੇ!

ਕੁਝ ਸਾਲ ਪਹਿਲਾਂ ਕਬੱਡੀ 'ਚ ਸੱਟਾਂ ਈ ਸੱਟਾਂ ਸਨ। ਭੰਜਰਾਂ, ਵਾਹਣਾਂ ਤੇ ਰੋੜਾਂ ਦੀ ਇਸ ਧੱਕੜ ਖੇਡ ਨੂੰ ਰਗੜਾਂ ਖਾਣ ਵਾਲੀ ਖੇਡ ਕਿਹਾ ਜਾਂਦਾ ਸੀ। ਉਦੋਂ ਨਕਦ ਇਨਾਮ ਕੋਈ ਨਹੀਂ ਸਨ ਮਿਲਦੇ। ਟੂਰਨਾਮੈਂਟ ਦੇ ਜੇਤੂਆਂ ਨੂੰ ਤੌਲੀਏ ਬੁਨੈਣਾਂ ਦੇ ਕੇ ਸਾਰ ਦਿੱਤਾ ਜਾਂਦਾ ਸੀ। ਫਿਰ ਕੱਪ ਤੇ ਜੱਗ ਮਿਲਣੇ ਸ਼ੁਰੂ ਹੋਏ ਅਤੇ ਫਿਰ ਪਲਾਸਟਿਕ ਦੀਆਂ ਬਾਲਟੀਆਂ ਤਕ ਵੱਜੀ। ਹੁਣ ਇਸ ਖੇਡ ਵਿਚ ਨਾਂ ਵੀ ਹੈ ਤੇ ਨਾਂਵਾਂ ਵੀ। ਕੱਖਾਂ ਦੀ ਖੇਡ ਲੱਖਾਂ ਦੀ ਹੁੰਦੀ ਹੋਈ ਰੋੜਾਂ ਤੋਂ ਕਰੋੜਾਂ ਦੀ ਹੋ ਗਈ ਹੈ! ਪੰਜਾਬ ਵਿਚ ਸਾਰਾ ਸਿਆਲ ਕਬੱਡੀ ਦੇ ਟੂਰਨਾਮੈਂਟ ਚਲਦੇ ਤੇ ਕਬੱਡੀ ਕੱਪ ਹੁੰਦੇ ਹਨ। ਟੂਰਨਾਮੈਂਟਾਂ ਦੇ ਇਸ਼ਤਿਹਾਰ ਛਪਦੇ, ਬੈਨਰ ਲਟਕਦੇ, ਪ੍ਰਮੋਟਰਾਂ ਦੀਆਂ ਤਸਵੀਰਾਂ ਲਿਸ਼ਕਦੀਆਂ, ਗੱਡੀਆਂ ਘੁੰਮਦੀਆਂ, ਲਾਊਡ ਸਪੀਕਰ ਵੱਜਦੇ, ਝੰਡੇ ਝੂਲਦੇ ਤੇ ਖਿਡਾਰੀਆਂ ਦੀ ਚਹਿਲ ਪਹਿਲ ਬਣੀ ਰਹਿੰਦੀ ਹੈ। ਮੀਡੀਏ 'ਚ ਖੇਡ ਮੇਲਿਆਂ ਦੀਆਂ ਖ਼ਬਰਾਂ ਤੇ ਰਪੋਟਾਂ ਨੂੰ ਵਾਰ ਨਹੀਂ ਆਉਂਦਾ। ਹੁਣ ਤਾਂ ਕਬੱਡੀ ਕੱਪਾਂ ਨਾਲ ਸਿਆਸਤ ਵੀ ਹੋਣ ਲੱਗ ਪਈ ਹੈ!

15 ਦਸੰਬਰ 2012 ਦਾ ਦਿਨ ਸੀ। ਲੁਧਿਆਣੇ ਦਾ ਗੁਰੂ ਨਾਨਕ ਸਟੇਡੀਅਮ ਨੱਕੋ-ਨੱਕ ਭਰਿਆ ਹੋਇਆ ਸੀ। ਤੀਜੇ ਕਬੱਡੀ ਵਿਸ਼ਵ ਕੱਪ ਦਾ ਸਮਾਪਤੀ ਸਮਾਰੋਹ ਸੀ। ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਵਿਚਕਾਰ ਫਾਈਨਲ ਮੈਚ ਖੇਡਿਆ ਜਾਣਾ ਸੀ। ਲੱਖਾਂ ਕਰੋੜਾਂ ਅੱਖਾਂ ਬਾਲੀਵੁੱਡ ਦੀ ਸੋਹਣੀ ਸੁਣੱਖੀ ਐਕਟ੍ਰੈਸ ਕੈਟਰੀਨਾ ਕੈਫ ਦਾ ਨਾਚ ਤੇ ਸਿਖਰਲਾ ਕਬੱਡੀ ਮੈਚ ਵੇਖਣ ਲਈ ਬੇਤਾਬ ਸਨ। ਉਸ ਵੇਲੇ ਕੁਲ ਦੁਨੀਆਂ ਦੇ ਪੰਜਾਬੀ ਪੀ. ਟੀ. ਸੀ. ਚੈਨਲ ਨਾਲ ਜੁੜੇ ਹੋਏ ਸਨ। ਐਨ ਉਸੇ ਵੇਲੇ, ਕੈਟਰੀਨਾ ਦੇ ਨਾਚ ਤੋਂ ਪਹਿਲਾਂ ਕੈਟਰੀਨਾ ਦਾ ਝਾਕਾ ਵਿਖਾ ਕੇ ਪੰਜਾਬ ਦੇ ਹੈਰਾਨ ਕਰਨ ਵਾਲੇ ਵਿਕਾਸ ਦੀ ਡਾਕੂਮੈਂਟਰੀ ਫਿਲਮ ਵਿਖਾਈ ਗਈ! ਵਿਖਾਇਆ ਗਿਆ ਕਿ ਪੰਜਾਬ ਨੇ ਲੋਹੜੇ ਦੀ ਤਰੱਕੀ ਕੀਤੀ ਹੈ। ਇਹ ਸੀ ਕਬੱਡੀ ਵਿਸ਼ਵ ਕੱਪ ਦੀ ਸਿਆਸਤ! ਫਿਰ ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਵਿਚਾਲੇ ਫਾਈਨਲ ਮੈਚ ਸ਼ੁਰੂ ਹੋਇਆ। ਹਾਫ ਟਾਈਮ ਵਿਚ ਖਿਡਾਰੀਆਂ ਦੇ ਦਮ ਲੈਣ ਸਮੇਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਹਾਸੇ ਭਾਣੇ ਇਕ ਗੱਲ ਕਹੀ, ਮੈਂ ਕਬੱਡੀ ਤਾਂ ਨਹੀਂ ਖੇਡੀ ਪਰ ਸਿਆਸਤ ਦੀ ਕਬੱਡੀ ਬਥੇਰੀ ਖੇਡੀ ਐ ਤੇ ਜਿੱਤਦਾ ਵੀ ਰਿਹਾਂ। ਹਾਸੇ ਭਾਣੇ ਕਹੀ ਗੱਲ ਦਾ ਮਤਲਬ ਸੀ ਕਿ ਉਹ ਘਾਗ ਖਿਡਾਰੀ ਵਾਂਗ ਵਿਰੋਧੀਆਂ ਨੂੰ ਝਕਾਨੀ ਦੇਣ, ਡੱਬਲ ਟੱਚ ਕਰਵਾਉਣ, ਲਕੀਰੋਂ ਬਾਹਰ ਕੱਢਣ, ਗੁੱਟੋਂ ਫੜਨ, ਲੱਤੋਂ ਪੈਣ, ਲੱਕੋਂ ਚੁੱਕਣ, ਬਗਲਾਂ ਭਰਨ ਤੇ ਪੁੱਠੀ ਕੈਂਚੀ ਲਾਉਣ ਵਰਗੇ ਸਾਰੇ ਦਾਅ ਵਰਤਣੇ ਜਾਣਦੇ ਨੇ! ਜਿਹੜੀ ਗੱਲ ਉਦੋਂ ਨਹੀਂ ਸੀ ਕਹੀ ਗਈ ਉਹ ਇਹ ਸੀ, ਜੇ ਪਿਉ ਸਿਆਸਤ ਦੀ ਕਬੱਡੀ ਖੇਡਦਾ ਰਿਹਾ ਤਾਂ ਪੁੱਤ ਕਬੱਡੀ ਦੀ ਸਿਆਸਤ ਖੇਡ ਰਿਹੈ!

14 ਦਸੰਬਰ 2013 ਨੂੰ ਚੌਥੇ ਕਬੱਡੀ ਵਿਸ਼ਵ ਕੱਪ ਦੇ ਫਾਈਨਲ ਮੈਚ ਉਤੇ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਮੀਆਂ ਸ਼ਾਹਬਾਜ਼ ਸ਼ਰੀਫ਼ ਨੂੰ ਸੱਦਣਾ ਤੇ ਨਿੱਘੀ ਪ੍ਰਾਹੁਣਚਾਰੀ ਕਰਨਾ ਹਾਂ ਪੱਖੀ ਸਿਆਸਤ ਹੈ। ਅਜਿਹੀ ਸਿਆਸਤ ਹਿੰਦ-ਪਾਕਿ ਵਿਚਕਾਰ ਪਾੜੇ ਘਟਾ ਕੇ ਸਾਂਝਾਂ ਦਾ ਪੁਲ ਉਸਾਰ ਸਕਦੀ ਹੈ ਜਿਸ ਦਾ ਸਭ ਤੋਂ ਵੱਧ ਫਾਇਦਾ ਦੋਹਾਂ ਪੰਜਾਬਾਂ ਨੂੰ ਹੋਵੇਗਾ। ਕਬੱਡੀ ਕੱਪਾਂ ਨਾਲ ਦੋਵੇਂ ਪੰਜਾਬ ਇਕ ਦੂਜੇ ਦੇ ਨੇੜੇ ਆਉਣ ਤਾਂ ਇਹ ਸ਼ੁਭ ਸ਼ਗਨ ਹੈ!

ਦਾਇਰੇ ਵਾਲੀ ਕਬੱਡੀ ਪੰਜਾਬੀਆਂ ਲਈ ਸਰੀਰਕ ਕਰਤਬਾਂ ਦੀ ਸ਼ਾਇਰੀ ਹੈ। ਕਬੱਡੀ ਦੇ ਆਸ਼ਕ ਇਸ ਨੂੰ ਆਪਣੀ ਮਹਿਬੂਬ ਖੇਡ ਮੰਨਦੇ ਹਨ। ਇਹਦੇ ਵਿਚ ਦੀ ਉਹ ਬਹੁਤ ਕੁਝ ਵੇਖਦੇ ਹਨ। ਆਪਣਾ ਇਤਿਹਾਸ, ਆਪਣੀ ਸੂਰਮਗਤੀ, ਤਾਕਤ, ਜੇਰਾ, ਦਮ ਤੇ ਸਿਰੜ। ਪੰਜਾਬ ਦੀ ਭੂਗੋਲਿਕ ਸਥਿਤੀ ਅਜਿਹੀ ਸੀ ਕਿ ਇਸ ਦੀ ਧਰਤੀ ਸਦੀਆਂ-ਬੱਧੀ ਹਮਲਿਆਂ ਤੇ ਠੱਲ੍ਹਾਂ ਦਾ ਮੈਦਾਨ ਬਣੀ ਰਹੀ। ਹਮਲਾਵਰ ਹਮਲੇ ਕਰਦੇ ਅਤੇ ਮਾਰ ਧਾੜ ਤੇ ਲੁੱਟ ਖੋਹ ਕਰ ਕੇ ਵਾਪਸ ਜਾਂਦੇ। ਪੰਜਾਬੀ ਹਮਲਾਵਰਾਂ ਨੂੰ ਡੱਕਦੇ, ਮਰਦੇ-ਮਾਰਦੇ ਤੇ ਜਿੱਤਦੇ ਹਾਰਦੇ। ਹਮਲਾਵਰ ਤਕੜਾ ਹੁੰਦਾ ਤਾਂ ਮਾਰ ਧਾੜ ਕਰ ਕੇ ਸੁੱਖੀ ਸਾਂਦੀਂ ਆਪਣੇ ਘਰ ਪਰਤ ਜਾਂਦਾ। ਰਾਖੇ ਤਕੜੇ ਹੁੰਦੇ ਤਾਂ ਹਮਲਾਵਰ ਮਾਰਿਆ ਜਾਂਦਾ। ਇਸੇ ਕਰਮ ਨੂੰ ਕਬੱਡੀ ਦੀ ਖੇਡ ਵਿਚ ਵਾਰ ਵਾਰ ਦੁਹਰਾਇਆ ਜਾਂਦਾ ਹੈ।

ਕਬੱਡੀ ਦੀ ਖੇਡ ਦੀਆਂ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਅਨੇਕਾਂ ਕਿਸਮਾਂ ਪ੍ਰਚਲਿਤ ਰਹੀਆਂ। ਇਸ ਦਾ ਮੁੱਢਲਾ ਰੂਪ ਸੌਂਚੀ ਸੀ। ਇਕ ਕਿਸਮ ਦੀ ਗੂੰਗੀ ਕੌਡੀ ਸੀ ਜਿਸ ਨੂੰ ਅੰਬਰਸਰੀ ਕੌਡੀ ਵੀ ਕਿਹਾ ਜਾਂਦਾ ਸੀ। ਢੇਰੀ ਵਾਲੀ ਇਸ ਕੌਡੀ ਵਿਚ ਚਾਟਾਂ ਬਹੁਤ ਪੈਂਦੀਆਂ ਸਨ। ਹਾਲੇ ਵੀ ਇਹ ਮਾਝੇ ਦੇ ਪਿੰਡਾਂ ਵਿਚ ਕਿਤੇ ਕਿਤੇ ਖੇਡੀ ਜਾਂਦੀ ਹੈ। ਅੰਬਾਲਵੀ ਕੌਡੀ ਦਾ ਦਾਇਰਾ ਬਹੁਤ ਤੰਗ ਹੁੰਦਾ ਸੀ ਤੇ ਧਾਵੀ ਨੂੰ ਇਕ ਜਾਫੀ ਦੇ ਹੱਥੋਂ ਛੁੱਟ ਜਾਣ ਬਾਅਦ ਦੂਜਾ ਜਾਫੀ, ਫੇਰ ਤੀਜਾ, ਚੌਥਾ, ਸਾਰੇ ਜਾਫੀ ਵਾਰੀ ਵਾਰੀ ਜੱਫੇ ਲਾ ਸਕਦੇ ਸਨ। ਲਾਹੌਰੀ ਕੌਡੀ ਵਿਚ ਦਾਇਰਾ ਨਹੀਂ ਸੀ ਹੁੰਦਾ, ਸਿਰਫ ਛੇ ਢੇਰੀਆਂ ਹੁੰਦੀਆਂ ਸਨ। ਜਾਫੀ ਤੇ ਧਾਵੀ ਦੋ ਢੇਰੀਆਂ ਉਤੇ ਖੜ੍ਹ ਜਾਂਦੇ ਤੇ ਧਾਵੀ ਨੇ ਵਿਰੋਧੀ ਧਿਰ ਦੀ ਢੇਰੀ ਨੂੰ ਹੱਥ ਲਾ ਕੇ ਜਾਂ ਉਪਰ ਦੀ ਗੇੜਾ ਕੱਢ ਕੇ ਘਰ ਪਰਤਣਾ ਹੁੰਦਾ ਸੀ।

ਲਾਇਲਪੁਰੀ ਕੌਡੀ ਵਿਚ ਖੇਡ ਦੌਰਾਨ ਪਾਣੀ ਦੀ ਘੁੱਟ ਵੀ ਨਹੀਂ ਸੀ ਪੀਣ ਦਿੱਤੀ ਜਾਂਦੀ। ਫਿਰੋਜ਼ਪੁਰੀ ਕੌਡੀ ਵਿਚ ਖਿਡਾਰੀ ਢੇਰੀਆਂ ਉਤੇ ਖੜੋਣ ਦੀ ਥਾਂ ਪਾੜੇ ਉਤੇ ਖੜੋਂਦੇ ਸਨ। ਇੰਜ ਹੀ ਇਕ ਛੇ ਹੱਥੀ ਕਬੱਡੀ ਸੀ ਤੇ ਇਕ ਸ਼ਮਲਿਆਂ ਵਾਲੀ ਕੌਡੀ। ਪੀਰ ਕੌਡੀ ਧਨ ਪੋਠੋਹਾਰ ਦੇ ਇਲਾਕੇ ਵਿਚ ਖੇਡੀ ਜਾਂਦੀ ਸੀ। ਇਸ ਕੌਡੀ ਦੀ ਵਿਸ਼ੇਸ਼ਤਾ ਇਹ ਸੀ ਕਿ ਧਾਵੀ ਨੂੰ ਅੱਗਿਓਂ ਦੋ ਬੰਦੇ ਘੇਰਦੇ ਸਨ। ਬੈਠਵੀਂ ਕੌਡੀ, ਘੋੜ ਕਬੱਡੀ, ਚੀਰਵੀਂ ਕੌਡੀ, ਲੰਮੀ ਕਬੱਡੀ, ਦੋਧੇ ਤੇ ਬੁਰਜੀਆਂ ਵਾਲੀ ਕੌਡੀ ਆਦਿ ਕਬੱਡੀ ਦੀਆਂ ਕਈ ਹੋਰ ਸਥਾਨਕ ਵੰਨਗੀਆਂ ਸਨ। ਪਰ ਹੁਣ ਸਾਰੀਆਂ ਕਬੱਡੀਆਂ ਨੇ ਅਜੋਕੀ ਦਾਇਰੇ ਵਾਲੀ ਕਬੱਡੀ ਦਾ ਰੂਪ ਧਾਰਨ ਕਰ ਲਿਆ ਹੈ। ਕਬੱਡੀ ਨੈਸ਼ਨਲ ਸਟਾਈਲ ਇਸ ਤੋਂ ਵੱਖਰੀ ਹੈ।



ਹਿੰਦੁਸਤਾਨ ਵਿਚ ਕਬੱਡੀ ਦੇ ਕਈ ਨਾਂ ਹਨ। ਦੱਖਣ ਵਿਚ 'ਚੇਡੂ ਗੁਡੂ', ਬੰਗਾਲ ਵਿਚ 'ਡੋ-ਡੋ' ਤੇ ਮਹਾਂਰਾਸ਼ਟਰ ਵਿਚ 'ਹੂ-ਟੂ-ਟੂ' ਕਹਿੰਦੇ ਹਨ। ਕੁਝ ਇਲਾਕਿਆਂ ਵਿਚ 'ਸੂ-ਸੂ' ਜਾਂ 'ਸਰ ਸਰ' ਅਤੇ 'ਰਾਮ ਲਕਸ਼ਮਣ ਜਾਨਕੀ, ਜੈ ਬੋਲੋ ਹਨੂਮਾਨ ਕੀ' ਕਹਿੰਦਿਆਂ ਕਬੱਡੀ ਪਾਈ ਜਾਂਦੀ ਹੈ। ਇਨ੍ਹਾਂ ਕਬੱਡੀਆਂ ਦੀਆਂ ਵੀ ਅੱਗੇ ਤਿੰਨ ਕਿਸਮਾਂ ਹਨ-ਸੰਜੀਵਨੀ, ਜੈਮਨੀ ਤੇ ਅਮਰ। ਭਾਰਤ ਵਿਚ ਜਿਸ ਖੇਡ ਨੂੰ ਨੈਸ਼ਨਲ ਸਟਾਈਲ ਦਾ ਦਰਜਾ ਦਿੱਤਾ ਗਿਐ ਉਹ ਸੰਜੀਵਨੀ ਕਿਸਮ ਦੀ ਦੱਖਣੀ ਤੇ ਮੱਧ ਭਾਰਤ ਦੀ ਕਬੱਡੀ ਹੈ। ਇਹੋ ਕਬੱਡੀ ਏਸ਼ਿਆਈ ਖੇਡਾਂ ਵਿਚ ਖੇਡੀ ਜਾਂਦੀ ਹੈ।

ਐਮੇਚਿਓਰ ਕਬੱਡੀ ਫੈਡਰੇਸ਼ਨ ਆਫ਼ ਇੰਡੀਆ ਜਿਸ ਨੂੰ ਭਾਰਤੀ ਉਲੰਪਿਕ ਐਸੋਸੀਏਸ਼ਨ ਵੱਲੋਂ ਮਾਨਤਾ ਪ੍ਰਾਪਤ ਹੈ, ਕਬੱਡੀ ਨੈਸ਼ਨਲ ਸਟਾਈਲ ਨੂੰ ਮੁੱਖ ਖੇਡ ਮੰਨਦੀ ਹੈ। ਕਬੱਡੀ ਸਰਕਲ ਸਟਾਈਲ ਤੇ ਬੀਚ ਕਬੱਡੀ ਇਸ ਦੇ ਡਿਸਿਪਲਿਨ ਮੰਨੇ ਜਾਂਦੇ ਹਨ। ਕਬੱਡੀ ਸਰਕਲ ਸਟਾਈਲ ਹਾਲੇ ਤਕ ਨੈਸ਼ਨਲ ਖੇਡਾਂ, ਸੈਫ ਖੇਡਾਂ ਤੇ ਏਸ਼ਿਆਈ ਖੇਡਾਂ ਦਾ ਅੰਗ ਨਹੀਂ ਬਣਾਈ ਜਾ ਸਕੀ ਪਰ ਐਲਾਨ ਕੀਤੇ ਜਾਂਦੇ ਨੇ ਪਈ ਕਬੱਡੀ ਸਰਕਲ ਸਟਾਈਲ ਨੂੰ ਉਲੰਪਿਕ ਖੇਡਾਂ 'ਚ ਪੁਚਾ ਦਿਆਂਗੇ! ਇੰਜ ਇਹ ਖੇਡ ਉਲੰਪਿਕ ਖੇਡਾਂ 'ਚ ਨੀ ਪੁੱਜਣੀ।

ਸਮੇਂ ਦੀ ਲੋੜ ਹੈ ਕਿ ਕਬੱਡੀ ਸਰਕਲ ਸਟਾਈਲ ਨੂੰ ਕਬੱਡੀ ਨੈਸ਼ਨਲ ਸਟਾਈਲ ਦੇ ਚੁੰਗਲ 'ਚੋਂ ਕੱਢ ਕੇ ਖ਼ੁਦਮੁਖ਼ਤਿਆਰ ਸਪੋਰਟ ਵਜੋਂ ਵਿਕਸਤ ਕੀਤਾ ਜਾਵੇ। ਕ੍ਰਿਕਟ ਵਾਂਗ ਇਸ ਦਾ ਕੌਮਾਂਤਰੀ ਕੰਟਰੋਲ ਬੋਰਡ ਬਣੇ ਤੇ ਕ੍ਰਿਕਟ ਲੀਗ ਵਾਂਗ ਕਬੱਡੀ ਲੀਗ ਤੇ ਕਬੱਡੀ ਵਰਲਡ ਕੱਪ ਕਰਾਏ ਜਾਣ। ਪੰਜਾਬ ਸਰਕਾਰ ਵੱਲੋਂ ਕਬੱਡੀ ਦੇ ਜੋ ਚਾਰ ਵਿਸ਼ਵ ਕੱਪ ਕਰਾਏ ਗਏ ਹਨ, ਇਨ੍ਹਾਂ ਨਾਲ ਕਬੱਡੀ ਦਾ ਦਾਇਰਾ ਜ਼ਰੂਰ ਖੁੱਲ੍ਹਿਆ ਹੈ ਪਰ ਕਬੱਡੀ ਮੈਚ ਬਰਾਬਰ ਦੇ ਨਹੀਂ ਹੋ ਸਕੇ। ਵਧੇਰੇ ਮੈਚ ਇਕਪਾਸੜ ਹੀ ਰਹੇ। ਅਸਲ ਵਿਚ ਮੁਲਕੀ ਟੀਮਾਂ ਦੇ ਤਿੰਨ ਦਰਜੇ ਹਨ। ਪਹਿਲੇ ਦਰਜੇ ਦੀਆਂ ਟੀਮਾਂ ਭਾਰਤ ਤੇ ਪਾਕਿਸਤਾਨ ਦੀਆਂ ਹਨ। ਦੂਜੇ ਦੀਆਂ ਅਮਰੀਕਾ, ਕੈਨੇਡਾ ਤੇ ਇੰਗਲੈਂਡ ਦੀਆਂ ਤੇ ਬਾਕੀ ਸਭ ਤੀਜੇ ਦਰਜੇ ਦੀਆਂ ਹਨ।

ਚੌਥੇ ਵਿਸ਼ਵ ਕੱਪ ਵਿਚ ਭਾਰਤੀ ਟੀਮ ਅਮਰੀਕਾ ਨੂੰ 59-31, ਸਪੇਨ ਨੂੰ 55-27, ਕੀਨੀਆ ਨੂੰ 69-32 ਤੇ ਅਰਜਨਟੀਨਾ ਨੂੰ 50-32 ਅੰਕਾਂ ਨਾਲ ਹਰਾ ਕੇ ਫਾਈਨਲ ਵਿਚ ਪੁੱਜੀ ਸੀ। ਇਹਦੇ ਵਿਚ ਵੀ ਭਾਰਤੀ ਟੀਮ ਨੇ ਵਿਰੋਧੀ ਟੀਮਾਂ ਨੂੰ ਰਿਆਇਤੀ ਅੰਕ ਦਿੱਤੇ। ਜੇ ਭਾਰਤੀ ਟੀਮ ਪੂਰਾ ਜ਼ੋਰ ਲਾ ਕੇ ਖੇਡਦੀ ਤਾਂ ਅਰਜਨਟੀਨਾ ਦੀ ਟੀਮ 10 ਅੰਕ ਵੀ ਨਾ ਲੈ ਸਕਦੀ! ਪਾਕਿਸਤਾਨ ਦੀ ਟੀਮ ਨੇ ਫਾਈਨਲ ਮੈਚ ਤਕ ਸਕਾਟਲੈਂਡ ਨੂੰ 63-26, ਡੈਨਮਾਰਕ ਨੂੰ 59-28, ਸੀਅਰਾ ਲਿਓਨ ਨੂੰ 70-13, ਕੈਨੇਡਾ ਨੂੰ 69-21 ਤੇ ਇੰਗਲੈਂਡ ਨੂੰ 69-21 ਅੰਕਾਂ ਨਾਲ ਹਰਾਇਆ ਸੀ। ਇਸ ਟੀਮ ਨੇ ਵੀ ਵਿਰੋਧੀ ਟੀਮਾਂ ਵਿਰੁਧ ਪੂਰਾ ਜ਼ੋਰ ਨਹੀਂ ਸੀ ਲਾਇਆ। ਬਰਾਬਰ ਦੇ ਮੈਚ ਤਾਂ ਉਂਗਲਾਂ 'ਤੇ ਗਿਣੇ ਜਾਣ ਜੋਗੇ ਹੋਏ ਜਿਸ ਕਰਕੇ ਦਰਸ਼ਕ ਕਿਸੇ ਵੀ ਕਬੱਡੀ ਵਿਸ਼ਵ ਕੱਪ ਦਾ ਪੂਰਾ ਅਨੰਦ ਨਹੀਂ ਮਾਣ ਸਕੇ।

ਪਹਿਲੇ, ਦੂਜੇ ਤੇ ਤੀਜੇ ਵਿਸ਼ਵ ਕੱਪ ਦੇ ਤਾਂ ਫਾਈਨਲ ਮੈਚ ਵੀ ਇਕਪਾਸੜ ਹੀ ਹੁੰਦੇ ਰਹੇ। ਪਹਿਲੀ ਵਾਰ ਭਾਰਤ ਨੇ ਪਾਕਿਸਤਾਨ ਨੂੰ 58-24, ਦੂਜੀ ਵਾਰ ਕੈਨੇਡਾ ਨੂੰ 59-25 ਤੇ ਤੀਜੀ ਵਾਰ ਪਾਕਿਸਤਾਨ ਨੂੰ 59-22 ਅੰਕਾਂ ਦੇ ਫਰਕ ਨਾਲ ਹਰਾ ਕੇ ਵਿਸ਼ਵ ਕੱਪ ਜਿੱਤਿਆ ਸੀ। ਸਿਰਫ਼ ਚੌਥੇ ਵਿਸ਼ਵ ਕੱਪ ਵਿਚ ਹੀ ਫਾਈਨਲ ਮੈਚ ਦੇ ਅੱਧੇ ਸਮੇਂ ਤਕ ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਦੇ ਅੰਕ ਬਰਾਬਰ ਚੱਲੇ। ਆਖ਼ਰੀ ਸਮੇਂ ਭਾਰਤੀ ਟੀਮ ਫਿਰ ਭਾਰੂ ਹੋ ਗਈ ਜੋ 48-39 ਅੰਕਾਂ ਨਾਲ ਲਗਾਤਾਰ ਚੌਥੀ ਵਾਰ ਵਿਸ਼ਵ ਕੱਪ ਜਿੱਤ ਗਈ। ਇੰਜ ਹੀ ਭਾਰਤੀ ਲੜਕੀਆਂ ਦੀ ਟੀਮ ਇਕਪਾਸੜ ਮੈਚ ਖੇਡਦਿਆਂ ਲਗਾਤਾਰ ਵਿਸ਼ਵ ਕੱਪ ਜਿੱਤਦੀ ਆ ਰਹੀ ਹੈ। 2012 ਦੇ ਫਾਈਨਲ ਮੈਚ ਵਿਚ ਭਾਰਤੀ ਟੀਮ ਨੇ ਮਲੇਸ਼ੀਆ ਦੀ ਟੀਮ ਨੂੰ 72-12 ਅੰਕਾਂ ਨਾਲ ਤੇ 2013 'ਚ ਨਿਊਜ਼ੀਲੈਂਡ ਦੀ ਟੀਮ ਨੂੰ 49-21 ਅੰਕਾਂ ਨਾਲ ਹਰਾਇਆ।

ਕਬੱਡੀ ਅਸਲ ਵਿਚ ਹਿੰਦ-ਪਾਕਿ ਦੇ ਪੰਜਾਬੀਆਂ ਦੀ ਖੇਡ ਹੈ ਜੋ ਬਦੇਸ਼ਾਂ 'ਚ ਗਏ ਪੰਜਾਬੀਆਂ 'ਚ ਮਕਬੂਲ ਹੈ। ਇਹ ਖ਼ੁਸ਼ਫਹਿਮੀ ਹੀ ਹੈ ਕਿ ਕਬੱਡੀ ਗੋਰਿਆਂ ਕਾਲਿਆਂ ਦੀ ਖੇਡ ਬਣ ਗਈ ਹੈ। ਬਹੁਤੇ ਗੋਰੇ ਕਾਲੇ ਖਿਡਾਰੀ ਤਾਂ ਕਬੱਡੀ ਵਿਸ਼ਵ ਕੱਪ ਦੇ ਬਹਾਨੇ ਸੈਰ ਸਪਾਟਾ ਕਰਨ, ਮੁਫ਼ਤ ਦੀ ਪ੍ਰਾਹੁਣਚਾਰੀ ਮਾਨਣ ਤੇ ਫੱਨ ਕਰਨ ਹੀ ਆਉਂਦੇ ਜਾਂਦੇ ਹਨ! ਕਿਸੇ ਮੁਲਕ ਦੇ ਪੰਦਰਾਂ ਵੀਹ ਖਿਡਾਰੀਆਂ ਨੂੰ ਪੰਦਰਾਂ ਵੀਹ ਦਿਨ ਕਬੱਡੀ ਖੇਡਣੀ ਸਿਖਾਉਣ ਦਾ ਮਤਲਬ ਇਹ ਨਹੀਂ ਲੈ ਲੈਣਾ ਚਾਹੀਦਾ ਕਿ ਮੁਲਕ ਹੀ ਕਬੱਡੀ ਖੇਡਣ ਲੱਗ ਪਿਆ ਜਾਂ ਕਬੱਡੀ ਐਨੇ ਮੁਲਖਾਂ ਦੀ ਖੇਡ ਬਣ ਗਈ! ਕਬੱਡੀ ਦੇ ਟੂਰਨਾਮੈਂਟ ਕੇਵਲ ਉਨ੍ਹਾਂ ਮੁਲਕਾਂ ਵਿਚ ਹੀ ਹੁੰਦੇ ਹਨ ਜਿਥੇ ਪੰਜਾਬੀ ਚੋਖੀ ਗਿਣਤੀ ਵਿਚ ਵਸਦੇ ਹਨ।

ਕਿਸੇ ਖੇਡ ਨੂੰ ਪਾਪੂਲਰ ਕਰਨ ਵਿਚ ਟੀ. ਵੀ. ਦਾ ਬਹੁਤ ਵੱਡਾ ਰੋਲ ਹੈ। ਕ੍ਰਿਕਟ ਦੀ ਗੁੱਡੀ ਟੀ. ਵੀ. ਨੇ ਹੀ ਚੜ੍ਹਾਈ ਸੀ। ਕਬੱਡੀ ਵਿਸ਼ਵ ਕੱਪ ਨੂੰ ਟੀ. ਵੀ. ਉਤੇ ਵਿਖਾਉਣ ਨਾਲ ਵਿਸ਼ਾਲ ਦਰਸ਼ਕ ਸਮੂਹ ਮਿਲਿਆ। ਦੇਸ਼ ਵਿਚ ਹੀ ਨਹੀਂ ਬਦੇਸ਼ਾਂ 'ਚ ਵੀ ਲੋਕ ਕੰਮ-ਕਾਰ ਛੱਡ ਕੇ ਟੀ. ਵੀ. ਤੋਂ ਕਬੱਡੀ ਦੇ ਮੈਚ ਵੇਖਦੇ ਰਹੇ। ਫੋਨਾਂ ਉਤੇ ਕਬੱਡੀ ਦੀਆਂ ਗੱਲਾਂ ਕਰਦੇ ਰਹੇ। ਤਾਂਘੀਆਂ ਕਰਦੇ ਰਹੇ ਕਿ ਅਗਲੇ ਮੈਚ ਜ਼ਰੂਰ ਵੇਖਿਓ। ਪਾਕਿਸਤਾਨ ਦੇ ਪਿੰਡਾਂ ਵਿਚ ਲੋਕਾਂ ਨੇ ਨਵੇਂ ਟੀ. ਵੀ. ਸੈਟ ਖਰੀਦੇ, ਜੈਨਰੇਟਰ ਲਾਏ ਤੇ ਵੱਡੀਆਂ ਸਕਰੀਨਾਂ ਲਾ ਕੇ 'ਕਠਿਆਂ ਕੌਡੀ ਦੇ ਨਜ਼ਾਰੇ ਤੱਕੇ। ਕਬੱਡੀ ਦੀਆਂ ਗੱਲਾਂ ਮਾਲਵੇ, ਦੁਆਬੇ ਤੇ ਮਾਝੇ ਤੋਂ 'ਗਾਂਹ ਸਾਂਦਲ ਬਾਰ, ਨੀਲੀ ਬਾਰ ਤੇ ਗੰਜੀ ਬਾਰ' ਤਕ ਹੁੰਦੀਆਂ ਰਹੀਆਂ। ਪਰਦੇਸਾਂ 'ਚ ਵਸਦੇ ਪੰਜਾਬੀਆਂ ਵਿਚ ਵੀ ਤੁਰੀਆਂ। ਕਬੱਡੀ ਗਿੱਧੇ ਭੰਗੜੇ ਵਾਂਗ ਪੰਜਾਬੀਆਂ ਦੀ ਪਛਾਣ ਬਣ ਗਈ।

ਖੇਡਾਂ ਨੂੰ ਕਮਰਸ਼ਲ ਨਜ਼ਰੀਏ ਤੋਂ ਵੇਖਣ ਵਾਲੇ ਕਾਰਪੋਰੇਟ ਅਦਾਰੇ ਹੁਣ ਕਬੱਡੀ 'ਚ ਕਰੋੜਾਂ ਅਰਬਾਂ ਰੁਪਏ ਦਾ ਬਿਜ਼ਨਸ ਵੇਖਣ ਲੱਗੇ ਹਨ। ਕਬੱਡੀ ਦੀ ਖੇਡ ਜੱਫੋ-ਜੱਫੀ ਤੇ ਧੱਕੋ-ਧੱਕੀ ਹੋਣ ਦੇ ਕਰਤਬਾਂ ਨਾਲ ਭਰੀ ਪਈ ਹੈ ਜਿਨ੍ਹਾਂ 'ਚ ਆਖ਼ਰਾਂ ਦੀ ਖਿੱਚ ਹੈ। ਇਕ ਮੈਚ 'ਚ ਅੱਸੀ ਨੱਬੇ ਵਾਰ ਜੁੱਸੇ ਭਿੜਦੇ ਅਤੇ ਖਿਡਾਰੀ ਇਕ ਦੂਜੇ ਨਾਲ ਖਹਿੰਦੇ ਤੇ ਗੁਥਮਗੁੱਥਾ ਹੁੰਦੇ ਹਨ। ਗੁੱਟ-ਗਿੱਟੇ ਫੜੇ ਜਾਂਦੇ, ਬਗਲਾਂ ਭਰੀਆਂ ਜਾਂਦੀਆਂ, ਜੱਫੇ ਲੱਗਦੇ ਤੇ ਕੈਂਚੀਆਂ ਵੱਜਦੀਆਂ ਹਨ। ਦੋ ਬੰਦੇ ਕਿਤੇ ਵੀ ਗੁਥਮਗੁੱਥਾ ਹੋ ਰਹੇ ਹੋਣ ਤਾਂ ਰਾਹ ਖਹਿੜੇ ਤੁਰੇ ਜਾਂਦੇ ਲੋਕ ਵੀ ਖੜ੍ਹ ਕੇ ਵੇਖਣ ਲੱਗ ਪੈਂਦੇ ਹਨ। ਕਬੱਡੀ ਵਿਚ ਖਿੱਚਾਧੂਹੀ ਦਾ ਐਕਸ਼ਨ ਪਹਿਲਾਂ ਹੀ ਹੈ। ਟੀ. ਵੀ. ਲਈ ਕਬੱਡੀ, ਕ੍ਰਿਕਟ ਤੋਂ ਵੀ ਵੱਧ ਕਮਰਸ਼ਲ ਖੇਡ ਹੋ ਸਕਦੀ ਹੈ। ਪੰਜਾਬ ਸਰਕਾਰ ਵੱਲੋਂ ਕਰਾਏ ਜਾਂਦੇ ਕਬੱਡੀ ਦੇ ਵਿਸ਼ਵ ਕੱਪਾਂ ਨੇ ਅਖਾੜਾ ਬੰਨ੍ਹ ਦਿੱਤਾ ਹੈ। ਕਬੱਡੀ ਦੇ ਬੂਟੇ ਦਰਜਨ ਤੋਂ ਵੱਧ ਮੁਲਕਾਂ ਵਿਚ ਲਾ ਦਿੱਤੇ ਹਨ। ਹੁਣ ਵਿਸ਼ਵ ਕਬੱਡੀ ਲੀਗ ਦੀ ਉਡੀਕ ਹੈ। ਵੇਖਦੇ ਹਾਂ ਇਹ ਕਦੋਂ ਸ਼ੁਰੂ ਹੁੰਦੀ ਹੈ ਤੇ ਕੌਣ ਸ਼ੁਰੂ ਕਰਦੈ?

## ਛੋਟਾ ਕੱਦ ਵੱਡਾ ਕੱਦ

(ਪਿਛਲੇ ਸਫੇ ਦੀ ਬਾਕੀ)

ਆਦੀ ਹੁੰਦੀਆਂ ਹਨ। ਇਸ ਦੇ ਉਲਟ ਮਧਰੀਆਂ ਨੂੰ ਆਪਣੇ ਹਾਣੀ-ਮਿੱਤਰਾਂ ਵੱਲ ਸਿਰ ਉਚਿਆ ਕੇ ਵੇਖਣ ਦੀ ਆਦਤ ਹੁੰਦੀ ਹੈ। ਉਨ੍ਹਾਂ ਦੀ ਇਹ ਨਜ਼ਰ ਮਰਦਾਂ ਦੇ ਅਹੰ ਨੂੰ ਪੱਠੇ ਪਾਉਂਦੀ ਹੈ।

ਕੋਈ ਪੁਰਸ਼ ਕਿਸੇ ਛੋਟੇ ਕੱਦ ਵਾਲੀ ਇਸਤਰੀ ਨੂੰ ਕਲਾਵੇ ਵਿਚ ਲੈਣ ਲੱਗਿਆਂ ਉਸ ਪ੍ਰਤੀ ਸੁਰੱਖਿਆ ਦੀ ਭਾਵਨਾ ਰੱਖਦਾ ਹੈ। ਦੋਹਾਂ ਦੀ ਅਚੇਤ ਸਰੀਰਕ ਭਾਸ਼ਾ ਦੁਵੱਲੇ ਆਕਰਸ਼ਣ ਅਤੇ ਮੋਹ ਦਾ ਕਾਰਨ ਬਣਦੀ ਹੈ।

ਕੁਦਰਤ ਵੱਲੋਂ ਹੀ ਨਰ ਅਗਰੈਸਿਵ (ਹਮਲਾਵਰ) ਇਕਾਈ ਹੈ, ਐਕਟਿਵ; ਤੇ ਮਦੀਨ ਕਾਰਜਹੀਣ ਯਾਨਿ ਪੈਸਿਵ।

ਸਮਰਪਿਤ ਹੋਣ ਵਿਚ ਔਰਤ ਦਾ ਛੋਟਾ ਕੱਦ ਅਹਿਮ ਰੋਲ ਨਿਭਾਉਂਦਾ ਹੈ। ਬਰਾਬਰ ਦੀ ਜਾਂ ਤਗੜੀ-ਲੰਮੇਰੀ ਔਰਤ ਨੂੰ ਕੋਈ ਮਰਦ ਕਲਾਵੇ ਵਿਚ ਤਾਂ ਲੈ ਲਏਗਾ ਪਰ ਉਸ ਨੂੰ ਚੁੱਕਣ ਦੀ ਹਿੰਮਤ ਕਿਵੇਂ ਕਰੇਗਾ? ਲੋਕ-ਗੀਤਾਂ ਵਿਚ ਇਸ ਤੱਥ ਦੀ ਭਰਪੂਰ ਗਵਾਹੀ ਮਿਲਦੀ ਹੈ।

ਛੋਟੇ ਕੱਦ ਵਾਲੀ ਇਸਤਰੀ ਦੇ ਸਾਥ ਵਿਚ ਪੁਰਸ਼ ਆਪਣੇ ਆਪ ਨੂੰ ਸੰਪੂਰਨ ਅਤੇ ਵਧੇਰੇ ਸੁਰੱਖਿਅਤ ਸਮਝਦਾ ਹੈ।

ਆਪਣੇ ਪਹਿਲੇ ਗਰਭ-ਕਾਲ ਦੌਰਾਨ ਮੈਂ ਹੋਣ ਵਾਲੇ ਬਾਲਕ ਦੇ ਲੰਮੇ ਕੱਦ ਲਈ ਪਾਠ ਅਰਦਾਸਾਂ ਕਰਦੀ ਰਹੀ। ਦਿਨ ਰਾਤ, ਲਗਾਤਾਰ। ਨਵਜਾਤ ਬੱਚੇ, ਸੰਨੀ ਨੂੰ ਪਹਿਲੀ ਨਜ਼ਰੇ ਜਿਸ ਨੇ ਵੇਖਿਆ, 'ਵਾਹ ਵਾਹ ਲੰਮਾ' ਆਖਿਆ। ਸੂਖਮ ਸਰੀਰ ਵਾਲੀ ਮਾਂ ਦਾ ਪੁੱਤਰ, ਸੰਨੀ ਛੇ ਫੁੱਟਾ ਹੈ।

ਸੱਸ ਸਮੇਤ ਮੇਰੀਆਂ ਸਾਰੀਆਂ ਹੀ ਨਣਾਨਾਂ ਤੇ ਦਰਾਣੀਆਂ ਜਠਾਣੀਆਂ ਲੰਮੀਆਂ ਜਾਂ ਮਝਲੇ ਕੱਦ ਦੀਆਂ ਹਨ ਪਰ ਕਿਸੇ ਦੇ ਵੀ ਬਾਲਕ ਨੇ ਏਨਾ ਲੰਮਾ ਕੱਦ ਨਹੀਂ ਕੱਢਿਆ। ਸ਼ਾਇਦ ਇਸ ਲਈ ਕਿ ਉਨ੍ਹਾਂ ਮਾਂਵਾਂ ਲਈ ਇਹ ਏਨੀ ਗੰਭੀਰ ਚਿੰਤਾ ਦਾ ਮਸਲਾ ਨਹੀਂ ਸੀ।

ਸੰਨੀ ਜ਼ਰੂਰ ਮੇਰੀ ਚੇਤਨਾ ਦੀ ਅੰਤਰੀਵ ਲੋਚਾ ਦੀ ਪ੍ਰਬਲਤਾ ਦਾ ਸਿੱਟਾ ਹੋਵੇਗਾ। ਮੇਰਾ ਵਿਸ਼ਵਾਸ ਹੈ।

ਸਾਗਰ ਤੱਟ 'ਤੇ ਵਸਦੇ ਮਹਾਂਨਗਰ ਮੁੰਬਈ, ਕਲਕੱਤਾ ਜਾਂ ਮਦਰਾਸ ਵਿਚ ਪ੍ਰਵੇਸ਼ ਕਰਦਿਆਂ ਪਹਿਲੀ ਨਜ਼ਰ ਦੇ ਪ੍ਰਭਾਵ ਅਨੁਸਾਰ ਉਥੋਂ ਦੀਆਂ ਇਸਤਰੀਆਂ ਉਤਰੀ ਭਾਰਤ ਦੀਆਂ ਔਰਤਾਂ ਦੇ ਮੁਕਾਬਲੇ ਲੰਮੇਰੀਆਂ, ਇਕਹਿਰੇ ਬਦਨ ਵਾਲੀਆਂ, ਗੁੰਦਵੀਆਂ ਅਰ ਗਠੀਲੀਆਂ ਪ੍ਰਤੀਤ ਹੁੰਦੀਆਂ ਹਨ। ਇਹ ਸੁਭਾਵਕ ਵੀ ਹੈ।

ਸਾਗਰ ਦੀ ਮੱਛੀ ਪਹਾੜਾਂ ਦੀ ਦਰਿਆਈ ਮੱਛੀ ਨਾਲੋਂ ਲੰਮੇਰੀ ਨਹੀਂ?

ਹੈ ਕੋਈ ਹੋਰ ਬਿਰਛ ਜੋ ਨਾਰੀਅਲ ਜਾਂ ਤਾੜ ਦੇ ਕੱਦ ਦੇ ਬਰਾਬਰ ਦਾ ਹੋਵੇ?

ਕੀ ਵੇਲ੍ਹ ਮੱਛੀ ਜਾਂ ਮਗਰਮੱਛ ਉਤਰ ਦੇ ਤ੍ਰਿਖੇ ਦਰਿਆਵਾਂ ਵਿਚ ਜੀ ਸਕਦੇ ਹਨ?

ਸਮੁੰਦਰ ਦੇ ਕੰਢੇ 'ਤੇ ਆਕਸੀਜਨ ਦੇ ਖੁੱਲ੍ਹੇ ਗੱਫੇ ਮਿਲਦੇ ਹਨ ਤੇ ਪਹਾੜਾਂ 'ਤੇ?

ਜਿਉਂ-ਜਿਉਂ ਉਪਰ ਨੂੰ ਜਾਂਦੇ ਜਾਈਏ, ਆਕਸੀਜਨ ਦੀ ਘਾਟ ਹੀ ਘਾਟ। ਇਹੀ ਕਾਰਨ ਹੈ ਕਿ ਉਤਰੀ ਭਾਰਤ ਵਿਚ ਔਸਤ ਜ਼ਨਾਨਾ ਕੱਦ ਪੰਜ ਫੁੱਟ ਦੇ ਕਰੀਬ ਹੀ ਹੈ। ਜਿਵੇਂ-ਜਿਵੇਂ ਹੋਰ ਉਪਰ ਪਹਾੜਾਂ ਵੱਲ ਚੜ੍ਹਦੇ ਜਾਂਦੇ ਹਾਂ, ਕੱਦ ਛੁਟੇਰਾ ਵੇਖਦੇ ਹਾਂ। ਪਹਾੜੀਏ, ਤਿੱਬਤੀ ਜਾਂ ਨੇਪਾਲੀ ਇਸ ਦੇ ਗਵਾਹ ਹਨ।

ਬਾਲ ਉਮਰੇ ਮੈਂ ਆਪਣੇ ਗਿੱਠੇਪਣ ਤੋਂ ਏਨੀ ਦੁਖੀ ਸਾਂ ਕਿ ਤਿੱਬਤ ਜਾਂ ਨੇਪਾਲ ਜਾ ਵੱਸਣ ਦੇ ਮਨਸੂਬੇ ਬਣਾਉਂਦੀ ਪਰ ਫੇਰ ਸੋਚਦੀ ਕਿ ਉਥੇ ਰਹਿੰਦਿਆਂ ਫਿਰ ਵਿਆਹ ਵੀ ਤਾਂ ਕਿਸੇ ਗਿੱਠੇ ਨਾਲ ਹੀ ਕਰਨਾ ਪਵੇਗਾ; ਤੇ ਫੇਰ ਆਉਣ ਵਾਲੀ ਔਲਾਦ? ਉਹ ਤਾਂ ਨਿਰੀ ਬੌਣੀ ਹੀ ਹੋਵੇਗੀ!

#

# ਨਵੇਂ ਸਾਲ ਦਾ ਸਵਾਗਤ ਕਿਵੇਂ ਕਰੀਏ




ਗੁਰਬਚਨ ਸਿੰਘ ਭੁੱਲਰ

ਫੋਨ: 91-11-65736868

bhullargs@gmail.com


ਨਵੇਂ ਸਾਲ ਦਾ ਪਹਿਲਾ ਦਿਨ ਪਹਿਲੀ ਜਨਵਰੀ ਜਸ਼ਨਾਂ ਨਾਲ ਮਨਾਇਆ ਜਾਂਦਾ ਹੈ। ਜੇ ਪੂਰੀ ਦੁਨੀਆਂ ਵਿਚ ਨਾ ਵੀ ਕਹੀਏ, ਦੁਨੀਆਂ ਦੇ ਵੱਡੇ ਹਿੱਸੇ ਵਿਚ ਇਹ ਇਕ ਵੱਡਾ ਤਿਉਹਾਰ ਬਣ ਚੁਕਾ ਹੈ। ਬਹੁਤ ਸਾਰੇ ਅਫ਼ਰੀਕੀ ਤੇ ਏਸ਼ੀਆਈ ਦੇਸਾਂ ਦੇ ਆਪਣੇ ਆਪਣੇ ਸਾਲ ਹਨ ਜੋ ਵੱਖ ਵੱਖ ਦਿਨਾਂ ਨੂੰ ਸ਼ੁਰੂ ਹੁੰਦੇ ਹਨ। ਪੰਜਾਬ ਦਾ ਪਰੰਪਰਾਗਤ ਨਵਾਂ ਸਾਲ ਵਿਸਾਖੀ ਨੂੰ ਸ਼ੁਰੂ ਹੁੰਦਾ ਹੈ। ਇਸੇ ਤਰ੍ਹਾਂ ਭਾਰਤ ਦੇ ਹੋਰ ਅਨੇਕ ਇਲਾਕਿਆਂ ਦੇ ਆਪਣੇ ਆਪਣੇ ਸਾਲ ਹਨ ਜਿਨ੍ਹਾਂ ਦਾ ਅਰੰਭ ਫ਼ਸਲਾਂ ਪੱਕਣ ਨਾਲ ਜਾਂ ਹੋਰ ਕਿਸੇ ਸਥਾਨਕ ਘਟਨਾ ਨਾਲ ਜੁੜਿਆ ਹੋਇਆ ਹੈ। ਭਾਰਤ ਦੇ ਲੋਕਾਂ ਦੇ ਅਨੇਕ ਤਿਉਹਾਰ ਹਨ ਜੋ ਇਲਾਕਿਆਂ, ਧਰਮਾਂ, ਭਾਈਚਾਰਿਆਂ, ਆਦਿ ਨਾਲ ਜੁੜੇ ਹੋਏ ਹਨ ਪਰ ਇਕ ਜਨਵਰੀ ਦੇ ਜਸ਼ਨ ਨੇ ਸਾਂਝਾ ਰੂਪ ਧਾਰ ਲਿਆ ਹੈ ਜਿਸ ਕਰਕੇ ਇਸ ਨੂੰ ਸਭ ਦੇਸਾਂ, ਧਰਮਾਂ ਤੇ ਭਾਈਚਾਰਿਆਂ ਦੇ ਲੋਕ ਇਕ ਸਰਬ-ਸਾਂਝਾ ਤਿਉਹਾਰ ਮੰਨਣ ਲੱਗ ਪਏ ਹਨ।

ਪਹਿਲੀ ਜਨਵਰੀ ਨੂੰ ਨਵਾਂ ਸਾਲ ਮਨਾਏ ਜਾਣ ਦੀ ਰੀਤ ਨੂੰ ਬਹੁਤੇ ਲੋਕ ਈਸਾ ਮਸੀਹ ਅਤੇ ਈਸਾਈ ਧਰਮ ਨਾਲ ਜੁੜੀ ਹੋਈ ਸਮਝਦੇ ਹਨ। ਸ਼ਾਇਦ ਇਹ ਗੱਲ ਹੈਰਾਨੀ ਵਾਲੀ ਲੱਗੇ ਪਰ ਇਹ ਧਾਰਨਾ ਪੂਰਨ ਸੱਚ ਨਹੀਂ। ਇਸ ਰੀਤ ਦਾ ਅਰੰਭ ਈਸਾ ਦੇ ਜਨਮ ਤੋਂ ਬਹੁਤ ਪਹਿਲਾਂ ਰੋਮਨ ਸਾਮਰਾਜ ਵਿਚ ਹੋ ਚੁੱਕਿਆ ਸੀ। ਉਸ ਸਮੇਂ ਦੇ ਰੋਮਨ ਲੋਕ ਪੁਰਾਤਨ ਭਾਰਤੀਆਂ ਵਾਂਗ ਹੀ ਅਨੇਕ ਦੇਵਤਿਆਂ ਦੀ ਪੂਜਾ ਕਰਦੇ ਸਨ। ਉਨ੍ਹਾਂ ਵਿਚੋਂ ਇਕ ਦੇਵਤੇ ਦਾ ਨਾਂ ਜਾਨੁਸ ਸੀ। ਉਹਨੂੰ ਉਹ ਦਰ-ਦਰਵਾਜ਼ਿਆਂ ਦਾ ਦੇਵਤਾ ਮੰਨਦੇ ਸਨ। ਉਨ੍ਹਾਂ ਨੇ ਸੋਚਿਆ, ਸਾਲ ਦਾ ਪਹਿਲਾ ਮਹੀਨਾ ਵੀ ਨਵੇਂ ਸਾਲ ਦਾ ਦਰ ਖੋਲ੍ਹਦਾ ਹੈ। ਇਸ ਕਰਕੇ ਆਪਣੇ ਕੈਲੰਡਰ ਵਿਚ ਉਨ੍ਹਾਂ ਨੇ ਸਾਲ ਦੇ ਪਹਿਲੇ ਮਹੀਨੇ ਦਾ ਨਾਂ ਜਾਨੁਸ ਦੇਵਤੇ ਦੇ ਨਾਂ ਤੋਂ ਜਨਵਰੀ ਰੱਖ ਲਿਆ। ਇਉਂ ਜਨਵਰੀ ਦਾ ਪਹਿਲਾ ਦਿਨ ਨਵੇਂ ਸਾਲ ਦੇ ਅਰੰਭ ਵਜੋਂ ਮਨਾਇਆ ਜਾਣ ਲੱਗਿਆ।

ਈਸਾ ਮਸੀਹ ਦੇ ਜਨਮ ਤੋਂ ਪਹਿਲਾਂ ਹੀ ਪਹਿਲੀ ਜਨਵਰੀ ਨੂੰ ਨਵਾਂ ਸਾਲ ਮਨਾਏ ਜਾਣ ਦੀ ਇਹ ਰੀਤ ਦੁਨੀਆਂ ਦੇ ਉਸ ਹਿੱਸੇ ਵਿਚ ਵੱਡੇ ਪੈਮਾਨੇ ਉਤੇ ਪ੍ਰਵਾਨ ਹੋ ਚੁੱਕੀ ਸੀ। ਉਨ੍ਹਾਂ ਦਾ ਜਨਮ, ਜਿਵੇਂ ਅਸੀਂ ਜਾਣਦੇ ਹੀ ਹਾਂ, 25 ਦਸੰਬਰ ਨੂੰ ਹੋਇਆ। ਉਨ੍ਹਾਂ ਦਾ ਪਰਿਵਾਰ ਜਿਸ ਕਬੀਲੇ ਵਿਚੋਂ ਸੀ, ਉਸ ਵਿਚ ਅੱਠਵੇਂ ਦਿਨ ਨਵੇਂ ਜਨਮੇ ਬਾਲ ਦੇ ਸਬੰਧ ਵਿਚ ਵਿਸ਼ੇਸ਼ ਰਸਮ ਨਿਭਾਈ ਜਾਂਦੀ ਸੀ ਅਤੇ ਖ਼ੂਬ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਸਨ। ਸਬੱਬ ਨਾਲ 25 ਦਸੰਬਰ ਤੋਂ ਗਿਣਿਆਂ ਈਸਾ ਮਸੀਹ ਦਾ ਅੱਠਵਾਂ ਦਿਨ ਵੀ ਪਹਿਲੀ ਜਨਵਰੀ ਨੂੰ ਪੈ ਗਿਆ। ਇਉਂ ਪਹਿਲਾਂ ਤੋਂ ਹੀ ਨਵੇਂ ਸਾਲ ਵਜੋਂ ਮਨਾਏ ਜਾਂਦੇ ਦਿਨ ਨੂੰ ਹੋਰ ਬਹੁਤਾ ਮਹੱਤਵ ਮਿਲ ਗਿਆ। ਪਰ ਉਸ ਸਮੇਂ ਆਵਾਜਾਈ ਦੇ ਅਤੇ ਲੋਕਾਂ ਦੇ ਮੇਲਜੋਲ ਦੇ ਸਾਧਨ ਅੱਜ ਵਰਗੇ ਤੇਜ਼ ਨਹੀਂ ਸਨ। ਸੁਭਾਵਿਕ ਸੀ ਕਿ ਬਾਹਰਲੇ ਅਸਰ ਕਬੂਲਣ ਦਾ ਅਮਲ ਵੀ ਧੀਮਾ ਹੀ ਹੁੰਦਾ ਸੀ। ਇਸੇ ਕਰਕੇ ਈਸਾ ਮਸੀਹ ਤੋਂ ਬਹੁਤ ਮਗਰੋਂ ਤੱਕ ਯੂਰਪੀ ਦੇਸਾਂ ਵਿਚ ਵੀ ਨਵਾਂ ਸਾਲ ਵੱਖ ਵੱਖ ਦਿਨਾਂ ਨੂੰ ਮਨਾਇਆ ਜਾਂਦਾ ਰਿਹਾ। ਤਾਂ ਵੀ ਰੋਮਨਾਂ ਦੇ ਜਾਨੁਸ ਦੇਵਤੇ ਤੋਂ ਸ਼ੁਰੂ ਹੋਇਆ ਪਹਿਲੀ ਜਨਵਰੀ ਦਾ ਦਿਨ ਹੌਲੀ ਹੌਲੀ ਹਰ ਅਜਿਹੀ ਥਾਂ ਮਨਾਇਆ ਜਾਣ ਲੱਗਿਆ ਜਿਥੇ ਜਿਥੇ ਵੀ ਈਸਾ ਦੇ ਨਾਮਲੇਵਾ ਰਹਿੰਦੇ ਸਨ।

ਕੁਛ ਸਦੀਆਂ ਪਹਿਲਾਂ ਯੂਰਪੀ ਦੇਸਾਂ ਨੂੰ ਦੂਜੇ ਮਹਾਂਦੀਪਾਂ ਦੇ ਦੇਸਾਂ ਦੀਆਂ ਦੌਲਤਾਂ ਅਤੇ ਨਿਆਮਤਾਂ ਲਲਚਾਉਣ ਲੱਗੀਆਂ। ਉਨ੍ਹਾਂ ਨੂੰ ਲੁੱਟਣ ਖ਼ਾਤਰ ਯੂਰਪੀ ਦੇਸਾਂ ਨੇ ਸਿੱਧੇ ਹਮਲਿਆਂ ਸਮੇਤ ਹਰ ਛਲ-ਕਪਟ ਤੇ ਚਤੁਰਾਈ ਵਰਤ ਕੇ ਇਨ੍ਹਾਂ ਦੇਸਾਂ ਉਤੇ ਕਬਜ਼ੇ ਕੀਤੇ ਅਤੇ ਰਾਜ ਕਰਨ ਲੱਗੇ। ਬਰਤਾਨੀਆ, ਫ਼ਰਾਂਸ, ਸਪੇਨ, ਪੁਰਤਗਾਲ ਜਿਹੇ ਹਮਲਾਵਰ ਦੇਸਾਂ ਨੇ ਆਪਣੇ ਆਪਣੇ ਵਿਸ਼ਾਲ ਸਾਮਰਾਜ ਕਾਇਮ ਕਰ ਲਏ। ਹਿੰਦੋਸਤਾਨ ਬਰਤਾਨਵੀ ਸਾਮਰਾਜ ਦਾ ਅੰਗ ਬਣ ਗਿਆ। ਕੁਦਰਤੀ ਸੀ ਕਿ ਇਨ੍ਹਾਂ ਸਾਮਰਾਜਾਂ ਵਿਚ ਨਵੇਂ ਹਾਕਮਾਂ ਦੇ ਨਾਲ ਹੀ ਉਨ੍ਹਾਂ ਦੇ ਰੀਤੀ-ਰਿਵਾਜ, ਭਾਸ਼ਾ, ਸਭਿਆਚਾਰ, ਤਿਉਹਾਰ ਆਦਿ ਵੀ ਪੁਜਦੇ। 'ਜਥਾ ਰਾਜਾ ਤਥਾ ਪਰਜਾ' ਦੀ ਕਹਾਵਤ ਅਨੁਸਾਰ ਇਸ ਸਭ ਕੁਛ ਦਾ ਪ੍ਰਭਾਵ ਸਥਾਨਕ ਰਹਿਣ-ਸਹਿਣ ਉਤੇ ਪੈਣਾ ਸੁਭਾਵਿਕ ਸੀ। ਇਸ ਸਦਕਾ ਉਨ੍ਹਾਂ ਵਾਲਾ ਕੈਲੰਡਰ ਅਤੇ ਪਹਿਲੀ ਜਨਵਰੀ ਨੂੰ ਨਵੇਂ ਸਾਲ ਦੇ ਦਿਨ ਵਜੋਂ ਮਨਾਏ ਜਾਣ ਦਾ ਰਿਵਾਜ ਸਾਡੇ ਜੀਵਨ ਦਾ ਵੀ ਅੰਗ ਬਣ ਗਿਆ।




ਹੁਣ ਸਾਮਰਾਜ ਖ਼ਤਮ ਹੋ ਗਏ ਹਨ ਪਰ ਵਿਗਿਆਨ ਦੀ ਤਰੱਕੀ ਨਾਲ ਦੁਨੀਆਂ ਦੇ ਦੇਸਾਂ ਵਿਚਕਾਰ ਆਵਾਜਾਈ, ਲੈਣ-ਦੇਣ, ਵਪਾਰ ਆਦਿ ਸਾਧਾਰਨ ਗੱਲਾਂ ਬਣ ਗਏ ਹਨ। ਇਨ੍ਹਾਂ ਸਭ ਕੰਮਾਂ ਦੀ ਪੂਰਤੀ ਵਿਚ ਕਈ ਸਾਂਝੀਆਂ ਚੀਜ਼ਾਂ ਸਹਾਈ ਹੁੰਦੀਆਂ ਹਨ। ਕੈਲੰਡਰ ਦੀ ਸਾਂਝ ਉਨ੍ਹਾਂ ਵਿਚੋਂ ਇਕ ਹੈ। ਇਸੇ ਕਰਕੇ ਪਹਿਲੀ ਜਨਵਰੀ ਤੋਂ ਸ਼ੁਰੂ ਹੁੰਦੇ ਸਾਲ ਵਾਲਾ ਕੈਲੰਡਰ ਹੁਣ ਲਗਭਗ ਸਾਰੀ ਦੁਨੀਆਂ ਵਿਚ ਪਰਵਾਨਿਆ ਜਾ ਚੁੱਕਿਆ ਹੈ। ਸਮੇਂ ਨਾਲ ਲੋਕਾਂ ਦੀ ਨਜ਼ਰ ਵਿਚ ਇਸ ਦਾ ਰੋਮਨ ਮੁੱਢ ਅਤੇ ਈਸਾਈ ਆਧਾਰ ਵੀ ਫਿੱਕਾ ਪੈ ਗਿਆ ਅਤੇ ਇਹਨੇ ਨਿਰੋਲ ਦੁਨਿਆਵੀ ਨਵੇਂ ਸਾਲ ਦੇ ਜਸ਼ਨ ਦਾ ਰੂਪ ਧਾਰ ਲਿਆ।

ਤਿਉਹਾਰ ਖ਼ੁਸ਼ੀ ਲਿਆਉਂਦੇ ਹਨ ਅਤੇ ਲੋਕਾਂ ਦੇ ਮਨ ਵਿਚ ਵਸ ਜਾਂਦੇ ਹਨ। ਹੁਣ ਕਾਰੋਬਾਰੀ ਤੇ ਵਪਾਰੀ ਆਮ ਲੋਕਾਂ ਦੇ ਇਸ ਜਜ਼ਬੇ ਦਾ ਲਾਹਾ ਲੈ ਕੇ ਹਰ ਤਿਉਹਾਰ ਨੂੰ ਮਾਇਆ ਕਮਾਉਣ ਦਾ ਵਸੀਲਾ ਬਣਾਉਣ ਲੱਗੇ ਹਨ। ਲੋਕਾਂ ਵਿਚ ਕਿਸੇ ਤਿਉਹਾਰ ਦੀ ਕੁਦਰਤੀ ਖਿੱਚ ਤੋਂ ਇਲਾਵਾ ਪ੍ਰਚਾਰ ਰਾਹੀਂ ਉਸ ਵਿਚ ਨਵੇਂ ਨਵੇਂ ਪੱਖ ਜੋੜੇ ਜਾਂਦੇ ਹਨ। ਇਸ ਨੀਤੀ ਅਧੀਨ ਸਾਡੇ ਦੇਸ਼ ਵਿਚ ਵੀ ਅਜਿਹੇ ਤਿਉਹਾਰ ਮਨਾਏ ਜਾਣੇ ਸ਼ੁਰੂ ਹੋ ਗਏ ਹਨ ਜਿਨ੍ਹਾਂ ਦਾ ਪਹਿਲਾਂ ਕਦੀ ਕਿਸੇ ਨੇ ਨਾਂ ਵੀ ਨਹੀਂ ਸੀ ਸੁਣਿਆ। ਸਾਡੇ ਜੀਵਨ ਵਿਚ ਤਾਂ ਹਰ ਦਿਨ ਆਪਣਿਆਂ ਦਾ ਦਿਨ ਹੁੰਦਾ ਸੀ। ਹੁਣ 'ਦੋਸਤੀ ਦਿਵਸ', 'ਮਾਤਾ ਦਿਵਸ', 'ਪਿਤਾ ਦਿਵਸ', 'ਭੈਣ ਦਿਵਸ', 'ਭਰਾ ਦਿਵਸ' ਤੇ ਹੋਰ ਪਤਾ ਨਹੀਂ ਕਿਹੜੇ ਕਿਹੜੇ ਦਿਵਸਾਂ ਨੂੰ ਕਰੋੜਾਂ ਰੁਪਏ ਦੇ ਕਾਰਡ ਤੇ ਤੋਹਫ਼ੇ ਵਿਕਦੇ ਹਨ।

ਸ਼ਹਿਰਾਂ ਵਿਚ ਨਵੇਂ ਸਾਲ ਦੀ ਰਾਤ ਵਾਸਤੇ ਪ੍ਰਸਿੱਧ ਹੋਟਲਾਂ ਵਿਚ ਆਮ ਨਾਲੋਂ ਕਈ ਗੁਣਾ ਵੱਧ ਦਰ ਨਾਲ ਪਹਿਲਾਂ ਹੀ ਬੁਕਿੰਗ ਹੋ ਜਾਂਦੀ ਹੈ। ਇਹ ਸੁਣ ਕੇ ਆਮ ਆਦਮੀ ਹੈਰਾਨ ਰਹਿ ਜਾਂਦਾ ਹੈ ਕਿ ਅਮਕੇ ਹੋਟਲ ਨੇ ਨਵੇਂ ਸਾਲ ਦੀ ਰਾਤ ਇਕ ਘੰਟੇ ਦਾ ਨਾਚ ਪੇਸ਼ ਕਰਨ ਵਾਸਤੇ ਅਮਕੀ ਪ੍ਰਸਿੱਧ ਅਭਿਨੇਤਰੀ ਨੂੰ ਇਕ, ਡੇਢ ਜਾਂ ਦੋ ਕਰੋੜ ਰੁਪਿਆ ਦਿੱਤਾ ਹੈ। ਇਹ ਪੈਸਾ ਪੂਰਾ ਕਰਨ ਲਈ ਅਤੇ ਖੁੱਲ੍ਹਾ ਨਫ਼ਾ ਕਮਾਉਣ ਲਈ ਉਸ ਹੋਟਲ ਦਾ ਬੂਹਾ ਖੋਲ੍ਹਣ ਵਾਸਤੇ ਗਾਹਕ ਦੀ ਜੇਬ ਕਿੰਨੀ ਕੱਟੀ ਜਾਂਦੀ ਹੋਵੇਗੀ, ਇਹ ਅੰਦਾਜ਼ਾ ਲਾਉਣਾ ਔਖਾ ਨਹੀਂ। ਮਾਇਆਧਾਰੀਆਂ ਦੀ ਗੱਲ ਤਾਂ ਛੱਡੋ, ਹੁਣ ਤਾਂ ਆਮ ਲੋਕ ਵੀ ਹੋਟਲਾਂ-ਰੈਸਟੋਰੈਂਟਾਂ ਵਿਚ ਮੌਜ-ਮੇਲਾ ਕਰਦੇ ਹਨ ਅਤੇ ਰਾਤ ਦੇ ਬਾਰਾਂ ਬਜੇ

ਚਲਦੇ-ਚਲਦੇ

ਪਟਾਕੇ ਚਲਾਉਂਦੇ ਹਨ ਤੇ ਸ਼ੁਰਲੀਆਂ ਛਡਦੇ ਹਨ। ਇੰਨਾ ਹੀ ਨਹੀਂ, ਮੰਦਰਾਂ, ਗੁਰਦੁਆਰਿਆਂ ਵਿਚ ਵੀ ਹੁਣ ਰਾਤ 12 ਵਜੇ ਨਵਾਂ ਸਾਲ ਮਨਾਇਆ ਜਾਣ ਲੱਗਾ ਹੈ, ਖ਼ਾਸ ਕਰਕੇ ਵਿਦੇਸ਼ਾਂ ਵਿਚ।

ਇਸ ਸਾਰੇ ਰਾਮਰੌਲੇ ਦੇ ਨਾਲ ਨਾਲ ਨਵੇਂ ਸਾਲ ਦੇ ਜਸ਼ਨ ਦਾ ਇਕ ਪੱਖ ਅਜਿਹਾ ਹੈ ਜੋ ਸਾਡੇ ਵਾਸਤੇ ਬਹੁਤ ਲਾਭਦਾਇਕ ਹੋ ਸਕਦਾ ਹੈ। ਅਖ਼ਬਾਰਾਂ-ਰਸਾਲਿਆਂ ਵਿਚ ਅਜਿਹੇ ਚਿਤਰ ਤੇ ਕਾਰਟੂਨ ਛਾਪੇ ਜਾਂਦੇ ਹਨ ਜਿਨ੍ਹਾਂ ਵਿਚ ਬਜ਼ੁਰਗ ਬਣਿਆ ਪੁਰਾਣਾ ਸਾਲ ਨਵੇਂ ਸਾਲ ਦੇ ਬਾਲ ਨੂੰ ਜ਼ਿੰਮੇਦਾਰੀ ਸੌਂਪ ਰਿਹਾ ਹੁੰਦਾ ਹੈ। ਅਸੀਂ ਵੀ ਪੁਰਾਣੇ ਸਾਲ ਦੇ ਨਾਲ ਹੀ ਪੁਰਾਣਾ ਬਹੁਤ ਕੁਛ ਤਿਆਗ ਕੇ ਨਵੇਂ ਸਾਲ ਨਾਲ ਨਵਾਂ ਅਰੰਭ ਕਰ ਸਕਦੇ ਹਾਂ। ਇਹ ਜਾਣਨਾ ਪਾਠਕਾਂ ਵਾਸਤੇ ਦਿਲਚਸਪ ਹੋਵੇਗਾ ਕਿ ਰੋਮਨਾਂ ਦਾ ਜਾਨੁਸ ਦੇਵਤਾ ਦੋ ਚਿਹਰਿਆਂ ਵਾਲਾ ਸੀ। ਉਹ ਅੱਗੇ ਵੀ ਦੇਖ ਸਕਦਾ ਸੀ ਤੇ ਪਿੱਛੇ ਵੀ। ਇਸੇ ਕਰਕੇ ਉਨ੍ਹਾਂ ਨੇ ਪਹਿਲੇ ਮਹੀਨੇ ਦਾ ਨਾਂ ਜਨਵਰੀ ਰੱਖ ਕੇ ਨਵੇਂ ਸਾਲ ਦੇ ਦਿਨ ਨੂੰ ਉਸ ਨਾਲ ਜੋੜਿਆ। ਇਸ ਸਿਆਣੀ ਸੋਚ ਦਾ ਅਰਥ ਇਹ ਹੈ ਕਿ ਅਸੀਂ ਵੀ ਇਸ ਦਿਨ ਬੀਤੇ ਅਤੇ ਆਉਂਦੇ ਦੋਵਾਂ ਸਾਲਾਂ ਉਤੇ ਝਾਤ ਪਾਈਏ।

ਇਸ ਦਿਨ ਪਿਛੇ ਵੱਲ ਝਾਤ ਮਾਰ ਕੇ ਸਾਨੂੰ ਇਹ ਹਿਸਾਬ-ਕਿਤਾਬ ਲਾਉਣਾ ਚਾਹੀਦਾ ਹੈ ਕਿ ਬੀਤੇ ਸਾਲ ਵਿਚ ਸਾਨੂੰ ਜੋ ਕੁਛ ਕਰਨਾ ਚਾਹੀਦਾ ਸੀ, ਉਸ ਵਿਚੋਂ ਕਿੰਨਾ ਹੋਇਆ ਅਤੇ ਕਿੰਨਾ ਅਣਕੀਤਾ ਰਹਿ ਗਿਆ। ਅਸੀਂ ਕਿਹੜੇ ਚੰਗੇ ਕੰਮ ਕੀਤੇ ਜੋ ਕਰਦੇ ਰਹਿਣਾ ਚਾਹੀਦਾ ਹੈ ਤੇ ਕਿਹੜੇ ਮਾੜੇ ਕੰਮ ਕੀਤੇ ਜਿਨ੍ਹਾਂ ਨੂੰ ਦੁਹਰਾਇਆ ਨਹੀਂ ਜਾਣਾ ਚਾਹੀਦਾ। ਇਸੇ ਪ੍ਰਕਾਰ ਨਵੇਂ ਸਾਲ ਵਾਸਤੇ ਕਰਨਯੋਗ ਕੰਮਾਂ ਦੀ ਵਿਉਂਤ ਬਣਾਉਣੀ ਚਾਹੀਦੀ ਹੈ ਅਤੇ ਕੋਈ ਬੁਰਾ ਕੰਮ ਨਾ ਕਰਨ ਦਾ ਆਪਣੇ ਆਪ ਨਾਲ ਇਕਰਾਰ ਕਰਨਾ ਚਾਹੀਦਾ ਹੈ। ਨਵੇਂ ਸਾਲ ਦਾ ਦਿਨ ਇਸ ਰੂਪ ਵਿਚ ਹੀ ਸਾਰਥਕ ਹੋ ਸਕਦਾ ਹੈ।

## *ਛਾਤੀ ਅੰਦਰਲੇ ਥੇਹ (16)*

# ਕਿੱਥੇ ਹੈ ਤੂੰ ਪਿਆਰੇ ਡੇਨੀਅਲ

*ਗੁਰਦਿਆਲ ਦਲਾਲ ਬੁਨਿਆਦੀ ਰੂਪ ਵਿਚ ਗਲਪਕਾਰ ਹੈ। ਹੁਣੇ-ਹੁਣੇ ਉਨ੍ਹਾਂ ਦਾ ਵੱਡ-ਆਕਾਰੀ ਨਾਵਲ 'ਪੈੜਾਂ' ਛਪਿਆ ਹੈ। 'ਛਾਤੀ ਅੰਦਰਲੇ ਥੇਹ' ਲੇਖ-ਲੜੀ ਵਿਚ ਉਨ੍ਹਾਂ ਆਪਣੇ ਜੀਵਨ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਵੱਖਰੇ ਢੰਗ ਨਾਲ ਕੀਤੀਆਂ ਹਨ ਜਿਹੜੀਆਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਨ੍ਹਾਂ ਗੱਲਾਂ ਦੀਆਂ ਤੰਦਾਂ, ਬੰਦੇ ਦੇ ਬੰਦਾ ਹੋਣ ਨਾਲ ਗਹਿਰੀਆਂ ਜੁੜੀਆਂ ਹੋਈਆਂ ਹਨ। ਆਸ ਹੈ, ਧੜਕਦੇ ਦਿਲ ਨਾਲ ਕੀਤੀਆਂ ਇਹ ਗੱਲਾਂ ਪਾਠਕਾਂ ਨੂੰ ਆਪਣੀਆਂ ਹੀ ਗੱਲਾਂ ਲੱਗਣਗੀਆਂ। -ਸੰਪਾਦਕ*




ਗੁਰਦਿਆਲ ਦਲਾਲ

ਫੋਨ: 91-98141-85363


ਡੇਨੀਅਲ ਓਡਲ ਅੱਜਕੱਲ੍ਹ ਆਪਣੇ ਦੇਸ਼ ਅਮਰੀਕਾ ਵਿਚ ਪਤਾ ਨਹੀਂ ਕਿੱਥੇ ਹੋਵੇਗਾ, ਪਰ ਮੇਰੇ ਦਿਲ ਵਿਚ ਉਹ ਹਮੇਸ਼ਾ ਉਵੇਂ ਹੀ ਧੜਕਦਾ ਰਹੇਗਾ। ਉਸ ਨੂੰ ਯਾਦ ਕਰਨ ਨਾਲ ਜਿਵੇਂ ਠੰਢੀ ਹਵਾ ਦਾ ਬੁੱਲਾ ਆਉਂਦਾ ਹੋਵੇ, ਦਿਲ ਵਿਚ ਮਿਸਰੀ ਘੁਲਦੀ ਹੋਵੇ। ਸੰਨ 1971-72 ਵਿਚ ਮੈਂ ਸੀ.ਆਰ. ਕਾਲਜ ਆਫ਼ ਐਜੂਕੇਸ਼ਨ ਹਿਸਾਰ ਵਿਚ ਪੜ੍ਹਾਉਂਦਾ ਸਾਂ। 'ਸਟਰੱਕਚਰਲ ਅਪਰੋਚ' ਰਾਹੀਂ ਅੰਗਰੇਜ਼ੀ ਸਿਖਾਉਣ ਲਈ ਅਮਰੀਕਾ ਤੋਂ ਆਇਆ ਡੇਨੀਅਲ ਓਡਲ ਵੀ ਉਸੇ ਕਾਲਜ ਵਿਚ ਪੜ੍ਹਾਉਂਦਾ ਸੀ। ਛੇ ਫੁੱਟਾ, ਖ਼ੂਬਸੂਰਤ ਅਤੇ ਸਿਹਤਮੰਦ ਨੌਜਵਾਨ ਜਿਸ ਦੀਆਂ ਸੁਨਹਿਰੀ ਮੁੱਛਾਂ ਵਿਚ ਹਮੇਸ਼ਾ ਮੁਸਕਰਾਹਟ ਖੇਡਦੀ ਰਹਿੰਦੀ। ਹਰ ਕੋਈ ਉਸ ਦੀ ਦਿਲ ਖਿੱਚਵੀਂ ਸ਼ਖ਼ਸੀਅਤ ਵੱਲ ਖਿੱਚਿਆ ਜਾਂਦਾ। ਬੀ.ਐਡ. ਵਿਚ ਪੜ੍ਹਦੀਆਂ ਨੌਜਵਾਨ ਕੁੜੀਆਂ ਕਈ ਵਾਰੀ ਉਸ ਨੂੰ ਠੱਠਾ-ਮਖੌਲ ਕਰਦੀਆਂ ਤਾਂ ਉਹ ਬੜੀ ਤਿੱਖੀ ਹਾਜ਼ਰ ਜਵਾਬੀ ਕਰਦਾ। ਕਿਸੇ ਕੁੜੀ ਨੇ ਅੰਗਰੇਜ਼ੀ ਵਿਚ ਪੁੱਛਿਆ, "ਸਰ ਤੁਸੀਂ ਸ਼ਾਦੀਸ਼ੁਦਾ ਹੋ?" ਉਸ ਨੇ ਹੱਸ ਕੇ ਹਿੰਦੀ ਵਿਚ ਜਵਾਬ ਦਿੱਤਾ, "ਤੁਮਹਾਰੀ ਕੋਈ ਬਹਨ ਹੈ ਕਿਆ ਜਿਸ ਕਾ ਸ਼ਾਦੀ ਨਹੀਂ ਬਨ ਰਹਾ?" ਕਿਸੇ ਹੋਰ ਨੇ ਪੁੱਛਿਆ, "ਸਰ ਆਪ ਅਮੇਰਿਕਾ ਵਾਪਸ ਚਲੇ ਜਾਉਗੇ, ਯਾ ਇੰਡੀਆ ਮੇਂ ਰਹੋਗੇ?" ਤਾਂ ਉਹ ਬੋਲਿਆ, "ਤੁਮਹਾਰੇ ਘਰ ਵਾਲੇ ਅਗਰ ਮੁਝੇ ਅਪਨੇ ਸਾਥ ਰਖੇਂਗੇ ਤੋ ਕਿਉਂ ਜਾਊਂਗਾ?"

ਪਤਾ ਨਹੀਂ ਕਿੱਥੋਂ ਉਸ ਨੂੰ ਇਕਦਮ ਉਤਰ ਫੁਰਦਾ। ਉਹ ਬਹੁਤ ਹੌਲੀ-ਹੌਲੀ ਵਾਕਾਂ ਨੂੰ ਟੁਕੜਿਆਂ ਵਿਚ ਤੋੜ ਕੇ ਚੰਗੀ ਹਿੰਦੀ ਬੋਲਦਾ, ਜਦਕਿ ਸਭ ਉਸ ਨਾਲ ਅੰਗਰੇਜ਼ੀ ਵਿਚ ਬੋਲਣ ਦੀ ਕੋਸ਼ਿਸ਼ ਕਰਦੇ। ਬਾਕੀ ਸਟਾਫ਼ ਨਾਲ ਉਸ ਦਾ ਮੇਲ-ਜੋਲ ਸੀਮਤ ਜਿਹਾ ਸੀ ਪਰ ਮੇਰੇ ਨਾਲ ਉਸ ਦੀ ਨੇੜਤਾ ਵਧਦੀ ਗਈ। ਮੇਰੀ ਤਨਖ਼ਾਹ ਉਦੋਂ ਪੰਜ ਸੌ ਰੁਪਏ ਸੀ ਜਦਕਿ ਡੇਨੀਅਲ ਨੂੰ ਤੇਈ ਸੌ ਰੁਪਏ ਤਨਖ਼ਾਹ ਤੋਂ ਬਿਨਾਂ ਮੁਫ਼ਤ ਵਿਚ ਕੋਠੀ ਅਤੇ ਨਵਾਂ ਸਾਈਕਲ ਮਿਲੇ ਹੋਏ ਸਨ। ਸਾਰੇ ਸਟਾਫ਼ ਵਿਚ ਕੁਆਰੇ ਅਸੀਂ ਦੋਨੋਂ ਸਾਂ। ਸਾਡੀ ਸਾਂਝ ਹਿੰਦੀ ਫ਼ਿਲਮਾਂ ਦੇਖਣ ਨਾਲ ਸ਼ੁਰੂ ਹੋਈ। ਉਸ ਉਤੇ ਛੇਤੀ ਤੋਂ ਛੇਤੀ ਹਿੰਦੀ ਸ਼ੁੱਧ ਬੋਲਣਾ ਅਤੇ ਲਿਖਣਾ ਸਿਖਣ ਦੀ ਧੁਨ ਸਵਾਰ ਰਹਿੰਦੀ। ਜੋ ਗੱਲ ਉਸ ਦੇ ਪੱਲੇ ਨਾ ਪੈਂਦੀ, ਉਹ ਮੈਨੂੰ ਪੁੱਛਦਾ। ਅਸੀਂ ਬਾਜ਼ਾਰ ਵਿਚ ਤੇ ਪਾਰਕਾਂ ਆਦਿ ਵਿਚ ਇਕੱਠੇ ਘੁੰਮਦੇ। ਆਪਣੇ ਸਾਈਕਲਾਂ 'ਤੇ ਹਿਸਾਰ ਤੋਂ ਬਾਹਰ ਨਿਕਲ ਜਾਂਦੇ। ਇਕ-ਦੂਜੇ ਨੂੰ ਆਪਣੇ ਪਿਛੋਕੜ ਦੀਆਂ ਕਹਾਣੀਆਂ ਸੁਣਾਉਂਦੇ। ਇੰਜ ਸਾਡੀ ਦੋਸਤੀ ਵਧਦੀ ਚਲੀ ਗਈ ਤੇ ਸਾਡਾ ਇਕ-ਦੂਜੇ ਦੇ ਕੋਲ ਆਉਣ-ਜਾਣ ਵਧ ਗਿਆ।

ਬੀ.ਐਡ. ਵਿਚ ਪੜ੍ਹਦੇ ਕੁਝ ਪੰਜਾਬੀ ਮੁੰਡੇ ਮੇਰੇ ਹਾਣੀ ਹੋਣ ਕਰ ਕੇ ਮੇਰੇ ਦੋਸਤ ਬਣ ਗਏ ਸਨ। ਸ਼ੁਰੂ-ਸ਼ੁਰੂ ਵਿਚ ਮੈਂ ਕੁਝ ਮਹੀਨੇ ਉਨ੍ਹਾਂ ਨਾਲ ਵੀ ਰਿਹਾ ਸਾਂ। ਜਦੋਂ ਕੋਈ ਘਰ ਜਾਂਦਾ; ਉਹ ਪਿੰਨੀਆਂ, ਪੰਜੀਰੀ ਅਤੇ ਘਿਉ ਜ਼ਰੂਰ ਲੈ ਕੇ ਆਉਂਦਾ। ਪੀਪੀ ਮੁਫ਼ਤ ਦੇ ਘਿਉ ਨਾਲ ਹਮੇਸ਼ਾ ਭਰੀ ਰਹਿੰਦੀ। ਮੈਂ ਤੇਜ਼ ਮਿਰਚ ਮਸਾਲੇ ਪਾ ਕੇ ਸਬਜ਼ੀ ਬਣਾਉਂਦਾ। ਆਪ ਹੀ ਰੋਟੀਆਂ ਥੱਪਦਾ। ਡੇਨੀਅਲ ਪਹਿਲਾਂ ਡੱਬਾ-ਬੰਦ ਭੋਜਨ ਹੀ ਖਾਂਦਾ ਹੁੰਦਾ ਸੀ ਜਿਸ ਵਿਚ ਇਕੱਲਾ ਲੂਣ ਹੁੰਦਾ। ਹੌਲੀ-ਹੌਲੀ ਮੈਂ ਉਸ ਨੂੰ ਮਿਰਚ ਮਸਾਲਿਆਂ ਵਾਲੇ ਤਾਜ਼ੇ ਖਾਣੇ ਖਾਣ ਗਿਝਾ ਲਿਆ। ਉਹ ਪੰਜੀਰੀ ਅਤੇ ਪਿੰਨੀਆਂ ਵੀ ਬੜੇ ਸ਼ੌਕ ਨਾਲ ਖਾਣ ਲੱਗ ਪਿਆ। ਅਸੀਂ ਬਾਜ਼ਾਰੋਂ ਕੁਝ ਖ਼ਰੀਦਦੇ, ਉਹ ਪੈਸੇ ਕੱਢ ਕੇ ਖੜ੍ਹਾ ਹੋ ਜਾਂਦਾ। ਮੇਰੇ ਰੋਕਣ 'ਤੇ ਕਹਿੰਦਾ, "ਇਹ ਪੈਸੇ ਮੈਂ ਅਮਰੀਕਾ ਥੋੜ੍ਹੀ ਭੇਜਣੇ ਨੇ। ਤੂੰ ਆਪਣੀ ਤਨਖ਼ਾਹ ਪਿੱਛੇ ਮਾਂ ਨੂੰ ਭੇਜ ਦਿਆ ਕਰ।" ਫਿਰ ਵੀ ਮੈਂ ਹੀਣ-ਭਾਵਨਾ ਤੋਂ ਛੁਟਕਾਰਾ ਪਾਉਣ ਲਈ ਕਦੀ-ਕਦਾਈਂ ਪੈਸੇ ਖ਼ਰਚਦਾ ਰਹਿੰਦਾ। ਦੋ ਸੌ ਰੁਪਏ ਘਰ ਭੇਜਣ ਮਗਰੋਂ ਵੀ ਜੇਬ ਪੈਸਿਆਂ ਨਾਲ ਭਰੀ ਰਹਿੰਦੀ। ਡੇਨੀਅਲ ਫ਼ੱਕਰ ਕਿਸਮ ਦਾ ਬੰਦਾ ਸੀ, ਹਰ ਮਹੀਨੇ ਤਿੰਨ-ਚਾਰ ਸੌ ਰੁਪਏ ਗਰੀਬ ਬੱਚਿਆਂ ਦੇ ਫ਼ੰਡ ਲਈ ਦੇ ਦਿੰਦਾ।

ਕਾਲਜ ਵਿਦਿਆਰਥੀਆਂ ਦਾ ਸ਼ਿਮਲੇ ਲਈ ਟੂਰ ਜਾਣਾ ਸੀ। ਪ੍ਰਿੰਸੀਪਲ ਐਸ.ਐਸ. ਭਾਟੀਆ ਨੇ ਡੇਨੀਅਲ ਓਡਲ ਅਤੇ ਮੇਰੀ ਡਿਊਟੀ ਟੂਰ ਦਾ ਪ੍ਰਬੰਧ ਕਰਨ ਦੀ ਲਾ ਦਿੱਤੀ। ਅਸੀਂ ਮੁੰਡੇ ਕੁੜੀਆਂ ਤੋਂ ਪੈਸੇ ਇਕੱਠੇ ਕੀਤੇ, ਲਿਸਟ ਬਣਾਈ ਤੇ ਬੱਸ ਕਿਰਾਏ 'ਤੇ ਕਰ ਲਈ। ਟੂਰ ਵਾਲੇ ਦਿਨ ਸਵੇਰੇ ਛੇ ਵਜੇ ਕਾਲਜ ਦੇ ਗੇਟ ਮੂਹਰੇ ਪਹੁੰਚਣ ਲਈ ਵਿਦਿਆਰਥੀਆਂ ਨੂੰ ਹਦਾਇਤ ਕਰ ਦਿੱਤੀ। ਡੇਨੀਅਲ ਰਾਤ ਨੂੰ ਮੇਰੇ ਕੋਲ ਮਾਡਲ ਟਾਊਨ ਹੀ ਰੁਕ ਗਿਆ। ਅਸੀਂ ਤੜਕੇ ਉਠ ਕੇ ਆਲੂਆਂ ਵਾਲੇ ਪਰਾਉਂਠੇ ਬਣਾਏ ਤੇ ਲੜ ਬੰਨ੍ਹ ਲਏ। ਫੇਰ ਆਪਣੇ ਸਾਈਕਲ 'ਤੇ ਕਾਲਜ ਵੱਲ ਚੱਲ ਪਏ। ਅਜੇ ਥੋੜ੍ਹੀ ਦੂਰ ਹੀ ਗਏ ਸਾਂ ਕਿ ਸੜਕ ਉਤੇ ਡਿੱਗਿਆ ਪਿਆ ਕੋਈ ਬੰਦਾ ਦੇਖਿਆ। ਉਸ ਦੇ ਸਿਰ ਲਾਗੇ ਸੜਕ 'ਤੇ ਖ਼ੂਨ ਜੰਮਿਆ ਪਿਆ ਸੀ। ਡੇਨੀਅਲ ਸਾਈਕਲ ਇਕ ਪਾਸੇ ਖੜ੍ਹਾ ਕੇ ਉਸ ਦੀ ਨਬਜ਼ ਟੋਂਹਦਾ ਬੋਲਿਆ, "ਇਹ ਜਿਉਂਦਾ ਹੈ। ਆਪਾਂ ਇਸ ਨੂੰ ਕਿਸੇ ਤਰ੍ਹਾਂ ਬਚਾਉਣਾ ਹੈ। ਚੱਲ ਹਸਪਤਾਲ ਪੁਚਾਈਏ।"

"ਪਰ ਆਪਣੇ ਕੋਲ ਸਮਾਂ ਕਿੱਥੇ ਹੈ, ਡੇਨੀਅਲ?" ਮੈਂ ਕਿਹਾ ਤਾਂ ਉਸ ਨੇ ਬੜੇ ਜ਼ੋਰ ਨਾਲ ਮੈਨੂੰ 'ਸ਼ਟ-ਅੱਪ' ਕਹਿ ਕੇ, ਸਾਈਕਲ ਥੋੜ੍ਹਾ ਹਟ ਕੇ ਇਕ ਦੁਕਾਨ ਵਿਚ ਖੜ੍ਹਾ ਕੇ ਤਾਲਾ ਲਾ ਦਿੱਤਾ, ਤੇ ਜ਼ਖ਼ਮੀ ਬੰਦੇ ਕੋਲ ਆ ਖੜ੍ਹਿਆ। ਉਸ ਨੂੰ ਦੇਖ, ਮੈਂ ਵੀ ਸਾਈਕਲ ਖੜ੍ਹਾ ਆਇਆ। ਕੋਈ ਵੀ ਗੱਡੀ ਲੰਘਦੀ, ਉਹ ਹੱਥ ਜੋੜ ਕੇ ਡਿੱਗੇ ਪਏ ਬੰਦੇ ਵੱਲ ਇਸ਼ਾਰਾ ਕਰਦਾ। ਮੈਂ ਉਸ ਨੂੰ ਦੱਸਿਆ ਕਿ ਇਥੋਂ ਦੀ ਪੁਲਿਸ ਆਪਾਂ ਨੂੰ ਇਸ ਕੇਸ ਵਿਚ ਉਲਝਾ ਲਵੇਗੀ ਪਰ ਉਸ ਨੇ ਮੇਰੀ ਇਕ ਨਾ ਸੁਣੀ ਅਤੇ ਬੋਲਿਆ, "ਮੈਂ ਸਭ ਕਾਸੇ ਲਈ ਤਿਆਰ ਹਾਂ।"

ਆਖ਼ਰ ਇਕ ਕਾਰ ਵਾਲੇ ਦੇ ਮਨ ਮਿਹਰ ਪੈ ਗਈ ਪਰ ਉਹ ਡਰਦਾ ਸੀ ਕਿ ਜੇ ਰਸਤੇ ਵਿਚ ਜ਼ਖ਼ਮੀ ਬੰਦੇ ਦੀ ਮੌਤ ਹੋ ਗਈ ਤਾਂ ਪੁਲਿਸ ਉਸ ਨੂੰ ਫਸਾ ਲਵੇਗੀ। ਡੇਨੀਅਲ ਨੇ ਆਪਣਾ ਪਛਾਣ ਪੱਤਰ ਉਸ ਨੂੰ ਦਿਖਾਇਆ, ਤੇ ਆਪਣੇ 'ਤੇ ਸਾਰੀ ਜ਼ਿੰਮੇਵਾਰੀ ਲੈਣ ਦਾ ਭਰੋਸਾ ਦਿੱਤਾ। ਅਸੀਂ ਜ਼ਖ਼ਮੀ ਨੂੰ ਲੈ ਕੇ ਹਸਪਤਾਲ ਪੁੱਜ ਗਏ। ਡੇਨੀਅਲ ਨੇ ਸਾਰੀ ਫ਼ੀਸ ਆਪਣੇ ਕੋਲੋਂ ਜਮ੍ਹਾਂ ਕਰਵਾਈ ਤੇ ਉਸ ਜ਼ਖ਼ਮੀ ਨੂੰ ਐਮਰਜੈਂਸੀ ਵਿਚ ਦਾਖ਼ਲ ਕਰਵਾ ਦਿਤਾ।

"ਚੱਲ ਹੁਣ ਚੱਲੀਏ। ਆਪਾਂ ਘੰਟੇ ਤੋਂ ਵੀ ਵੱਧ ਲੇਟ ਹੋ ਗਏ ਹਾਂ। ਸਾਰੇ ਉਡੀਕ ਕਰ ਰਹੇ ਹੋਣਗੇ।" ਮੈਂ ਕਿਹਾ।

"ਤੂੰ ਜਾਣਾ ਏ ਜਾਹ, ਜਿੰਨੀ ਦੇਰ ਉਹ ਬੰਦਾ ਹੋਸ਼ ਵਿਚ ਨਹੀਂ ਆਉਂਦਾ, ਮੈਂ ਨਹੀਂ ਜਾਣ ਲੱਗਾ।" ਉਹ ਗੁੱਸੇ ਨਾਲ ਬੋਲਿਆ। ਘੰਟਾ ਭਰ ਉਡੀਕਣ ਮਗਰੋਂ ਉਹ ਬੰਦਾ ਹੋਸ਼ ਵਿਚ ਆਇਆ। ਪਤਾ ਲੱਗਣ 'ਤੇ ਡੇਨੀਅਲ 'ਹੋ-ਹੋ' ਕਰ ਕੇ ਟੱਪਣ ਲੱਗਾ ਤੇ ਅੰਗਰੇਜ਼ੀ ਵਿਚ ਬੋਲਿਆ, "ਅਸੀਂ ਇਕ ਜਾਨ ਬਚਾ ਦਿੱਤੀ ਏ। ਅਸੀਂ ਇਕ ਜਾਨ ਬਚਾ ਦਿੱਤੀ ਏ।"

(ਬਾਕੀ ਅਗਲੇ ਸਫੇ 'ਤੇ)




ਕਹਾਣੀ

# ਆਹਲਣਿਓਂ ਡਿੱਗਾ ਬੋਟ

**ਜਮੀਲ ਅਹਿਮਦ ਪਾਲ**

*ਜਮੀਲ ਅਹਿਮਦ ਇਕ ਮਕਬੂਲ ਉਰਦੂ ਅਫਸਾਨਾਨਿਗਾਰ ਹੈ। ਇਸ ਕਹਾਣੀ ਵਿਚ ਉਸ ਨੇ ਚਿੜੀਆਂ ਦੇ ਬੋਟ ਦੇ ਜ਼ਰੀਏ ਔਰਤ ਦੇ ਦਰਦ ਦੀ ਦਾਸਤਾਨ ਕਹਿਣ ਦਾ ਯਤਨ ਕੀਤਾ ਹੈ, ਖਾਸ ਕਰਕੇ ਉਸ ਔਰਤ ਦੀ ਜੋ ਨਿੱਕੀਆਂ ਨਿੱਕੀਆਂ ਖਾਹਿਸ਼ਾਂ ਪਿਛੇ ਮਰਦ ਸਮਾਜ ਦੀ ਹਵਸ ਦਾ ਸ਼ਿਕਾਰ ਹੋ ਕੇ ਤਬਾਹ ਹੋ ਜਾਂਦੀ ਹੈ ਅਤੇ ਆਹਲਣੇ 'ਚੋਂ ਡਿੱਗੇ ਬੋਟ ਵਾਂਗ ਕੀੜੀਆਂ ਦਾ ਖਾਜਾ ਬਣ ਜਾਂਦੀ ਹੈ। -ਸੰਪਾਦਕ*

ਕਮਬਖਤ ਚਿੜੀਆਂ ਨੇ ਤੰਗ ਕਰ ਮਾਰਿਆ ਸੀ। ਜਦੋਂ ਮੌਸਮ ਆਹਲਣੇ ਪਾਉਣ ਦਾ ਹੋਵੇ ਤਾਂ ਚਿੜੀਆਂ ਚੈਨ ਨਹੀਂ ਲੈਣ ਦਿੰਦੀਆਂ। ਇਕ ਇਕ ਚਿੜੀ ਦੀ ਖਾਤਿਰ ਦਰਜਨ ਦਰਜਨ ਚਿੜਿਆਂ ਦਾ ਰੌਲਾ, ਫੇਰ ਨੇੜੇ ਕਿਸੇ ਵੀ ਰੋਸ਼ਨਦਾਨ ਯਾ ਤਸਵੀਰ ਪਿਛੇ ਚਿੜੀਆਂ ਦੇ ਆਹਲਣੇ 'ਚੋਂ ਮੁਸਲਸਲ ਡਿਗਦੇ ਤੀਲੇ, ਧਾਗੇ ਤੇ ਖੰਭ ਵਖਤ ਪਾਈ ਰਖਦੇ ਨੇ। ਕਈ ਵਾਰ ਤਾਂ ਨਿਕੇ ਨਿਕੇ ਬੋਟ ਵੀ ਡਿਗ ਪੈਂਦੇ। ਕਲ੍ਹ ਹੀ ਇਕ ਬੋਟ ਐਨ ਮੇਰੇ ਸਾਹਮਣੇ ਮੇਜ਼ ਉਤੇ ਖਿਲਰੇ ਮਸੌਦੇ ਦੇ ਕਾਗਜ਼ਾਂ ਉਤੇ ਡਿਗ ਪਿਆ। ਚਿੜੀਆਂ ਨੇ ਚੀਂ ਚੀਂ ਕਰਕੇ ਕੋਠਾ ਸਿਰ 'ਤੇ ਚੁਕ ਲਿਆ ਸੀ। ਪਰ ਜਦੋਂ ਮੈਂ ਯੂਨਸ ਚਪੜਾਸੀ ਨੂੰ ਕਹਿ ਕੇ ਉਹ ਬੋਟ ਦੁਬਾਰਾ ਆਹਲਣੇ ਵਿਚ ਰਖਵਾਇਆ ਤਾਂ ਉਹ ਫਿਰ ਡਿਗ ਪਿਆ। ਦੂਜੀ ਵਾਰ ਵੀ ਇੰਜ ਹੀ ਹੋਇਆ। ਅਸਲ ਵਿਚ ਚਿੜੀਆਂ ਆਪ ਹੀ ਉਹਨੂੰ ਥੱਲੇ ਡੇਗ ਦਿੰਦੀਆਂ ਸਨ। ਉਸ ਵੇਲੇ ਮੈਨੂੰ ਕਿਸੇ ਦੀ ਦੱਸੀ ਇਕ ਬਹੁਤ ਪੁਰਾਣੀ ਗੱਲ ਚੇਤੇ ਆ ਗਈ ਕਿ ਜੇ ਚਿੜੀਆਂ ਦਾ ਕੋਈ ਬੋਟ ਡਿਗ ਪਵੇ ਤਾਂ ਉਹਨੂੰ ਉਹ ਆਪਣੇ ਆਹਲਣੇ ਵਿਚ ਵਾਪਿਸ ਨਹੀਂ ਕਬੂਲ ਕਰਦੀਆਂ। ਜੇ ਵਾਪਿਸ ਰੱਖਣ ਦੀ ਕੋਸ਼ਿਸ਼ ਵੀ ਕੀਤੀ ਜਾਵੇ ਤਾਂ ਡੇਗ



ਦਿੰਦੀਆਂ ਨੇ ਤੇ ਕੀੜੀਆਂ ਦੀ ਖੁਰਾਕ ਬਣਨ ਲਈ ਛੱਡ ਦਿੰਦੀਆਂ ਨੇ।

"ਹੈਂ, ਹੈਂ," ਜਦੋਂ ਮੇਰੇ ਪਿਛੇ ਕੰਧ ਨਾਲ ਟੰਗੀ ਤਸਵੀਰ ਵਿਚੋਂ ਚਿੜੀ ਫੁਰਰ ਕਰਕੇ ਉਡੀ ਤਾਂ ਮੇਰੇ ਸਿਰ ਵਿਚ ਤਿੰਨ ਚਾਰ ਤੀਲੇ ਆ ਡਿਗੇ। ਇਕ ਤਾਂ ਮਹਿਨਾਜ਼ ਕੰਵਲ ਦੀ ਕਹਾਣੀ ਨੇ ਪਹਿਲਾਂ ਹੀ ਮਗਜ਼ ਚਟ ਲਿਆ ਹੋਇਆ ਸੀ, ਉਤੋਂ ਇਹ ਤੀਲਿਆਂ ਦਾ ਆ ਡਿਗਣਾ, ਦਿਲ ਕੀਤਾ ਕਿ ਚਿੜੀ ਤੇ ਮਹਿਨਾਜ਼ ਕੰਵਲ ਦੋਹਾਂ ਦੀਆਂ ਗਰਦਨਾਂ ਮਰੋੜ ਦਿਆਂ।

ਮਸੌਦੇ ਤੋਂ ਨਜ਼ਰ ਚੁਕ ਕੇ ਮੈਂ ਉਤਾਂਹ ਨੂੰ ਦੇਖਿਆ। ਤੀਲੇ ਡਿਗਾਣ ਵਾਲੀ ਚਿੜੀ ਰੋਸ਼ਨਦਾਨ ਰਾਹੀਂ ਬਾਹਰ ਜਾ ਚੁਕੀ ਸੀ। ਉਹਨੂੰ ਇਕ ਦੋ ਗਾਲ੍ਹਾਂ ਕਢ ਕੇ ਮੈਂ ਫਿਰ ਕਹਾਣੀ ਉਤੇ ਝਾਤ ਪਾਈ। ਤਬੀਅਤ ਅਕ ਗਈ ਸੀ। ਖੌਰੇ ਕੀ ਲਿਖਦੀ ਏ ਕਮਬਖਤ। ਕਹਾਣੀ ਲਿਖਣ ਦਾ ਚਜ ਨਹੀਂ ਤਾਂ ਫਿਰ ਵੀ ਇਹ ਮੁਪਾਸਾਂ ਦੀ ਚਾਚੀ...ਮੈਨੂੰ ਮਹਿਨਾਜ਼ ਕੰਵਲ ਉਤੇ ਵੀ ਗੁੱਸਾ ਆਉਣ ਲਗ ਪਿਆ।

ਮੇਰਾ ਵਸ ਚਲਦਾ ਤਾਂ ਮੈਂ ਮਹਿਨਾਜ਼ ਕੰਵਲ ਦੀਆਂ ਕਹਾਣੀਆਂ ਨੂੰ ਬਿਨਾ ਪੜ੍ਹੇ ਪਾੜ ਕੇ ਰੱਦੀ ਦੀ ਟੋਕਰੀ ਵਿਚ ਸੁਟ ਦਿੰਦਾ। ਪਰ ਮਜ਼ਬੂਰ ਸੀ ਸਿਦੀਕੀ ਸਾਹਿਬ ਦਾ, ਜੋ ਰਸਾਲੇ ਦੇ ਚੀਫ ਐਡੀਟਰ ਹੋਵਣ ਦੇ ਨਾਲ ਨਾਲ ਮਾਲਕ ਵੀ ਸਨ, ਹੁਕਮ ਸੀ ਕਿ ਮਹਿਨਾਜ਼ ਕੰਵਲ ਦੀਆਂ ਕਹਾਣੀਆਂ ਦੀ ਨੋਕ ਪਲਕ ਚੰਗੀ ਤਰ੍ਹਾਂ ਦਰੁਸਤ ਕਰਾਂ ਤੇ ਜੇ ਕੋਈ ਕਹਾਣੀ ਉਕਾ ਹੀ ਨਾਕਾਬਿਲੇ ਇਸ਼ਾਇਤ ਹੋਵੇ ਤਾਂ ਵੀ ਉਹਨੂੰ ਨਵੇਂ ਸਿਰਿਓਂ ਲਿਖ ਕੇ ਛਪਣਯੋਗ ਬਣਾਵਾਂ। ਤੇ ਇਹ ਕੰਮ ਅਜਿਹਾ ਸੀ ਜੀਹਦੇ 'ਤੇ ਮੇਰੀ ਜਾਨ ਜਾਂਦੀ ਸੀ। ਮੈਂ ਹੀ ਨਹੀਂ, ਪਰਚੇ ਦੇ ਦੂਜੇ ਅਸਿਸਟੈਂਟ ਐਡੀਟਰ ਅਸਗ਼ਰ ਅਲੀ ਪ੍ਰੇਮੀ ਵੀ ਇਸ ਕੰਮ ਤੋਂ ਬੜੀ ਖਾਰ ਖਾਂਦੇ ਸਨ। ਹੁਣ ਤਾਂ ਉਨ੍ਹਾਂ ਦੀ ਜਾਨ ਛੁਟ ਚੁਕੀ ਸੀ ਪਰ ਮੇਰੇ ਆਉਣ ਤੋਂ ਪਹਿਲਾਂ ਇਹ ਕੰਮ ਉਨ੍ਹਾਂ ਦੇ ਹੀ ਸਪੁਰਦ ਸੀ। ਦਫਤਰ ਵਿਚ ਜੇ ਕੋਈ ਬੰਦਾ ਮਹਿਨਾਜ਼ ਕੰਵਲ ਨੂੰ ਪਸੰਦ ਕਰਦਾ ਸੀ ਤਾਂ ਉਹ ਸਨ ਸਿਦਕੀ ਸਾਹਿਬ ਜੋ ਉਂਜ ਤਾਂ ਬੜੇ ਸ਼ਰੀਫ ਆਦਮੀ ਸਨ (ਵਿਆਹਿਆ ਹੋਇਆ ਬੰਦਾ ਹਮੇਸ਼ਾਂ ਹੀ ਸ਼ਰੀਫ ਹੁੰਦਾ ਹੈ), ਬਸ ਕਦੇ ਕਦੇ ਮਹਿਨਾਜ਼ ਕੰਵਲ ਨਾਲ ਗੱਲ ਕਰਕੇ ਥੋੜ੍ਹਾ ਬਹੁਤ ਠਰਕ ਝਾੜ ਲੈਂਦੇ ਸਨ। ਉਨ੍ਹਾਂ ਵਿਚ ਇਕ ਹੀ ਖੂਬੀ ਸੀ ਕਿ ਉਨ੍ਹਾਂ ਕੋਲ ਪੈਸਾ ਸੀ ਜੀਹਦੇ ਨਾਲ ਉਹ ਰਸਾਲਾ ਕਢ ਰਹੇ ਸਨ। ਸਾਹਿਤ ਵਿਚ ਉਨ੍ਹਾਂ ਦਾ ਮੁਤਾਲਾ (ਪੜ੍ਹਾਈ) ਇਥੋਂ ਤਕ ਸੀ ਕਿ ਉਹ ਬੇਦੀ (ਰਾਜਿੰਦਰ ਸਿੰਘ) ਨੂੰ ਔਰਤ ਸਮਝਦੇ ਸਨ ਤੇ ਅੰਮ੍ਰਿਤਾ (ਪ੍ਰੀਤਮ) ਨੂੰ ਮਰਦ। ਇਹੋ ਹਾਲ ਮਹਿਨਾਜ਼ ਕੰਵਲ ਦਾ ਸੀ। ਸ਼ਾਇਦ ਇਹੋ ਵਜ੍ਹਾ ਸੀ ਕਿ ਦੋਹਾਂ ਵਿਚ ਬਹੁਤ ਨਿਭ ਰਹੀ ਸੀ। ਮਹਿਨਾਜ਼ ਕੰਵਲ ਨੂੰ ਜਿਨਸੀਅਤ (ਸੈਕਸ) ਬਾਰੇ ਵੀ ਬੇਬਾਕੀ ਨਾਲ ਲਿਖਣ ਤੇ ਗੱਲ ਕਰਨ ਦਾ ਬੜਾ ਚਾਅ ਸੀ। ਗੱਲਬਾਤ ਤਾਂ ਜ਼ਿਆਦਾਤਰ ਸਿਦੀਕੀ ਸਾਹਿਬ ਨਾਲ ਹੀ ਹੁੰਦੀ ਸੀ, ਐਪਰ ਲਿਖੀਆਂ ਹੋਈਆਂ ਚੀਜ਼ਾਂ ਅਕਸਰ ਮੇਰੀ ਨਜ਼ਰ 'ਚੋਂ ਗੁਜ਼ਰਦੀਆਂ ਸਨ। ਬਹੁਤ ਭੋਂਡੇ ਤੇ ਗਲਤ ਅੰਦਾਜ ਨਾਲ ਪੋਰਨੋਗ੍ਰਾਫੀ (ਨੰਗੇਜਵਾਦ) ਦੀ ਕੋਸ਼ਿਸ਼ ਕੀਤੀ ਗਈ ਹੁੰਦੀ ਸੀ ਜੀਹਦੇ ਤੋਂ ਅੰਦਾਜ਼ਾ ਹੋ ਜਾਂਦਾ ਕਿ ਲਿਖਣ ਵਾਲੀ ਦੇ ਦਿਮਾਗ ਉਤੇ ਉਰਦੂ ਦੀ ਇਸਮਤ ਚੁਗਤਾਈ ਜਾਂ ਵਾਜਿਦਾ ਤਬਸਮ ਦਾ ਅਸਰ ਬੜਾ ਉਘੜਵਾਂ ਹੈ ਪਰ ਮੁਤਾਲੇ (ਪੜ੍ਹਾਈ) ਵਲੋਂ ਉਕਾ ਪੂਰੀ ਹੋਵਣ ਕਰਕੇ ਵਿਸ਼ੇ ਨੂੰ ਨਿਭਾਉਣਾ ਨਹੀਂ ਆਉਂਦਾ। ਪੜ੍ਹ ਕੇ ਕਦੇ ਹਾਸਾ ਆਉਂਦਾ ਤੇ ਕਦੇ ਰੋਣਾ।

ਇਕ ਵਾਰੀ ਕਿਸੇ ਹੋਰ ਕਾਮੀ ਕਿਰਦਾਰ ਬਾਰੇ ਲਿਖਦਿਆਂ ਪੂਰੀ ਦੀ ਪੂਰੀ ਕਹਾਣੀ ਵਿਚ ਉਹਨੇ "ਲਵਾਤਤ" ਨੂੰ "ਲਵਾਤਬ" ਲਿਖ ਦਿਤਾ ਸੀ। ਸਾਫ ਪਤਾ ਲਗਦਾ ਸੀ ਕਿ ਇਹ ਲਫਜ਼ ਉਹਨੇ ਕਿਧਰੇ ਸੁਣ ਜਾਂ ਪੜ੍ਹ ਲਿਆ ਸੀ ਤੇ ਸਿਰਫ ਇਸ ਲਫਜ਼ ਨੂੰ ਇਸਤੇਮਾਲ ਕਰਨ ਦੀ ਖਾਤਿਰ ਪੂਰੀ ਕਹਾਣੀ ਲਿਖ ਮਾਰੀ।

ਜਦ ਮੈਂ ਏਸ ਲਫਜ਼ ਵਲ ਅਸਗ਼ਰ ਅਲੀ ਪ੍ਰੇਮੀ ਦੀ ਤਵੱਜੋ ਦੁਆਈ ਤਾਂ ਉਨ੍ਹਾਂ ਨੇ ਨਾ ਆਖਣ ਤੇ ਨਾ ਲਿਖਣਯੋਗ ਗੱਲਾਂ ਕੀਤੀਆਂ ਜਿਨ੍ਹਾਂ ਦਾ ਅਸੀਂ ਦੋਹਾਂ ਨੇ ਕਾਫੀ ਸੁਆਦ ਲੈਂਦਿਆਂ ਮਹਿਨਾਜ਼ ਦੀਆਂ ਕਹਾਣੀਆਂ ਦੀ ਬੋਰੀਅਤ ਲਾਹੀ।

ਮਹਿਨਾਜ਼ ਹਫਤੇ 'ਚ ਇਕ ਦੋ ਵਾਰੀ ਆਉਂਦੀ ਤੇ 'ਸਲੇਮੇ' (ਇਸਲਾਮ-ਏ-ਲੇਕਮ ਦਾ ਸੰਖੇਪ) ਕਹਿ ਕੇ ਸਿਧੀ ਸਿਦੀਕੀ ਸਾਹਿਬ ਦੇ ਕੈਬਿਨ ਵਿਚ ਜਾ ਵੜਦੀ ਤੇ ਦੋਵੇਂ ਆਪਣੀ ਮਹਿਦੂਦ ਕਾਬਲੀਅਤ ਮੁਤਾਬਕ ਗੱਲਾਂ ਦੀ ਯਰਗਾਲ ਖੋਲ੍ਹ ਦਿੰਦੇ। ਜੇ ਸਿਦੀਕੀ ਸਾਹਿਬ ਮੌਜੂਦ ਨਾ ਹੁੰਦੇ ਤਾਂ ਮੇਰੀ ਤੇ ਪ੍ਰੇਮੀ ਸਾਹਿਬ ਦੀ ਸਾਂਝੀ ਮੇਜ਼ ਦੁਆਲੇ ਕਿਸੇ ਕੁਰਸੀ ਉਤੇ ਬਹਿੰਦੀ ਤੇ ਪਿਛਲੇ ਦੋਰੇ ਜਿਹੜੀ ਕਹਾਣੀ ਦਿਤੀ ਗਈ ਸੀ, ਉਹਦੇ ਬਾਰੇ ਗੱਲ ਕਥ ਕਰਨ ਦੇ ਨਾਲ ਨਾਲ ਉਹੀ ਪੋਰਨੋ (ਨੰਗੀਆਂ) ਗੱਲਾਂ...। ਮੈਨੂੰ ਉਸ ਦਫਤਰ ਵਿਚ ਕੰਮ ਕਰਦਿਆਂ ਹਾਲੀ ਦੋ ਤਿੰਨ ਮਹੀਨੇ ਹੀ ਹੋਏ ਸਨ। ਪ੍ਰੇਮੀ ਸਾਹਿਬ ਕਿਉਂਕਿ ਚਿਰਾਂ 'ਤੋਂ ਉਥੇ ਕੰਮ ਕਰ ਰਹੇ ਸਨ ਇਸ ਲਈ ਉਹ ਹਰ ਇਕ ਨੂੰ ਮੇਰੇ ਨਾਲੋਂ ਵਧ ਜਾਣਦੇ ਸਨ।

"ਇਹ ਅੱਧੀ ਪਾਗਲ ਹੈ, ਇਹਦੀ ਮਾਂ ਵੀ ਬੜੀ ਬਦਜ਼ਬਾਨ ਹੈ। ਇਸੇ ਪਾਰੋਂ ਇਸ ਦਾ ਪਿਉ ਘਰ ਛਡ ਕੇ ਨੱਸ ਗਿਆ ਸੀ ਤੇ ਅਜ ਤੀਕ ਨਹੀਂ ਪਰਤਿਆ। ਇਕ ਭਰਾ ਸਉਦੀ ਅਰਬ ਵਿਚ ਕੰਮ ਕਰਦਾ ਹੈ, ਜਿਹਦੀ ਕਮਾਈ ਨਾਲ ਦੋਵੇਂ ਮਾਂ-ਧੀ ਐਸ਼ ਕਰਦੀਆਂ ਨੇ। ਹੋਰ ਨਾ ਕੋਈ ਅਗੇ ਨਾ ਕੋਈ ਪਿਛੇ। ਮਾਂ ਧੀ ਨਾਲੋਂ ਵਧ ਜਵਾਨ ਨਜ਼ਰ ਆਉਣ ਦੀ ਨਾਕਾਮ ਕੋਸ਼ਿਸ਼ ਕਰਦੀ ਏ। ਰਹਿੰਦੀ ਗੁਲਬਰਗ਼ ਏ, ਪਰ ਸਾਰਾ ਦਿਨ ਮੇਕਅਪ ਥਪੀ, ਪਰਸ ਹਿਲਾਂਦੀ ਅਨਾਰਕਲੀ ਵਿਚ ਸ਼ਾਪਿੰਗ ਕਰਦੀ ਨਜ਼ਰ ਆਉਂਦੀ ਏ, ਤੇ ਧੀ ਰਮਾਨੀ (ਰੋਮਾਂਟਿਕ) ਨਾਵਲ ਪੜ੍ਹ ਪੜ੍ਹ ਕੇ ਜ਼ਿਹਨੀ ਤੌਰ 'ਤੇ ਆਪਣੇ ਆਪ ਨੂੰ ਕਿਸੇ ਨਾਵਲ ਦੀ ਹੀਰੋਇਨ ਹੀ ਸਮਝਣ ਲਗ ਪਈ ਏ। ਬੌਂਗੀਆਂ ਬੌਂਗੀਆਂ ਕਹਾਣੀਆਂ ਲਿਖ ਕੇ ਰਸਾਲਿਆਂ ਦੇ ਦਫਤਰਾਂ ਵਿਚ ਫੇਰੇ ਪਾਉਂਦੀ ਫਿਰਦੀ ਹੈ। ਸਿਆਣੇ ਐਡੀਟਰ ਤਾਂ ਘਾਹ ਨਹੀਂ ਪਾਉਂਦੇ, ਸਿਦੀਕੀ ਸਾਹਿਬ ਕਿਉਂ ਜੋ ਅਕਲੋਂ ਪੈਦਲ ਨੇ, ਏਸ ਲਈ ਫਸ ਗਏ।"

ਇਹ ਸੀ ਮਹਿਨਾਜ਼ ਕੰਵਲ ਦਾ ਗ਼ਾਇਬਾਨਾ (ਗੈਰ ਹਾਜਰੀ 'ਚ ਕੀਤਾ) ਤੁਆਰਫ ਜੋ ਅੰਗਰ ਸਾਹਿਬ ਨੇ ਵੇਲੇ ਵੇਲੇ ਮੇਰੇ ਨਾਲ ਕਰਾਇਆ। ਮਹਿਨਾਜ਼ ਦੀ ਕੋਈ ਕਹਾਣੀ ਸਾਡੇ ਪਰਚੇ ਵਿਚ ਨਹੀਂ ਸੀ ਛਪੀ। ਮੈਂ ਹੈਰਾਨ ਸਾਂ ਕਿ ਜਿਨ੍ਹਾਂ ਕਹਾਣੀਆਂ ਦੀ ਮੈਂ ਸੋਧੀ ਕਰਦਾ ਹਾਂ ਉਹ ਕਿਥੇ ਜਾਂਦੀਆਂ ਹਨ? ਅਸਗ਼ਰ ਸਾਹਿਬ ਨੇ ਹੀ ਮੈਨੂੰ ਦਸਿਆ ਕਿ ਇਹ ਕਹਾਣੀਆਂ ਜਮ੍ਹਾਂ ਹੋ ਰਹੀਆਂ ਹਨ। ਇਕ ਫਿਲਮੀ ਪਰਚੇ ਦੇ ਐਡੀਟਰ ਨੇ ਇਕ ਦੋ ਛਾਪੀਆਂ ਵੀ ਨੇ। ਨਾਲੇ ਮਹਿਨਾਜ਼ ਨਾਲ ਇਹ ਵਾਅਦਾ ਕੀਤਾ ਹੈ ਕਿ ਉਹਦੀਆਂ ਕਹਾਣੀਆਂ ਦਾ ਮਜਮੂਆ ਛਾਪੇਗਾ।

ਫੇਰ ਘਟ ਵਧ ਦਸ ਦਿਨ ਮਹਿਨਾਜ਼ ਸਾਡੇ ਦਫਤਰ ਨਾ ਆਈ। ਇਸ ਆਮ ਤੋਂ ਉਲਟ ਗੱਲ ਉਤੇ ਸਭ ਨੂੰ ਹੈਰਾਨੀ ਸੀ। ਉਨ੍ਹੀਂ ਦਿਨੀਂ ਮੈਂ ਵੀ ਦੋ ਦਿਨ ਦਫਤਰ ਨਾ ਜਾ ਸਕਿਆ। ਤੀਜੇ ਦਿਨ ਗਿਆ ਤੇ ਇਕ ਨਵੀਂ ਖਬਰ ਉਡੀਕਦੀ ਸੀ। ਅਸਗ਼ਰ ਨੇ ਦਸਿਆ ਕਿ ਮਹਿਨਾਜ਼ ਦੀ ਮਾਂ ਆਈ ਸੀ ਜੀਹਦੇ ਕੋਲੋਂ ਪਤਾ ਲਗਿਆ ਕਿ ਮਹਿਨਾਜ਼ ਲਗਭਗ ਇਕ ਹਫਤੇ ਤੋਂ ਘਰੋਂ ਗਾਇਬ ਹੈ। ਮੈਂ ਦੰਗ ਰਹਿ ਗਿਆ। "ਸਿਦੀਕੀ ਸਾਹਿਬ ਤਾਂ ਹੈ ਨਹੀਂ ਸਨ, ਮੈਨੂੰ ਆਖਣ ਲੱਗੀ ਕਿ ਥੁਆਡੇ ਜਿਹੇ ਐਡੀਟਰਾਂ ਨੇ ਉਹਨੂੰ ਵਿਗਾੜਿਆ ਹੈ," ਅਸਗ਼ਰ ਸਾਹਿਬ ਨੇ ਮੈਨੂੰ ਦਸਿਆ।

"ਤੇ ਮੈਂ ਆਖਿਆ, ਮਾਫ ਕਰਨਾ ਅਸੀਂ ਨਹੀਂ ਵਿਗਾੜਿਆ, ਤੁਹਾਡਾ ਆਪਣਾ ਇਸ ਕੰਮ ਵਿਚ ਬਹੁਤ ਹੱਥ ਹੈ ਤਾਂ ਉਹ ਪੈਰ ਪਟਕਦੀ ਤੁਰ ਗਈ। ਜਾਂਦਿਆਂ ਪਤਾ ਜੇ ਕੀ ਕਹਿ ਗਈ!"

"ਕੀ?" ਹੈਰਾਨੀ ਨਾਲ ਮੇਰਾ ਮੂੰਹ ਅਜੇ ਤਕ ਖੁਲ੍ਹਾ ਸੀ।

"ਆਖਣ ਲੱਗੀ ਮੈਨੂੰ ਮਹਿਨਾਜ਼ ਦੀ ਪਰਵਾਹ ਨਹੀਂ, ਮੇਰੇ ਵਲੋਂ ਜਹੰਨਮ ਵਿਚ ਜਾਵੇ, ਪਰ ਉਹਨੂੰ ਇਹ ਕਹਿ ਦੇਣਾ ਕਿ ਹੁਣ ਉਹ ਹਰਾਮਜ਼ਾਦੀ ਘਰ ਦਾ ਰੁਖ ਨਾ ਕਰੇ।"

"ਕੀ ਵਾਕਈ?" ਗੱਲ ਮੇਰੇ ਇਤਬਾਰ ਤੋਂ ਉਚੀ ਸੀ।

"ਆਹੋ ਜੀ ਅਤੇ ਹੋਰ ਭਲਾ?"

ਮਾਂ ਦਾ ਇਹ ਰੁਖ ਮੇਰੇ ਲਈ ਬੜਾ ਉਪਰਾ ਸੀ। ਖੌਰੇ ਇਹ ਲੋਕ ਕਿਹੋ ਜਿਹੀ ਸੁਸਾਇਟੀ ਦੇ ਨੇ? ਧੀ ਘਰੋਂ ਭਜ ਗਈ ਏ ਤੇ ਮਾਂ ਕਹਿੰਦੀ ਏ ਮੈਨੂੰ ਪਰਵਾਹ ਨਹੀਂ-ਕੋਈ ਵਿਚਕਾਰਲੇ ਪਰਤ ਦਾ ਘਰ ਹੁੰਦਾ ਤਾਂ ਹੁਣ ਤਕ ਇਕ ਅਧਾ ਕਤਲ ਜ਼ਰੂਰ ਹੋ ਚੁਕਿਆ ਹੋਣਾ ਸੀ।

"ਸਿਦੀਕੀ ਸਾਹਿਬ ਦਫਤਰ ਆ ਰਹੇ ਨੇ?" ਮੈਂ ਅਚਨਚੇਤ ਪੁਛ ਬੈਠਾ।

"ਆਹੋ...ਮੈਂ ਸਮਝ ਗਿਆ ਹਾਂ ਪਰ ਥੁਆਡੀ ਸੋਚ ਉਕਾ ਗ਼ਲਤ ਹੈ। ਠਰਕ ਝਾੜ ਲੈਣ ਤਕ ਠੀਕ ਹੈ ਪਰ ਸਿਦੀਕੀ ਸਾਹਿਬ ਏਨੇ ਜੋਗੇ ਨਹੀਂ ਕਿ ਕੁੜੀ ਉਧਾਲ ਸਕਣ। ਸਿਦੀਕੀ ਨੂੰ ਤਾਂ ਉਹਦੀ ਬੀਵੀ ਈ...।"

"ਫੇਰ ਮਹਿਨਾਜ਼ ਕੰਵਲ ਕਿਥੇ ਗਈ?"

ਮੇਰਾ ਤਾਂ ਖਿਆਲ ਐ ਓਸੇ ਫਿਲਮੀ ਪਰਚੇ ਦੇ ਐਡੀਟਰ ਨਾਲ ਗਈ ਐ। ਉਹਨੇ ਸਬਜ਼ ਬਾਗ਼ ਦਿਖਾਏ ਹੋਣਗੇ। ਕਿਤਾਬ ਛਾਪ ਕੇ ਹਰ ਥਾਂ ਮਸ਼ਹੂਰ ਹੋ ਜਾਵਣ ਦਾ ਨਜ਼ਾਰਾ ਜਦੋਂ ਮਹਿਨਾਜ਼ ਦੇ ਸਾਹਮਣੇ ਆਇਆ ਹੋਵੇਗਾ ਤਾਂ ਉਹ ਐਡੀਟਰ ਦੇ ਨਾਲ ਜਹੰਨਮ ਤਕ ਵੀ ਜਾਣ ਨੂੰ ਤਿਆਰ ਹੋ ਗਈ ਹੋਵੇਗੀ।"

ਅਸਗ਼ਰ ਸਾਹਿਬ ਦੀ ਗੱਲ ਵਿਚ ਕਾਫੀ ਵਜ਼ਨ ਸੀ। ਮਹਿਨਾਜ਼ ਬਾਰੇ ਗੱਲਬਾਤ ਅਜੇ ਜਾਰੀ ਰਹਿੰਦੀ ਪਰ ਸਿਦੀਕੀ ਸਾਹਿਬ ਆ ਗਏ ਤੇ ਗੱਲ ਰੁਕ ਗਈ।



ਦੂਜੇ-ਤੀਜੇ ਦਿਹਾੜੇ ਦੀ ਗੱਲ ਏ। ਮੈਂ ਇਕ ਅੰਗਰੇਜ਼ੀ ਕਹਾਣੀ ਦਾ ਤਰਜ਼ਮਾ ਕਰ ਰਿਹਾ ਸਾਂ। ਅਸਗ਼ਰ ਸਾਹਿਬ ਕਿਸੇ ਮਸੌਦੇ ਵਿਚ ਰੁਝੇ ਹੋਏ ਸਨ। ਸਿਦੀਕੀ ਸਾਹਿਬ ਆਪਣੇ ਕੈਬਿਨ ਵਿਚ ਅਖਬਾਰ ਨਾਲ ਮਸ਼ਰੂਫ ਸਨ। ਦਫਤਰ ਦਾ ਹਰ ਬੰਦਾ ਆਪਣੇ ਕੰਮ ਵਿਚ ਲੱਗਾ ਹੋਇਆ ਸੀ ਕਿ ਦਰਵਾਜ਼ਾ ਜਿਵੇਂ ਕਿਸੇ ਚੋਰ ਨੇ ਪੋਲੇ ਜਿਹੇ ਖੋਲ੍ਹਿਆ। ਇਹ ਕੰਵਲ ਮਹਿਨਾਜ਼ ਸੀ। ਦਰਵਾਜ਼ਾ ਪੂਰਾ ਖੁਲ੍ਹ ਗਿਆ ਤੇ ਉਹ ਅੰਦਰ ਆ ਗਈ। ਮੈਂ ਦੇਖਿਆ ਕਿ ਉਹਦਾ ਰੰਗ ਹਲਦੀ ਵਾਂਗ ਪੀਲਾ ਸੀ। ਉਸ ਦਿਨ ਉਹ 'ਸਲੇਮੇ' ਆਖਣਾ ਵੀ ਭੁਲ ਗਈ ਤੇ ਕਿਸੇ ਵੀ ਪਾਸੇ ਦੇਖੇ ਬਿਨਾਂ ਸਿਧੀ ਸਿਦੀਕੀ ਸਾਹਿਬ ਦੇ ਕੈਬਿਨ ਵਿਚ ਜਾ ਵੜੀ।

ਮੈਂ ਕੰਮ ਛਡ ਕੇ ਅਸਗ਼ਰ ਸਾਹਿਬ ਵਲ ਵੇਖਿਆ। ਉਹ ਵੀ ਮਸੌਦਾ ਛਡ ਚੁਕੇ ਸਨ ਤੇ ਮਹਿਨਾਜ਼ ਕੈਬਿਨ ਦੇ ਅੰਦਰ ਸੀ।

"ਸਿਦੀਕੀ ਸਾਹਿਬ," ਜਿਵੇਂ ਉਹਨੇ ਰੋ ਕੇ ਆਖਿਆ।

"ਕੰਵਲ ਕਿਉਂ ਖੈਰ ਏ? ਕੀ ਹੋਇਆ ਏ?" ਸਿਦੀਕੀ ਸਾਹਿਬ ਦੀ ਆਵਾਜ਼ ਆਈ।

"ਸਿਦੀਕੀ ਸਾਹਿਬ ਮੈਂ ਤਬਾਹ ਹੋ ਗਈ!"

ਸਿਦੀਕੀ ਸਾਹਿਬ ਦੀ ਕੋਈ ਆਵਾਜ਼ ਨਾ ਆਈ-ਖੌਰੇ ਉਨ੍ਹਾਂ ਨੂੰ ਸ਼ਾਕ ਲੱਗਾ ਸੀ, ਜਾਂ ਉਹ ਸੋਚੀਂ ਪੈ ਗਏ ਸਨ, ਕੁਝ ਪਤਾ ਨਹੀਂ।

"ਓਸ ਫਿਲਮੀ ਰਸਾਲੇ ਦੇ ਐਡੀਟਰ...।"

ਉਸ ਤੋਂ ਬਾਅਦ ਮਹਿਨਾਜ਼ ਦੀ ਆਵਾਜ਼ ਹੰਝੂਆਂ ਵਿਚ ਡੁਬ ਗਈ।

"ਮਹਿਨਾਜ਼, ਹੌਂਸਲਾ ਕਰ, ਪੂਰੀ ਗੱਲ ਤਾਂ ਦਸ," ਸਿਦੀਕੀ ਸਾਹਿਬ ਨੇ ਬੜਾ ਸੋਚ ਕੇ ਪੁਛਿਆ।

"ਉਹ ਮੈਨੂੰ ਲੈ ਕੇ ਹੋਟਲ ਵਿਚ ਰਿਹਾ...ਕਹਿੰਦਾ ਸੀ ਤੇਰੇ ਨਾਲ ਨਿਕਾਹ ਕਰ ਲਵਾਂਗਾ ਪਰ ਮੈਨੂੰ ਛਡ ਕੇ ਟੁਰ ਆਇਆ-ਮੈਂ ਉਹਦੇ ਦਫਤਰ ਗਈ ਤਾਂ ਮੈਨੂੰ ਜਲੀਲ ਕਰਕੇ ਕਢ ਦਿਤਾ।"

"ਫੇਰ?"

"ਫੇਰ ਮੈਂ ਘਰ ਗਈ। ਮਾਂ ਮੈਨੂੰ ਮਾਰਨ ਨੂੰ ਪਈ...ਸਿਦੀਕੀ ਸਾਹਿਬ! ਹੁਣ ਤੁਸੀਂ ਹੀ ਮੇਰਾ ਆਖਰੀ ਸਹਾਰਾ ਹੋ। ਥੁਆਨੂੰ ਅਲ੍ਹਾ ਦਾ ਵਾਸਤਾ...।"

ਹਿਚਕੀਆਂ ਲੈ ਲੈ ਕੇ ਇਹ ਗੱਲਾਂ ਆਖ ਕੇ ਮਹਿਨਾਜ਼ ਨੇ ਸ਼ਾਇਦ ਸਿਦੀਕੀ ਸਾਹਿਬ ਦੇ ਗੋਡੇ ਫੜ ਲਏ ਸਨ ਜਾਂ ਪੈਰ...ਪਰ ਸਿਦੀਕੀ ਸਾਹਿਬ ਮੌਤ ਵਾਂਗੂ ਚੁਪ ਸਨ।

"ਸਿਦੀਕੀ ਸਾਹਿਬ! ਮੈਂ ਬੜੀ ਮਜਬੂਰ ਹਾਂ। ਖੁਦਾ ਦੇ ਵਾਸਤੇ ਮੇਰੇ ਹਾਲ 'ਤੇ ਰਹਿਮ ਕਰੋ।"

"ਸਿਦੀਕੀ ਸਾਹਿਬ!" ਚੀਕ ਵਰਗੀ ਆਵਾਜ਼ ਸੀ, "ਤੁਸੀਂ ਬੋਲਦੇ ਕਿਉਂ ਨਹੀਂ?"

"ਮਹਿਨਾਜ਼, ਮੈਂ ਆਪ ਬੜਾ ਮਜਬੂਰ ਹਾਂ, ਕੀ ਕਰਾਂ?"

"ਮੈਨੂੰ ਬਚਾ ਲਵੋ।"

"ਮਹਿਨਾਜ਼, ਮੈਂ ਕੀ ਕਰ ਸਕਦਾ ਹਾਂ? ਮੇਰੇ ਦੋ ਬੱਚੇ ਨੇ, ਬੀਵੀ ਐ, ਥੁਆਨੂੰ ਕੌਣ ਕਬੂਲ ਕਰੇਗਾ? ਨਾ ਮੇਰੀ ਬੀਵੀ ਨਾ ਰਿਸ਼ਤੇਦਾਰ," ਸਿਦੀਕੀ ਸਾਹਿਬ ਬੜੀ ਦੇਰ ਬਾਅਦ ਤੇ ਬੜੀ ਹੌਲੀ ਜਿਹੀ ਬੋਲੇ।

"ਸਿਦੀਕੀ ਸਾਹਿਬ, ਥੁਆਨੂੰ ਅਲ੍ਹਾ ਦਾ ਵਾਸਤਾ! ਮੈਂ ਬੜੀਆਂ ਉਮੀਦਾਂ ਲੈ ਕੇ ਥੁਆਡੇ ਕੋਲ ਆਈ ਸਾਂ...।"

"ਮਹਿਨਾਜ਼, ਨਾਮੁਮਕਿਨ ਜਿਹੀ ਗੱਲ ਹੈ। ਥੁਆਨੂੰ ਪਹਿਲਾਂ ਹੀ ਸੋਚ ਸਮਝ ਕੇ ਕਦਮ ਚੁਕਣਾ ਚਾਹੀਦਾ ਸੀ।"

ਕੈਬਿਨ ਦੇ ਬਾਹਰ ਅਸਗ਼ਰ ਸਾਹਿਬ, ਮੈਂ ਤੇ ਯੂਨਸ ਬੜੇ ਅਫਸੋਸ ਨਾਲ ਇਹ ਇਬਾਰਤ ਭਰਿਆ ਡਰਾਮਾ ਸੁਣ ਰਹੇ ਸਾਂ। ਮਹਿਨਾਜ਼ ਬੜੀ ਹੀ ਦੇਰ ਸਿਦੀਕੀ ਸਾਹਿਬ ਨੂੰ ਵਾਸਤੇ-ਤਰਲੇ ਪਾਉਂਦੀ ਰਹੀ ਪਰ ਸ਼ਾਇਦ ਉਹ ਵੀ ਮਜਬੂਰ ਸਨ ਤੇ ਅਖੀਰ ਉਹ ਰੋਂਦੀ ਧੋਂਦੀ ਕਿਸੇ ਅਨਜਾਣੀ ਮੰਜਿਲ ਨੂੰ ਜਾਣ ਲਈ ਬਾਹਰ ਨਿਕਲ ਗਈ।

ਕੁਝ ਦੇਰ ਬਾਅਦ ਸਿਦੀਕੀ ਸਾਹਿਬ ਕੈਬਿਨ ਵਿਚੋਂ ਬਾਹਰ ਨਿਕਲੇ। ਉਨ੍ਹਾਂ ਦਾ ਰੰਗ ਵੀ ਜ਼ਰਦ ਸੀ ਤੇ ਮੱਥੇ ਉਤੇ ਮੁੜਕੇ ਦੇ ਕਤਰੇ ਚਮਕ ਰਹੇ ਸਨ। ਕਿਸੇ ਨਾਲ ਨਜ਼ਰਾਂ ਮਿਲਾਏ ਬਗੈਰ ਉਹ ਚੁਪ-ਚੁਪੀਤੇ ਤੁਰ ਗਏ।

ਅਸੀਂ ਤਿੰਨੇ ਇਕ ਦੂਜੇ ਵਲ ਦੇਖਣ ਤੋਂ ਇੰਜ ਘਬਰਾ ਰਹੇ ਸਾਂ ਜਿਵੇਂ ਮਹਿਨਾਜ਼ ਦੀ ਬਰਬਾਦੀ ਦੇ ਜਿੰਮੇਵਾਰ ਅਸੀਂ ਹੀ ਸਾਂ। ਕਮਰੇ ਵਿਚ ਬੜੀ ਬੇਰਹਿਮ ਜਿਹੀ ਚੁਪ ਖਿਲਰ ਗਈ ਸੀ। ਇਸ ਚੁਪ ਨੂੰ ਚਿੜੀ ਦੇ ਇਕ ਬੋਟ ਨੇ ਮੇਜ਼ ਉਤੇ ਡਿਗ ਕੇ ਮੁਕਾਇਆ।

ਯੂਨਸ ਨੇ ਉਸੇ ਵੇਲੇ ਉਹਨੂੰ ਚੁਕਿਆ। ਉਹ ਅਜੇ ਜਿੰਦਾ ਸੀ। ਅਸੀਂ ਵੀ ਜਿਵੇਂ ਦੁਬਾਰਾ ਜਿੰਦਾ ਹੋ ਗਏ। ਯੂਨਸ ਥੋੜਾ ਜਿਹਾ ਪਾਣੀ ਲਿਆ ਕੇ ਉਹਨੂੰ ਪਿਆਉਣ ਲੱਗ ਪਿਆ ਪਰ ਉਹਨੇ ਨਾ ਪੀਤਾ। ਫੇਰ ਉਹਨੇ ਸਟੂਲ ਖਿਚਿਆ ਤੇ ਉਹਦੇ ਉਤੇ ਖਲੋ ਕੇ ਬੋਟ ਨੂੰ ਆਲ੍ਹਣੇ ਵਿਚ ਰਖਣ ਲੱਗਾ।

"ਰਹਿਣ ਦੇ ਯਾਰ! ਇਹਨੂੰ ਆਲ੍ਹਣੇ ਵਿਚ ਰੱਖਣ ਦਾ ਕੋਈ ਫਾਇਦਾ ਨਹੀਂ," ਮੈਂ ਯੂਨਸ ਨੂੰ ਡਕ ਦਿਤਾ।

"ਪਰ ਜੀ ਥੱਲੇ ਇਹਨੂੰ ਕੀੜੀਆਂ ਨਹੀਂ ਛਡਣਗੀਆਂ, ਇਹ ਮਰ ਜਾਵੇਗਾ।"

"ਆਹੋ ਯੂਨਸ ਇਹਦਾ ਅੰਜਾਮ ਇਹੀ ਹੈ। ਚਿੜੀਆਂ ਦੇ ਸਮਾਜ ਦਾ ਕਾਨੂੰਨ ਐ ਕਿ ਕੋਈ ਬੋਟ ਆਲ੍ਹਣੇ ਵਿਚੋਂ ਡਿਗ ਪਵੇ ਤਾਂ ਉਹਨੂੰ ਉਹ ਵਾਪਿਸ ਆਲ੍ਹਣੇ ਵਿਚ ਨਹੀਂ ਕਬੂਲਦੀਆਂ," ਮੈਂ ਜੁਆਬ ਦਿਤਾ।

ਯੂਨਸ ਅਜੀਬ ਜਿਹੀਆਂ ਨਜ਼ਰਾਂ ਨਾਲ ਮੇਰੇ ਵਲ ਵੇਖਦਾ ਰਹਿ ਗਿਆ।

## ਛਾਤੀ ਅੰਦਰਲੇ ਥੇਹ (16)

*(ਪਿਛਲੇ ਸਫੇ ਦੀ ਬਾਕੀ)*

ਉਹ ਮੈਨੂੰ ਲਿਪਟ ਹੀ ਗਿਆ। ਮੈਨੂੰ ਜ਼ਿੰਦਗੀ ਵਿਚ ਪਹਿਲੀ ਵਾਰੀ ਅਹਿਸਾਸ ਹੋਇਆ ਕਿ ਕਿਸੇ ਦੀ ਜਾਨ ਬਚਾਉਣ ਨਾਲ ਕਿੰਨੀ ਖ਼ੁਸ਼ੀ ਮਿਲ ਸਕਦੀ ਹੈ।

ਛੇ ਵਜੇ ਦੀ ਥਾਂ ਅਸੀਂ ਅੱਠ ਵਜੇ ਕਾਲਜ ਦੇ ਗੇਟ ਮੂਹਰੇ ਪਹੁੰਚੇ ਤਾਂ ਬੱਸ ਲਾਗੇ ਖੜ੍ਹੇ ਵਿਦਿਆਰਥੀ ਅਤੇ ਪ੍ਰੋਫ਼ੈਸਰ ਖਫ਼ਾ ਸਨ। ਉਹ ਡੇਨੀਅਲ ਅਤੇ ਮੈਨੂੰ ਹਰ ਪਾਸੇ ਲੱਭਦੇ ਫਿਰਦੇ ਸਨ ਤੇ ਹੁਣ ਪ੍ਰੇਸ਼ਾਨ ਖੜ੍ਹੇ ਘਰਾਂ ਨੂੰ ਮੁੜਨ ਦੀ ਤਿਆਰੀ ਵਿਚ ਸਨ। ਜਦੋਂ ਮੈਂ ਵਾਪਰੀ ਘਟਨਾ ਬਾਰੇ ਵਿਦਿਆਰਥੀਆਂ ਨੂੰ ਦੱਸ ਰਿਹਾ ਸਾਂ ਤਾਂ ਡੇਨੀਅਲ ਦੀਆਂ ਪਿੱਤਲ ਰੰਗੀਆਂ ਮੁੱਛਾਂ ਵਿਚੋਂ ਫੁੱਲ ਪੱਤੀਆਂ ਵਾਂਗ ਮੁਸਕਰਾਹਟ ਡਿੱਗ ਰਹੀ ਸੀ। ਇਸ ਘਟਨਾ ਨੇ ਕਾਫ਼ੀ ਹੱਦ ਤਕ ਮੇਰਾ ਜੀਵਨ ਨਜ਼ਰੀਆ ਹੀ ਬਦਲ ਦਿੱਤਾ। ਮੈਂ ਡੇਨੀਅਲ ਨੂੰ ਬੰਦਾ ਨਹੀਂ, ਸਗੋਂ ਦੇਵਤਾ ਸਮਝਣ ਲੱਗ ਪਿਆ।

*(ਚਲਦਾ)*

# ਕਵਿਤਾ ਦੀ ਤ੍ਰਿਵੈਣੀ-ਹਰਜਿੰਦਰ ਕੰਗ

## ਜਾਣ-ਪਛਾਣ

ਕਰਮ ਸਿੰਘ ਮਾਨ
ਫੋਨ: 559-261-5024

ਹਰਜਿੰਦਰ ਕੰਗ ਦਾ ਸਾਹਿਤਕ ਸਫਰ ਗ਼ਜ਼ਲ ਸੰਗ੍ਰਿਹ 'ਸਵਾਂਤੀ ਬੂੰਦ' ਨਾਲ ਸ਼ੁਰੂ ਹੋਇਆ। ਦੂਸਰੇ ਗ਼ਜ਼ਲ ਸੰਗ੍ਰਿਹ 'ਠੀਕਰੀ ਪਹਿਰਾ' ਨਾਲ ਉਹ ਮਕਬੂਲ ਗਜ਼ਲਗੋਆਂ ਵਿਚ ਸ਼ੁਮਾਰ ਹੋ ਗਿਆ। ਕਾਵਿ ਸੰਗ੍ਰਿਹ 'ਚੁੱਪ ਦੇ ਟੁਕੜੇ' ਨੇ ਪੰਜਾਬੀ ਸਾਹਿਤ ਵਿਚ ਉਸ ਦੀ ਪਛਾਣ ਹੋਰ ਵੀ ਨਿੱਗਰ ਬਣਾ ਦਿਤੀ। ਗੀਤ ਸੰਗ੍ਰਿਹ 'ਆਪਾਂ ਦੋਵੇ ਰੁੱਸ ਬੈਠੇ' ਵਿਚਲੇ ਬਹੁਤ ਸਾਰੇ ਗੀਤ ਨਾਮਵਰ ਗਾਇਕਾਂ ਦੇ ਕੰਠ ਤੋਂ ਪੰਜਾਬੀ ਸੰਗੀਤ ਦੇ ਪ੍ਰੇਮੀ ਅਕਸਰ ਸੁਣਦੇ ਰਹਿੰਦੇ ਹਨ। ਇਸ ਕਾਵਿ ਸੰਗ੍ਰਿਹ ਵਿਚਲੇ ਗੀਤ 'ਆਪਾਂ ਦੋਵੇ ਰੁੱਸ ਬੈਠੇ' ਨੇ ਤਾਂ ਸਾਰੀ ਦੁਨੀਆਂ ਵਿਚ ਉਸ ਦਾ ਨਾਂ ਰੋਸ਼ਨ ਕਰ ਦਿੱਤਾ ਹੈ।

ਹਰਜਿੰਦਰ ਕੰਗ ਲਈ ਲਿਖਣਾ ਚੇਤਨਾ ਅਤੇ ਸਾਧਨਾ ਦਾ ਕੰਮ ਹੈ। ਉਸ ਦੀ ਕਵਿਤਾ 'ਸਤਿਅਮ' 'ਸ਼ਿਵਮ' ਅਤੇ 'ਸੁੰਦਰਮ' ਦੀ ਕਸਵੱਟੀ 'ਤੇ ਖਰੀ ਉਤਰਦੀ ਹੈ। ਕਲਾਤਮਕ, ਕਲਿਆਣਕਾਰੀ ਅਤੇ ਜਿੰਦਗੀ ਦੇ ਸੱਚ-ਰਹੱਸ ਨੂੰ ਪ੍ਰਗਟਾਉਂਦੀ ਇਹ ਕਵਿਤਾ ਲੋਕਾਂ ਦੇ ਮਨ ਅਤੇ ਦਿਲ 'ਚ ਰਹਿੰਦੀ ਦੁਨੀਆਂ ਤੱਕ ਵਸਦੀ ਰਹੇਗੀ। ਉਸ ਦੀ ਅੱਖ ਸਮੁੱਚਤਾ ਨੂੰ ਨਿਹਾਰਦੀ ਹੈ। ਉਸ ਦੇ ਜ਼ਿਹਨ ਵਿਚ ਤਸਵੀਰ ਟੋਟਿਆਂ ਵਿਚ ਨਹੀਂ ਬਣਦੀ। ਉਸ ਨੇ ਸੂਖਮ ਨੂੰ ਪ੍ਰਗਟ ਕਰਨ ਲਈ ਸਥੂਲ-ਬਿੰਬ ਦਾ ਸਹਾਰਾ ਨਹੀਂ ਲਿਆ। ਇਸ ਸੰਦਰਭ ਵਿਚ ਭਾਈ ਵੀਰ ਸਿੰਘ ਦੀ ਕਵਿਤਾ ਹੈ,

ਸੁਪਨੇ ਵਿਚ ਤੁਸੀ ਮਿਲੇ ਅਸਾਨੂੰ
ਅਸੀਂ ਧਾ ਗਲਵਕੜੀ ਪਾਈ।
ਨਿਰਾ ਨੂਰ ਤੁਸੀਂ ਹੱਥ ਨਾ ਆਏ
ਸਾਡੀ ਕੰਬਦੀ ਰਹੀ ਕਲਾਈ।
ਹਰਜਿੰਦਰ ਕੰਗ ਵਿਚ ਵੀ ਇਹ ਰੰਗ ਵੇਖੋ,
ਮਹਿਕ ਦਾ ਵਿਰੋਲਾ ਹਾਸਾ ਫੁੱਲ ਉਹਦਾ ਮੁੱਖੜਾ।
ਰੱਬ ਦੇ ਨਜ਼ਾਰਿਆਂ ਦੇ ਤੁੱਲ ਉਹਦਾ ਮੁੱਖੜਾ।
ਤੱਕਿਆ ਕੀ ਤੈਨੂੰ ਸਾਰੀ ਸੁੱਧ ਬੁੱਧ ਭੁੱਲ ਗਈ।
ਤੇਰੇ ਵੀ ਨੈਣਾਂ ਦੀ ਬਾਰੀ ਥੋੜ੍ਹੀ ਜਿਹੀ ਖੁੱਲ ਗਈ।

ਉਸ ਦੀ ਇਕ ਹੋਰ ਨਜ਼ਮ ਦਾ ਬੰਦ ਹੈ,

ਵਸ ਗਈ ਦਿਲ ਵਿਚ ਤੇਰੀ ਸੂਰਤ।
ਰੱਬ ਦੀ ਵੀ ਹੁਣ ਨਹੀਂ ਜ਼ਰੂਰਤ।
ਸੁਪਨੇ ਵਰਗਾ ਹਾਲ ਸੀ ਮੇਰਾ,
ਦਿਲ ਵਿਚ ਅਜ਼ਬ ਜਿਹੀ ਹੱਲ ਚੱਲ ਸੀ।

ਉਸ ਦੇ ਸ਼ਾਹਕਾਰ ਗੀਤ 'ਆਪਾਂ ਦੋਵੇਂ ਰੁੱਸ ਬੈਠੇ' ਵਿਚ 'ਰੋਸਾ' ਸਮੁੱਚ ਹੈ ਜਿਸ ਦਾ ਕੋਈ ਰੂਪ, ਰੰਗ ਅਤੇ ਰੇਖ ਨਹੀਂ। ਇਹ ਪਸ਼ੂ-ਪੰਛੀਆਂ ਤੋਂ ਲੈ ਕੇ ਮਨੁੱਖ ਜਾਤ ਤੱਕ ਵਿਦਮਾਨ ਹੈ। ਅਜਿਹੇ ਗੀਤ ਕਾਲ ਦੀ ਪਕੜ ਵਿਚ ਨਹੀਂ ਆਉਂਦੇ।

'ਕੰਗ' ਦੇ ਗੀਤ ਇਸ਼ਕ ਮਜ਼ਾਜੀ ਤੋਂ ਇਸ਼ਕ ਹਕੀਕੀ ਤੱਕ ਦਾ ਸਫਰ ਤੈਅ ਕਰਦੇ ਹਨ। ਇਸ਼ਕ ਮਜ਼ਾਜੀ ਦੀ ਮੰਜਲ ਪਾਰ ਕਰੇ ਤੋਂ ਬਿਨਾਂ ਇਸ਼ਕ ਹਕੀਕੀ ਤੱਕ ਪੁੱਜਿਆ ਨਹੀਂ ਜਾ ਸਕਦਾ। ਇਸ਼ਕ ਹਕੀਕੀ 'ਚ ਮੁਰੀਦ ਥੱਕ-ਟੁੱਟ ਕੇ ਆਪਣੇ ਆਪੇ ਨੂੰ ਮੁਰਸ਼ਦ ਦੇ ਸਮਰਪਤ ਕਰਕੇ ਉਸ ਦੀ ਰਹਿਮਤ ਲਈ ਬਿਹਬਲ ਹੁੰਦਾ ਹੈ। ਮੁਰਸ਼ਦ ਦੀ ਰਹਿਮਤ ਸਦਕਾ ਮੁਰੀਦ ਪਿਆਰ ਤਰੰਗ ਦੇ ਆਵੇਸ਼ ਨਾਲ 'ਮਿੱਤਰ ਪਿਆਰੇ' ਦੇ ਰੰਗ ਵਿਚ ਰੰਗਿਆ ਜਾਂਦਾ ਹੈ ਜਿੱਥੇ ਮੈਂ-ਮੇਰੀ ਖਤਮ ਹੋ ਕੇ 'ਤੂੰ ਹੀ-ਤੂੰ ਹੀ' ਦੀ ਅਵਾਜ਼ ਆਉਂਦੀ ਹੈ। ਪਰਮ ਅਨੰਦ ਦੀ ਵਿਸਮਾਦਮਈ ਅਵਸਥਾ 'ਚ ਉਤਰੀ ਰੂਹਾਨੀ, ਡੂੰਘੀ ਰਮਜ਼ ਤੇ ਰਹੱਸ ਭਰੀ ਸ਼ਾਇਰੀ ਪਾਠਕ ਤੇ ਸਰੋਤੇ ਦੇ ਦਿਲ ਅਤੇ ਰੂਹ ਵਿਚ ਡੂੰਘੀ ਲਹਿ ਜਾਂਦੀ ਹੈ। ਬੁੱਲੇ ਸ਼ਾਹ ਦੀਆਂ ਕਾਫੀਆਂ ਵਾਂਗ ਹਰਜਿੰਦਰ ਵੀ ਸਰਲ ਤੇ ਮਾਖਿਉਂ ਮਿੱਠੀ ਭਾਸ਼ਾ ਵਿਚ ਜਨ ਸਧਾਰਨ ਦੀ ਚੇਤਨਾ ਨੂੰ ਟੁੰਬਦੀ ਗੱਲ ਸਹਿਜ ਨਾਲ ਹੀ ਕਹਿ ਜਾਂਦਾ ਹੈ। ਬੁੱਲੇ ਸ਼ਾਹ ਦਾ ਸੂਫੀਆਨਾ ਰੰਗ 'ਕੰਗ' ਦੀ ਕਵਿਤਾ ਦਾ ਹਾਸਲ ਹੈ। ਬੁੱਲ੍ਹਾ ਕਹਿੰਦਾ ਹੈ,

ਬੁੱਲ੍ਹਾ ਸ਼ਹੁ ਅਸਾਥੋਂ ਵੱਖ ਨਹੀਂ।
ਬਿਨ ਸ਼ਹੁ ਤੋਂ ਦੂਜਾ ਕੱਖ ਨਹੀਂ।
ਪਰ ਵੇਖਣ ਵਾਲੀ ਅੱਖ ਨਹੀਂ।

ਹਰਜਿੰਦਰ ਕੰਗ ਦੀ ਸ਼ਾਇਰੀ ਦਾ ਨਮੂਨਾ ਦੇਖੋ,

ਮੈਨੂੰ ਨਸ਼ਾ ਨਾ ਚੜ੍ਹਿਆ ਹਾਲੀ
ਬੋਤਲ ਹੋ ਚੱਲੀ ਏ ਖ਼ਾਲੀ
ਅੰਦਰ ਮੇਰੇ ਖੁੱਲ੍ਹ ਗਈ ਬੋਤਲ
ਪੀਣ ਲੱਗਾ ਸੀ ਡੁੱਲ੍ਹ ਗਈ ਬੋਤਲ...।
ਹੁਣ ਤੂੰ ਹੀ ਕੁਝ ਕਰਦੇ ਸਾਈਆਂ
ਰੱਖ ਲੈ ਮੇਰੇ ਪਰਦੇ ਸਾਈਆਂ
ਖ਼ਾਲੀ ਬੋਤਲ ਭਰਦੇ ਸਾਈਆਂ
ਭਰ ਕੇ ਦੇ ਦੇ ਹੋਰ ਪਿਆਲੀ
ਤੇਰੇ ਦਰ ਤੇ ਖੜ੍ਹਾ ਸ਼ਵਾਲੀ
ਤਨ ਦੀ ਬੋਤਲ ਭਰੀ ਹੈ ਕਿੰਨੀ
ਬੁਰੀ ਹੈ ਕਿੰਨੀ ਖ਼ਰੀ ਹੈ ਕਿੰਨੀ
ਆਉਂਦਾ ਨਹੀਂ ਹਿਸਾਬ ਕਿਸੇ ਨੂੰ
ਲਭਦਾ ਨਹੀਂ ਜਵਾਬ ਕਿਸੇ ਨੂੰ...।
ਦਿਲ ਗੁੰਬਦ ਵਿਚ ਗੂੰਜ ਨਿਰਾਲੀ
ਇਸ ਬਾਝੋਂ ਮੈਂ ਖੰਡਰ ਖਾਲੀ
ਅੰਦਰ ਝੱਖੜ ਝੁੱਲ ਗਿਆ ਏ
ਇੱਕ ਮੈਖ਼ਾਨਾ ਖੁੱਲ੍ਹ ਗਿਆ ਏ
ਜਗਤ 'ਕੰਗ' ਨੂੰ ਭੁੱਲ ਗਿਆ ਏ
ਮੋੜਾਂ ਮਾਰ ਮਾਰ ਕੇ ਤਾਲੀ
ਸਾਹ ਇੱਜੜ ਮੈਂ ਇਯਾਲੀ।

ਹਰਜਿੰਦਰ ਕੰਗ ਦੀ ਇਹ ਕਾਫ਼ੀ ਤਿੰਨ ਧਰਾਤਲਾਂ 'ਤੇ ਵਾਪਰਦੀ ਹੈ। ਸਰੀਰਕ ਰਸ-ਕਸ, ਵਿਸ਼ੇ ਵਿਕਾਰ ਭੋਗਣ ਦੀ ਤ੍ਰਿਸ਼ਨਾ ਉਸ ਦੀ ਆਤਮਾ ਨੂੰ ਤ੍ਰਿਪਤ ਨਹੀਂ ਕਰਦੀ। ਉਹ ਇਸ ਅਵਸਥਾ ਤੋਂ ਪਾਰ ਲੰਘਣ ਲਈ ਗੁਰੂ ਮੁਰਸ਼ਦ ਅੱਗੇ ਆਤਮ ਸਮਰਪਣ ਕਰਕੇ ਉਸ ਦੀ ਰਹਿਮਤ ਲਈ ਕੂਕਦਾ ਹੈ। ਬਿਹਬਲ ਹੋਇਆ ਵਿਸਮਾਦ ਦੀ ਅਵਸਥਾ ਵਿਚ ਪਿਰਮ-ਪਿਆਲਾ ਪੀਣਾ ਲੋਚਦਾ ਹੈ। ਮੁਰਸ਼ਦ ਦੀ ਕਿਰਪਾ ਨਾਲ ਉਸ ਦੇ ਅੰਦਰ ਪਿਆਰ ਦੀ ਤਰੰਗ ਦਾ 'ਮੈਖ਼ਾਨਾ' ਖੁੱਲ੍ਹਣ ਨਾਲ ਉਹ ਪਰਮਾਤਮਾ ਨੂੰ ਸਾਹ-ਸਾਹ 'ਚ ਰਮਿਆ ਬਾਵਲਾ ਹੋਇਆ ਵਿਸਮਾਦ 'ਚ ਆ ਜਾਂਦਾ ਹੈ।

ਹਰਜਿੰਦਰ ਕੰਗ ਦੇ ਗੀਤਾਂ ਵਿਚ ਬਿਰਹਾ ਪ੍ਰਧਾਨ ਹੈ। ਸ਼ੇਖ ਫਰੀਦ ਬਿਰਹਾ ਨੂੰ ਸੁਲਤਾਨ ਮੰਨਦਾ ਹੈ। ਇਹ ਬਿਰਹਾ 'ਕਲ਼ਰ ਕੇਰੀ ਛਪੜੀ ਆਇ ਉਲਥੇ ਹੰਝ। ਚਿੰਜੂ ਬੋੜਨ ਨਾ ਪੀਵਹਿ ਉਡਣ ਸੰਦੀ ਡੰਝ' ਦੀ ਤਾਸੀਰ ਦਾ ਹੈ। ਇਹ 'ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ। ਕਿਸੁ ਪਹਿ ਖੋਲਉ ਗੰਠੜੀ ਦੂੱਖੀ ਭਰ ਆਇਆ' ਦੀ ਪਰਵਾਸਕ ਮਾਨਸਿਕਤਾ ਹੈ। ਇਹ ਇੰਨੀ ਸ਼ਿੱਦਤ ਨਾਲ ਪੇਸ਼ ਹੋਇਆ ਹੈ ਕਿ ਪਾਠਕ ਅਤੇ ਸਰੋਤੇ ਨੂੰ ਝੰਜੋੜ ਕੇ ਰੱਖ ਦਿੰਦਾ ਹੈ।

ਹੰਝੂ ਇਸ ਬਿਰਹਾ ਨੂੰ ਜ਼ਬਾਨ ਦਿੰਦੇ ਹਨ। ਕਿਤੇ ਖਾਰਾ ਹੰਝੂ ਤਨਹਾ ਜ਼ਿੰਦਗੀ ਦਾ ਤੁਲਨਾਤਮਕ ਬਣਦਾ ਹੈ। ਕਿਤੇ ਤਰੇਲ ਤੁਪਕਾ ਬਣ ਕੇ ਜ਼ਿੰਦਗੀ ਦੀ ਨਾਸ਼ਵਾਨਤਾ ਨੂੰ ਪ੍ਰਗਟ ਕਰਦਾ ਹੈ। ਕਿਤੇ ਛਮ ਛਮ ਰੋਂਦਾ ਅੰਦਰਲੇ ਵਿਛੋੜੇ ਨੂੰ ਦਰਿਆ ਦੀ ਛੱਲ ਵਾਂਗ ਵਹਾ ਕੇ ਲੈ ਜਾਂਦਾ ਹੈ। ਕਿਤੇ ਹੰਝੂ ਟੁੱਟੇ ਤਾਰੇ ਦਾ ਪ੍ਰਤੀਤ ਬਣਦਾ ਅੰਦਰ ਦੀ ਉਦਾਸੀ ਨੂੰ ਚਿਹਰੇ ਦੀ ਸਕਰੀਨ 'ਤੇ ਲੈ ਆਉਂਦਾ ਹੈ। ਕਿਤੇ ਹੰਝੂ ਕਿਸੇ ਦੀ ਤਲਾਸ਼ ਵਿਚ ਰਾਹੀ ਬਣ ਜਾਂਦਾ ਹੈ,

ਰੋਸਿਆਂ 'ਚ ਲੰਘੇ ਪਲ ਹੰਝੂਆਂ ਦੇ ਤੁਪਕੇ
ਚੰਨਾਂ ਇਹ ਉਹ ਤਾਰੇ ਨੇ ਜੋ ਚੜ੍ਹਦੇ ਨਾ ਛੁਪ ਕੇ।
ਟੁੱਟੇ ਤਾਰਿਆਂ ਨੂੰ ਲੱਭ ਕੇ ਲਿਆਊ ਕੌਣ ਵੇ...।

---

ਕਦ ਲਿਖਦੇ ਨੇ ਕੋਈ ਕਹਾਣੀ ਹੰਝੂ
ਕਦੇ ਸਿਆਹੀ ਬਣ ਕੇ
ਕਿਸ ਅਦਾਲਤ ਪੇਸ਼ ਹੋਣਗੇ
ਹਉਕੇ ਦੱਸ ਗਵਾਹੀ ਬਣ ਕੇ
ਸੁੰਨੇ ਸੁੰਨੇ ਰਾਹਾਂ ਵਿਚ
ਸਾਥ ਨਾ ਸਹਾਰਾ ਕੋਈ
ਹੰਝੂਆਂ ਦੇ ਸਾਗਰਾਂ ਨੂੰ
ਮਿਲੇ ਨਾ ਕਿਨਾਰਾ ਕੋਈ
ਉਹਦਾ ਸੁਪਨਾ ਨੈਣਾਂ ਦੇ ਵਿਚੋਂ ਭਾਲਦਾ
ਦਿਲ ਹੰਝੂਆਂ ਦੇ ਦੀਵੇ ਫਿਰੇ ਬਾਲਦਾ।

---

ਤੇਰੀ ਯਾਦ ਚੰਦਰੀਏ ਆਈ
ਛਮ ਛਮ ਰੋਣ ਅੱਖੀਆਂ
ਔਖੀ ਹੋ ਗਈ ਹੁਣ ਝੱਲਣੀ ਜੁਦਾਈ
ਛਮ ਛਮ ਰੋਣ ਅੱਖੀਆਂ
ਤੇਰਾ ਸੁਪਨਾ ਵੀ ਅਖੀਆਂ 'ਚ
ਡੱਕਿਆ ਨੀ ਜਾਣਾ
ਮੋਤੀ ਹੰਝੂਆਂ ਦਾ ਸਾਬਤਾ
ਕੋਈ ਰੱਖਿਆ ਨੀ ਜਾਣਾ।

'ਸੱਟਾਂ ਇਸ਼ਕ ਦੀਆਂ' ਗੀਤ ਵਿਚ ਬਿਰਹਾ ਦੀ ਪੀੜ ਦੀ ਇੰਤਹਾ ਹੈ,

ਸੱਟਾਂ ਇਸ਼ਕ ਦੀਆਂ ਨੇ ਗੁੱਝੀਆਂ
ਕਿਸੇ ਨੂੰ ਅਸੀਂ ਕੀ ਦੱਸੀਏ
ਅੱਖਾਂ ਬਿਰਹਾ 'ਚ ਰੋ ਰੋ ਸੁੱਜੀਆਂ
ਕਿਸੇ ਨੂੰ ਅਸੀਂ ਕੀ ਦੱਸੀਏ।

---

ਕਿਸੇ ਕਿਸੇ ਦਿਨ ਇੰਜ ਆਉਣ
ਯਾਦਾਂ ਤੇਰੀਆਂ
ਮਾਰੂਥਲ ਵਿਚ ਜਿਵੇਂ ਝੁੱਲਣ ਹਨੇਰੀਆਂ।
ਕਦੇ ਕਦੇ ਆਵੇ ਤੇਰਾ ਚੰਦਰਾ ਖ਼ਿਆਲ ਇਵੇਂ
ਰੱਬ ਦੀ ਸਹੁੰ ਸੱਚ ਜਾਣੀ
ਹੋਵੇ ਮੇਰਾ ਹਾਲ ਜਿਵੇਂ।

ਹਰਜਿੰਦਰ ਕੰਗ ਦੇ ਗੀਤਾਂ ਵਿਚ ਬੇ-ਵਫ਼ਾਈ ਦਾ ਤਾਹਨਾ, ਕੋਈ ਗਿਲਾ ਸ਼ਿਕਵਾ ਨਹੀਂ। ਇਨ੍ਹਾਂ ਵਿਚ ਜੁਦਾਈ ਦਾ ਸੱਲ ਹੈ ਅਤੇ ਆਪਣੀ ਰੂਹ ਤੱਕ ਦਾ ਸਮਰਪਣ ਹੈ, ਤਨਹਾਈ ਦਾ ਆਲਮ ਹੈ।

ਹੋ ਸਕੇ ਤਾਂ ਮਾਫ ਕਰੀਂ
ਮੈਂ ਇਨਾ ਹੋ ਲਾਚਾਰ ਗਿਆਂ।
ਮੈਂ ਆਪਣੇ ਘਰ ਪਰਵਾਰ ਲਈ
ਤੇਰੀ ਪਾਕਿ ਮੁਹੱਬਤ ਵਾਰ ਗਿਆਂ।
ਚਿੱਤ ਚੇਤੇ ਵੀ ਨਾ ਸੀ ਏਨਾ
ਹੋ ਜਾਊਂ ਮਜਬੂਰ ਕੁੜੇ।



ਹਰਜਿੰਦਰ ਕੰਗ

ਲੈ ਚੱਲੀ ਡੈਣ ਗਰੀਬੀ ਦੀ
ਮੈਨੂੰ ਸੱਤ ਸਮੁੰਦਰੋਂ ਦੂਰ ਕੁੜੇ...।

ਮੈਂ ਨਾਲ ਤੇਰੀਆਂ ਯਾਦਾਂ ਦਾ
ਉਹ ਇੱਕ ਇੱਕ ਪਲ ਲੈ ਚੱਲਿਆਂ ਹਾਂ
ਰੂਹ ਰੱਖ ਕੇ ਤੇਰੇ ਕਦਮਾਂ ਵਿਚ
ਇਕ ਲਾਸ਼ ਜਿਹੀ ਰਹਿ ਚੱਲਿਆ ਹਾਂ
ਹੋ ਸਕੇ ਤਾਂ 'ਕੰਗ' ਨਿਮਾਣੇ ਨੂੰ
ਤੂੰ ਰੱਖੀਂ ਯਾਦ ਜਰੂਰ ਕੁੜੇ...।

ਇਹ ਵਿਛੋੜਾ ਪਰਵਾਸ ਧਾਰਨ ਕਰਕੇ 'ਸੱਤ ਸਮੁੰਦਰੋਂ ਦੂਰ', 'ਪਿੰਡ ਰੋਂਦਾ ਹੈ ਪਿੰਡ ਹਸਦਾ ਹੈ', 'ਤੈਨੂੰ ਉਹ ਪਰਦੇਸ ਤੋਰ ਕੇ', 'ਯਾਰ ਗਏ ਪਰਦੇਸੀ', 'ਰੋਈਏ ਪਰਦੇਸਾਂ ਵਿਚ' ਅਤੇ ਹੋਰ ਕਈ ਗੀਤਾਂ ਵਿਚ ਪ੍ਰਗਟ ਹੋਇਆ ਹੈ,

ਵਿਛੜੇ ਭਰਾਵਾਂ ਦੀਆਂ ਬਾਹਵਾਂ ਯਾਦ ਕਰਕੇ
ਰੋਈਏ ਪਰਦੇਸਾਂ ਵਿਚ ਮਾਂਵਾਂ ਯਾਦ ਕਰਕੇ।
ਦਿੰਦਾ ਰੁਜ਼ਗਾਰ ਰੱਬ ਆਪਣੇ ਜੇ ਦੇਸ ਵਿਚ
ਭੇਜਦਾ ਕਦੇ ਨਾ ਤੈਨੂੰ ਪੁੱਤਾ ਪਰਦੇਸ ਵਿਚ।
ਬਾਪੂ ਦੇ ਉਹ ਹੰਝੂ ਤੇ ਦੁਆਵਾਂ ਯਾਦ ਕਰਕੇ।

ਜਦ ਬੰਦੇ ਨੂੰ ਘਰ ਛੱਡ ਕੇ
ਪਰਦੇਸੀ ਹੋਣਾ ਪੈ ਜਾਂਦਾ ਹੈ
ਦਿਲ ਦਾ ਇੱਕ ਟੁਕੜਾ ਸੀਨੇ ਵਿਚ,
ਇੱਕ ਵਤਨਾਂ ਵਿਚ ਰਹਿ ਜਾਂਦਾ ਹੈ।
ਇਕ ਪੈਰ ਹੈ ਦੇਸ 'ਚ ਇਕ ਪਰਦੇਸ 'ਚ
ਆਪਣਾ ਹਾਲ ਕੀ ਦਸੀਏ।
ਇਕ ਜੁਗਨੂੰ ਜਿਉਂ ਨੇਰ੍ਹੇ ਦੇ ਵਿਚ
ਜਗਦਾ ਬੁਝਦਾ ਰਹਿ ਜਾਂਦਾ ਹੈ।

'ਨੱਚਣ -ਕੁੱਦਣ ਮਨ ਕਾ ਚਾਉ। ਨਾਨਕ ਜਿਨ ਮਨ ਭਉ ਤਿਨਾ ਮਨ ਚਾਉ।' ਨੱਚਣਾ ਕੁਦਰਤੀ ਪ੍ਰਕਿਰਤੀ ਹੈ। ਖੁਸ਼ੀ ਵਿਚ ਨੱਚਣਾ, ਝੂੰਮਣਾ ਮਨੁਖਾਂ, ਪਸੂਆਂ-ਪੰਛੀਆਂ, ਸਭ ਵਿਚ ਵਿਦਮਾਨ ਹੈ। ਅਨਹਤ ਨਾਦ ਨਾਲ ਤਾਲ ਮਿਲਾ ਕੇ ਵਿਸਮਾਦ ਵਿਚ ਨਚਦਾ ਵਿਅਕਤੀ ਪਰਮ ਅਨੰਦ ਵਿਚ ਆ ਜਾਂਦਾ ਹੈ। ਇਸ ਅਵਸਥਾ ਵਿਚ ਰੋਮ ਰੋਮ ਨੱਚਣ ਲੱਗ ਜਾਂਦਾ ਹੈ। ਹੁਲਾਸ ਤੇ ਵਿਸਮਾਦ ਦਾ ਸੂਫੀਆਨਾ ਰੰਗ ਹਰਜਿੰਦਰ ਦੇ ਗੀਤਾਂ 'ਲੋਹੜੀ', 'ਪੁੱਤਰਾਂ ਦੇ ਹੌਸਲੇ ਬੜੇ', 'ਨੀ ਤੂੰ ਸੰਗਿਆ ਨਾ ਕਰ', 'ਮੈਨੂੰ ਨਚਦੀ ਨੂੰ' ਅਤੇ 'ਬੋਤਲ ਹੋ ਚੱਲੀ ਏ ਖ਼ਾਲੀ' ਗੀਤਾਂ ਵਿਚ ਪੂਰੇ ਜੋਰ ਨਾਲ ਉਭਰਦੀ ਹੈ,

ਰੱਜ ਰੱਜ ਖ਼ੁਸ਼ੀ ਮਨਾਉ ਅੱਜ ਦਿਨ ਲੋਹੜੀ ਦਾ।
ਗਿੱਧੇ ਭੰਗੜੇ ਪਾਉ ਅੱਜ ਦਿਨ ਲੋਹੜੀ ਦਾ।

ਰਲ ਕੇ ਸ਼ਗਨ ਮਨਾਉ..., ਖ਼ੂਬ ਧਮਾਲਾ ਪਾਉ-ਨੱਚ ਨੱਚ ਕੇ ਰੰਗ ਲਾਉ...ਗੀਤ ਪਿਆਰ ਦੇ ਗਾਉ...ਸਾਰਾ ਗੀਤ ਰੋਮ ਰੋਮ ਤੱਕ ਨੱਚਣ ਲਾ ਦਿੰਦਾ ਹੈ। ਅਗਲਾ ਗੀਤ,

ਬੋਲੀ ਪਾਉਂਦੀ ਨੇ ਬਨੇਰੇ ਵਲ ਝਾਕਿਆ
ਸੱਚ ਜਾਣਿਉ ਨੀਂ ਮੈਨੂੰ ਇਦਾਂ ਜਾਪਿਆ।
ਟੁੱਟ ਅੰਬਰਾਂ ਤੋਂ ਚੌਦਵੀਂ ਦਾ ਚੰਦ ਆ ਗਿਆ
ਮੈਨੂੰ ਨਚਦੀ ਨੂੰ ਗੱਭਰੂ ਪਸੰਦ ਆ ਗਿਆ...।
ਮੇਰੀ ਵੰਗ ਵੰਗ ਗਾਵੇ ਮੇਰਾ ਰੋਮ ਰੋਮ ਨੱਚੇ
ਮੇਰੇ ਸੀਨੇ ਵਿਚ ਪਿਆਰ ਵਾਲੀ
ਲਾਟ ਜਿਹੀ ਮੱਚੇ
ਆਵੋ ਦੇਖ ਲਵੋ ਸਹੇਲੀਓ ਨੀ
'ਕੰਗ' ਆ ਗਿਆ।

ਇੱਕ ਸੰਵੇਦਨਸ਼ੀਲ ਸੱਚ ਨੂੰ ਪ੍ਰਣਾਇਆ ਕਵੀ ਲੋਕਾਂ ਦੇ ਦੁਖ ਦਰਦ ਤੋਂ ਕਿਵੇਂ ਅਭਿੱਜ ਰਹਿ ਸਕਦਾ ਹੈ? ਉਹ ਲੋਕ ਲਹਿਰਾਂ ਦੇ ਨਾਇਕਾਂ ਅਤੇ ਜਨ ਸਧਾਰਨ ਮਰਜੀਵੜੇ ਲੋਕਾਂ ਦੀ ਕੁਰਬਾਨੀ ਨੂੰ ਕਿਵੇਂ ਭੁਲਾ ਸਕਦਾ ਹੈ? ਕੰਗ ਦੇ ਗੀਤਾਂ, ਗਜ਼ਲਾਂ ਤੇ ਕਵਿਤਾਵਾਂ ਵਿਚ ਗੁੱਸੇ, ਰੋਹ, ਵਿਦਰੋਹ ਦੀ ਸੁਰ ਉਚੀ ਹੈ। ਉਸ ਨੇ ਸਿੱਖ ਕੌਮ ਦੇ ਇਨਕਲਾਬੀ ਤੇ ਮਾਨਵਵਾਦੀ ਵਿਰਸੇ ਨੂੰ ਯਾਦ ਕੀਤਾ ਹੈ। ਗਦਰੀ ਬਾਬਿਆਂ, ਭਗਤ ਸਿੰਘ ਅਤੇ ਦੇਸ਼ ਦੀ ਅਜ਼ਾਦੀ ਲਈ ਵੱਖੋ ਵੱਖਰੇ ਪਲੇਟਫਾਰਮਾਂ ਤੇ ਸੰਗਰਾਮੀ ਦੇਸ਼ ਭਗਤਾਂ ਦੀ ਘਾਲਣਾ ਨੂੰ ਸ਼ਰਧਾ ਅਰਪਣ ਕੀਤੀ ਹੈ। ਅਜ਼ਾਦ ਭਾਰਤ ਵਿਚ ਗਰੀਬੀ, ਬੇਰੁਜਗਾਰੀ, ਲੁੱਟ ਅਤੇ ਲਿਤਾੜੇ ਲੋਕਾਂ ਦੇ ਦੁੱਖ-ਦਰਦ ਅਤੇ ਤ੍ਰਾਸਦੀ ਲਈ ਹੰਝੂ ਕੇਰੇ ਹਨ। ਚੁਰਾਸੀ ਦੇ ਦਿੱਲੀ ਦੰਗਿਆਂ ਵਿਚ ਬੇਦੋਸ਼ੇ ਸਿੱਖਾਂ ਦੇ ਦਰਦਨਾਕ ਕਤਲੇਆਮ ਬਾਰੇ ਬਹੁਤ ਹੀ ਦਰਦ ਨਾਲ 'ਠੀਕਰੀ ਪਹਿਰਾ', ਚੁੱਪ ਦੇ ਟੁਕੜੇ' ਅਤੇ 'ਆਪਾਂ ਦੋਵੇਂ ਰੁੱਸ ਬੈਠੇ' ਵਿਚ ਲਿਖਿਆ ਹੈ। 'ਠੀਕਰੀ ਪਹਿਰਾ' ਕਿਤਾਬ ਵਿਚ 'ਧੱਕੇ ਸ਼ਾਹੀ ਮਾਰ ਮਰਾਈ ਹੋਵੇਗੀ', 'ਚੌਵੀ ਘੰਟੇ ਹੁਣ ਸਿਰ ਉਤੇ', 'ਜ਼ਾਲਮਾ ਕਰ ਕੋਈ ਕੰਮ', 'ਵਕਤ ਦੇ ਸੰਗਰਾਮ ਦਾ', 'ਤਾਜੇ ਖੰਡਰ ਹਰ ਖੰਡਰ ਦੀ', 'ਕਦੋਂ ਹੈ ਮਾਲੀਆਂ ਨੂੰ ਹੁਣ', 'ਸੁਰਖ਼ ਨੇਰ੍ਹੀ ਏਸ ਦੀ', 'ਮੁਸਾਫ਼ਰ ਧੂੜ ਬਣ ਕੇ ਰਹਿ ਗਏ ਰਸਤਿਆਂ ਉਤੇ' ਅਤੇ 'ਵਸਤੂਆਂ ਦੀ ਭੀੜ ਵਿਚ' ਜ਼ਿਕਰਯੋਗ ਗਜ਼ਲਾਂ ਹਨ। 'ਚੁੱਪ ਦੇ ਟੁਕੜੇ' ਕਾਵਿ ਸੰਗ੍ਰਿਹ ਵਿਚ, 'ਸ਼ਹੀਦ ਦਾ ਸੁਪਨਾ', 'ਬਦਲ ਦਿੱਤੇ ਕਿਸੇ ਨੇ', 'ਚੁੱਪ ਚਾਂ ਆਲੇ ਦੁਆਲੇ', 'ਏਥੇ ਕੁਝ ਏਦਾਂ ਹਨ ਯਾਰੋ ਜੀਵਨ ਦੇ ਹਾਲਾਤ', 'ਬੰਦ ਘਰ' ਅਤੇ ਹੋਰ ਅਣਗਿਣਤ ਸ਼ਿਅਰ ਉਸ ਦੀਆਂ ਗਜ਼ਲਾਂ ਵਿਚ ਖਿੰਡੇ ਪਏ ਹਨ। 'ਆਪਾਂ ਦੋਵੇਂ ਰੁੱਸ ਬੈਠੇ' ਗੀਤ ਸੰਗ੍ਰਿਹ ਵਿਚ 'ਦੇਸ਼ ਨੂੰ ਸੀ ਦੇਸ਼ ਭਗਤਾਂ', 'ਸਰਦਾਰ ਭਗਤ ਸਿੰਘ, 'ਅੱਗ ਵਰ੍ਹੇ ਚੌਹੀਂ ਪਾਸੀਂ' 'ਵੋਟਾਂ, ਅਤੇ ਹੋਰ ਗੀਤਾਂ ਵਿਚ ਹਨ।

ਹਰਜਿੰਦਰ ਕੰਗ ਦੇ ਦਿਲ, ਦਿਮਾਗ ਤੇ ਰੂਹ ਵਿਚ ਮਾਨਵਵਾਦੀ ਫੱਕਰ ਸ਼ਾਇਰ ਬੈਠਾ ਹੈ ਜਿਸ ਨੂੰ ਆਪਣੀ ਸੰਸਕ੍ਰਿਤੀ, ਇਤਿਹਾਸ ਸੱਭਿਆਚਾਰਕ ਕਦਰਾਂ-ਕੀਮਤਾਂ, ਬੋਲੀ ਅਤੇ ਰਹਿਤਲ ਨਾਲ ਅਥਾਹ ਪਿਆਰ ਹੈ। ਉਸ ਨੇ ਗੀਤਾਂ ਵਿਚ ਕਿਸੇ ਵਿਸ਼ੇਸ਼ ਧਰਮ ਦੇ ਸੋਹਲੇ ਨਹੀਂ ਗਾਏ। ਉਸ ਦੇ ਅੰਦਰ ਸਰਬੱਤ ਦੇ ਭਲੇ ਦੀ ਲੋਚਨਾ ਹੈ। ਜ਼ੁਲਮ ਵਿਰੁਧ ਲੜਦੇ ਸਿਰਲੱਥ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਨੂੰ ਉਸ ਦੀ ਕਲਮ ਸਿਜਦਾ ਕਰਦੀ ਹੈ। ਉਸ ਦੀ ਕਵਿਤਾ ਜ਼ਿੰਦਗੀ ਤੋਂ ਹਾਰੇ ਮਨੁਖ ਵਿਚ ਆਤਮ ਬਲ ਭਰਦੀ ਹੈ। ਉਸ ਨੂੰ ਖੁਰਦੇ ਸੱਭਿਆਚਾਰ ਤੇ ਬੋਲੀ ਦਾ ਫਿਕਰ ਹੈ। 'ਸ਼ਹੀਦ', 'ਸ਼ਹੀਦ ਦਾ ਸੁਪਨਾ', 'ਦੇਸ਼ ਭਗਤਾਂ ਨੂੰ', 'ਪਗੜੀ', 'ਸ਼ਹੀਦ ਭਗਤ ਸਿੰਘ' ਅਤੇ 'ਪੰਜਾਬੀਉ' ਆਦਿ ਗੀਤਾਂ ਅਤੇ ਨਜ਼ਮਾਂ, ਰੁਬਾਈ, ਦੋਹਿਰੇ ਅਤੇ ਚੌਪਈ ਵਿਚ ਇਸ ਦਾ ਪ੍ਰਗਟਾਵਾ ਹੋਇਆ ਹੈ। ਨਮੂਨਾ,

ਨਾਲ ਅਜ਼ਾਦੀ ਜੀਣਾ ਕਿਵੇਂ ਸਿਖਾਉਣ ਸ਼ਹੀਦ।
ਜਾਨ ਕੌਮ ਵਿਚ ਜਾਨਾਂ ਦੇ ਕੇ ਪੌਣ ਸ਼ਹੀਦ।

---

ਮਨ ਨੀਵਾਂ ਮੱਤ ਉਚੀ ਦੇ ਕਿਰਦਾਰਾਂ ਵਾਲੀ।
ਸ਼ਾਨ ਸਲਾਮਤ ਰਹੇ ਸਦਾ ਸਰਦਾਰਾਂ ਵਾਲੀ।
ਮਾਂਵਾਂ, ਭੈਣਾਂ, ਧੀਆਂ ਦੇ ਸਿਰ ਚੁੰਨੀਆਂ ਸੋਹਣ
ਚੜ੍ਹਦੀ ਕਲਾ ਵਿਚ ਰਹੇ ਕੌਮ ਸਰਦਾਰਾਂ ਵਾਲੀ।

---

ਸਮੇਂ ਦੀ ਅੱਖ ਵਿਚ ਕਹਿਰ ਨਾ ਹੋਵੇ।
ਜਖ਼ਮੀਂ ਕੋਈ ਸ਼ਹਿਰ ਨਾ ਹੋਵੇ।
ਭਰੇ ਭਕੁੰਨੇ ਸਾਗਰ ਵਿਚੋਂ
ਜੁਦਾ ਕੋਈ ਲਹਿਰ ਨਾ ਹੋਵੇ।
ਪਿਆਰ ਮੁੱਹਬਤ ਵਧੇ ਦਿਲਾਂ ਵਿਚ
ਨਫ਼ਰਤ ਵਾਲਾ ਜ਼ਹਿਰ ਨਾ ਹੋਵੇ।

ਹਰਜਿੰਦਰ ਰਿਸ਼ਤਿਆਂ ਦੀ ਤੰਦ ਤਾਣੀ ਨੂੰ ਬਹੁਤ ਚੰਗੀ ਤਰ੍ਹਾਂ ਸਮਝਦਾ ਹੈ। ਉਸ ਨੂੰ ਮਮਤਾ, ਮੋਹ, ਸੂਖਮ ਭਾਵਨਾਵਾਂ ਦਾ ਧੁਰ ਅੰਦਰ ਤੱਕ ਖੁੱਭਵਾਂ ਅਹਿਸਾਸ ਹੈ। ਮਾਂ ਦੀ ਅਸੀਸ, ਪਿਉ ਦਾ ਫਿਕਰ, ਉਡੀਕਦੀ ਛੋਟੀ ਭੈਣ ਦਾ ਪਿਆਰ, ਭਰਾਵਾਂ ਦੀਆਂ ਬਾਹਾਂ ਅਤੇ ਸਾਹਾਂ ਵਰਗੇ ਸੱਜਣਾਂ ਦੀ ਨਿੱਘੀ ਪਿਆਰੀ ਯਾਦ ਉਸ ਦੇ ਗੀਤਾਂ ਵਿਚ ਉਦਾਸੀ ਤੇ ਮਿਠਾਸ ਭਰਦੀ ਹੈ। ਮਾਂ ਦਾ ਵਿਛੋੜਾ ਤੇ ਧੀਆਂ-ਧਿਆਣੀਆਂ ਦੇ ਦੁੱਖ ਨੂੰ ਸੁਣ ਕੇ ਕਿਹੜਾ ਮਨ ਵਲੂੰਧਰਿਆ ਨਹੀਂ ਜਾਂਦਾ ਤੇ ਕਿਹੜੀ ਅੱਖ ਨਮ ਨਹੀਂ ਹੁੰਦੀ? ਮਮਤਾ ਦੇ ਰੂਹਾਨੀ ਪੱਧਰ ਦੀ ਸੰਵੇਦਨਸ਼ੀਲਤਾ ਦਾ ਮੌਲਿਕ ਪ੍ਰਗਟਾਵਾ ਜੋ 'ਕੰਗ' ਵਿਚ ਹੈ, ਉਸ ਦੀ ਝਲਕ ਹੋਰ ਗੀਤਕਾਰਾਂ ਵਿਚ ਕਿਤੇ ਕਿਤੇ ਹੀ ਲਭਦੀ ਹੈ,

ਦੁਨੀਆਂ ਰਿਸ਼ਤਿਆਂ ਦਾ ਇੱਕ ਤਾਣਾ
ਹਰ ਰਿਸ਼ਤੇ ਦੀ ਤੰਦ ਨੇ ਧੀਆਂ।
ਹਰ ਵਿਹੜਾ ਫੁਲਕਾਰੀ ਵਰਗਾ
ਹਰ ਫੁੱਲ ਵਿਚ ਸੁਗੰਧ ਨੇ ਧੀਆਂ।
ਜਾਂ ਕੋਈ ਅਨਮੋਲ ਧਨ ਨੇ
ਮੋਹ, ਮਮਤਾ, ਅਸ਼ੀਰਵਾਦ ਨੇ
ਜ਼ਿੰਦਗੀ ਇਕ ਕਿਤਾਬ ਜਿਹੀ ਏ
ਜ਼ਿੰਦਗੀ ਦਾ ਮੁੱਖਬੰਦ ਨੇ ਧੀਆਂ।

ਜਿਉਂਦੀ ਸੀ ਤਾਂ ਸਿਰਫ਼ ਉਹ ਮਾਂ ਸੀ
ਮਰ ਕੇ ਮੇਰਾ ਰੱਬ ਹੋ ਗਈ।
ਪਤਾ ਨਈ ਦਿਲ ਦੀ ਕਬਰ ਦੇ ਅੰਦਰ
ਕਿੰਨੀ ਡੂੰਘੀ ਦੱਬ ਹੋ ਗਈ।

ਜੀਵਨ ਦੇ ਡੂੰਘੇ ਸੱਚ ਤੇ ਰਹੱਸ ਨੂੰ ਪ੍ਰਣਾਈ, ਉਸ ਦੀ ਇਹ ਕਵਿਤਾ ਸਵਾਲ ਦਰ ਸਵਾਲ ਖੜ੍ਹੇ ਕਰ ਦਿੰਦੀ ਹੈ,

ਕੁੜੀਆਂ ਚਿੜੀਆਂ ਹੁੰਦੀਆਂ ਨੇ ਪਰ,
ਪਰ ਨਹੀਂ ਹੁੰਦੇ ਕੁੜੀਆਂ ਦੇ।
ਪੇਕੇ ਸਹੁਰੇ ਹੁੰਦੇ ਨੇ
ਕਿਉਂ ਘਰ ਨਈਂ ਹੁੰਦੇ ਕੁੜੀਆਂ ਦੇ।
ਰਾਜੇ ਜੰਮਣ ਵਾਲੀ ਦੇ ਹੁਣ
ਖੁਦ ਜੰਮਣ ਤੇ ਰੋਕਾਂ ਨੇ
ਕੀ ਦੱਸੀਏ ਕਿਦਾਂ ਕੁਖਾਂ ਦੀ
ਬੇ-ਅਦਬੀ ਕੀਤੀ ਲੋਕਾਂ ਨੇ
ਐਡੇ ਵੱਡੇ ਦੁੱਖੜੇ,
ਦੁੱਖੜੇ ਜਰ ਨਹੀਂ ਹੁੰਦੇ ਕੁੜੀਆਂ ਦੇ...।

ਹਰਜਿੰਦਰ ਨੇ ਕਿਧਰੇ ਵੀ ਔਰਤ ਲਈ ਤ੍ਰਿਸਕਾਰ ਭਰਿਆ ਸ਼ਬਦ ਨਹੀਂ ਵਰਤਿਆ। ਉਸ ਲਈ ਮਾਂ ਰੱਬ ਦਾ ਰੂਪ ਹੈ ਤੇ ਪ੍ਰੇਮਿਕਾ ਅਰਾਧਨਾ ਦੀ ਦੇਵੀ। ਉਸ ਦੇ ਸੁਪਨਿਆਂ ਦੀ ਕੁੜੀ ਗੁੰਮ ਨਹੀਂ ਹੁੰਦੀ ਕਿਉਂਕਿ ਉਸ ਦੇ ਸਾਹਮਣੇ ਤਾਂ ਅਜੇ ਉਸ ਦੀ ਤਸਵੀਰ ਵੀ ਪੂਰੀ ਨਹੀਂ ਹੋਈ। ਹਾਂ ਉਸ ਦੇ ਗੀਤਾਂ ਵਿਚ ਉਸ ਦੀ ਸੀਰਤ ਦੀ ਝਲਕ ਜਰੂਰ ਪੈਂਦੀ ਹੈ। ਜੇ ਉਸ ਦੇ ਰੁਮਾਂਟਿਕ ਗੀਤਾਂ ਦੀ ਰੂਹ ਨੂੰ ਤਲਾਸ਼ਦਿਆਂ ਉਸ ਦੀ ਪ੍ਰੇਮਿਕਾ ਨੂੰ ਲੱਭਣ ਦਾ ਯਤਨ ਵੀ ਕਰੀਏ ਉਸ ਦੀ ਇੱਕ ਅਮੂਰਤ ਤਸਵੀਰ ਹੀ ਬਣਦੀ ਹੈ। ਕਿਤੇ ਉਸ ਦੇ ਚਿਹਰੇ ਦਾ ਜਲੌ ਤਾਰਿਆਂ ਦੀ ਲੋਅ ਜਿਹੀ ਬਣ ਜਾਂਦਾ ਹੈ। ਉਸ ਨੂੰ ਉਸ ਦੀ ਯਾਦ 'ਚ ਹੰਝੂ ਵਹਾਉਣ ਦਾ ਪਲ ਗਵਾਰਾ ਨਹੀਂ ਹੁੰਦਾ। ਬਾਹਰਲੀ ਸੂਰਤ ਦੇ ਨੈਣ-ਨਕਸ਼ ਕਿੱਥੋਂ ਲੱਭਣ? ਨਾ ਇਹ ਵਾਰਸ ਸ਼ਾਹ ਦੀ ਭਾਗਭਰੀ ਲਗਦੀ ਹੈ, ਨਾ ਹੀ ਇਹ ਸ਼ਾਹ ਪਰੀ ਦੀ ਭੈਣ ਪੰਜ ਫੂਲ ਰਾਣੀ-ਗੁੱਝੀ ਰਹੇ ਨਾ ਹੀਰ ਹਜਾਰ ਵਿਚੋਂ। ਉਹ ਤਾਂ ਅਜੇ ਝੰਗ ਸਿਆਲ ਪਹੁੰਚਣ ਲਈ ਕਿਸੇ ਲੁੱਡਣ ਦੀ ਤਲਾਸ਼ ਵਿਚ ਹੈ। ਇਹ ਕਾਲੀਦਾਸ ਦੀ ਸ਼ਕੁੰਤਲਾ ਵੀ ਹੋ ਸਕਦੀ ਹੈ ਜਾਂ ਪਦਮਨੀ ਜਾਂ ਕੋਈ ਹੋਰ। ਫਿਲਹਾਲ ਉਸ ਦਾ ਨਾਉਂ 'ਅਰਾਧਨਾ' ਰੱਖ ਲੈਂਦੇ ਹਾਂ,

ਜੀਹਦੀ ਯਾਦ ਸੀਨੇ ਵਿਚ ਖ਼ੁਸ਼ਬੋ ਵਰਗੀ
ਇਕ ਕੁੜੀ ਸੀ ਉਹ
ਤਾਰਿਆਂ ਦੀ ਲੋਅ ਵਰਗੀ।
ਜਾਪੇ ਉਹਦੇ ਜਿਹਾ ਕਿਸੇ ਕਿਸੇ
ਫੁੱਲ ਦਾ ਮੜੰਗਾ
ਪੀਂਘ ਅੰਬਰੀਂ ਦੁਪੱਟਾ

(ਬਾਕੀ ਅਗਲੇ ਸਫੇ 'ਤੇ)

ਜਿਵੇਂ ਉਹਦਾ ਸਤਰੰਗਾ
ਮਹਿੰਦੀ ਰੰਗੇ ਸੁਪਨੇ ਦੀ ਕਨਸੋ ਵਰਗੀ...।

ਉਹਦੇ ਮਿੱਠੇ ਮਿੱਠੇ ਬੋਲਾਂ ਦੀ
ਸੁਗੰਧ ਚੇਤੇ ਆਵੇ
ਰਾਤਾਂ ਕਾਲੀਆਂ 'ਚ ਮੁੱਖੜੇ ਦਾ
ਚੰਨ ਚੇਤੇ ਆਵੇ
ਨਦੀ ਚਾਨਣਾਂ ਦੀ
ਇਤਰਾਂ ਦੇ ਚੋਅ ਵਰਗੀ...।

ਅਸੀਂ ਤਾਂ ਉਸ ਦੀ ਛਣ ਛਣ ਕਰਦੀ
ਤੋਰ ਵੇਖਦੇ ਰਹਿ ਜਾਈਏ।
ਝਿਲਮਿਲ ਕਰਦੀ ਝਾਂਜਰ ਦੀ
ਲਿਸ਼ਕੋਰ ਵੇਖਦੇ ਰਹਿ ਜਾਈਏ।
ਉਹ ਗ਼ਾਲਿਬ ਦੀ ਗਜ਼ਲ ਜਿਹੀ
ਕਿ ਨੂਰਪੁਰੀ ਦੇ ਗੀਤ ਜਿਹੀ,
ਕੰਗ ਨਿਗਾਹਾਂ ਅਜੇ ਨਾ ਉਸ ਦੇ
ਮੁਖੜੇ ਤੀਕਰ ਜਾ ਸਕੀਆਂ।
ਅਜੇ ਤਾਂ ਪੈਰਾਂ ਦੇ ਵਿਚ ਨਚਦੇ
'ਬੋਰ' ਦੇਖਦੇ ਰਹਿ ਜਾਈਏ।

ਹਰਜਿੰਦਰ ਕੰਗ ਮੁਹਾਵਰੇ ਅਤੇ ਅਖਾਣਮਈ ਬੋਲੀ ਵਿਚ ਰਚਨਾ ਕਰਦਾ ਕਈ ਨਵੇਂ ਮੁਹਾਵਰੇ ਸਿਰਜ ਜਾਂਦਾ ਹੈ। ਇਸੇ ਕਰਕੇ ਉਸ ਦੇ ਗੀਤ ਅਤੇ ਕਵਿਤਾਵਾਂ ਦੀਆਂ ਸਤਰਾਂ, ਗੀਤਾਂ ਦੇ ਮੁੱਖੜੇ ਸੁੱਤੇ ਸਿੱਧ ਹੀ ਸਿਮ੍ਰਤੀ ਦਾ ਹਿੱਸਾ ਬਣ ਕੇ ਜ਼ਬਾਨ 'ਤੇ ਚੜ੍ਹ ਜਾਂਦੇ ਹਨ। ਲੋਕ ਧਾਰਨਾਵਾਂ ਵਿਚ ਜ਼ਿੰਦਗੀ ਦੀ ਰਮਜ਼ ਤੇ ਰਹੱਸ ਦਾ ਜਨ ਸਧਾਰਨ ਦੀ ਚੇਤਨਾ ਦਾ ਹਿੱਸਾ ਬਣ ਜਾਣਾ ਬਹੁਤ ਵੱਡਾ ਹਾਸਲ ਹੈ। ਮਿਸਾਲ ਵਜੋਂ,

1. ਪਿੰਡ ਰੋਂਦਾ ਹੈ ਪਿੰਡ ਹਸਦਾ ਹੈ।

2. ਕੁੜੀਆਂ ਚਿੜੀਆਂ ਹੁੰਦੀਆਂ ਨੇ ਪਰ, ਪਰ ਨਹੀਂ ਹੁੰਦੇ ਕੁੜੀਆ ਦੇ।

3. ਪੇਕੇ ਸਹੁਰੇ ਹੁੰਦੇ ਨੇ ਕਿਉਂ ਘਰ ਨੀ ਹੁੰਦੇ ਕੁੜੀਆਂ ਦੇ।

4. ਜਿਉਂਦੀ ਤਾਂ ਉਹ ਮਾਂ ਸੀ ਮਰ ਕੇ ਮੇਰਾ ਰੱਬ ਹੋ ਗਈ।

5. ਤਰਲੇ ਵਰਗਾ ਦਿਨ ਚੜ੍ਹਦਾ ਹੈ, ਹਉਕੇ ਵਰਗੀ ਰਾਤ।

6. ਮੁੱਖੜਾ ਤੁਹਾਡਾ ਸਾਨੂੰ ਯਾਦ ਜਿਹਾ ਹੋ ਗਿਆ।

7. ਕਾਲੀ ਰਾਤ ਕਸਾਈਆਂ ਵਰਗੀ
ਮੇਰੀ ਚੁੱਪ ਦੁਹਾਈਆਂ ਵਰਗੀ।

8. ਜਿਹੜੇ ਹੱਥ 'ਚ ਤਰੰਗਾ ਹੈ, ਉਹ ਬੱਚਾ ਤਨ ਤੋਂ ਨੰਗਾ ਹੈ।

9. ਦੁਨੀਆਂ ਇੱਕ ਮਹਿਫ਼ਲ ਹੈ, ਆਪਾਂ ਰਲ ਕੇ ਜਸ਼ਨ ਮਨਾਈਏ।

10. ਰੋਟੀ ਮਿਲੇ ਤਾਂ ਜੀਵਨ ਮਿਲਦਾ ਕੰਮ ਮਿਲੇ ਤਾਂ ਰੋਟੀ।

11. ਬੱਚੇ ਬੜੇ ਪਿਆਰੇ ਲਗਦੇ ਫੁੱਲ ਲਗਦੇ ਜਾਂ ਤਾਰੇ ਲਗਦੇ।

12. ਜੱਗ ਤੇਰਾ ਹੈ ਨਾ ਮੇਰਾ ਹੈ ਕੁਝ ਪਲ ਦਾ ਸੱਜਣਾ ਡੇਰਾ ਹੈ, ਤੈਨੂੰ ਛੱਡ ਕੇ ਜਾਣਾ ਪੈਣਾ ਮੇਲਾ ਦੁਨੀਆਂ ਦਾ।

13. ਪਗੜੀ ਕਿਸੇ ਦੇ ਨਾਲ ਕਦੇ ਨਈ ਝਗੜੀ।




ਤਬਦੀਲੀ ਕੁਦਰਤ ਦਾ ਨਿਯਮ ਹੈ। ਸੱਚ ਕਦੇ ਪੁਰਾਣਾ ਨਹੀਂ ਹੁੰਦਾ। ਜਿਹੜੀ ਕਵਿਤਾ ਜ਼ਿੰਦਗੀ ਦੀ ਡੂੰਘੀ ਰਮਜ਼, ਰਹੱਸ ਅਤੇ ਸਮੇਂ ਦੇ ਸੱਚ ਨੂੰ ਸਰਲ ਅਤੇ ਸਹਿਜ ਤਰੀਕੇ ਨਾਲ ਆਮ ਲੋਕਾਂ ਦੀ ਬੋਲੀ ਵਿਚ ਦਰਸਾਉਂਦੀ ਹੋਵੇ, ਉਹ ਕਦੇ ਪੁਰਾਣੀ ਨਹੀਂ ਹੁੰਦੀ। ਹਰਜਿੰਦਰ ਦੀ ਸ਼ਾਇਰੀ ਗਹਿਰੀ ਹੈ। ਅਸਥੂਲ ਬਿੰਬਾਂ ਕਰਕੇ ਸਮੇਂ ਦੀ ਤਬਦੀਲੀ ਦਾ ਕੋਈ ਮਾਰੂ ਅਸਰ ਨਹੀਂ ਪੈਂਦਾ। ਹਰਜਿੰਦਰ ਦੀ ਸੂਫ਼ੀਆਨਾ ਕਵਿਤਾ ਦੀ ਪੜ੍ਹਤ ਹੀ ਨਸ਼ਿਆ ਜਾਂਦੀ ਹੈ। ਸਰਵਣੀ ਪੱਖ ਦੇ ਗੀਤ ਲੋਕ ਧਰਾਵਾਂ ਵਿਚ ਅਸਾਨੀ ਨਾਲ ਗਾਏ ਜਾ ਸਕਦੇ ਹਨ। ਉਸ ਦੇ ਗੀਤ ਲੋਕ ਧਾਰਨਾਵਾਂ ਵਿਚ ਗਾਏ ਜਾਣ ਦੇ ਸਮਰਥ ਹਨ।

ਸੁਰਜੀਤ ਪਾਤਰ ਦੇ ਸ਼ਬਦਾਂ ਵਿਚ, "ਹਰਜਿੰਦਰ ਕੰਗ ਦੀ ਸ਼ਾਇਰੀ ਦੀ ਸ਼ਕਤੀ ਅਤੇ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਉਹ ਅਹਿਸਾਸਾਂ ਨੂੰ ਉਨ੍ਹਾਂ ਦੀ ਵੱਖਰਤਾ ਵਿਚ ਰੂਪਮਾਨ ਕਰਦਾ ਹੈ...ਹਰਜਿੰਦਰ ਕੰਗ ਗਜ਼ਲ ਲਿਖੇ ਜਾਂ ਨਜ਼ਮ ਜਾਂ ਗੀਤ ਇੱਕ ਸੰਗੀਤਕ ਰਵਾਨੀ ਉਸ ਦੀ ਸ਼ਾਇਰੀ ਨੂੰ ਸੁੰਦਰਤਾ ਤੇ ਊਰਜਾ ਬਖ਼ਸ਼ਦੀ ਹੈ। ਉਸ ਦੀ ਸ਼ਾਇਰੀ ਉਸ ਦੇ ਦਿਲ ਵਿਚੋਂ ਫੁਟਦੀ ਹੈ ਤੇ ਦਿਲਾਂ ਵਿਚ ਉਤਰਨ ਦੀ ਸਮਰਥਾ ਰੱਖਦੀ ਹੈ। ਇਹੋ ਜਿਹੀ ਸਾਦਗੀ, ਗਹਿਰਾਈ, ਰਵਾਨੀ, ਸੰਚਾਰ ਬਹੁਤ ਘੱਟ ਪੰਜਾਬੀ ਗ਼ਜ਼ਲਕਾਰਾਂ ਵਿਚ ਮਿਲਦਾ ਹੈ। ਸ਼ਬਦ ਸ਼ਬਦ ਕਸ਼ੀਦ ਹੁੰਦੀ ਸ਼ਾਇਰੀ ਦਾ ਸੋਮਾ ਉਹ ਮਨ ਹੈ ਜੋ ਸ਼ਾਇਰੀ ਦੇ ਪ੍ਰਾਚੀਨ ਵਹਿਣਾਂ ਨਾਲ ਵੀ ਜੁੜਿਆ ਹੈ ਤੇ ਬਦਲਦੇ ਵਕਤਾਂ ਦੇ ਰੰਗ, ਅਕਸ ਤੇ ਧਾਰਾਵਾਂ ਵੀ ਇਸ ਵਿਚ ਹਰ ਪਲ ਘੁਲਦੀਆਂ ਰਹਿੰਦੀਆਂ ਹਨ।"

ਹਰਜਿੰਦਰ ਕੰਗ ਦੀ ਗੀਤ ਬਾਰੇ ਕਾਵਿਕ ਪਰਿਭਾਸ਼ਾ ਨਾਲ ਗੱਲ ਪੂਰੀ ਕਰਦੇ ਹਾਂ,

ਗੀਤ ਹੋਣ ਪਹਿਲੇ ਪਿਆਰ ਦੀ ਨਿਸ਼ਾਨੀ ਵਰਗੇ
ਹੋਣ ਛੱਲੇ ਵਰਗੇ ਜਾਂ ਹੋਣ ਗਾਨੀ ਵਰਗੇ।
ਹੋਣ ਗੀਤਾਂ ਵਿਚ ਸੁਰਾਂ ਦੇ ਚਿਰਾਗ ਜਗਦੇ
ਜਾਣੀ ਸੂਫ਼ੀਆਂ ਦੇ ਡੇਰਿਆਂ 'ਤੇ ਮੇਲੇ ਲਗਦੇ।
ਗੀਤ ਵੀਣੀ 'ਚ ਮੁਹੱਬਤਾਂ ਦੀ ਵੰਗ ਵਰਗੇ
ਗੋਰੇ ਮੁੱਖ ਤੇ ਗੁਲਾਬੀ ਜਿਹੀ ਸੰਗ ਵਰਗੇ।
ਹੋਣ ਗੀਤ 'ਕੰਗ' ਪੁੰਨਿਆਂ ਦੇ ਚੰਦ ਵਰਗੇ
ਦੋਹਾਂ ਦਿਲਾਂ 'ਚ ਮੁਹੱਬਤਾਂ ਦੀ ਤੰਦ ਵਰਗੇ।

---

# ਕਾਵਿ-ਜਗਤ

### *ਸਾਹਿਬਜ਼ਾਦਿਆਂ ਦੀ ਸ਼ਹੀਦੀ 'ਤੇ*

## ਅਜੀਤ ਤੇ ਜੁਝਾਰ

ਕਿਥੇ ਛੱਡ ਆਏ ਸੁਆਮੀ ਅਜੀਤ ਤੇ ਜੁਝਾਰ ਨੂੰ।
ਪਾਇਆ ਏ ਵਿਛੋੜਾ ਡਾਢਾ ਮਾਤਾ ਦੇ ਪਿਆਰ ਨੂੰ।
ਛੋਟੇ ਛੋਟੇ ਬਾਲ ਮੇਰੇ ਅੱਲ੍ਹੜ ਕੰਵਾਰੇ ਨੇ।
ਮੇਰੀ ਜਿੰਦ ਜਾਨ ਉਹ ਮੱਖਣਾਂ ਦੇ ਪਾਲੇ ਨੇ।
ਕਿਵੇਂ ਝੱਲ ਸਕਦੇ ਨੇ ਵੈਰੀ ਦੀ ਵੰਗਾਰ ਨੂੰ।
ਕਿਥੇ ਛੱਡ ਆਏ ਸੁਆਮੀ ਅਜੀਤ ਤੇ ਜੁਝਾਰ ਨੂੰ।

ਘੁੱਟ ਘੁੱਟ ਗਲ ਲਾਵਾਂ ਕਦੇ ਨਾ ਵਿਛੋੜਿਆ।
ਦੱਸ ਚੰਨਾ ਕਿਥੇ ਜੋੜਾ ਹੰਸਾਂ ਦਾ ਤੋਰਿਆ।
ਛੋਟੇ ਬੱਚੇ ਜਾਣਦੇ ਕੀ ਜੰਗ ਵਾਲੀ ਸਾਰ ਨੂੰ?
ਕਿਥੇ ਛੱਡ ਆਏ ਸੁਆਮੀ...।
ਲਾਲਾਂ ਨੂੰ ਮਿਲਾਦੋ ਮੇਰੇ ਦਿਲ ਨੂੰ ਦੁਖਾਉ ਨਾ।
ਮਮਤਾ ਪਿਆਰ ਮੇਰਾ, ਹੋਰ ਅਜ਼ਮਾਉ ਨਾ।
ਅਜੇ ਨਾ ਵਿਛੋੜੋ ਮੇਰੇ ਬਾਗ ਪਰਿਵਾਰ ਨੂੰ।
ਕਿਥੇ ਛੱਡ ਆਏ ਸੁਆਮੀ...।

ਸੁਣ ਮਾਤਾ ਭੋਲੀਏ ਕਿਉਂ ਹੰਝੂ ਪਈ ਵਗਾਨੀ ਏ।
ਕਾਹਦੇ ਲਈ ਗੁਜਰੀ ਮਾਂ ਤੂੰ ਐਵੇਂ ਕੁਰਲਾਂਦੀ ਏ।
ਜਿਸ ਦੀ ਅਮਾਨਤ ਸੀ ਮੈਂ ਦਿੱਤੀ ਕਰਤਾਰ ਨੂੰ।
ਭੇਟਾ ਕਰ ਆਇਆਂ ਮੈਂ ਅਜੀਤ ਤੇ ਜੁਝਾਰ ਨੂੰ।
ਔਰੰਗਜ਼ੇਬ ਵੇਖ ਕਿੱਦਾਂ ਹਿੰਦ ਨੂੰ ਸਤਾਂਦਾ ਏ।
ਸਵਾ ਲੱਖ ਜੰਜੂ ਲਾਹ ਕੇ ਰੋਜ਼ ਰੋਟੀ ਖਾਂਦਾ ਏ।
ਬੜੀ ਢਾਹ ਲਾਈ ਉਹਨੇ ਸਿੱਖੀ ਸੰਸਾਰ ਨੂੰ।
ਏਸੇ ਲਈ ਤੋਰ ਆਇਆ ਅਜੀਤ ਤੇ ਜੁਝਾਰ ਨੂੰ।

ਲੱਖਾਂ ਪੁੱਤ ਖਾਲਸਾ ਹੀ ਤੇਰਾ ਪਰਿਵਾਰ ਨੇ।
ਦੋ ਗਏ ਕੀ ਹੋਇਆ, ਜੀਂਦੇ ਕਈ ਹਜ਼ਾਰ ਨੇ।
ਛੋਟੀ ਜੋੜੀ ਛੇਤੀ ਕਰਕੇ, ਕਰ ਦੇ ਤਿਆਰ ਤੂੰ।
ਜਾ ਮਿਲਨ ਦੋਵੇਂ ਵੀਰ, ਅਜੀਤ ਤੇ ਜੁਝਾਰ ਨੂੰ।
ਕਰ ਦੇਣ ਪੂਰੀ ਜਾ ਕੇ, ਸਰਹਿੰਦ ਦੀ ਦੀਵਾਰ ਨੂੰ।
ਇਹੀ ਮਨਜ਼ੂਰ ਹੋਣਾ, ਸੱਚੇ ਕਰਤਾਰ ਨੂੰ।

*-ਚਰਨਜੀਤ ਸਿੰਘ ਪੰਨੂ*

---

## ਨਿੱਕੀਆਂ ਜਿੰਦਾਂ ਵੱਡੇ ਸਾਕੇ

ਮੇਰੇ ਹੀਰਿਉ, ਮੇਰਿਓ ਸੋਹਣਿਓ,
ਰਤਾ ਤੁਸੀਂ ਘਬਰਾਉਣਾ ਨਹੀਂ।
ਉਚੀ ਜਾ ਕੇ ਫਤਿਹ ਗਜਾਉਣੀ,
ਪਾਪੀ ਨੂੰ ਸੀਸ ਝੁਕਾਉਣਾ ਨਹੀਂ।
ਲਾਲਚ, ਧਮਕੀ, ਡਰ ਡਰਾਵੇ ਦੇ ਵਿਚ
ਭੁੱਲ ਕੇ ਆਉਣਾ ਨਹੀਂ।
ਦਾਦੇ ਪੜਦਾਦਿਆਂ ਦੀ ਕਰਨੀ ਨੂੰ,
ਬੱਚਿਓ ਵੱਟਾ ਲਾਉਣਾ ਨਹੀਂ।
ਅੰਗ ਸੰਗ ਸਹਾਈ ਗੁਰ ਨਾਨਕ,
ਉਸ ਨੂੰ ਮਨੋਂ ਭੁਲਾਉਣਾ ਨਹੀਂ।

ਮੂੰਹ ਚੁੰਮ ਕੇ, ਛਾਤੀ ਲਾ ਮਾਤਾ ਜੀ,
ਲਾਲ ਕਚਹਿਰੀ ਟੋਰ ਦਿਤੇ।
ਜਾਂਦਿਆਂ ਹੀ ਲਾਲਾਂ ਫਤਿਹ ਬੁਲਾ
ਮੁਗਲਾਂ ਦੇ ਹੈਂਕੜ ਤੋੜ ਦਿਤੇ।
ਹੱਕਾ-ਬੱਕਾ ਰਹਿ ਗਿਆ ਸੂਬਾ,
ਇਹ ਕੀ ਭਾਣਾ ਵਰਤ ਗਿਆ।
ਸਹਿਬਜ਼ਾਦਿਆਂ ਦੇ ਵੇਖ ਕੇ ਹੌਂਸਲੇ
ਪਾਪੀ ਅੰਦਰੋਂ ਯਰਕ ਗਿਆ।

ਗੁੱਸੇ ਨਾਲ ਅੱਖਾਂ ਲਾਲ ਕਰ ਕੇ
ਜ਼ਾਲਮ ਅੱਗੋਂ ਫੁਰਮਾਇਆ ਏ।
ਸੁਣੋ, ਬਾਪ ਤੁਹਾਡਾ ਫੌਜ ਮੇਰੀ ਨੇ,
ਜੰਗ 'ਚ ਮਾਰ ਮੁਕਾਇਆ ਏ।
ਤੁਹਾਡੀਆਂ ਸੋਹਲ ਮਾਸੂਮ ਜਿੰਦਾਂ ਤੇ,
ਸਾਨੂੰ ਰਹਿਮ ਆਇਆ ਏ।
ਦੀਨ-ਧਰਮ ਕਬੂਲ ਜੇ ਕਰ ਲੋ,
ਦੋਵੇਂ ਸ਼ਾਹਜ਼ਾਦੇ ਬਣਾ ਦਿਆਂਗਾ।
ਤਖਤੋ-ਤਾਜ਼ ਦੇ ਵਾਰਸ ਬਣਾ ਕੇ,
ਹੂਰਾਂ ਨਾਲ ਵਿਆਹ ਦਿਆਂਗਾ।
ਨਹੀਂ ਤਾਂ, ਯਾਦ ਰੱਖੋ, ਦੋਹਾਂ ਦੀ,
ਪੁੱਠੀ ਖੱਲ ਲੁਹਾ ਦਿਆਂਗਾ।
ਜਿਉਂਦੇ ਜੀਅ ਜਮੀਨ 'ਚ ਗੱਡ ਕੇ,
ਕੁੱਤਿਆਂ ਨੂੰ ਖੁਵਾ ਦਿਆਂਗਾ।

ਸੁਣ ਕੇ ਸਾਹਿਬਜ਼ਾਦੇ ਸਿਰ ਉਚੇ ਕਰਕੇ
ਸ਼ੇਰ ਦੀ ਤਰ੍ਹਾਂ ਦਹਾੜੇ ਨੇ।
ਤੇਰੀ ਜ਼ਾਲਮ ਹਕੂਮਤ ਦੇ ਸੂਬੇ
ਹੁਣ ਆਉਣ ਵਾਲੇ ਦਿਨ ਮਾੜੇ ਨੇ।
ਬੇ-ਸ਼ੱਕ ਵੇਖਣ ਨੂੰ ਅਸੀਂ ਨਿੱਕੇ,
ਪਰ ਸ਼ੇਰਾਂ ਤੋਂ ਵੀ ਵੱਡੇ ਦਿਲ ਨੇ।
ਤੇਰਾ ਇਕ ਇਕ ਜ਼ੁਲਮ ਸੂਬਿਆ,
ਤੇਰੇ ਖਫਨ ਦੇ ਵਿਚ ਕਿੱਲ ਨੇ।
ਸੁਣ ਲੈ ਤੇਰੇ ਜਿਹਾ ਕਾਇਰ,
ਸਾਡੇ ਪਿਤਾ ਨੂੰ ਮਾਰ ਨਹੀਂ ਸਕਦਾ।

ਤੁਹਾਡੀ ਟਿੱਡੀ-ਦਲ ਫੌਜ ਤੋਂ,
ਗੋਬਿੰਦ ਯੋਧਾ ਹਾਰ ਨਹੀਂ ਸਕਦਾ।
ਤੇਰੇ ਤਖਤੋ-ਤਾਜ਼ ਇਹ ਸਾਰੇ,
ਅਸੀਂ ਜੁੱਤੀ 'ਤੇ ਠੁਕਰਾ ਸਕਦੇ ਹਾਂ।
ਸਿੱਖੀ ਦੀ ਸ਼ਾਨੋ-ਸ਼ੌਕਤ ਲਈ,
ਜੀਵਨ ਦੀ ਬਾਜ਼ੀ ਲਾ ਸਕਦੇ ਹਾਂ।
ਪਹਿਲਾਂ ਵੀ ਕਈ ਵਾਰੀ ਤੁਹਾਡਾ,
ਜ਼ਬਰ, ਜ਼ੁਲਮ ਹੰਡਾ ਚੁੱਕੇ ਹਾਂ।
ਭੱਠ ਤਪਦੀਆਂ ਤਵੀਆਂ ਤੇ,
ਉਹਦਾ ਮਿੱਠਾ ਭਾਣਾ ਗਾ ਚੁੱਕੇ ਹਾਂ।
ਉਬਲਦੀਆਂ ਦੇਗਾਂ ਵਿਚ ਬਹਿ,
ਅਡੋਲ ਸਮਾਧੀਆਂ ਲਾ ਚੁੱਕੇ ਹਾਂ।
ਮਜ਼ਲੂਮਾਂ ਦੀ ਰੱਖਿਆ ਖਾਤਰ,
ਦਿੱਲੀ ਵਿਚ ਸੀਸ ਕਟਾ ਚੁੱਕੇ ਹਾਂ।
ਤੁਹਾਡੇ ਜ਼ਬਰ ਜ਼ੁਲਮ ਦੇ ਆਰੇ,
ਪਹਿਲਾਂ ਵੀ ਖੁੰਢੇ ਬਣਾ ਚੁੱਕੇ ਹਾਂ।

ਹੁਣ ਜੇ ਬਾਕੀ ਰਹਿ ਗਿਆ ਏ ਕੋਈ,
ਤੂੰ ਉਹ ਵੀ ਲੈ ਅਜਮਾ ਸੂਬੇ।
ਤੇਰੇ ਤਖਤੋ-ਤਾਜ਼ ਤੇ ਹੂਰਾਂ ਦੇ ਲਾਲਚ,
ਸਕਦੇ ਨਹੀਂ ਭਰਮਾ ਸੂਬੇ।
ਮੌਤ ਦੇ ਡਰ-ਡਰਾਵੇ, ਧਮਕੀਆਂ,
ਨਹੀਂ ਸਕਦੇ ਸਾਨੂੰ ਡਰਾ ਸੂਬੇ।
ਅਸੀਂ ਓਸ ਮਿੱਟੀ ਦੇ ਬਣੇ ਨਹੀਉਂ,
ਜਿਹੜੇ ਜਾਵਾਂਗੇ ਘਬਰਾ ਸੂਬੇ।
ਅਸੀਂ, ਕੰਡਿਆਂ ਵਿਚ ਵੀ ਫੁੱਲਾਂ ਵਾਂਗੂ
ਸਕਨੇ ਆਂ ਮੁਸਕਰਾ ਸੂਬੇ।
ਨਾ ਮੌਤ ਦਾ ਏ ਕੋਈ ਡਰ ਸਾਨੂੰ,
ਨਾ ਜਿੰਦਗੀ ਦੀ ਪਰਵਾਹ ਸੂਬੇ।
ਵੇਖੀਂ, ਕਸਰ ਨਾ ਰਹਿ ਜੇ ਕੋਈ,
ਲੈ ਸਾਰੀਆਂ ਰੀਝਾਂ ਲਾਹ ਸੂਬੇ।

ਸੁਣ ਸੜ-ਬਲ ਕੋਲੇ ਹੋ ਗਿਆ ਸੂਬਾ,
ਕਾਜ਼ੀ ਝੱਟ ਬੁਲਾਇਆ ਏ।
ਝੂਠੀ ਸ਼ਰਾ-ਸ਼ਰੀਅਤ ਵਰਤ ਕੇ,
ਕਾਜ਼ੀ ਨੇ ਫਤਵਾ ਲਾਇਆ ਏ।
ਜਿਉਂਦੇ ਨੀਹਾਂ ਵਿਚ ਚਿਣਵਾ ਦਿਓ,
ਹੁਕਮ ਇਲਾਹੀ ਅਇਆ ਏ।
ਸੁਣ ਕੇ ਸ਼ੇਰ ਖਾਨ ਹਾਅ ਮਾਰੀ,
ਸੂਬਿਆ, ਜ਼ੁਲਮ ਕਮਾਇਆ ਏ।
ਬਾਪ ਦਾ ਬਦਲਾ ਬੱਚਿਆਂ ਤੋਂ ਲੈਣਾ
ਸ਼ੱਰਾ ਨਹੀਂ ਸਿਖਾਇਆ ਏ।
ਸੱਪਾਂ ਦੇ ਪੁੱਤ ਮਿੱਤ ਨਹੀਂ ਹੁੰਦੇ,
ਕੋਲੋਂ ਸੁੱਚਾ ਨੰਦ ਸੁਣਾਇਆ ਏ।

ਨਿੱਕੇ ਸੋਹਲ ਮਸੂਮ ਫੁੱਲਾਂ ਨੂੰ ਪਾਪੀ,
ਨੀਹਾਂ ਵਿਚ ਚਿਣਵਾ ਦਿਤਾ।
ਹੱਕ-ਸੱਚ-ਇਨਸਾਫ ਦੀ ਹੋਣੀ ਨੂੰ
ਸਦਾ ਲਈ ਅਮਰ ਬਣਾ ਦਿਤਾ।
ਨਿੱਕੀਆਂ ਜਿੰਦਾਂ ਵੱਡੇ ਸਾਕੇ,
ਕਰ ਕੇ ਹੋਣੀ ਲਿਖ ਗਏ ਅਸਾਡੀ।
ਆਪ ਗਵਾਈਏ ਤਾਂ ਸ਼ਹੁ ਪਾਈਏ
ਸਿੱਖੀ ਵਿਰਸਾ ਰਾਹ ਏ ਗਾਡੀ।
ਦੋਵੇਂ ਸ਼ੇਰ ਲਾਲ ਗੋਬਿੰਦ ਦੇ
ਹੱਸ ਹੱਸ ਕੇ ਸ਼ਹੀਦੀਆਂ ਪਾ ਗਏ ਨੇ।
ਬਾਲ ਕੇ ਆਪਣੇ ਖ਼ੂਨ ਦਾ ਦੀਵਾ
ਅਸਾਡੇ ਰਾਹ ਰੁਸ਼ਨਾ ਗਏ ਨੇ।

*-ਚੰਨ*
*ਫੋਨ: 908-788-8427*

---

## ਗੁਰੂ ਬਾਬੇ ਨੂੰ ਪੁਕਾਰ

ਇਲੈਕਸ਼ਨ ਦਾ ਚੜ੍ਹਿਆ ਬੁਖਾਰ ਬਾਬਾ ਜੀ।
ਬੜੇ ਬੰਦੇ ਹੋ ਗਏ ਨੇ ਬੀਮਾਰ ਬਾਬਾ ਜੀ।
ਮਨਾਂ ਉਤੇ ਆਇਆ ਬੜਾ ਭਾਰ ਬਾਬਾ ਜੀ।
ਜਿਉਣਾ ਜਾਪੇ ਹੋਇਆ ਦੁਸ਼ਵਾਰ ਬਾਬਾ ਜੀ।
ਇਲੈਕਸ਼ਨ ਦਾ ਹੋਇਆ ਪ੍ਰਚਾਰ ਬਾਬਾ ਜੀ।
ਬੋਲ ਬਣੇ ਹੁਣ ਹਥਿਆਰ ਬਾਬਾ ਜੀ।
ਨਿਕਲਣ ਮੂੰਹਾਂ 'ਚੋਂ ਗੁਬਾਰ ਬਾਬਾ ਜੀ।
ਵਿੰਗੇ ਟੇਢੇ ਹੋ ਗਏ, ਕਈ ਯਾਰ ਬਾਬਾ ਜੀ।

ਬੋਲੀਆਂ ਦੀ ਹੋਈ ਭਰਮਾਰ ਬਾਬਾ ਜੀ
ਦੂਸ਼ਣਾਂ ਦਾ ਲੱਗਿਆ ਬਜ਼ਾਰ ਬਾਬਾ ਜੀ
ਛਿੱਕੇ ਉਤੇ ਟੰਗ ਕੇ ਪਿਆਰ ਬਾਬਾ ਜੀ
ਦੋਸ਼ ਲਾਉਣ ਯਾਰ, ਵਾਰੋ ਵਾਰ ਬਾਬਾ ਜੀ
ਇਲੈਕਸ਼ਨ ਦਾ ਵਧ ਗਿਆ ਜ਼ੋਰ ਬਾਬਾ ਜੀ।
ਗੱਲ ਹੋ ਗਈ ਹੋਰ ਦੀ ਹੀ ਹੋਰ ਬਾਬਾ ਜੀ।
ਮਿੱਤਰਾਂ ਦੀ ਵਿਗੜ ਗਈ ਤੋਰ ਬਾਬਾ ਜੀ।
ਕੋਈ ਕਹੇ ਚੋਰ, ਕੋਈ ਮੋਰ ਬਾਬਾ ਜੀ।

ਧੜੇਬਾਜ਼ੀ ਬਣ ਗਈ ਏ ਸ਼ੋਰ ਬਾਬਾ ਜੀ।
ਪਹਿਲੋਂ ਸੀ ਇਹ ਹੋਰ, ਹੁਣ ਹੋਰ ਬਾਬਾ ਜੀ।
ਕੰਡੇ ਲਿਆਈ ਨਵੇਂ ਤੇ ਨਿਕੋਰ ਬਾਬਾ ਜੀ।
ਇਹ ਮਨਾਂ 'ਚ ਵਧਾਊ ਬੜੇ ਖ਼ੋਰ ਬਾਬਾ ਜੀ।

ਹਾਸੋ-ਹੀਣੇ ਬਣੇ ਪੱਖਪਾਤ ਬਾਬਾ ਜੀ।
ਜਾਤ-ਪਾਤ ਬਣੀ ਕਮਜ਼ਾਤ ਬਾਬਾ ਜੀ।
ਏਕਤਾ ਲਈ ਬਣੇ ਡੂੰਘੇ ਖ਼ਾਤ ਬਾਬਾ ਜੀ।
ਵੰਡੀਆਂ ਦੀ ਛਾਈ ਕਾਲ਼ੀ ਰਾਤ ਬਾਬਾ ਜੀ।

ਵੋਟਾਂ ਪਿੱਛੇ ਲੱਗੀ ਪਈ ਦੌੜ ਬਾਬਾ ਜੀ।
ਚੰਗੇ ਕਈ ਸਬੰਧ ਹੋ ਗਏ ਚੌੜ ਬਾਬਾ ਜੀ।
ਕਿਤੇ ਹੋਣ ਵਾਅਦੇ, ਕਿਤੇ ਫੌੜ੍ਹ ਬਾਬਾ ਜੀ।
ਤੱਕਣੀ 'ਚ ਆਈ ਫਿਰੇ ਕੌੜ ਬਾਬਾ ਜੀ।

ਵੋਟਾਂ ਲਈ ਈਜਾਦ ਹੋਏ ਝੰਡੇ ਬਾਬਾ ਜੀ।
ਕਪੜਾ ਕਿਤੋਂ ਦਾ, ਕਿਤੋਂ ਡੰਡੇ ਬਾਬਾ ਜੀ।
ਭੁਲ ਗਏ ਨੇ ਖ਼ਾਲਸੇ ਦੇ ਖੰਡੇ ਬਾਬਾ ਜੀ।
ਚੱਲਣ ਸਿਆਸੀ ਹਥ-ਕੰਡੇ ਬਾਬਾ ਜੀ।

ਵੋਟਾਂ ਲਈ ਨੇ ਖੁਲ੍ਹਦੇ ਮੈਖ਼ਾਨੇ ਬਾਬਾ ਜੀ।
ਛਲਕਣ ਜਾਮ ਤੇ ਪੈਮਾਨੇ ਬਾਬਾ ਜੀ।
ਪੱਖ ਜਾਣ ਝੂਮ ਕੇ ਐਲਾਨੇ ਬਾਬਾ ਜੀ।
ਦੂਰ ਦਸਤੂਰ ਤੋਂ, ਸ਼ੈਤਾਨੇ ਬਾਬਾ ਜੀ।

ਇੰਜ ਜੋ ਨੇ ਧਰਮ 'ਤੇ ਭਾਰੂ ਬਾਬਾ ਜੀ।
ਕੈਸੇ ਇਹ ਆਗੂ ਤੇ ਉਸਾਰੂ ਬਾਬਾ ਜੀ?
ਕਦੋਂ ਤੱਕ ਸੱਚ ਦੜ ਮਾਰੂ ਬਾਬਾ ਜੀ?
ਰੱਬ ਸੱਚ ਝੂਠ ਤਾਂ ਨਿਤਾਰੂ ਬਾਬਾ ਜੀ!

ਬੈਠਣ ਜੇ ਸਾਰੇ ਦੜ ਮਾਰੀ ਬਾਬਾ ਜੀ!
ਕਿੰਜ ਹੋਊ ਪੰਥ ਦੀ ਉਸਾਰੀ ਬਾਬਾ ਜੀ?
ਸੱਚ ਲਈ ਜੇ ਰਹੂ ਦੁਸ਼ਵਾਰੀ ਬਾਬਾ ਜੀ!
ਰੁਕੂ ਕਿਵੇਂ ਭੇਖਾਂ ਦੀ ਮੱਕਾਰੀ ਬਾਬਾ ਜੀ?

ਜਿਨ੍ਹਾਂ ਪਾਏ ਭੇਖੀ ਹੋ, ਪੁਆੜੇ ਬਾਬਾ ਜੀ
ਮਸੰਦ ਦਸ਼ਮੇਸ਼ ਜੀ ਨੇ ਸਾੜੇ ਬਾਬਾ ਜੀ।
ਅੱਜ ਫਿਰ ਸਿੱਖੀ ਕੱਢੇ ਹਾੜੇ ਬਾਬਾ ਜੀ!
ਰੋਕੋ ਇਹਦੇ ਪਾਤਸ਼ਾਹ ਉਜਾੜੇ ਬਾਬਾ ਜੀ!

ਜਦ ਤੱਕ ਨਹੀਂ ਗੁਰਮਤਾ ਬਾਬਾ ਜੀ।
ਤਦ ਤੀਕ ਖ਼ਤਾ ਬਾਅਦ ਖ਼ਤਾ ਬਾਬਾ ਜੀ।
ਤੱਤ-ਸਾਰ ਦਾ ਨਾ ਲੱਗੇ ਪਤਾ ਬਾਬਾ ਜੀ।
ਸਾਨੂੰ ਬਖਸ਼ੋ ਸੁਮੱਤ ਦਾਨ ਰਤਾ ਬਾਬਾ ਜੀ।

ਦੇਵੋ ਕੋਈ ਯੋਗ ਅਗਵਾਈ ਬਾਬਾ ਜੀ।
ਭਰਮਾਂ ਦੀ ਕਰ ਦਿਉ ਸਫਾਈ ਬਾਬਾ ਜੀ।
ਸੁਣੋ ਸਾਡੀ ਹਾਲ ਤੇ ਦੁਹਾਈ ਬਾਬਾ ਜੀ।
ਕਰੋ ਸਾਰੇ ਪੰਥ ਦੀ ਭਲਾਈ ਬਾਬਾ ਜੀ।

*-ਪ੍ਰੋਫੈਸਰ ਸੁਖਚੈਨ ਸਿੰਘ*
*ਫੋਨ : 832-232-8389*

## 'ਪੰਜਾਬਣ ਸ਼ਿੰਗਾਰੀ'

ਪੋਨੀ ਤੇ ਮੋਨੀ ਦੀ ਆਈ ਵਾਰੀ।
ਰਾਮਾ! ਹੁਣ ਕਿਹਨੇ ਕੱਢਣੀ ਫੁਲਕਾਰੀ।
ਮਿੱਟੀ ਲਾਉਂਦੀ ਪਸੀਨੇ ਭਿੱਜੀ ਜੋ,
ਹੁਣ ਉਹ ਇਤਰ ਫੁਲੇਲ 'ਚ ਮਹਿਕੇ ਸਾਰੀ।
ਸਭ ਦੇ ਝੱਟ ਦਿਲਾਂ ਨੂੰ ਮੋਹ ਲੈਂਦੀ ਸੀ,
ਉਹ ਅੱਖੀਂ ਪਾਈ ਸੁਰਮੇ ਦੀ ਧਾਰੀ।
ਸਿੰਗ ਤਵੀਤ ਗ.ਲੇ ਪਾ, ਸੱਗੀ ਸਿਰ ਲਾ,
ਰਹਿੰਦੀ ਸੀ ਉਹ ਪੰਜਾਬਣ ਸ਼ਿੰਗਾਰੀ।
ਚਾਦਰ, ਝੱਗਾ, ਪੱਗ, ਕੇਸ ਸਭ ਛੱਡ ਕੇ,
ਗਜਨੀ ਕੱਟ, ਜੀਨਾਂ ਦੀ ਆਈ ਵਾਰੀ।
ਕੰਨ, ਬੁੱਲ੍ਹ 'ਚ ਕੋਕੇ ਵਾਲਾਂ ਨੂੰ ਜੈਲ,
ਕਿੱਥੇ ਗਈ ਮੁੰਡਿਆਂ ਦੀ ਸਰਦਾਰੀ?
ਪਹਿਲਾਂ ਧੀਆਂ ਜੌਬਾਂ ਨਹੀਂ ਸੀ ਕਰਦੀਆਂ,
'ਲਾਡੀ' ਲਾਵਣ ਅੰਬਰੀ ਅੱਜ ਉਡਾਰੀ।

*-ਲਾਡੀ ਸੁਖਜਿੰਦਰ ਕੌਰ ਭੁੱਲਰ*
*ਫੋਨ: 91-97811-91910*

---

## ਗ੍ਰਹਿਸਥੀ ਦਾ ਰੱਥ

ਰੱਥ ਗ੍ਰਹਿਸਥੀ ਦਾ ਸਦਾ, ਅਡੋਲ ਚੱਲੇ।
ਜੇ ਕਰ ਦੋਵੇਂ ਹੀ ਚੰਗੇ, ਰੱਥਵਾਨ ਬਣੀਏ।
ਤੰਗੀ-ਤੁਰਸ਼ੀ ਦੇ ਵਿਚ, ਕਦੇ ਡੋਲੀਏ ਨਾ।
ਚੰਗੇ ਗੁਣਾਂ ਨਾਲ ਅਸੀਂ, ਧੰਨਵਾਨ ਬਣੀਏ।

ਭਾਰ ਸ਼ੰਕਿਆਂ ਦੇ ਨਾਲ, ਉਲਾਰ ਹੁੰਦੈ।
ਰਾਹੋਂ ਭਟਕਿਆਂ ਸਦਾ, ਖ਼ੁਆਰ ਹੁੰਦੈ।
ਬੱਸ ਰਾਜ਼ ਦੀ ਗੱਲ, ਇਹ ਸਮਝ ਲਈਏ।
ਆਪਾਂ ਦੋਵੇਂ ਹੀ ਚੰਗੇ, ਇਨਸਾਨ ਬਣੀਏ।

ਇਹ ਮੈਂ ਦੀ ਦਲਦਲ ਦੇ, ਵਿਚ ਫ਼ਸਦੈ।
ਸਦਾ ਟੋਏ ਖ਼ੁਦਗਰਜ਼ੀ ਦੇ, ਵਿਚ ਧੱਸਦੈ।
ਸਾਵੀਂ ਪੱਧਰੀ ਇਸ ਦੀ, ਤੋਰ ਦੇ ਲਈ।
ਆਪਾਂ ਦੋਵੇਂ ਹੀ ਸੁਘੜ, ਸੁਜਾਨ ਬਣੀਏ।

ਇਹਨੂੰ ਆਫ਼ਤਾਂ 'ਚੋਂ ਕੱਢਣਾ, ਸਿੱਖ ਲਈਏ।
ਬੈਠ ਦਿਸ਼ਾ ਵੀ ਏਸ ਦੀ, ਮਿੱਥ ਲਈਏ।
ਵੇਦ ਗ੍ਰੰਥ ਜੋ ਸਾਨੂੰ, ਪਏ ਦੱਸਦੇ ਨੇ।
ਜਿਸਮ ਦੋ ਭਾਵੇਂ, ਇਕ ਜਾਨ ਬਣੀਏ।

ਜਦੋਂ ਜੀਵਨ ਗ੍ਰਹਿਸਥ 'ਚ, ਪੈਰ ਧਰੀਏ।
ਕੰਮ ਹਰ ਸਲਾਹ ਦੇ, ਨਾਲ ਕਰੀਏ।
ਇਕ ਕਹੇ ਤੇ ਦੂਸਰਾ, ਮੰਨ ਜਾਵੇ।
ਅਸੀਂ ਦੋਵੇਂ ਹੀ ਇੰਜ, ਸੂਝਵਾਨ ਬਣੀਏ।

*-ਨੀਲਮ ਸੈਣੀ*
*ਫੋਨ: 510-502-0551*

---

## ਹਾਇਕੂ

ਲੱਕ ਟੂ ਹੰਡਰਡ ਏਟ ਬੁੜ੍ਹੀ ਦਾ
ਨਾਈਨਟੀ ਸੈਵਨ ਵੇਟ।
ਹਰ ਢਾਬੇ 'ਤੇ ਪੁੱਛਦੀ ਫਿਰਦੀ
ਬਰਗਰਾਂ ਦਾ ਰੇਟ।

*-ਜਨਮੇਜਾ ਸਿੰਘ ਜੌਹਲ*

# ਪੈਂਦੀਆਂ ਨਿਭਾਉਣੀਆਂ ਕਬੀਲਦਾਰੀਆਂ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਫੋਨ ਦੀ ਸਕਰੀਨ 'ਤੇ ਨਿਊ ਯਾਰਕ ਦਾ ਨੰਬਰ ਆ ਰਿਹਾ ਸੀ। ਕੰਮ 'ਤੇ ਹੋਣ ਕਰ ਕੇ ਫੋਨ ਚੁਕਿਆ ਨਾ ਗਿਆ। ਜਦੋਂ ਤੀਜੀ ਵਾਰ ਫੋਨ ਆਇਆ, ਮੈਂ ਚੁੱਕ ਕੇ 'ਹੈਲੋ' ਕਿਹਾ ਤਾਂ ਅੱਗਿਉਂ ਆਵਾਜ਼ ਆਈ, "ਬਾਈ, ਪਛਾਣਿਆ! ਮੈਂ ਤੋਤਾ ਜਗਰਾਵਾਂ ਵਾਲਾ ਬੋਲਦਾਂ।" ਬੰਦਿਆਂ ਨਾਲੋਂ ਵੱਖਰਾ ਪੰਛੀ ਵਾਲਾ ਨਾਮ ਮੇਰੇ ਦਿਮਾਗ ਵਿਚ ਇਕਦਮ ਘੁੰਮ ਗਿਆ। ਮੈਂ 'ਹਾਂ' ਦਾ ਹੁੰਗਾਰਾ ਭਰ ਕੇ ਉਸ ਨਾਲ ਗੱਲੀਂ ਪੈ ਗਿਆ। ਤੋਤਾ ਇੰਡੀਆ ਤੋਂ ਕਿਵੇਂ ਉਡ ਕੇ ਅਮਰੀਕਾ ਪਹੁੰਚਿਆ, ਲਓ ਸੁਣੋ,

ਬਾਈ ਸਾਲ ਪਹਿਲਾਂ ਮੈਂ ਗ੍ਰਿਹਸਥ ਜੀਵਨ ਦੀ ਕਿਸ਼ਤੀ ਦੁਨਿਆਵੀ ਸਮੁੰਦਰ ਵਿਚ ਠੱਲ੍ਹੀ ਸੀ। ਚਾਚੀਆਂ, ਮਾਮੀਆਂ ਨੇ ਸ਼ਗਨਾਂ ਦੇ ਗੀਤ ਗਾ ਕੇ ਸਾਨੂੰ ਤੋਰ ਦਿੱਤਾ ਸੀ ਤੇ ਹੁਣ ਇਸ ਕਿਸ਼ਤੀ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਮੇਰੀ ਸੀ। ਕਈ ਵਾਰ ਦੁੱਖਾਂ ਦੇ ਝੱਖੜ ਝੁੱਲੇ, ਕਈ ਵਾਰ ਖੁਸ਼ੀਆਂ ਦੇ ਬਾਜੇ ਵੀ ਵੱਜਦੇ ਰਹੇ। ਪਤਾ ਹੀ ਨਾ ਲੱਗਿਆ, ਕਦੋਂ ਜਵਾਨੀ ਦੀ ਉਮਰ-ਮੱਤ, ਸਿਆਣਪ ਵਿਚ ਬਦਲ ਗਈ ਤੇ ਮੈਂ ਚੰਗੇ ਕਬੀਲਦਾਰ ਬੰਦਿਆਂ ਵਿਚ ਖੜ੍ਹਨ ਜੋਗਾ ਹੋ ਗਿਆ। ਮੇਰੀ ਸਿਆਣਪ ਦੀ ਪਹਿਲੀ ਪਰਖ ਉਦੋਂ ਹੋਈ ਸੀ ਜਦੋਂ ਮੇਰੇ ਮਿੱਤਰ ਅਮਰ ਦੀ ਭੈਣ ਵਾਸਤੇ ਮੁੰਡੇ ਦੀ ਦੱਸ ਪਈ। ਜਗਰਾਉਂ ਲਾਗੇ ਕੋਈ ਪਿੰਡ ਸੀ। ਅਮਰ ਦਾ ਮਾਮਾ, ਮਾਸੜ ਤੇ ਬਾਪੂ, ਤੇ ਦੋਵੇਂ ਅਸੀਂ ਵਿਚੋਲੇ ਸਮੇਤ ਮੁੰਡਾ ਦੇਖਣ ਤੁਰਨ ਲੱਗੇ। ਅਮਰ ਦਾ ਮਾਸੜ ਬੋਲਿਆ, "ਜੇ ਕੋਈ ਦੋ-ਚਾਰ ਹੋਰ ਤੇਰੇ ਯਾਰ ਹਨ, ਉਨ੍ਹਾਂ ਨੂੰ ਵੀ ਨਾਲ ਲੈ ਚੱਲ।" ਮਾਸੜ ਨੇ ਬੋਲਾਂ ਦਾ ਤੀਰ ਮੇਰੇ ਵੱਲ ਮਾਰਿਆ।

"ਮਾਸੜ ਜੀ, ਅਸੀਂ ਦੋ ਹੀ ਕਾਫੀ ਹਾਂ। ਤੁਸੀਂ ਗੱਡੀ ਵਿਚ ਬੈਠੋ।" ਮੈਂ ਕਿਹਾ। ਮਾਸੜ ਨੂੰ ਸ਼ਾਇਦ ਮੇਰੇ ਨਿਆਣਪੁਣੇ 'ਤੇ ਹਾਸਾ ਆਉਂਦਾ ਹੋਵੇ।

ਮੁੰਡੇ ਵਾਲਿਆਂ ਦੇ ਘਰ ਪਹੁੰਚੇ। ਸਾਰਿਆਂ ਨੇ ਚੁੱਪ-ਚੁਪੀਤੇ ਜਿਹੇ ਹੱਥ ਮਿਲਾਏ, ਜਿਵੇਂ ਬਹੁਤੀ ਸਿਆਣਪ ਦਿਖਾਉਂਦੇ ਹੋਈਏ। ਚੜ੍ਹਦੇ ਫੱਗਣ ਦੀ ਨਿੱਘੀ ਧੁੱਪ ਸਿਆਲਾਂ ਵਿਚ ਖਾਧੇ ਖੋਏ ਨੂੰ ਛੇੜ ਰਹੀ ਸੀ। ਵਿਹੜੇ ਵਿਚ ਮੰਜੇ ਡਾਹ ਦਿੱਤੇ ਗਏ। ਮੈਂ ਬਾਰਡਰ 'ਤੇ ਖੜ੍ਹੇ ਬੀ.ਐਸ.ਐਫ. ਦੇ ਜਵਾਨ ਵਾਂਗ ਚਾਰੇ ਪਾਸੇ ਨਿਗ੍ਹਾ ਘੁੰਮਾਉਣ ਲੱਗਿਆ। ਪੰਜ-ਛੇ ਮੱਝਾਂ ਨੁਹਾ ਕੇ ਧੁੱਪੇ ਬੰਨ੍ਹੀਆਂ ਹੋਈਆਂ ਸਨ। ਥੱਲੇ ਟਿੱਬੇ ਦਾ ਰੇਤਾ ਇੰਜ ਵਿਛਾਇਆ ਸੀ ਜਿਵੇਂ ਕਿਸੇ ਪਖੰਡੀ ਸਾਧ ਦੇ ਥੱਲੇ ਸ਼ਨੀਲ ਦਾ ਬਿਸਤਰਾ ਹੋਵੇ। ਵਰਾਂਡੇ ਵਿਚ ਟਰੈਕਟਰ ਇੰਜ ਲਪੇਟਿਆ ਹੋਇਆ ਸੀ ਜਿਵੇਂ ਕੁੜੀ ਅਨੰਦ ਕਾਰਜ ਕਰਵਾਉਣ ਬੈਠੀ ਹੋਵੇ। ਸੁਹਾਗਾ ਤੇ ਹਲ ਇੱਟਾਂ ਦੇ ਕੇ ਰੱਖੇ ਹੋਏ ਸਨ; ਯਾਨਿ ਖੇਤੀਬਾੜੀ ਦੇ ਸਾਰੇ ਸੰਦਾਂ ਦੀ ਸੰਭਾਲ ਦੇਖ ਕੇ ਮੈਂ ਅੰਦਾਜ਼ਾ ਲਾ ਲਿਆ ਸੀ ਕਿ ਮੁੰਡੇ ਵਾਲਿਆਂ ਵਿਚ ਮਿਹਨਤ ਦਾ ਖੂਨ ਦੌੜਦਾ ਹੈ। ਇਕ ਦਿਨ ਜ਼ਰੂਰ ਤਰੱਕੀ ਭਰੀ ਉਡਾਣ ਭਰਨਗੇ।

ਚਾਹ ਨਾਲ ਮਿੱਠਾ ਆ ਗਿਆ ਪਰ ਮੁੰਡੇ ਦੇ ਅਜੇ ਦਰਸ਼ਨ ਨਹੀਂ ਸਨ ਹੋਏ। ਮਾਸੜ ਬਰਫੀ ਮੂੰਹ ਵਿਚ ਪਾਉਂਦਾ ਮੇਰੇ ਵੱਲ ਵੀ ਚੋਰ ਨਿਗ੍ਹਾ ਨਾਲ ਦੇਖਦਾ ਸੀ ਕਿ ਮੈਂ ਕੀ ਦੇਖ ਰਿਹਾ ਹਾਂ। ਚਾਹ ਪੀ ਕੇ ਹਟੇ ਹੀ ਸਾਂ ਕਿ ਮੁੰਡਾ ਪੱਠਿਆਂ ਦਾ ਰੇਹੜਾ ਭਰੀ ਲਿਆ ਰਿਹਾ ਸੀ। ਰੇਹੜੇ ਅੱਗੇ ਜੁੜਿਆ ਨਗੌਰੀ ਵੱਛਾ ਦੇਖ ਕੇ ਮਨ ਖੁਸ਼ ਹੋ ਗਿਆ। ਉਸ ਦਾ ਦੁੱਧ ਵਰਗਾ ਪਿੰਡਾ ਲਿਸ਼ਕਾਂ ਮਾਰ ਰਿਹਾ ਸੀ। ਮੁੰਡਾ ਦੇਖਿਆ, ਗੋਰਾ ਨਿਛੋਹ, ਲੰਮਾ ਤੇ ਪਤਲਾ। ਹਲਕੀ ਜਿਹੀ ਦਾੜ੍ਹੀ, ਪਤਲੀਆਂ ਜਿਹੀਆਂ ਮੁੱਛਾਂ। ਡੱਬੀਦਾਰ ਪਰਨਾ ਬੜੇ ਸਲੀਕੇ ਨਾਲ ਬੰਨ੍ਹਿਆ ਹੋਇਆ। ਜਦੋਂ ਮੁੰਡਾ ਹੱਥ-ਮੂੰਹ ਧੋ ਕੇ ਸਾਡੇ ਕੋਲ ਆਇਆ ਤਾਂ ਮੁੰਡੇ ਦਾ ਪਿਤਾ ਬੋਲਿਆ, "ਆਹ ਭਾਈ, ਮੇਰਾ ਵੱਡਾ ਲੜਕਾ ਤਲਵਿੰਦਰ ਸਿੰਘ ਹੈ, ਪਰ ਅਸੀਂ ਪਿਆਰ ਨਾਲ ਤੋਤਾ ਆਖ ਦਿੰਦੇ ਹਾਂ। ਅਹੁ ਇਸ ਤੋਂ ਛੋਟੀ ਮੇਰੀ ਧੀ ਦਲਜੀਤ ਕੌਰ ਹੈ ਤੇ ਛੋਟਾ ਦੁੱਧ ਪਾਉਣ ਡੇਅਰੀ ਗਿਆ ਹੈ। ਮੁੜਨ ਵਾਲਾ ਹੀ ਹੋਊ।" ਮੇਰੀ ਨਿਗ੍ਹਾ ਦਲਜੀਤ ਕੌਰ 'ਤੇ ਗਈ ਜਿਹੜੀ ਆਪਣੇ ਭਰਾਵਾਂ ਵਾਂਗ ਹੀ ਲੰਮੀ, ਪਤਲੀ ਤੇ ਸੁਨੱਖੀ ਸੀ।

ਅਮਰ ਦੇ ਮਾਮੇ ਨੇ ਜ਼ਮੀਨ ਬਾਰੇ ਪੁੱਛਿਆ। ਪੰਜ-ਪੰਜ ਕਿੱਲੇ ਆਉਂਦੇ ਸਨ। ਉਨ੍ਹਾਂ ਦੀ ਮੰਗ ਵੀ ਕੋਈ ਨਹੀਂ ਸੀ। ਮਾਸੜ ਨੇ ਵੀ ਵਕੀਲਾਂ ਵਾਂਗ ਪੁੱਛਣ ਦੀ ਕੋਈ ਕਸਰ ਬਾਕੀ ਨਾ ਛੱਡੀ। ਅਮਰ ਦਾ ਬਾਪੂ ਤਾਂ ਆਪਣੇ ਸਾਲੇ ਤੇ ਸਾਂਢੂ ਦੀ 'ਹਾਂ' ਦੀ ਉਡੀਕ ਕਰ ਰਿਹਾ ਸੀ। ਅਮਰ ਨੇ ਮੈਨੂੰ ਪਰੇ ਕਰ ਕੇ ਕਿਹਾ, "ਹੁਣ ਤੂੰ ਵੀ ਕੁਝ ਪੁੱਛ ਲੈ ਕਿ ਬਰਫੀ ਖਾਣ ਹੀ ਆਇਆ ਸੀ।" ਮੈਂ ਮੁੰਡੇ ਦੇ ਬਾਪੂ ਨੂੰ ਪੁੱਛਿਆ, "ਬਾਈ ਜੀ! ਦਲਜੀਤ ਆਪਣੀ ਪੜ੍ਹਦੀ ਹੈ ਕਿ ਨਹੀਂ।" ਮੇਰੇ ਮੂੰਹੋਂ ਕੁੜੀ ਦਾ ਨਾਮ ਸੁਣ ਕੇ ਸਾਰਿਆਂ ਨੇ ਕੰਨ ਇੰਜ ਚੁੱਕ ਲਏ ਜਿਵੇਂ ਗਲੀ ਵਿਚ ਗੋਲੀ ਚੱਲ ਗਈ ਹੋਵੇ। ਮੁੰਡੇ ਦੇ ਬਾਪੂ ਨੇ ਕਿਹਾ, "ਹਾਂ ਭਾਈ, ਸਿੱਧਵਾਂ ਵਾਲੇ ਕਾਲਜ ਵਿਚ ਵੱਡੀ ਪੜ੍ਹਾਈ ਕਰਦੀ ਹੈ।"

ਸਾਰੇ ਹੈਰਾਨ ਸਨ ਕਿ ਦੇਖਣ ਮੁੰਡਾ ਆਏ ਹਾਂ, ਤੇ ਇਹ ਕੁੜੀ ਬਾਰੇ ਪੁੱਛੀ ਜਾਂਦਾ ਹੈ! ਮੈਂ ਅਮਰ ਨੂੰ ਗਲੀ ਵਿਚ ਲੈ ਗਿਆ ਤੇ ਕਿਹਾ, "ਦੇਖ ਮਿੱਤਰਾ! ਮੁੰਡਾ ਆਪਣੀ ਪੰਮੀ ਦੇ ਬਿਲਕੁਲ ਫਿੱਟ ਹੈ। ਇਨ੍ਹਾਂ ਦੀ ਕੁੜੀ ਸੋਹਣੀ-ਸੁਨੱਖੀ ਹੈ। ਕਿਸੇ ਕੈਨੇਡਾ, ਅਮਰੀਕਾ ਵਾਲੇ ਨੇ ਪਸੰਦ ਕਰ ਲੈਣੀ ਹੈ। ਜਦੋਂ ਇਨ੍ਹਾਂ ਦੀ ਕੁੜੀ ਬਾਹਰ ਚਲੀ ਗਈ, ਤਾਂ ਆਪਣਾ ਤੋਤਾ ਸਿੰਘ ਵੀ ਉਡਾਰੀ ਮਾਰ ਜਾਊ ਪੰਮੀ ਸਮੇਤ। ਮੇਰਾ ਖਿਆਲ ਹੈ ਆਪਾਂ 'ਹਾਂ' ਕਰ ਦੇਈਏ।"

ਫਿਰ ਮਾਮੇ ਨੂੰ ਪੁੱਛਿਆ। ਮਾਮਾ ਕਹਿੰਦਾ, "ਜਿਵੇਂ ਤੁਹਾਡੀ ਮਰਜ਼ੀ ਹੈ।" ਮਾਸੜ ਤੋਂ ਪੁਛਿਆ ਤਾਂ ਉਹ ਕਹਿੰਦਾ, "ਬਾਕੀ ਸਭ ਠੀਕ-ਠਾਕ ਹੈ, ਘਰ ਪੁਰਾਣੇ ਢੰਗ ਦਾ ਹੀ ਹੈ। ਘਰ ਪਾਉਣ ਵਾਲਾ ਹੈ। ਫਿਰ ਪੰਮੀ ਉਲ੍ਹਾਮਾ ਦੇਊ ਕਿ ਮਾਸੜਾ! ਦੇਖਿਆ ਕੀ ਸੀ। ਸਾਰੇ ਕੋਠੇ ਚੋਈ ਜਾਂਦੇ ਨੇ।" ਮਾਸੜ ਦੀ ਗੱਲ ਵੀ ਸ਼ਾਇਦ ਠੀਕ ਸੀ, ਪਰ ਪਤਾ ਲੱਗਿਆ ਸੀ ਕਿ ਮੁੰਡੇ ਵਾਲਿਆਂ ਨੇ ਖੇਤੀ ਨਾਲ ਦੋ ਕਿੱਲੇ ਜ਼ਮੀਨ ਬੈਅ ਖਰੀਦ ਲਏ ਸਨ। ਮੈਂ ਪੂਰਾ ਜ਼ੋਰ ਲਾਇਆ ਕਿ ਆਪਾਂ 'ਹਾਂ' ਕਰ ਕੇ ਜਾਈਏ। ਸਾਡੇ ਚਿਹਰਿਆਂ ਦੀ ਖੁਸ਼ੀ ਦੇਖ ਕੇ ਮੁੰਡੇ ਵਾਲਿਆਂ ਨੇ ਵੀ ਅੰਦਾਜ਼ਾ ਲਾ ਲਿਆ ਹੋਵੇਗਾ ਕਿ ਤੋਤੇ ਦੇ ਮੂੰਹ ਛੁਹਾਰਾ ਪੈ ਜਾਵੇਗਾ। ਗੱਲਾਂ-ਬਾਤਾਂ ਅਜੇ ਚੱਲ ਰਹੀਆਂ ਸਨ, ਮੈਂ ਤੋਤਾ ਸਿੰਘ ਦੇ ਮੋਢੇ 'ਤੇ ਹੱਥ ਰੱਖਦਾ ਹੋਇਆ ਦਲਜੀਤ ਤੇ ਉਨ੍ਹਾਂ ਦੀ ਮਾਂ ਵੱਲ ਲੈ ਆਇਆ।

ਮੈਂ ਦਲਜੀਤ ਨਾਲ ਵੀ ਗੱਲ ਕੀਤੀ ਤੇ ਉਹਦੀ ਮਾਂ ਨਾਲ ਵੀ। ਪੰਜਾਬੀਆਂ ਦੇ ਸੁਭਾਅ ਵਾਂਗ ਅਸੀਂ ਵੀ ਰਿਸ਼ਤੇਦਾਰੀਆਂ ਕੱਢਣ ਲੱਗ ਪਏ।... ਚਲੋ ਜੀ! ਮੁੰਡੇ ਦੀ ਮਾਮੀ ਦੇ ਪੇਕੇ, ਮੇਰੇ ਨਾਨਕੇ ਪਿੰਡ ਸਨ। ਮੈਂ ਵੀ ਉਨ੍ਹਾਂ ਨੂੰ ਜਾਣਦਾ ਸੀ। ਮਾਂ ਨੇ ਆਪਣੇ ਮੁੰਡਿਆਂ ਤੇ ਧੀ ਦੀ ਬਹੁਤ ਤਾਰੀਫ ਕੀਤੀ। ਖੈਰ! ਮੇਰਾ ਮਨ ਉਥੇ ਪੰਮੀ ਦਾ ਰਿਸ਼ਤਾ ਕਰਨ ਨੂੰ ਮੰਨ ਗਿਆ। ਅਸੀਂ ਮਾਸੜ ਤੋਂ ਬਿਨਾਂ ਸਾਰੇ ਉਥੇ ਰਿਸ਼ਤੇ ਲਈ ਤਿਆਰ ਸੀ ਪਰ ਮਾਸੜ ਘਰ ਪਾਉਣ ਵਾਲੀ ਗੱਲ 'ਤੇ ਅੜਿਆ ਹੋਇਆ ਸੀ। ਮੈਂ ਕਿਹਾ ਕਿ ਜੇ ਇਕ-ਅੱਧੀ ਕਮੀ ਹੈ, ਕੋਈ ਗੱਲ ਨਹੀਂ। ਪਰਿਵਾਰ ਵੈਸ਼ਨੋ ਹੈ, ਮਿਹਨਤੀ ਹੈ; ਕਣਕ ਨਾਲ ਬੈਠਕ ਭਰੀ ਪਈ ਹੈ, ਵੀਹ ਖਣ ਤੂੜੀ ਦੇ ਇੰਜ ਭਰੇ ਪਏ ਨੇ ਜਿਵੇਂ ਗੰਨਿਆਂ ਵਾਲੀ ਟਰਾਲੀ ਲੱਦੀ ਹੁੰਦੀ ਹੈ।

ਚੱਲੋ ਜੀ! ਸਾਡੀ ਉਥੇ 'ਹਾਂ' ਹੋ ਗਈ। ਅਗਲੇ ਸਾਲ ਵਿਆਹ ਰੱਖ ਦਿੱਤਾ। ਤੋਤਾ ਸਿੰਘ ਦੇ ਪਰਿਵਾਰ ਵਿਚ ਮੈਂ ਸਤਿਕਾਰ ਵਜੋਂ ਉਭਰਿਆ ਸੀ। ਅਸੀਂ ਪੰਮੀ ਦਾ ਵਿਆਹ ਤੋਤਾ ਸਿੰਘ ਨਾਲ ਕਰ ਦਿੱਤਾ। ਸਾਰੇ ਖੁਸ਼ ਸਨ ਪਰ ਮਾਸੜ ਦਾ ਮੂੰਹ ਇੰਜ ਸੀ, ਜਿਵੇਂ ਉਸ ਨੇ ਕੁਨੈਣ ਦੀ ਗੋਲੀ ਚੱਬ ਲਈ ਹੋਵੇ। ਤੋਤਾ ਸਿੰਘ ਨਾਲ ਮੇਰਾ ਪਿਆਰ ਸਾਲੇ-ਜੀਜੇ ਵਾਲਾ ਨਹੀਂ, ਸਗੋਂ ਭਰਾਵਾਂ ਵਰਗਾ ਹੋ ਗਿਆ ਸੀ। ਦੋ ਸਾਲਾਂ ਬਾਅਦ ਪੰਮੀ ਦੇ ਮੁੰਡਾ ਹੋ ਗਿਆ। ਤੋਤਾ ਸਿੰਘ ਹੋਰੀਂ ਪੁਰਾਣਾ ਘਰ ਢਾਹ ਕੇ ਨਵਾਂ ਬਣਾਉਣ ਲੱਗੇ ਸੀ ਕਿ ਦਲਜੀਤ ਬਾਰੇ ਅਮਰੀਕਾ ਤੋਂ ਆਏ ਮੁੰਡੇ ਦੀ ਦੱਸ ਪਈ। ਤੋਤਾ ਸਿੰਘ ਹੋਰਾਂ ਜਵਾਬ ਦੇ ਦਿੱਤਾ ਕਿ ਐਤਕੀਂ ਹੱਥ ਤੰਗ ਹੈ, ਘਰ ਪਾ ਰਹੇ ਹਾਂ, ਅਗਲੇ ਸਾਲ ਵਿਆਹ ਕਰਾਂਗੇ। ਜਦੋਂ ਵਿਚੋਲੇ ਨੇ ਜ਼ੋਰ ਦੇ ਕੇ ਅਮਰੀਕਾ ਵਾਲੇ ਮੁੰਡੇ ਨੂੰ ਦਲਜੀਤ ਦਿਖਾਈ ਤਾਂ ਉਸ ਨੇ 'ਹਾਂ' ਕਰ ਦਿੱਤੀ। ਬਗੈਰ ਕਿਸੇ ਦਾਜ-ਦਹੇਜ ਤੋਂ ਸਾਦਾ ਵਿਆਹ ਕਰਨ ਲਈ ਕਿਹਾ। ਦਲਜੀਤ ਦੇ ਹੱਥਾਂ ਨੂੰ ਮਹਿੰਦੀ ਲਾ ਦਿੱਤੀ ਗਈ। ਸਾਲ ਵਿਚ ਹੀ ਦਲਜੀਤ ਨਿਊ ਯਾਰਕ ਪੁੱਜ ਗਈ। ਮੈਂ ਅਮਰੀਕਾ ਆ ਗਿਆ ਤੇ ਤੋਤਾ ਸਿੰਘ ਹੋਰਾਂ ਨਾਲ ਮੁਲਾਕਾਤ ਕਦੇ-ਕਦਾਈਂ ਫੋਨ 'ਤੇ ਹੁੰਦੀ। ਬਾਅਦ ਵਿਚ ਤਾਂ ਬਹੁਤ ਸਮਾਂ ਗੱਲ ਹੋਈ ਨਾ। ਫਿਰ ਤੋਤਾ ਸਿੰਘ ਨੇ ਬਾਅਦ ਵਿਚ ਜੋ ਹੋਇਆ ਉਹ ਇੰਜ ਸੁਣਾਇਆ,

ਬਾਈ ਜੀ! ਕੁਲਦੀਪ ਇਥੇ ਆ ਗਈ ਤੇ ਅਸੀਂ ਘਰ ਵੀ ਵਧੀਆ ਬਣਾ ਲਿਆ। ਫਿਰ ਪੰਮੀ ਦੇ ਮਾਸੜ ਦੀ ਕੁੜੀ ਵਿਆਹੁਣ ਵਾਲੀ ਹੋਈ ਤਾਂ ਉਸ ਨੇ ਸਾਡਾ ਵਿਹੜਾ ਨੀਵਾਂ ਕਰ ਦਿੱਤਾ। ਆਖੇ, ਤੂੰ ਆਪਣੇ ਭਰਾ ਦਾ ਰਿਸ਼ਤਾ ਮੇਰੀ ਕੁੜੀ ਨਾਲ ਕਰ। ਕਦੇ ਅਮਰ ਨੂੰ ਨਾਲ ਲਿਆਵੇ, ਕਦੇ ਪੰਮੀ ਤੋਂ ਜ਼ੋਰ ਨਾਲ ਕਹਾਵੇ। ਛੋਟਾ ਭਰਾ ਪੜ੍ਹ ਵੀ ਬਹੁਤ ਗਿਆ ਸੀ। ਪੜ੍ਹੀ ਤਾਂ ਕੁੜੀ ਵੀ ਬਹੁਤ ਸੀ ਪਰ ਕੱਦ ਘੱਟ ਹੋਣ ਕਰ ਕੇ ਬੇਬੇ ਬਾਪੂ 'ਹਾਂ' ਨਹੀਂ ਸੀ ਕਰਦੇ। ਮਾਸੜ ਨੂੰ ਹੁਣ ਪਤਾ ਲੱਗ ਗਿਆ ਸੀ ਕਿ ਇਕ ਦਿਨ ਇਨ੍ਹਾਂ ਸਾਰਿਆਂ ਨੇ ਅਮਰੀਕਾ ਚਲੇ ਜਾਣਾ ਹੈ। ਇਧਰ ਦਲਜੀਤ ਨੇ ਸਿਟੀਜ਼ਨ ਹੋ ਕੇ ਸਾਡੇ ਕਾਗਜ਼ ਵੀ ਭਰ ਦਿੱਤੇ ਸਨ। ਬਾਈ, ਮੇਰੇ ਵਿਆਹ ਵਿਚ ਮਾਸੜ ਦਾ ਕੀ ਰੋਲ ਸੀ, ਮੈਨੂੰ ਇਸ ਗੱਲ ਦਾ ਪਤਾ ਸੀ, ਪਰ ਮੈਂ ਫਿਰ ਵੀ ਆਪਣੇ ਭਰਾ ਨੂੰ ਮਨਾ ਲਿਆ ਕਿ ਤੂੰ ਉਥੇ ਪੰਮੀ ਦੀ ਮਾਸੀ ਦੀ ਧੀ ਨਾਲ ਵਿਆਹ ਕਰਵਾ ਲੈ। ਦੇਖ-ਦਿਖਾਈ ਵਿਚ ਇਕ-ਅੱਧੀ ਕਮੀ ਪੇਸ਼ੀ ਛੱਡਣੀ ਪੈਂਦੀ ਹੈ, ਸਾਰਾ ਕੁਝ ਨਹੀਂ ਮਿਲਦਾ।

ਚੱਲੋ ਜੀ, ਮੇਰਾ ਭਰਾ ਮੰਨ ਗਿਆ। ਅਸੀਂ ਵਿਆਹ ਕਰ ਦਿੱਤਾ। ਸਾਡੇ ਨਾਂਹ-ਨਾਂਹ ਕਹਿੰਦਿਆਂ ਮਾਸੜ ਨੇ ਸਾਡਾ ਘਰ ਦਾਜ-ਦਹੇਜ ਨਾਲ ਭਰ ਦਿੱਤਾ। ਮੇਰੇ ਭਰਾ ਨੂੰ ਕਾਰ ਦਿੱਤੀ। ਮਾਸੜ ਦੀ ਜ਼ਮੀਨ ਸ਼ਹਿਰ ਵਿਚ ਵਿਕੀ ਹੋਣ ਕਰ ਕੇ ਪੈਸੇ ਦੀ ਕੋਈ ਕਮੀ ਨਹੀਂ ਸੀ। ਹੁਣ ਜਦੋਂ ਵੀ ਮਾਸੜ ਆਉਂਦਾ, ਤੇਰੀਆਂ ਗੱਲਾਂ ਜ਼ਰੂਰ ਕਰਦਾ ਤੇ ਕਹਿੰਦਾ, ਮੁੰਡੇ ਦੀ ਅੱਖ ਹੀ ਤੇਜ਼ ਨਹੀਂ ਸੀ, ਬੁੱਧੀ ਵੀ ਤੇਜ਼ ਸੀ। ਜਿਹੜਾ ਵਿਆਜੋਂ ਰਕਮ ਫੜ ਕੇ ਉਡਾਰੀ ਮਾਰ ਗਿਆ। ਮੈਂ ਹੱਸ ਕੇ ਕਹਿੰਦਾ, "ਮਾਸੜਾ! ਦੇਖ ਲੈ ਹੁਣ ਤਾਂ ਨਹੀਂ ਕੋਈ ਘਾਟ-ਵਾਧ ਘਰ ਵਿਚ।" ਤੇ ਮਾਸੜ ਅੱਗਿਉਂ ਮੁਸਕੜੀਏਂ ਹੱਸਦਾ।

ਮਾਸੜ ਆਪਣੀ ਧੀ ਵਿਆਹੁਣ ਪਿੱਛੋਂ ਹਵਾ ਵਿਚ ਉਡਦਾ ਰਹਿੰਦਾ। ਖ਼ੈਰ! ਮੇਰੇ ਇਕ ਪੁੱਤਰ ਤੇ ਦੋ ਧੀਆਂ ਹਨ। ਦਲਜੀਤ ਦੇ ਦੋ ਪੁੱਤਰ ਹਨ। ਛੋਟੇ ਭਰਾ ਦੇ ਇਕ ਪੁੱਤ ਹੈ। ਅਸੀਂ ਦੋਵੇਂ ਭਰਾ ਆਪਣੇ ਪਰਿਵਾਰਾਂ ਸਮੇਤ ਇਥੇ ਪਹੁੰਚ ਗਏ ਸੀ। ਬੇਬੇ ਬਾਪੂ ਪਹਿਲਾਂ ਦੋ ਵਾਰ ਗੇੜਾ ਕੱਢ ਕੇ ਚਲੇ ਗਏ ਸੀ। ਉਨ੍ਹਾਂ ਦਾ ਇਥੇ ਦਿਲ ਨਹੀਂ ਲੱਗਿਆ। ਦਲਜੀਤ ਹੋਰਾਂ ਕੋਲ ਆਪਣੀਆਂ ਟੈਕਸੀਆਂ ਹਨ, ਆਪਣਾ ਮਕਾਨ ਹੈ। ਭਲੇਮਾਣਸ ਲੋਕ ਨੇ, ਕੰਮ-ਕਾਰ ਵਧੀਆ ਹੈ। ਸਾਨੂੰ ਵੀ ਅਜੇ ਦੋ ਮਹੀਨੇ ਹੀ ਹੋਏ ਨੇ ਆਇਆ ਨੂੰ। ਤੁਹਾਨੂੰ ਕਈ ਵਾਰ ਫੋਨ ਕੀਤਾ, ਤੁਸੀਂ ਚੁੱਕਿਆ ਹੀ ਨਹੀਂ। ਅਮਰ ਕਹਿੰਦਾ ਸੀ, ਉਸ ਨੂੰ ਜਾ ਕੇ ਫੋਨ ਕਰਿਓ, ਉਹ ਤੁਹਾਨੂੰ ਆਪ ਮਿਲਣ ਆਵੇਗਾ। ਅੱਜ ਵੀ ਦਲਜੀਤ ਨੇ ਕਿਹਾ ਕਿ ਵੀਰ ਜੀ ਨੂੰ ਫੋਨ ਕਰੋ ਤੇ ਤੁਹਾਡੇ ਨਾਲ ਗੱਲਬਾਤ ਹੋ ਗਈ।

ਮੈਂ ਤੋਤਾ ਸਿੰਘ ਨਾਲ ਹੋਰ ਗੱਲਾਂ ਕਰਦਿਆਂ ਫਿਰ ਮਾਸੜ ਬਾਰੇ ਪੁੱਛਿਆ, "ਅੱਜਕੱਲ੍ਹ ਮਾਸੜ ਜੀ ਕੀ ਕਰਦੇ ਨੇ? ਉਨ੍ਹਾਂ ਦਾ ਕੀ ਹਾਲ ਹੈ?"

"ਮਾਸੜ ਨੇ ਘੋੜੀ ਰੱਖੀ ਹੋਈ ਹੈ ਤੇ ਨਾਲ ਦੋਨਾਲੀ। ਪੂਰਾ ਜਿਉਣਾ ਮੋੜ ਹੀ ਲੱਗਦਾ ਹੈ।" ਉਸ ਨੇ ਹੱਸਦਿਆਂ ਕਿਹਾ।

"ਕਿਸੇ ਬਹਾਨੇ ਉਸ ਦੀ ਘੋੜੀ ਤੇ ਰਾਈਫਲ ਵਿਕਾ ਦਿਓ। ਇਨ੍ਹਾਂ ਕੰਮਾਂ ਦੇ ਨਤੀਜੇ ਚੰਗੇ ਨਹੀਂ ਨਿਕਲਦੇ। ਜ਼ਮੀਨ ਵੇਚ ਕੇ ਸ਼ੌਕ ਪਾਲਣ ਨਾਲੋਂ ਤਾਂ ਮਿਹਨਤ ਦੀ ਕੀਤੀ ਕੰਜੂਸੀ ਲੱਖ ਗੁਣਾ ਚੰਗੀ ਹੈ। ਬਹੁਤੀ ਚਲਾਕੀ ਵੀ ਰਾਹ ਡੱਕ ਲੈਂਦੀ ਹੈ।"

ਖ਼ੈਰ! ਅਸੀਂ ਹੱਸਦਿਆਂ ਫਤਿਹ ਬੁਲਾਈ। ਮੈਂ ਆਪਣੀ ਕਬੀਲਦਾਰੀ ਦੀ ਪ੍ਰੀਖਿਆ ਵਿਚੋਂ ਪੂਰੇ ਨੰਬਰ ਲੈ ਕੇ ਪਾਸ ਹੋ ਗਿਆ ਸੀ। ਹੱਥੀਂ ਲਾਏ ਬੂਟੇ ਦੇ ਫੁੱਲ ਖੁਸ਼ਬੋ ਬੇਸ਼ੱਕ ਘੱਟ ਹੀ ਦੇਣ ਪਰ ਖਿੜੇ ਦੇਖ ਕੇ ਮਨ ਰੱਜ ਜਾਂਦਾ ਹੈ। ਰੱਬ ਰਾਖਾ!

# ਭਾਰਤ-ਪਾਕਿ ਸੀਮਾ ਦੀ ਕੰਡਿਆਲੀ ਤਾਰ ਤੇ ਜਰਨੈਲੀ ਸੜਕ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪਾਕਿਸਤਾਨੀ ਪੰਜਾਬ ਦੇ ਮੁਖ ਮੰਤਰੀ ਜਨਾਬ ਮੁਹੰਮਦ ਸ਼ਾਹਬਾਜ਼ ਸ਼ਰੀਫ ਦੀ ਸੱਜਰੀ ਭਾਰਤ ਫੇਰੀ ਨੇ ਮੈਨੂੰ ਪੇਸ਼ਾਵਰ ਤੋਂ ਕਲਕੱਤਾ ਵਾਲੀ ਜਰਨੈਲੀ ਸੜਕ ਚੇਤੇ ਕਰਵਾ ਦਿੱਤੀ ਹੈ। ਉਨ੍ਹਾਂ ਦੇ ਪਰਿਵਾਰ ਤੇ ਅਮਲੇ ਫੈਲੇ ਨੇ ਇਸ ਸੜਕ ਦੀ ਵਰਤੋਂ ਨਹੀਂ ਕੀਤੀ। ਉਨ੍ਹਾਂ ਦਾ ਸਾਰਾ ਸਫ਼ਰ ਹਵਾਈ ਜਹਾਜ਼ਾਂ ਤੇ ਹੈਲੀਕਾਪਟਰਾਂ ਉਤੇ ਹੋਇਆ। ਇਸ ਵਿਚ ਉਨ੍ਹਾਂ ਦੇ ਜੱਦੀ ਪਿੰਡ ਜਾਤੀ ਉਮਰਾ ਤੋਂ ਬਿਨਾਂ ਮਾਨਸਾ ਦਾ ਥਰਮਲ ਪਲਾਂਟ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਦਰਬਾਰ ਸਾਹਿਬ ਅੰਮ੍ਰਿਤਸਰ ਤੇ ਬਾਦਲ ਪਰਿਵਾਰ ਦਾ ਨਿਵਾਸ ਅਸਥਾਨ ਵੀ ਸ਼ਾਮਲ ਸੀ। ਅਣਵੰਡੇ ਹਿੰਦੁਸਤਾਨ ਵਿਚ ਸ਼ੇਰ ਸ਼ਾਹ ਸੂਰੀ ਮਾਰਗ ਵਜੋਂ ਜਾਣੀ ਜਾਂਦੀ ਇਹ ਜਰਨੈਲੀ ਸੜਕ ਦੁਨੀਆਂ ਦੀਆਂ ਮਹਾਨ ਸ਼ਾਹ ਰਾਹਾਂ ਵਿਚ ਗਿਣੀ ਜਾਂਦੀ ਹੈ। ਆਪਣੇ ਵਿਦਿਆਰਥੀ ਜੀਵਨ ਸਮੇਂ ਮੈਂ ਇਸ ਮਾਰਗ ਦਾ ਬਹੁਤ ਸਫ਼ਰ ਕੀਤਾ ਹੈ। ਖਾਸ ਕਰਕੇ ਫਗਵਾੜਾ ਤੋਂ ਖੰਨਾ ਮੰਡੀ ਤੱਕ ਦਾ। ਉਦੋਂ ਜਦੋਂ ਇਸ ਦੇ ਧੜ ਨੂੰ ਵਾਘਾ ਨੇੜਿਓਂ ਕਤਲ ਨਹੀਂ ਸੀ ਕੀਤਾ ਗਿਆ। ਹੁਣ ਉਸ ਸੀਮਾ ਉਹੇ ਕੰਡਿਆਲੀ ਤਾਰ ਲੱਗ ਚੁੱਕੀ ਹੈ ਜਿਸ ਨੂੰ ਦੋਨਾਂ ਪੰਜਾਬਾਂ ਦੇ ਮੁੱਖ ਮੰਤਰੀ ਤੇ ਵਸਨੀਕ ਰਲ ਕੇ ਮਧੋਲਣ ਦੇ ਯਤਨਾਂ ਵਿਚ ਹਨ। ਸ਼ਾਹਬਾਜ਼ ਸ਼ਰੀਫ ਦੇ ਵਫਦ ਵੱਲੋਂ ਇਸ ਨੂੰ ਉੜ ਕੇ ਪਾਰ ਕਰਨਾ ਇਸ ਦੀ ਸ਼ੁਰੂਆਤ ਕਿਹਾ ਜਾ ਸਕਦਾ ਹੈ।

ਕੁਝ ਵੀ ਹੋਵੇ ਸੱਜਰੇ ਘਟਨਾਕ੍ਰਮ ਨੇ ਮੈਨੂੰ ਇਸ ਦੀ ਉਸਾਰੀ ਦਾ ਇਤਿਹਾਸ ਚੇਤੇ ਕਰਵਾ ਦਿੱਤਾ ਹੈ ਜਿਸ ਦੀਆਂ ਕਈ ਗੱਲਾਂ ਪਾਠਕਾਂ ਲਈ ਨਵੀਆਂ ਹੋਣਗੀਆਂ। ਸ਼ੇਰ ਸ਼ਾਹ ਸੂਰੀ ਦਾ ਉਦਮ ਤੇ ਦੇਣ ਸਿਰ ਮੱਥੇ ਪਰ ਇਤਿਹਾਸ ਗਵਾਹ ਹੈ ਕਿ ਮੌਰੀਆ ਤੇ ਗੁਪਤਾ ਰਾਜ ਕਾਲ ਵਿਚ ਹੀ ਨਹੀਂ ਅਸ਼ੋਕ ਵੇਲੇ ਵੀ ਗੰਗਾ ਤੇ ਖੈਬਰ ਤੱਕ ਦਾ ਸਾਮਾਨ ਪਾਟਲੀਪੁੱਤਰ (ਪਟਨਾ) ਦੇ ਬਜ਼ਾਰਾਂ ਵਿਚ ਆਮ ਹੀ ਵਿਕਦਾ ਰਿਹਾ ਹੈ। ਇਹ ਉਹ ਸਮਾਂ ਸੀ ਜਦੋਂ




*ਸ਼ੇਰਸ਼ਾਹ ਸੂਰੀ ਮਾਰਗ ਉਤੇ ਲੱਗਿਆ ਇਕ ਕੋਸ ਮੀਨਾਰ*

ਅੱਕ, ਢੱਕ ਤੇ ਜੰਗਲਾਂ ਵਿਚੋਂ ਲੰਘਣ ਵਾਲਾ ਇਹ ਰਾਹ ਪਹਿਚਾਨਣਾ ਵੀ ਸੌਖਾ ਨਹੀਂ ਸੀ ਹੁੰਦਾ। ਸ਼ੇਰ ਸ਼ਾਹ ਸੂਰੀ ਦੀ ਵੱਡੀ ਦੇਣ ਇਹ ਸੀ ਕਿ ਉਸ ਨੇ ਇਸ ਮਾਰਗ ਦੀ ਕੋਸ (ਮੀਲ) ਮੀਨਾਰਾਂ ਨਾਲ ਨਿਸ਼ਾਨ ਦੇਹੀ ਕੀਤੀ ਅਤੇ ਰਸਤੇ ਦੇ ਨਾਲ ਨਾਲ ਪੀਣ ਵਾਲੇ ਪਾਣੀ ਦੇ ਖੂਹ ਅਤੇ ਰਹਿਣ ਲਈ ਸਰਾਵਾਂ ਤੇ ਰੁੱਖ ਲਗਵਾਏ। ਉਂਜ ਉਦੋਂ ਵੀ ਸਾਰੀ ਦੀ ਸਾਰੀ ਸੜਕ ਮਿੱਟੀ ਘੱਟੇ ਵਾਲੀ ਹੀ ਸੀ, ਕੱਚੀ ਤੇ ਉਚੀ ਨੀਵੀਂ। ਲਾਹੌਰ ਤੋਂ ਦਿੱਲੀ ਤੱਕ ਸ਼ੇਰ ਸ਼ਾਹ ਸੂਰੀ ਦੇ ਬਣਵਾਏ ਕੋਸ ਮੀਨਾਰਾਂ ਅਤੇ ਸ਼ੰਭੂ, ਦੋਰਾਹਾ ਤੇ ਨੂਰ ਮਹਿਲ ਦੀਆਂ ਸਰ੍ਹਾਵਾਂ ਦੇ ਚਿੰਨ੍ਹ ਹਾਲੀ ਵੀ ਦੇਖੇ ਜਾ ਸਕਦੇ ਹਨ।

ਹੁਣ ਜਦੋਂ ਕਿ ਇਹ ਜਰਨੈਲੀ ਸੜਕ ਇੱਟਾਂ ਪੱਥਰਾਂ ਤੇ ਬਜਰੀ ਉਤੇ ਲੇਪੀ ਲੁੱਕ ਵਾਲੀ ਹੋ ਕੇ ਚਾਰ-ਛੇ ਲੇਨਾਂ ਵਾਲੀ ਬਣਾਈ ਜਾ ਰਹੀ ਹੈ ਤਾਂ ਇਹ ਦੱਸਣਾ ਵੀ ਯੋਗ ਹੋਵੇਗਾ ਕਿ ਪੰਜਾਬ ਵਿਚ ਇਸ ਨੂੰ ਪੱਕੀ ਕਰਨ ਦਾ ਵੱਡਾ ਕੰਮ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਪਿੱਛੋਂ ਲਾਰਡ ਡਲਹੌਜ਼ੀ (1848-1856) ਨੇ ਹੀ ਵਿੱਢਿਆ। ਇਸ ਨੂੰ ਬਾਲਕ ਮਹਾਰਾਜਾ ਦਲੀਪ ਸਿੰਘ ਦੇ ਦਰਬਾਰ ਵਿਚ ਤਾਇਨਾਤ ਕਰਨਲ ਨੇਪੀਅਰ ਨਾਂ ਦੇ ਉਦਮੀ ਤੇ ਸਿਰੜੀ ਚੀਫ ਇੰਜੀਨੀਅਰ ਨੇ ਨੇਪਰੇ ਚੜ੍ਹਾਇਆ। ਉਨ੍ਹਾਂ ਸਮਿਆਂ ਵਿਚ ਸੜਕਾਂ ਬਣਾਉਣ ਦਾ ਕੰਮ ਫੌਜ ਹੀ ਕਰਦੀ ਸੀ ਤੇ ਇਹ ਗੱਲ ਵੀ ਬਹੁਤ ਘੱਟ ਪਾਠਕ ਜਾਣਦੇ ਹੋਣਗੇ ਕਿ ਸੜਕ ਬਣਾਉਣ ਵਾਲੇ ਮਜ਼ਦੂਰ ਮੇਰਠ ਤੇ ਦਿੱਲੀ ਦੇ ਜ਼ਿਲ੍ਹਿਆਂ ਤੋਂ ਆਉਂਦੇ ਸਨ। ਚੇਤੇ ਰਹੇ ਕਿ ਦਿੱਲੀ ਉਦੋਂ ਪੰਜਾਬ ਦਾ ਇੱਕ ਜ਼ਿਲ੍ਹਾ ਮਾਤਰ ਹੀ ਸੀ, ਉਸ ਪੰਜਾਬ ਦਾ ਜਿਸ ਵਿਚ ਗੁੜਗਾਓਂ ਤੇ ਫਰੀਦਾਬਾਦ ਹੀ ਨਹੀਂ ਪਲਵਲ ਵੀ ਸ਼ਾਮਲ ਸੀ। ਇਸ ਸੜਕ ਦਾ ਰਾਵੀ ਤੋਂ ਚਨਾਬ (59 ਮੀਲ) ਤੇ ਚਨਾਬ ਤੋਂ ਜਿਹਲਮ (40 ਮੀਲ) ਦਾ ਅਖੀਰਲਾ ਹਿੱਸਾ ਜਿਹੜਾ ਹੁਣ ਪਾਕਿਸਤਾਨ ਵਿਚ ਪੈਂਦਾ ਹੈ, 1853 ਵਿਚ ਨੇਪਰੇ ਚੜ੍ਹਿਆ ਸੀ। ਮੈਨੂੰ ਉਪਰੋਕਤ ਜਾਣਕਾਰੀ ਕਹਾਣੀਕਾਰ ਸਵਰਗੀ ਕੁਲਵੰਤ ਸਿੰਘ ਵਿਰਕ ਦੇ ਇਸ ਸੜਕ ਬਾਰੇ ਲਿਖੇ ਇਕ ਪੁਰਾਣੇ ਲੇਖ ਵਿਚੋਂ ਮਿਲੀ ਹੈ। ਮੈਂ ਇਸ ਬਹਾਨੇ ਆਪਣੇ ਉਸ ਮਿੱਤਰ ਨੂੰ ਚੇਤੇ ਕਰ ਰਿਹਾ ਹਾਂ ਜਿਹੜਾ 24 ਦਸੰਬਰ 1987 ਵਾਲੇ ਦਿਨ ਸਾਥੋਂ ਸਦਾ ਲਈ ਵਿਛੜ ਗਿਆ ਸੀ।

**ਅੰਮ੍ਰਿਤਾ ਪ੍ਰੀਤਮ ਮਹਿਲਾ ਹੋਸਟਲ:** ਸੋਮਵਾਰ 23 ਦਸੰਬਰ 2013 ਨੂੰ ਪੰਜਾਬ ਯੂਨੀਵਰਸਿਟੀ ਦੇ ਸਾਊਥ ਕੈਂਪਸ ਵਿਚ ਬਣ ਰਹੇ ਹੋਸਟਲਾਂ ਵਿਚੋਂ ਲੜਕੀਆਂ ਦੇ ਨਵੇਂ ਹੋਸਟਲ ਦਾ ਨਾਂ ਅੰਮ੍ਰਿਤਾ ਪ੍ਰੀਤਮ ਹੋਸਟਲ ਰਖ ਦਿੱਤਾ ਜਾਵੇਗਾ। ਇਸ ਨਾਲ ਪੰਜਾਬੀ ਦੀ ਸੁਪ੍ਰਸਿੱਧ ਸ਼ਾਇਰਾ ਨੂੰ ਪੰਜਾਬ ਯੂਨੀਵਰਸਿਟੀ ਵੱਲੋਂ ਉਹੀਓ ਮਾਣ ਸਨਮਾਨ ਪ੍ਰਾਪਤ ਹੋਵੇਗਾ ਜਿਹੜਾ ਇਸ ਤੋਂ ਪਹਿਲਾਂ ਰਾਣੀ ਲਕਸ਼ਮੀ ਬਾਈ, ਸਰੋਜਨੀ ਨਾਇਡੂ, ਕਸਤੂਰਬਾ ਗਾਂਧੀ ਵਰਗੀਆਂ ਹਸਤੀਆਂ ਨੂੰ ਮਿਲ ਚੁੱਕਿਆ ਹੈ। ਇਸ ਨਾਲ ਸਮੁੱਚੇ ਪੰਜਾਬੀ ਸਾਹਿਤ ਸੰਸਾਰ ਦਾ ਮਾਣ ਵਧਿਆ ਹੈ।

ਚੇਤੇ ਰਹੇ ਕਿ ਦੇਸ਼ ਵੰਡ ਉਪਰੰਤ ਅਖੰਡ ਹਿੰਦੁਸਤਾਨ ਵਿਚੋਂ ਪਾਕਿਸਤਾਨ ਨਿਕਲ ਜਾਣ ਨਾਲ ਜਦੋਂ ਯੂਨੀਵਰਸਿਟੀ ਦਾ ਮੁੱਖ ਸਥਾਨ ਲਾਹੌਰ ਨਾ ਰਿਹਾ ਤਾਂ ਕੁਝ ਸਮਾਂ ਇਹ ਸੰਸਥਾ ਸੋਲਨ ਦੀਆਂ ਪਹਾੜੀਆਂ ਵਿਚ ਟੰਗੀ ਰਹੀ ਤੇ ਚੰਡੀਗੜ੍ਹ ਦੇ ਹੋਂਦ ਵਿਚ ਆਉਣ ਤੋਂ ਪਿੱਛੋਂ ਪੰਜਾਬ ਲਈ ਉਸਾਰੀ ਗਈ ਇਸ ਨਵੀਂ ਰਾਜਧਾਨੀ ਵਿਚ ਆ ਗਈ।

ਪੰਜਾਬ ਯੂਨੀਵਰਸਿਟੀ ਦੇ ਹੁਣ ਤੱਕ ਦੇ ਮੁੰਡੇ-ਕੁੜੀਆਂ ਲਈ ਬਣੇ ਹੋਸਟਲਾਂ ਵਿਚ ਸਾਢੇ ਛੇ ਹਜ਼ਾਰ ਵਿਦਿਆਰਥੀਆਂ ਦੇ ਰਹਿਣ ਦਾ ਇੰਤਜ਼ਾਮ ਹੈ ਜੋ ਨਵੇਂ ਹੋਸਟਲ ਨਾਲ ਸੱਤ ਹਜ਼ਾਰ ਹੋ ਜਾਵੇਗਾ। 350 ਵਿਦਿਆਰਥਣਾਂ ਨੂੰ ਆਪਣੀ ਬੁੱਕਲ ਵਿਚ ਲੈਣ ਵਾਲਾ ਇਹ ਹੋਸਟਲ ਸਾਊਥ ਕੈਂਪਸ ਦੇ ਤਿੰਨ ਕਾਲਜਾਂ ਦੀਆਂ ਲੜਕੀਆਂ ਲਈ ਹੈ। ਦੰਦਾਂ ਦੇ ਕਾਲਜ ਤੋਂ ਬਿਨਾ ਇੰਜੀਨੀਅਰਿੰਗ ਤੇ ਟੈਕਨਾਲੋਜੀ ਅਤੇ ਪਬਲਿਕ ਐਡਮਨਿਸਟਰੇਸ਼ਨ ਦੀਆਂ ਵਿਦਿਆਰਥਣਾਂ ਵੀ ਇਸ ਦਾ ਲਾਭ ਲੈ ਸਕਣਗੀਆਂ। ਕਿਸੇ ਵੇਲੇ ਅੰਮ੍ਰਿਤਾ ਪ੍ਰੀਤਮ ਵੀ ਇਸ ਯੂਨੀਵਰਸਿਟੀ ਦੀ ਵਿਦਿਆਰਥਣ ਰਹੀ ਤੇ ਉਸ ਦੇ ਪਿਤਾ ਕਰਤਾਰ ਸਿੰਘ ਹਿਤਕਾਰੀ ਤਾਂ ਯੂਨੀਵਰਸਿਟੀ ਲਈ ਵਿਦਿਆਰਥੀ ਤਿਆਰ ਕਰਨ ਵਾਲੇ ਮੁੱਢਲੇ ਸਕੂਲਾਂ ਵਿਚ ਪੜ੍ਹਾਉਂਦੇ ਵੀ ਰਹੇ ਹਨ।

**ਅੰਤਿਕਾ:** (ਅੰਮ੍ਰਿਤਾ ਪ੍ਰੀਤਮ)
ਸ਼ੁਹਰਤਾਂ ਦੀ ਧੂੜ ਡਾਢੀ
ਧੂੜ ਊਜਾਂ ਦੀ ਬੜੀ,
ਰੰਗ ਦਿਲ ਦੇ ਖੂਨ ਦਾ
ਕੋਈ ਕਿਵੇਂ ਬਦਲਾਏਗਾ।
ਇਸ਼ਕ ਦੀ ਦਹਿਲੀਜ਼ 'ਤੇ
ਸਿਜਦਾ ਕਰੇਗਾ ਜਦ ਕੋਈ,
ਯਾਦ ਫਿਰ ਦਹਿਲੀਜ਼ ਨੂੰ
ਮੇਰਾ ਜ਼ਮਾਨਾ ਆਏਗਾ।

# ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪਿਛਲੇ ਕੁਝ ਸਮੇਂ ਤੋਂ ਕੁਝ ਨਵਾਂ ਗਿਆਨ ਲੈ ਕੇ ਆਏ ਕੁਝ ਅਖੌਤੀ ਸਿੱਖ ਵਿਦਵਾਨ ਸਿੱਖ ਧਰਮ ਦੀ ਹਿੰਦੂ ਧਰਮ ਨਾਲ ਸਾਂਝੀ ਸੰਕਲਪਾਤਮਕ ਸ਼ਬਦਾਵਲੀ ਨੂੰ ਲੈ ਕੇ ਜ਼ਹਿਰ ਉਗਲਦੇ ਰਹਿੰਦੇ ਹਨ। ਇਕ ਅਜਿਹੇ ਵਿਦਵਾਨ ਨੇ ਇਹ ਗੱਲ ਚੱਕੀ ਹੋਈ ਹੈ ਕਿ ਕੁਝ ਗੁਰੂਆਂ ਦੇ ਨਾਮਾਂ ਪਿਛੇ 'ਦੇਵ' ਪਿਛੇਤਰ ਬ੍ਰਾਹਮਣੀ ਹਿੰਦੂਆਂ ਦੀ ਸਾਜ਼ਿਸ਼ ਹੈ ਜਿਵੇਂ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਰਜਨ ਦੇਵ ਆਦਿ। ਉਹ ਡਰ ਨਾਲ ਮਰੀ ਜਾ ਰਹੇ ਹਨ ਕਿ ਇਸ ਤਰ੍ਹਾਂ ਹਿੰਦੂ ਧਰਮ ਕਿਸੇ ਦਿਨ ਸਿੱਖੀ ਨੂੰ ਆਪਣੇ ਵਿਚ ਹੀ ਜਜ਼ਬ ਕਰ ਲਵੇਗਾ। ਉਹ ਕੁਝ ਗਿਣੇ ਚੁਣੇ ਸ਼ਬਦਾਂ ਬਾਰੇ ਅਨਪੜ੍ਹਾਂ ਜਿਹੀ ਗੱਲ ਕਰਦੇ ਹਨ। ਚਲੋ ਮੰਨਿਆ ਕਿ ਇਹ ਬ੍ਰਾਹਮਣਾਂ ਦੀ ਸਾਜਿਸ਼ ਹੈ ਪਰ ਲਗਭਗ ਸਾਰੇ ਗੁਰੂਆਂ ਦੇ ਹੀ ਨਾਂ ਕਿਉਂ ਹਿੰਦੂ ਮਿਥਿਹਾਸ ਵਾਲੇ ਹਨ? ਅੰਗਦ, ਰਾਮ, ਅਰਜਨ, ਗੋਬਿੰਦ, ਹਰਿ, ਕ੍ਰਿਸ਼ਨ। ਸਿੱਖ ਧਰਮ ਦੀ ਬੁਨਿਆਦ ਹੀ ਬਣ ਗਈ ਗੁਰੂ-ਸਿੱਖ ਪਰਿਪਾਟੀ ਹਿੰਦੂ ਧਰਮ ਦੀ ਪਰਾਚੀਨ ਰੀਤੀ ਹੀ ਹੈ। ਸਿੱਖ ਧਰਮ ਦੇ ਬਾਨੀਆਂ ਨੇ ਕੋਈ ਨਵੀਂ ਪਿਰਤ ਕਿਉਂ ਨਹੀਂ ਪਾਈ? ਗੁਰੂ ਸ਼ਬਦ ਹਿੰਦੂ ਧਰਮ ਵਿਚ ਬਹੁਤ ਸ਼ਰਧਾ ਰਖਦਾ ਹੈ। ਕੁਝ ਸਾਲ ਪਹਿਲਾਂ ਗੁਰੂ ਦਾ ਮਖੌਲ ਉਡਾਉਂਦੀ ਅੰਗਰੇਜ਼ੀ ਫਿਲਮ "ਲਵ ਗੁਰੂ" ਬਣੀ ਸੀ ਤਾਂ ਸਭ ਤੋਂ ਵਧ ਇਤਰਾਜ਼ ਹਿੰਦੂਆਂ ਨੇ ਕੀਤਾ ਸੀ।

ਸਿੱਖ ਮਰਦ ਨਾਂਵਾਂ ਪਿਛੇ ਸਿੰਘ ਲਾਉਣ ਦੀ ਰੀਤ ਹਿੰਦੂ ਰੀਤ ਹੈ। ਸਿੰਘ ਦੀ ਵਰਤੋਂ ਵਾਲਾ ਸਭ ਤੋਂ ਪੁਰਾਣਾ ਪ੍ਰਾਪਤ ਨਾਂ ਅਮਰ ਸਿੰਘ ਹੈ ਜੋ ਦਸਵੀਂ ਸਦੀ ਦੇ 'ਅਮਰ ਕੋਸ਼' ਦਾ ਕਰਤਾ ਹੈ। ਸਮੁੱਚੇ ਭਾਰਤ ਵਿਚ ਹਿੰਦੂ ਨਾਂਵਾਂ ਪਿਛੇ ਲਗਦੇ 'ਸਿੰਘ' ਦੇ ਕਈ ਰੁਪਾਂਤਰ ਮਿਲ ਜਾਂਦੇ ਹਨ ਜਿਵੇਂ ਸਿੰਹ, ਸਿਨਹਾ, ਸਿਮਹਾ ਆਦਿ। ਇਸ ਬਾਰੇ ਮੈਂ ਦੋ ਕੜੀਆਂ ਵਾਲਾ ਕਾਲਮ ਲਿਖ ਚੁਕਾ ਹਾਂ। ਕੁਝ ਸਿੰਘਾਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਸਿੱਖ ਔਰਤਾਂ ਦੇ ਨਾਂ ਪਿਛੇ ਲਗਦੇ 'ਕੌਰ' ਸ਼ਬਦ ਦੇ ਕੀ ਅਰਥ ਹੁੰਦੇ ਹਨ? ਕਈ ਸਿੰਘ ਦੀ ਤਰਜ਼ ਤੇ ਇਸ ਦਾ ਅਰਥ ਸ਼ੇਰਨੀ ਹੀ ਕਰੀ ਜਾਂਦੇ ਹਨ। ਇਸ ਦਾ ਵਿਸਥਾਰ ਫਿਰ ਕਦੇ ਕਰਾਂਗੇ, ਹਾਲ ਦੀ ਘੜੀ ਏਨਾ ਹੀ ਕਿ ਇਹ ਹਿੰਦੂ ਨਾਂਵਾਂ ਦੇ ਪਿਛੇ ਲਗਦੇ ਪ੍ਰਸਿਧ ਪਿਛੇਤਰ ਕੁਮਾਰ ਦਾ ਵਿਗੜਿਆ ਰੂਪ ਹੈ। ਅੱਜ ਵੀ ਰਾਜਸਥਾਨ ਦੇ ਬਾਂਸਵਾੜਾ ਖੇਤਰ ਦੇ ਰਾਜਪੂਤਾਂ ਦੀਆਂ ਇਸਤਰੀਆਂ ਦੇ ਨਾਂ ਪਿਛੇ ਕੌਰ ਲਗਦਾ ਹੈ। ਕ੍ਰਿਸ਼ਣੇਂਦਰ ਕੌਰ ਰਾਜਸਥਾਨ ਦੀ ਐਮ.ਐਲ.ਏ. ਹੈ।

ਇਉਂ ਲਗਦਾ ਹੈ ਕਿ ਸਾਡੇ ਅਜਿਹੇ ਵਿਦਵਾਨਾਂ ਨੂੰ ਹਿੰਦੂ ਧਰਮ ਤੋਂ ਹਿੰਦੂ ਧਰਮ ਦੀ ਹੀ ਖਾਸੀਅਤ, ਭਿਟ ਹੋਣ ਲੱਗ ਪਈ ਹੈ। ਖੈਰ, ਉਨ੍ਹਾਂ ਦੀਆਂ ਭ੍ਰਿਸ਼ਟੀਆਂ ਦਲੀਲਾਂ ਕਾਰਨ ਕਿਸੇ ਦਿਨ ਆਮ ਸਿੱਖ ਆਪ ਹੀ ਉਨ੍ਹਾਂ ਤੋਂ ਦੂਰ ਹੋ ਜਾਣਗੇ। ਭਾਰਤ ਤੋਂ ਬਾਹਰਲੇ ਦੇਸ਼ਾਂ ਵਿਚ ਰਹਿੰਦੇ ਸਿੱਖ ਸਿੱਖੀ ਦੀ ਮੁਖਧਾਰਾ ਤੋਂ ਵੀ ਟੁੱਟੇ ਹੋਏ ਹਨ ਤੇ ਇਕ ਤਰ੍ਹਾਂ ਨਾਲ ਹਿੰਦੂਆਂ ਦੇ ਨਾਲ ਵੀ ਨਹੀਂ ਵਿਚਰਦੇ, ਇਸ ਲਈ ਉਹ ਅਜਿਹੇ ਘਚੋਲਿਆਂ ਤੋਂ ਛੇਤੀ ਹੀ ਪ੍ਰਭਾਵਤ ਹੋ ਜਾਂਦੇ ਹਨ।

ਕੁਝ ਹਲਕਿਆਂ ਵਲੋਂ ਗੁਰੂਆਂ ਦੇ ਨਾਂਵਾਂ ਤੋਂ ਪਹਿਲਾਂ ਸਨਮਾਨਸੂਚਕ ਉਪਾਧੀ 'ਸ੍ਰੀ' ਲਾਉਣ ਨੂੰ ਹਿੰਦੂਆਂ ਦੀ ਸਾਜ਼ਿਸ਼ ਦੱਸਿਆ ਜਾਣ ਲੱਗਾ ਹੈ। ਮੇਰੇ ਫੇਸਬੁਕ ਦੋਸਤ ਜੁਝਾਰ ਢਿਲੋਂ ਨੇ ਟੋਰਾਂਟੋ ਪੁੱਜੇ ਇਕ ਅਜਿਹੇ ਹੀ ਸ਼ਖਸ ਅਜਮੇਰ ਸਿੰਘ ਬਾਰੇ ਕੁਝ ਦਿਨ ਪਹਿਲਾਂ ਆਪਣੀ ਵਾਲ 'ਤੇ ਲਿਖਿਆ, "ਪਿਛਲੇ ਦਿਨੀਂ ਇਕ ਮਹਾਨ ਸਿੱਖ ਚਿੰਤਕ ਵਿਦਵਾਨ ਟੋਰਾਂਟੋ ਆਪਣੀ ਕਿਤਾਬ ਵੇਚਣ ਆਇਆ ਸੀ, ਉਸ ਨੇ ਰੇਡੀਓ 'ਤੇ ਬੋਲਦਿਆਂ ਕਿਹਾ ਕਿ 'ਸ੍ਰੀ' ਸ਼ਬਦ ਹਿੰਦੂਆਂ ਦਾ ਸ਼ਬਦ ਹੈ, ਹਿੰਦੂ ਆਪਣੇ ਭਗਵਾਨ ਨੂੰ ਸ੍ਰੀ ਸ਼ਬਦ ਲਗਾ ਕੇ ਸੰਬੋਧਨ ਹੁੰਦੇ ਹਨ, ਜਿਵੇਂ ਸ੍ਰੀ ਰਾਮ, ਸ੍ਰੀ ਭਗਵਤ ਗੀਤਾ ਆਦਿਕ। ਇਹ ਸ਼ਬਦ ਸਿੱਖਾਂ ਦਾ ਨਹੀਂ, ਸਿੱਖਾਂ ਦਾ ਬ੍ਰਾਹਮਣੀਕਰਨ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਸ਼ਬਦ ਪ੍ਰਚਲਿਤ ਕੀਤਾ, ਬ੍ਰਾਹਮਣਾਂ ਨੇ। ਕਿਤਾਬ ਵਿਚ ਇਸ ਤਰ੍ਹਾਂ ਲਿਖਿਆ ਹੈ, ਗੁਰੂਆਂ ਦੇ ਨਾਂਵਾਂ ਮੂਹਰੇ 'ਸ੍ਰੀ' ਲਾਉਣ ਦੀ ਰੀਤ ਬਿਨਾ ਸ਼ੱਕ ਹਿੰਦੂ ਪਰੰਪਰਾ ਵਿਚੋਂ ਆਈ ਹੈ, ਜਿਵੇ ਸ੍ਰੀ ਰਾਮ, ਸ੍ਰੀ ਕ੍ਰਿਸ਼ਨ, ਸ੍ਰੀ ਭਗਵਤ ਗੀਤਾ ਆਦਿ।" ਜੁਝਾਰ ਨੇ ਇਸ ਬੇਹੂਦਾ ਦਲੀਲ ਦਾ ਯਥਾਯੋਗ ਜਵਾਬ ਦਿੱਤਾ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਅੰਦਰੂਨੀ ਗਵਾਹੀ ਨਾਲ ਸਾਬਤ ਕੀਤਾ ਕਿ ਗੁਰੂਆਂ-ਭਗਤਾਂ ਦੇ ਮਨ ਵਿਚ ਇਸ ਸ਼ਬਦ ਪ੍ਰਤੀ ਕਿੰਨੀ ਸ਼ਰਧਾ ਸੀ। ਇਸ ਦੇ ਕੁਝ ਅੰਸ਼ ਮੈਂ ਤੁਹਾਡੇ ਸਾਹਮਣੇ ਰੱਖਾਂਗਾ ਤੇ ਨਾਲ ਦੀ ਨਾਲ ਆਪਣੀ ਗੱਲ ਵੀ ਕਰਾਂਗਾ। ਧਿਆਨ ਰਹੇ ਕਿ ਗੁਰਬਾਣੀ ਦੀ ਟੀਕਾਕਾਰੀ ਅਨੁਸਾਰ ਰਾਮ, ਕ੍ਰਿਸ਼ਨ ਜਾਂ ਵਿਸ਼ਨੂੰ ਦੇ ਨਾਮਾਂ ਨੂੰ ਪਰਮਾਤਮਾ ਦਾ ਅਰਥਾਵਾਂ ਮੰਨਿਆ ਗਿਆ ਹੈ: "ਸ੍ਰੀ ਗੋਪਾਲੁ ਨ ਉਚਰਹਿ ਬਲਿ ਗਈਏ ਦੁਹਚਾਰਣਿ ਰਸਨਾ ਰਾਮ॥"; "ਸ੍ਰੀਰਾਮ ਰੰਗ ਅਪਾਰ ਪੂਰਨ ਨਹ ਨਿਮਖ ਮਨ ਮਹਿ ਵੂਠਿਆ॥" -ਗੁਰੂ ਅਰਜਨ ਦੇਵ। "ਰੇ ਜਿਹਬਾ ਕਰਉ ਸਤ ਖੰਡ॥ ਜਾਮਿ ਨ ਉਚਰਸਿ ਸ੍ਰੀ ਗੋਬਿੰਦ॥" -ਭਗਤ ਨਾਮਦੇਵ। "ਜਪਿ ਮਨ ਨਰਹਰੇ ਨਰਹਰ ਸੁਆਮੀ ਹਰਿ ਸਗਲ ਦੇਵ ਦੇਵਾ ਸ੍ਰੀ ਰਾਮ ਰਾਮ ਨਾਮਾ ਹਰਿ ਪ੍ਰੀਤਮੁ ਮੋਰਾ॥" -ਗੁਰੂ ਰਾਮਦਾਸ। "ਸ੍ਰੀ ਸਤਿ ਨਾਮੁ ਕਰਤਾ ਪੁਰਖੁ ਗੁਰ ਰਾਮਦਾਸ ਚਿਤਹ ਬਸੈ॥" -ਭੱਟ ਗਯੰਦ। "ਸਿਰੀ ਗੁਰੂ ਸਾਹਿਬੁ ਸਭ ਊਪਰਿ॥ ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ॥ -ਭੱਟ ਨਲ੍ਹ। "ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ॥" -ਭੱਟ ਗਯੰਦ।



ਜੁਝਾਰ ਦਾ ਪ੍ਰਸ਼ਨ ਹੈ ਕਿ ਸਿੱਖ "ਸ੍ਰੀ ਗੁਰੂ ਗ੍ਰੰਥ ਸਾਹਿਬ" ਆਖਦੇ ਹਨ, ਹੁਣ ਕੀ ਸਰਦਾਰ ਗੁਰੂ ਗ੍ਰੰਥ ਸਾਹਿਬ ਕਿਹਾ ਜਾਣਾ ਚਾਹੀਦਾ ਹੈ? ਗ੍ਰੰਥ ਸਾਹਿਬ ਵਿਚ ਇਕ ਰਾਗ ਦਾ ਨਾਂ ਹੀ ਸ੍ਰੀਰਾਗ ਹੈ, ਉਸ ਦਾ ਕੀ ਕੀਤਾ ਜਾਵੇ? ਬਹੁਤੇ ਸਿੰਘ ਗਾਤਰੇ ਪਾਈ ਕਿਰਪਾਨ ਨੂੰ ਵੀ 'ਸਿਰੀ ਸ੍ਰੀ ਸਾਹਿਬ' ਆਖਦੇ ਹਨ ਅਤੇ ਸਿੱਖ ਇਕ ਦੂਸਰੇ ਨੂੰ ਮਿਲਦੇ ਵਕਤ 'ਸਤਿ ਸ੍ਰੀ ਆਕਾਲ' ਆਖਦੇ ਹਨ, ਕੀ ਹੁਣ ਇਹ ਵੀ ਬਦਲਨਾ ਪਊ? ਕਿਉਂਕਿ 'ਸ੍ਰੀ' ਸ਼ਬਦ ਤਾਂ ਹਿੰਦੂਆਂ ਦਾ ਹੋਇਆ, ਮਹਾਨ-ਚਿੰਤਕ ਮੁਤਾਬਿਕ।"

ਦਰਅਸਲ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ+ਸਿਰੀ ਸ਼ਬਦ 93+153=246 ਵਾਰ ਵਰਤਿਆ ਗਿਆ ਹੈ। 'ਸਿਰੀ' ਸ਼ਬਦ-ਜੋੜ ਵਿਚ ਬਹੁਤਾ ਸਿਰੀਰਾਗ ਲਈ ਹੀ ਵਰਤੋਂ ਹੋਈ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਗੁਰੂ ਅਰਜਨ ਦੇਵ ਨੇ ਕੀਤੀ ਤੇ ਭਗਤਾਂ ਦੀ ਬਾਣੀ ਜਿਥੇ ਵੀ ਆਈ ਹੈ, ਉਥੇ ਸਿਰਲੇਖ ਵਜੋਂ ਉਨ੍ਹਾਂ ਦੇ ਨਾਂ ਤੋਂ ਪਹਿਲਾਂ ਸਨਮਾਨਸੂਚਕ 'ਸ੍ਰੀ' ਦੀ ਵਰਤੋਂ ਗੁਰੂ ਸਾਹਿਬ ਨੇ ਆਪ ਕੀਤੀ। ਕੁਝ ਮਿਸਾਲਾਂ: ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ; ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ ਚਉਪਦੇ; ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦ ਘਰ; ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰੁ; ਗੂਜਰੀ ਸ੍ਰੀ ਜੈਦੇਵ ਜੀਉ ਕਾ ਪਦਾ ਘਰੁ।

ਭਾਵੇਂ ਗੁਰੂਆਂ ਦੇ ਨਾਂ ਲਈ ਅੰਕ ਦੱਸ ਕੇ ਮਹਲਾ ਸ਼ਬਦ ਵਰਤਿਆ ਗਿਆ ਹੈ ਪਰ ਇਕ ਅਪਵਾਦ ਵੀ ਮਿਲਦਾ ਹੈ, 'ਸ੍ਰੀ ਗੁਰੂ ਸਾਹਿਬ ਦੇ ਮੁਖਵਚਨ', ਜਿਵੇਂ 'ਸਵਯੇ ਸ੍ਰੀ ਮੁਖਬਾਕਯ ਮਹਲਾ ੫', ਦਸਮ ਗ੍ਰੰਥ ਵਿਚ 'ਸ੍ਰੀ ਮੁਖਵਾਕ ਪਾਤਸਾਹੀ ੧੦' ਸਰਬ-ਗਿਆਤ ਹੈ। ਭੱਟਾਂ ਦੀ ਬਾਣੀ ਵਿਚ ਸਪਸ਼ਟ ਤੌਰ 'ਤੇ ਗੁਰੂ ਦੇ ਨਾਂ ਅੱਗੇ ਸ੍ਰੀ ਸ਼ਬਦ ਦੀ ਵਰਤੋਂ ਹੋਈ ਹੈ, "ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ ਅਘਨ ਦੇਖਤ ਗਤੁ ਚਰਨ ਕਵਲ ਜਾ" -ਭਟ ਨਲ੍ਯ; ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯਉ-ਭਟ ਗਯੰਦ; ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ-ਭਟ ਗਯੰਦ; ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ-ਭਟ ਬਲ੍ਯ।

ਫਿਰ ਸਿੱਖ ਜੈਕਾਰਾ, ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਿਹ; ਪ੍ਰਣਾਮਸੂਚਕ ਬੋਲ, 'ਸਤਿ ਸ੍ਰੀ ਅਕਾਲ'; ਸਿੱਖ ਅਰਦਾਸ ਵਿਚ ਕਈ ਗੁਰੂਆਂ ਦੇ ਨਾਂ ਨਾਲ ਸ੍ਰੀ ਲਾਇਆ ਮਿਲਦਾ ਹੈ ਜਿਵੇਂ "...ਸਿਮਰੋ ਸ੍ਰੀ ਹਰ ਰਾਇ, ਸ੍ਰੀ ਹਰਕ੍ਰਿਸ਼ਨ ਧਿਆਈਐ...॥" ਗੁਰਦਵਾਰਿਆਂ ਦੇ ਨਾਂ ਅੱਗੇ ਵੀ ਇਸ ਦੀ ਵਰਤੋਂ ਹੁੰਦੀ ਹੈ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਨਨਕਾਣਾ ਸਾਹਿਬ ਆਦਿ। ਕੁਝ ਸਥਾਨਾਂ ਦੇ ਨਾਂ ਅੱਗੇ ਇਹ ਸ਼ਬਦ ਲਗਦਾ ਹੈ ਜਿਵੇਂ ਸ੍ਰੀਨਗਰ, ਸ੍ਰੀ ਗੰਗਾਨਗਰ, ਸ੍ਰੀ ਲੰਕਾ। ਗੁਰੂ ਨਾਨਕ ਦੇਵ ਨੇ ਆਪਣੇ ਵੱਡੇ ਬੇਟੇ ਦਾ ਨਾਂ ਹੀ ਸ੍ਰੀ ਚੰਦ ਰੱਖਿਆ ਸੀ। ਸੋ, ਸਪਸ਼ਟ ਹੈ ਕਿ ਸ੍ਰੀ ਸ਼ਬਦ ਬਾਰੇ ਸਾਡੇ ਗੁਰੂਆਂ ਵਿਚ ਅਪਣੱਤ ਦੀ ਭਾਵਨਾ ਹੈ ਅਤੇ ਗੁਰੂ ਕਾਲ ਵੇਲੇ ਹੀ ਗੁਰੂਆਂ ਤੇ ਭਗਤਾਂ ਲਈ ਇਸ ਦੀ ਵਰਤੋਂ ਪ੍ਰਚਲਿਤ ਸੀ। ਮਹਾਨ ਕੋਸ਼ ਵਿਚ ਇਸ ਨੂੰ ਆਦਰਬੋਧਕ ਸ਼ਬਦ ਕਿਹਾ ਗਿਆ ਹੈ ਜੋ ਧਰਮ ਦੇ ਆਚਾਰਯ ਅਤੇ ਮਹਾਰਾਜੇ ਲਈ 108 ਵਾਰ, ਮਾਤਾ, ਪਿਤਾ, ਵਿਦਿਆ, ਗੁਰੂ ਲਈ 6 ਵਾਰ, ਆਪਣੇ ਮਾਲਿਕ ਵਾਸਤੇ 5 ਵਾਰ, ਵੈਰੀ ਨੂੰ 4 ਵਾਰ, ਮਿੱਤਰ ਨੂੰ 3 ਵਾਰ, ਨੌਕਰ ਨੂੰ 2 ਵਾਰ, ਪੁੱਤਰ ਤਥਾ ਇਸਤਰੀ ਨੂੰ 1 ਵਾਰ ਵਰਤਣਾ ਚਾਹੀਏ। ਸ੍ਰੀ ਤੋਂ ਤੀਜੀ ਡਿਗਰੀ ਦਾ ਸ਼ਬਦ ਸ੍ਰੇਸ਼ਟ ਬਣਿਆ ਜਿਸ ਤੋਂ ਅੱਗੇ ਸੇਠ ਸ਼ਬਦ ਬਣਿਆ। ਹਿੰਦੂ ਧਰਮ ਦੀ ਹਰ ਗੱਲੇ ਨਿਖੇਧੀ ਲਈ ਤਹੂ ਅਜਿਹੇ ਸਿੱਖ ਵਿਦਵਾਨਾਂ ਦੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ ਦਾ ਇਹ ਹਾਲ ਹੈ।

ਆਓ, ਜ਼ਰਾ ਸ੍ਰੀ ਸ਼ਬਦ ਦੇ ਪਿਛੋਕੜ ਬਾਰੇ ਕੁਝ ਜਾਣ ਲਈਏ। ਇਸ ਦਾ ਸੰਸਕ੍ਰਿਤ ਰੂਪ ਸ਼੍ਰੀ ਹੈ ਤੇ ਇਸ ਦੇ ਮੁਖ ਅਰਥ ਹਨ ਲਛਮੀ, ਸਮ੍ਰਿਧੀ, ਧਨਵਾਨਤਾ; ਚਮਕ, ਸ਼ੋਭਾ, ਜਲੌ, ਸ਼ਾਨ, ਸੁੰਦਰਤਾ; ਉਚੀ ਪਦਵੀ, ਗੌਰਵ, ਸ਼ੁਭ, ਮਾਨਯੋਗ ਆਦਿ। ਦਰਅਸਲ ਇਸ ਸ਼ਬਦ ਵਿਚ ਸਾਰੀ ਪ੍ਰਿਥਵੀ, ਜੀਵ ਜੰਤੂ, ਬਨਸਪਤੀ-ਗੱਲ ਕੀ ਸਾਰਾ ਜਗਤ ਹੀ ਸਮਾਇਆ ਹੋਇਆ ਹੈ। ਭਗਵਾਨ ਵਿਸ਼ਨੂੰ ਨੂੰ ਸ਼੍ਰੀਮਾਨ, ਸ਼੍ਰੀਮਤ ਕਿਹਾ ਜਾਂਦਾ ਹੈ। ਗੌਰਤਲਬ ਹੈ ਕਿ ਸ਼੍ਰੀ ਸ਼ਬਦ ਇਸਤਰੀ ਲਿੰਗ ਹੈ ਤਦੇ ਇਸ ਦਾ ਇਕ ਅਰਥ ਲਛਮੀ ਵੀ ਹੈ। ਸ਼੍ਰੀਦੇਵੀ ਵੀ ਲਛਮੀ ਹੀ ਹੁੰਦੀ ਹੈ। ਇਸ ਦਾ ਭਾਵ ਇਹ ਵੀ ਹੈ ਕਿ ਸਾਰਾ ਜਗਤ ਸ਼੍ਰੀ ਵਿਚ ਹੀ ਆਸਰਾ ਭਾਲਦਾ ਹੈ। ਵਿਸ਼ਨੂੰ ਸ਼੍ਰੀ ਦੇ ਨਾਲ ਰਹਿੰਦਾ ਹੈ, ਉਸ ਦਾ ਪਤੀ ਹੈ, ਇਸ ਲਈ ਉਸ ਨੂੰ ਸ਼੍ਰੀਮਾਨ ਕਿਹਾ ਜਾਂਦਾ ਹੈ। ਸ਼੍ਰੀਮਾਨ ਵਿਚਲਾ ਮਾਨ ਸ਼ਬਦ ਸੰਸਕ੍ਰਿਤ 'ਵਤ' ਤੋਂ ਬਣਿਆ ਹੈ ਜਿਸ ਵਿਚ ਮਾਲਕ, ਸਵਾਮੀ ਦੇ ਭਾਵ ਹਨ। ਵਤ ਤੋਂ ਵੰਤ (ਰੂਪਵੰਤ) ਬਣਿਆ, ਇਸ ਤੋਂ ਵਾਨ (ਰੂਪਮਾਨ) ਤੇ ਫਿਰ ਮਾਨ।

ਸੋ, ਸ਼੍ਰੀਮਾਨ ਦਾ ਅਰਥ ਹੋਇਆ ਜੋ ਸ਼੍ਰੀ ਯਾਨਿ ਲਛਮੀ ਦਾ ਸਵਾਮੀ, ਮਾਲਿਕ ਜਾਂ ਪਤੀ ਹੈ। ਸ਼੍ਰੀ ਸਾਰੇ ਜਗਤ ਦੀ ਧਾਰਨੀ ਹੈ। ਸ਼੍ਰੀ ਸ਼ਬਦ ਇਕ ਤਰ੍ਹਾਂ ਜਣਨੀ ਇਸਤਰੀ ਦਾ ਵੀ ਅਰਥਾਵਾਂ ਹੈ ਜਿਸ ਵਿਚ ਸਾਰੀ ਸਿਰਜਣਾਤਮਕ ਸ਼ਕਤੀ ਹੈ, ਜੋ ਸਭ ਪ੍ਰਾਣੀਆਂ ਦੀ ਧਾਰਨੀ ਹੈ। ਵਿਡੰਬਨਾ ਹੈ ਕਿ ਅੱਜ ਅਸੀਂ ਸਨਮਾਨਬੋਧਕ 'ਸ੍ਰੀ' ਸ਼ਬਦ ਪੁਰਖਾਂ ਦੇ ਅੱਗੇ ਲਾਉਂਦੇ ਹਾਂ ਤੇ ਇਸਤਰੀਆਂ ਦੇ ਅੱਗੇ ਸ਼੍ਰੀਮਤੀ ਜਦ ਕਿ ਮੁਢਲੇ ਤੌਰ 'ਤੇ ਇਹ ਸ਼ਬਦ ਹੈ ਹੀ ਇਸਤਰੀਵਾਚਕ। ਅਜਿਤ ਵਡਨੇਰਕਰ ਨੇ ਇਸ ਤਨਜ਼ ਨੂੰ ਚੰਗੀ ਤਰ੍ਹਾਂ ਉਘਾੜਿਆ ਹੈ। ਉਸ ਦਾ ਕਹਿਣਾ ਹੈ ਕਿ ਪੁਰਖ ਸ਼੍ਰੀਮਾਨ ਦਾ ਧਾਰਨੀ ਸ਼੍ਰੀ (ਲਛਮੀ, ਇਸਤਰੀ) ਕਰਕੇ ਹੋਇਆ ਪਰ ਵਿਅੰਗ ਵਾਲੀ ਗੱਲ ਹੈ ਕਿ ਪੁਰਖਵਾਚੀ ਸ਼੍ਰੀਮਾਨ ਤੋਂ ਫਿਰ ਇਸਤਰੀ ਲਿੰਗ ਸ਼ਬਦ ਸ਼੍ਰੀਮਤੀ ਬਣਾ ਲਿਆ ਗਿਆ ਤੇ ਇਸ ਤਰ੍ਹਾਂ ਇਸਤਰੀ ਦੀ ਸਥਿਤੀ ਗੌਣ ਕਰ ਦਿੱਤੀ ਗਈ। ਪੁਰਸ਼ ਦੇ ਅੱਗੇ ਲੱਗੇ ਹੋਏ ਸ਼੍ਰੀ ਅਗੇਤਰ ਦੀ ਵਿਆਖਿਆ ਇਹ ਕਹਿ ਕੇ ਕਰ ਦਿੱਤੀ ਜਾਂਦੀ ਹੈ ਕਿ ਇਹ ਤਾਂ ਜੀ ਸ਼੍ਰੀਮਾਨ ਦਾ ਸੰਖੇਪ ਹੈ! ਸ਼ਕਤੀਮਾਨ ਪੁਰਖ ਨੇ ਸ਼ਕਤੀਵਾਚਕ ਇਸਤਰੀ ਦਾ ਕਿੰਨਾ ਕੁਝ ਖੋਹ ਲਿਆ ਹੈ। ਇਥੇ ਇਹ ਦੱਸਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਸ਼੍ਰੇਸ਼ਟ ਸ਼ਬਦ ਸ਼੍ਰੀ ਦੀ ਹੀ ਤੀਜੀ ਡਿਗਰੀ ਹੈ ਤੇ ਸੇਠ ਇਸੇ ਦਾ ਬਦਲਿਆ ਰੂਪ ਹੈ। ਖੈਰ, ਸ਼ਬਦਾਂ ਦੇ ਇਤਿਹਾਸ ਵਿਚ ਬਹੁਤ ਗੇੜ ਆਉਂਦੇ ਹਨ ਤੇ ਜੋ ਵਰਤਮਾਨ 'ਚ ਪ੍ਰਚਲਿਤ ਹੈ, ਉਸ ਨੂੰ ਸਵੀਕਾਰਨਾ ਪੈਂਦਾ ਹੈ।

---

# ਕੁਰਬਾਨੀਆਂ ਦਾ ਮੁੱਲ

ਬੌਬ ਖਹਿਰਾ ਮਿਸ਼ੀਗਨ
ਫੋਨ: 734-925-0177

ਜਦੋਂ ਤੋਂ ਇਹ ਦੁਨੀਆਂ ਹੋਂਦ ਵਿਚ ਆਈ ਹੈ, ਉਦੋਂ ਤੋਂ ਹੀ ਕੁਰਬਾਨੀਆਂ ਸ਼ੁਰੂ ਹੋਈਆਂ ਹਨ। ਜਿਥੇ ਵੀ ਚੰਗੇ ਜਾਂ ਮਾੜੇ ਕੰਮ ਹੋਏ, ਉਥੇ ਕੁਰਬਾਨੀਆਂ ਵੀ ਜ਼ਰੂਰ ਹੋਈਆਂ, ਤੇ ਕੁਰਬਾਨੀਆਂ ਇਕੱਲੇ ਇਨਸਾਨਾਂ ਵਿਚ ਹੀ ਨਹੀਂ, ਜਾਨਵਰਾਂ ਤੇ ਪੰਛੀਆਂ ਵਿਚ ਵੀ ਹਨ। ਇਨ੍ਹਾਂ ਬਾਰੇ ਪਹਿਲਾਂ ਸਾਨੂੰ ਪਤਾ ਨਹੀਂ ਸੀ ਹੁੰਦਾ। ਹੁਣ ਜਦੋਂ ਤੋਂ ਸਾਇੰਸ ਨੇ ਤਰੱਕੀ ਕੀਤੀ ਹੈ ਤਾਂ ਪਤਾ ਲੱਗਾ ਕਿ ਪੰਛੀ ਤੇ ਜਾਨਵਰ ਵੀ ਆਪਣੇ ਬੱਚਿਆਂ ਲਈ, ਤੇ ਕਈ ਵਾਰ ਆਪਣੇ ਸਾਥੀਆਂ ਲਈ ਜਾਨ ਦੇ ਦਿੰਦੇ ਹਨ। ਉਂਜ ਕੁਰਬਾਨੀ ਸਿਰਫ਼ ਉਹ ਨਹੀਂ ਹੁੰਦੀ ਜਿਸ ਵਿਚ ਜਾਨ ਦਿੱਤੀ ਗਈ ਹੋਵੇ। ਕੁਰਬਾਨੀ ਉਹ ਵੀ ਹੁੰਦੀ ਹੈ ਜੋ ਕਿਸੇ ਦੀ ਜ਼ਿੰਦਗੀ ਬਚਾਉਣ ਲਈ ਕੀਤੀ ਹੋਵੇ; ਕਿਸੇ ਪਰਿਵਾਰ ਲਈ ਜਾਂ ਕਿਸੇ ਲਈ ਆਪਣਾ ਸਭ ਕੁਝ ਦਾਅ 'ਤੇ ਲਾ ਦਿੱਤਾ ਜਾਂ ਗੁਆ ਦਿੱਤਾ ਹੋਵੇ, ਜਾਂ ਕਿਸੇ ਦੀ ਖੁਸ਼ੀ ਲਈ ਆਪ ਸਾਰੀ ਉਮਰ ਦੁੱਖਾਂ ਦੇ ਸਮੁੰਦਰਾਂ ਵਿਚ ਡੋਬ ਦਿੱਤੀ ਹੋਵੇ।

ਇਤਿਹਾਸ ਫਰੋਲੀਏ ਤਾਂ ਅਜਿਹੀਆਂ ਕੁਰਬਾਨੀਆਂ ਦਾ ਪਤਾ ਲੱਗਦਾ ਹੈ। ਸ਼ਾਇਦ ਅਜਿਹੀਆਂ ਲੱਖਾਂ ਹੀ ਕੁਰਬਾਨੀਆਂ ਹੋਣਗੀਆਂ ਜੋ ਇਤਿਹਾਸ ਦੇ ਪੰਨਿਆਂ 'ਤੇ ਨਹੀਂ ਆਈਆਂ। ਕੁਝ ਤਾਂ ਇਤਿਹਾਸਕਾਰਾਂ ਦੀ ਜਾਣਕਾਰੀ ਵਿਚ ਨਹੀਂ ਆਈਆਂ, ਜਾਂ ਕੁਝ ਜਾਣ-ਬੁਝ ਕੇ ਹੀ ਵਿਸਾਰ ਦਿੱਤੀਆਂ ਗਈਆਂ; ਬਹੁਤ ਸਾਰੀਆਂ ਅਜਿਹੀਆਂ ਵੀ ਹਨ ਜਿਨ੍ਹਾਂ ਨੂੰ ਸਮੇਂ ਦੀਆਂ ਹਕੂਮਤਾਂ ਨੇ ਲੋਕਾਂ ਸਾਹਮਣੇ ਆਉਣ ਨਹੀਂ ਦਿੱਤਾ। ਕੁਰਬਾਨੀਆਂ ਦੇਣ ਵਾਲੇ ਹਰ ਦੇਸ਼ ਵਿਚ, ਹਰ ਧਰਮ ਵਿਚ, ਹਰ ਕੌਮ ਵਿਚ ਤੇ ਹਰ ਕਬੀਲੇ ਵਿਚ ਹੁੰਦੇ ਹਨ। ਤਕਰੀਬਨ ਪੂਰੀ ਦੁਨੀਆਂ ਦੇ ਦੇਸ਼ਾਂ ਵਿਚ ਗੋਰਿਆਂ ਦਾ ਰਾਜ ਰਿਹਾ ਹੈ ਅਤੇ ਦੂਜੇ ਲੋਕਾਂ 'ਤੇ ਰਾਜ ਕਾਰਨ ਕਿੰਨੀਆਂ ਹੀ ਲੜਾਈਆਂ ਹੋਈਆਂ ਹਨ। ਇਨ੍ਹਾਂ ਲੜਾਈਆਂ ਵਿਚ ਜਿੰਨੇ ਵੀ ਲੋਕ ਮਾਰੇ ਗਏ, ਜਾਂ ਉਹ ਆਪਣਿਆਂ ਲਈ ਕੁਰਬਾਨ ਹੋਏ, ਜਾਂ ਫਿਰ ਹਕੂਮਤ ਦੇ ਇਸ਼ਾਰੇ 'ਤੇ ਦੂਜਿਆਂ ਨੂੰ ਜਿੱਤਣ ਲਈ ਉਨ੍ਹਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਫਿਰ ਹਕੂਮਤਾਂ ਦੇ ਖ਼ਿਲਾਫ਼ ਬਗਾਵਤਾਂ ਕੀਤੀਆਂ। ਜੇ ਇਕੱਲੇ ਭਾਰਤ ਦੀ ਹੀ ਗੱਲ ਕਰੀਏ, ਤਾਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਹਜ਼ਾਰਾਂ ਕੁਰਬਾਨੀਆਂ ਦੇਣੀਆਂ ਪਈਆਂ। ਇਨ੍ਹਾਂ ਵਿਚੋਂ ਬਥੇਰੀਅ ਕੁਰਬਾਨੀਆਂ ਹਨ ਜਿਨ੍ਹਾਂ ਬਾਰੇ ਅੱਜ ਤੱਕ ਕੋਈ ਵੇਰਵੇ ਨਹੀਂ ਮਿਲਦੇ। ਜੋ ਕੁਰਬਾਨੀਆਂ ਸਾਹਮ ਆਈਆਂ ਹਨ, ਉਨ੍ਹਾਂ ਵਿਚੋਂ ਵੀ ਧਰਮਾਂ ਠੇਕੇਦਾਰ ਅੱਜ ਕਿੰਤੂ-ਪ੍ਰੰਤੂ ਕਰ ਰਹੇ ਹਨ। ਖ਼ੈਰ ਇਹ ਤਾਂ ਸਭ ਸ਼ੁਰੂ ਤੋਂ ਹੀ ਚਲਿਆ ਆ ਰਿਹਾ ਹੈ 'ਜਿਸ ਕੀ ਲਾਠੀ, ਉਸੀ ਕੀ ਭੈਂਸ' ਵਾਲੀ ਗੱ ਹੈ। ਜਿਸ ਕੋਲ ਵੀ ਤਾਕਤ ਹੁੰਦੀ ਹੈ, ਉਸ ਤਾਕਤ ਦਾ ਨਸ਼ਾ ਹੁੰਦਾ ਹੈ ਤੇ ਉਹ ਜ਼ਿਆਦਾ ਮਾ ਕੰਮ ਕਰਦਾ ਹੈ। ਜਦ ਤੱਕ ਇਹ ਸੰਸਾਰ ਚਲਣ ਹੈ, ਇਹ ਕੰਮ ਵੀ ਚੱਲਦੇ ਹੀ ਰਹਿਣੇ ਹਨ, ਪ

ਅੱਜ ਮੈਂ ਕੁਝ ਅਜਿਹੀਆਂ ਕੁਰਬਾਨੀਆਂ ਦਾ ਜ਼ਿਕਰ ਕਰ ਰਿਹਾ ਹਾਂ ਜੋ ਲੋਕਾਂ ਦੇ ਸਾਹਮਣੇ ਨਹੀਂ ਆਉਂਦੀਆਂ, ਜਾਂ ਲੋਕ ਉਨ੍ਹਾਂ ਦੀ ਕੁਰਬਾਨੀ ਨੂੰ ਮੰਨਦੇ ਨਹੀਂ, ਜਾਂ ਮੰਨਣਾ ਨਹੀਂ ਚਾਹੁੰਦੇ। ਸ਼ਾਇਦ ਇਸੇ ਲਈ ਇਨ੍ਹਾਂ ਕੁਰਬਾਨੀਆਂ ਦਾ ਕੋਈ ਮੁੱਲ ਨਹੀਂ ਪਾਉਂਦਾ।

ਇਸ ਸਿਲਸਿਲੇ ਵਿਚ ਪੰਜਾਬ ਦੀ ਗੱਲ ਕਰਾਂਗਾ। ਪੰਜਾਬੀਆਂ ਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਜਿਨ੍ਹਾਂ ਪੰਜਾਬੀਆਂ ਦੀ ਬਹਾਦਰੀ ਅਤੇ ਅਣਖ ਦੇ ਕਿੱਸੇ ਇੰਨੇ ਮਸ਼ਹੂਰ ਹਨ, ਕੀ ਅੱਜ ਦੇ ਪੰਜਾਬੀ ਸੱਚਮੁਚ ਹੀ ਉਨੀ ਹੀ ਅਣਖ ਵਾਲੇ ਜਾਂ ਬਹਾਦਰ ਹਨ? ਕਿੰਨੇ ਲੋਕ ਆਪਣੇ ਪਰਿਵਾਰਾਂ ਨੂੰ ਵਧੀਆ ਜ਼ਿੰਦਗੀ ਦੇਣ ਲਈ ਆਪਣੇ ਘਰਾਂ ਤੋਂ ਬਾਹਰਲੇ ਦੇਸ਼ਾਂ ਨੂੰ ਤੁਰੇ। ਔਖਿਆਈਆਂ ਝੱਲੀਆਂ, ਜੇਲ੍ਹਾਂ ਤੱਕ ਕੱਟੀਆਂ। ਲਗਾਤਾਰ 18-18, 20-20 ਘੰਟੇ ਕੰਮ ਕਰ ਕੇ ਪੈਸੇ ਪਿੱਛੇ ਪਰਿਵਾਰਾਂ ਨੂੰ ਭੇਜਦੇ ਰਹੇ। ਪਿੱਛੇ ਪਰਿਵਾਰ ਉਨ੍ਹਾਂ ਪੈਸਿਆਂ ਨਾਲ ਜਿਥੇ ਚੰਗੀ ਜ਼ਿੰਦਗੀ ਬਤੀਤ ਕਰਦੇ, ਹੋਰ ਜਾਇਦਾਦਾਂ ਵੀ ਬਣਾਉਂਦੇ ਰਹੇ। ਪਰਦੇਸੀ ਹੋਇਆ ਬੰਦਾ ਆਪਣੀਆਂ ਸਾਰੀਆਂ ਖੁਸ਼ੀਆਂ ਤੇ ਸੱਧਰਾਂ ਭੁੱਲ ਕੇ, ਦੋਸਤਾਂ-ਮਿੱਤਰਾਂ ਕੋਲੋਂ ਉਧਾਰੇ ਪੈਸੇ ਫੜ ਕੇ ਵੀ ਪਿੱਛੇ ਭੇਜਦਾ ਹੈ, ਪਰ ਅਫਸੋਸ ਕਿ ਉਨ੍ਹਾਂ ਦੀਆਂ ਆਪਣੀਆਂ ਲੋੜਾਂ-ਥੁੜ੍ਹਾਂ ਕਦੇ ਪੂਰੀਆਂ ਨਾ ਹੁੰਦੀਆਂ। ਕਈਆਂ ਦੀ ਤਾਂ ਵਿਆਹ ਦੀ ਉਮਰ ਵੀ ਲੰਘ ਗਈ। ਕਈਆਂ ਦੀਆਂ ਜਨਾਨੀਆਂ ਤੇ ਬੱਚੇ ਉਥੇ ਰੁਲਦੇ ਰਹੇ ਤੇ ਆਪ ਇਥੇ। ਫਿਰ ਜਦੋਂ ਉਹ ਵਾਪਸ ਆਪਣੇ ਘਰ ਗਏ, ਤਾਂ ਉਨ੍ਹਾਂ ਦੇ ਦਿਲਾਂ ਵਿਚ ਇਹੀ ਤਸਵੀਰ ਸੀ ਕਿ ਉਸ ਨੇ ਆਪਣੇ ਪਰਿਵਾਰ ਲਈ ਕਿੰਨਾ ਕੁਝ ਕੀਤਾ ਹੈ, ਹੁਣ ਸੁਖੀ ਜ਼ਿੰਦਗੀ ਬਤੀਤ ਕਰ ਸਕਾਂਗਾ। ਜਦੋਂ ਉਹ ਘਰ ਪਹੁੰਚਦਾ ਹੈ ਤਾਂ ਦੋ-ਚਾਰ ਦਿਨਾਂ ਵਿਚ ਹੀ ਉਸ ਦਾ ਸਾਰਾ ਭਰਮ ਟੁੱਟ ਜਾਂਦਾ ਹੈ। ਜਿਨ੍ਹਾਂ ਭਰਾਵਾਂ ਲਈ ਉਸ ਨੇ ਆਪਣੀ ਜ਼ਿੰਦਗੀ ਦਾਅ 'ਤੇ ਲਾਈ, ਆਪਣੇ ਸਾਰੇ ਸੁੱਖ ਕੁਰਬਾਨ ਕਰ ਦਿੱਤੇ, ਉਹੋ ਹੀ ਭਰਾ ਉਸ ਨੂੰ ਅੱਖਾਂ ਵਿਖਾਉਂਦੇ ਹਨ ਤੇ ਉਸ ਦੇ ਦੁਸ਼ਮਣ ਬਣ ਜਾਂਦੇ ਹਨ। ਅੱਜ ਉਹ ਕੌਡੀਆਂ ਤੋਂ ਵੀ ਹੌਲੇ ਹੋ ਗਏ। ਨਾ ਉਨ੍ਹਾਂ ਕੋਲ ਪੈਸੇ ਰਹੇ, ਨਾ ਜਾਇਦਾਦਾਂ; ਨਾ ਹੀ ਭੈਣ-ਭਰਾ ਤੇ ਨਾ ਹੀ ਰਿਸ਼ਤੇ ਰਹੇ। ਕਈ ਤਾਂ ਅਜਿਹੇ ਵੀ ਹੋਣਗੇ ਜਿਨ੍ਹਾਂ ਨੂੰ ਜਾਨਾਂ ਵੀ ਗੁਆਉਣੀਆਂ ਪਈਆਂ।



## ਦੁੱਖ-ਦਰਦ

ਹੁਣ ਸਵਾਲ ਹੈ ਕਿ ਕੀ ਇਹ ਕੁਰਬਾਨੀ ਨਹੀਂ? ਨਿੱਤ ਪੜ੍ਹਦੇ ਹਾਂ ਕਿ ਪਰਦੇਸੀਆਂ ਦੀਆਂ ਜ਼ਮੀਨਾਂ-ਜਾਇਦਾਦਾਂ ਉਤੇ ਰਿਸ਼ਤੇਦਾਰ ਹੀ ਕਿੰਜ ਕਬਜ਼ੇ ਕਰ ਰਹੇ ਹਨ। ਕਿੱਥੇ ਹੈ ਪੰਜਾਬੀਆਂ ਦੀ ਜ਼ਮੀਰ? ਤੇ ਕਿੱਥੇ ਗਈ ਉਨ੍ਹਾਂ ਦੀ ਅਣਖ?

ਅੱਜ ਵੀ ਬਥੇਰੇ ਪੰਜਾਬੀ ਪਰਿਵਾਰ ਅਜਿਹੇ ਹਨ ਜੋ ਕੁੜੀ ਜੰਮਣ ਨੂੰ ਚੰਗਾ ਨਹੀਂ ਸਮਝਦੇ ਪਰ ਕੈਨੇਡਾ, ਅਮਰੀਕਾ, ਇੰਗਲੈਂਡ ਤੇ ਹੋਰ ਦੇਸ਼ਾਂ ਵਿਚ ਹਜ਼ਾਰਾਂ ਪਰਿਵਾਰ ਮਿਲ ਜਾਣਗੇ ਜੋ ਆਪਣੀਆਂ ਧੀਆਂ ਜ਼ਰੀਏ ਵਿਦੇਸ਼ਾਂ ਵਿਚ ਪੁੱਜੇ। ਜਿਨ੍ਹਾਂ ਨੇ ਆਪਣੀਆਂ ਪੜ੍ਹੀਆਂ-ਲਿਖੀਆਂ ਤੇ ਖੂਬਸੂਰਤ ਕੁੜੀਆਂ ਦੇ ਬੇਜੋੜ ਰਿਸ਼ਤੇ ਕੀਤੇ, ਸਿਰਫ਼ ਇਸ ਕਰਕੇ ਕਿ ਸਾਰਾ ਪਰਿਵਾਰ ਬਾਹਰ ਜਾਵੇਗਾ। ਇਥੇ ਹੀ ਬੱਸ ਨਹੀਂ, ਇਥੇ ਆ ਕੇ ਉਹ ਆਪ ਹੀ ਧੀਆਂ ਦੇ ਸ਼ਰੀਕ ਬਣ ਗਏ। ਬਹੁਤ ਸਾਰੇ ਅਜਿਹੇ ਵੀ ਮਿਲ ਜਾਣਗੇ ਜੋ ਧੀਆਂ ਦੇ ਘਰਾਂ ਵਿਚ ਰਹਿੰਦੇ ਹਨ। ਇਨ੍ਹਾਂ ਨੇ ਧੀਆਂ ਦਾ ਭਾਰ ਤਾਂ ਕੀ ਵੰਡਾਉਣਾ, ਸਗੋਂ ਉਨ੍ਹਾਂ ਉਤੇ ਬੋਝ ਬਣੇ ਹੋਏ ਹਨ। ਇਨ੍ਹਾਂ ਧੀਆਂ ਦੀਆਂ ਕੁਰਬਾਨੀਆਂ ਨੂੰ ਕਿਸ ਖਾਤੇ ਵਿਚ ਰੱਖੀਏ? ਕੀ ਇਹ ਜਾਨ ਦੇਣ ਤੋਂ ਘੱਟ ਹੈ? ਪੰਜਾਬੀਆਂ ਦੀ ਜ਼ਮੀਰ ਤੇ ਅਣਖ ਦਾ ਅੰਦਾਜ਼ਾ ਤਾਂ ਅਖ਼ਬਾਰਾਂ ਵਿਚ ਵੱਟੇ ਦੇ ਵਿਆਹਾਂ ਬਾਰੇ ਛਪਦੇ ਇਸ਼ਤਿਹਾਰਾਂ ਤੋਂ ਲੱਗ ਜਾਂਦਾ ਹੈ। ਇਹ ਰਸਤਾ ਨਿਘਾਰ ਵੱਲ ਜਾ ਰਿਹਾ ਹੈ। ਅਜੇ ਵੀ ਸੰਭਲਣ ਦਾ ਮੌਕਾ ਹੈ। ਨਹੀਂ ਤਾਂ ਉਹ ਦਿਨ ਦੂਰ ਨਹੀਂ, ਜਦ ਪੰਜਾਬੀ ਕੌਮ ਬੁਜ਼ਦਿਲਾਂ ਦੀ ਕੌਮ ਅਖਵਾਏਗੀ।




# ਸਵਾਲਾਂ ਦੀ ਝੜੀ ਲਾਉਂਦੀ ਫਿਲਮ 'ਇਨ ਬਲੂਮ'

## ਹਿੰਸਾ, ਬੇਵਿਸਾਹੀ ਅਤੇ ਬੀਬੀਆਂ ਬਾਰੇ ਹਕੀਕੀ ਚਰਚਾ

ਭਾਰਤ ਦੇ 44ਵੇਂ ਕੌਮਾਂਤਰੀ ਫਿਲਮ ਮੇਲੇ (2013) ਵਿਚ ਦਿਖਾਈ ਗਈ ਫਿਲਮ 'ਇਨ ਬਲੂਮ' ਜਾਰਜੀਆਈ ਫਿਲਮ ਹੈ। ਇਹ ਫਿਲਮ ਜਾਰਜੀਆ ਦੇ ਸਮਾਜਕ-ਸਿਆਸੀ ਹਾਲਾਤ ਬਾਬਤ ਹੈ। ਪੂਰਬ-ਯੂਰਪੀ ਮੁਲਕ ਜਾਰਜੀਆ ਸੋਵੀਅਤ ਯੂਨੀਅਨ ਦਾ ਹਿੱਸਾ ਸੀ। ਸੋਵੀਅਤ ਯੂਨੀਅਨ ਖਿੰਡਣ ਤੋਂ ਬਾਅਦ ਜਾਰਜੀਆ ਵੱਖਰੇ ਮੁਲਕ ਵਜੋਂ ਹੋਂਦ ਵਿਚ ਆਇਆ। ਆਜ਼ਾਦ ਹੁੰਦੇ ਸਾਰ ਸੰਨ 1991 ਦੇ ਅੰਤਲੇ ਮਹੀਨੇ ਵਿਚ ਜਾਰਜੀਆ ਵਿਚ ਖ਼ੂਨੀ ਰਾਜ-ਪਲਟਾ ਹੋ ਗਿਆ। 1995 ਤੱਕ ਉਥੇ ਖ਼ਾਨਾਜੰਗੀ ਰਹੀ। ਜਾਰਜੀਆ ਦੇ ਗੁਆਂਢੀ ਦੱਖਣੀ-ਉਸੇਤੀਆ ਅਤੇ ਅਬਖ਼ਾਜ਼ੀਆ, ਸੋਵੀਅਤ ਸੱਤਾ ਸਮੇਂ ਖ਼ੁਦਮੁਖਤਾਰ ਖਿੱਤੇ ਮੰਨੇ ਜਾਂਦੇ ਸਨ। ਜਾਰਜੀਆ ਨੇ ਦੱਖਣੀ-ਉਸੇਤੀਆ ਅਤੇ ਅਬਖ਼ਾਜ਼ੀਆ ਉੱਤੇ ਅਪਣਾ ਹੱਕ ਜਤਾਉਣਾ ਸ਼ੁਰੂ ਕਰ ਦਿੱਤਾ। ਵਿੱਤੀ ਕੰਗਾਲੀ ਦਾ ਸਾਹਮਣਾ ਕਰ ਰਹੇ ਜਾਰਜੀਆ ਨੇ ਇਹਨੂੰ ਜ਼ਮੀਨ ਹੜੱਪਣ ਦੇ ਸੁਨਹਿਰੀ ਮੌਕਾ ਵਜੋਂ ਦੇਖਿਆ। ਅਮਰੀਕਾ ਅਤੇ ਨਾਟੋ ਜੰਗਬਾਜ਼ ਜਾਰਜੀਆ ਦੀ ਹਮਾਇਤ 'ਤੇ ਸਨ। ਅਮਰੀਕਾ ਦੀ ਹਮਾਇਤ ਨਾਲ ਜਾਰਜੀਆ ਵਿਚ ਹੋਏ 'ਗੁਲਾਬ ਇਨਕਲਾਬ' ਨੇ ਸੰਨ 2003 ਵਿਚ ਸੋਵੀਅਤ ਤਰਜ਼ ਦੀ ਫੌਰੀ ਸਰਕਾਰ ਦਾ ਭੋਗ ਪਾ ਦਿੱਤਾ। ਜਾਰਜੀਆ ਵਿਚ ਅਰਥਚਾਰਾ ਸਰਕਾਰ ਦੇ ਅਖਤਿਆਰ ਹੇਠ ਸੀ ਜੋ ਖੁੱਲ੍ਹੀ ਮੰਡੀ ਨਾਲ ਨੱਥੀ ਕਰ ਦਿੱਤਾ ਗਿਆ। ਖ਼ਾਨਾਜੰਗੀ ਅਤੇ ਫ਼ੌਜੀ ਕਾਰਵਾਈਆਂ ਨੇ ਤ੍ਰਾਸਦੀ ਹੋਰ ਵਧਾ ਦਿੱਤੀ ਹੈ। ਖੇਤੀ ਅਤੇ ਸਨਅਤ ਦਾ ਬੁਰਾ ਹਾਲ ਹੈ। ਕੌਮਾਂਤਰੀ ਮਾਲੀ ਕੋਸ਼ (ਆਈ.ਐਮ.ਐਫ.) ਅਤੇ ਆਲਮੀ ਬੈਂਕ ਮੁਲਕ ਨੂੰ ਕਰਜ਼ੇ ਦੇ ਜਾਲ ਵਿਚ ਫਸਾ ਰਿਹਾ ਹੈ। ਆਲਮੀ ਬੈਂਕ ਜਾਰਜੀਆ ਨੂੰ ਫੂਕ ਛਕਾਉਂਦਾ ਹੋਇਆ ਇਸ ਮੁਲਕ ਨੂੰ ਆਲਮ ਦਾ ਅੱਵਲ ਦਰਜੇ ਦਾ ਵਿਤੀ ਸੁਧਾਰਕ ਮੰਨਦਾ ਹੈ। 2004 ਤੋਂ ਬਾਅਦ ਜਾਰਜੀਆ ਦੇ ਬਜਟ ਦਾ ਵੱਡਾ ਹਿੱਸਾ ਰੱਖਿਆ ਲਈ ਰਾਖਵਾਂ ਕਰ ਦਿੱਤਾ ਗਿਆ। ਜਾਰਜੀਆਈ ਫ਼ੌਜ ਦੀ ਸਿਖਲਾਈ ਦਾ ਜ਼ਿੰਮਾ ਅਮਰੀਕਾ ਦੀ ਫ਼ੌਜ ਨੂੰ ਸੌਂਪ ਦਿੱਤਾ ਗਿਆ। ਜਾਰਜੀਆ ਨਾਟੋ ਦਾ ਮੈਂਬਰ ਬਣਨ ਲਈ ਤਰਲੋਮੱਛੀ ਹੋ ਰਿਹਾ ਹੈ। ਜ਼ਾਹਰ ਹੈ ਕਿ ਰੱਖਿਆ ਲਈ ਪੈਸਾ ਜੁਟਾਉਣ ਲਈ ਸਮਾਜਕ ਅਤੇ ਲੋਕ ਭਲਾਈ ਮੁਹਿੰਮਾਂ ਦੇ ਖਰਚੇ 'ਤੇ ਕਟੌਤੀ ਕੀਤੀ ਗਈ ਹੈ।

ਅਮਰੀਕਾ ਅਤੇ ਇਸਰਾਈਲ ਨੇ ਲੁਕਵੇਂ ਲਬਾਦਿਆਂ ਹੇਠ ਭਾਰੀ ਫ਼ੌਜੀ ਮਦਦ ਜਾਰਜੀਆ ਨੂੰ ਭੇਜੀ ਜਿਸ ਵਿਚ ਹਜ਼ਾਰਾਂ ਫ਼ੌਜੀ ਵੀ ਸ਼ਾਮਲ ਸਨ। ਅਮਰੀਕਾ ਰੂਸ ਦੀ ਕਮਜ਼ੋਰੀ ਦਾ ਫ਼ਾਇਦਾ ਉਠਾ ਕੇ ਦੱਖਣੀ ਉਸੇਤੀਆ ਅਤੇ ਤੇਲਗਾਹਾਂ ਨੂੰ ਸੌਖਾ ਸ਼ਿਕਾਰ ਮੰਨਦਾ ਸੀ। ਰੂਸ, ਦੱਖਣੀ-ਉਸੇਤੀਆ ਅਤੇ ਅਬਖ਼ਾਜ਼ੀਆ ਦੀ ਮਦਦ 'ਤੇ ਆ ਗਿਆ। ਇਸ ਟਕਰਾਅ ਦਾ ਨਤੀਜਾ 2008 ਵਿਚ ਹੋਈ ਰੂਸ-ਜਾਰਜੀਆ ਜੰਗ ਦੇ ਰੂਪ ਵਿਚ ਨਿਕਲਿਆ। ਹੁਣ ਰੂਸ ਅਤੇ ਜਾਰਜੀਆ ਇਕ-ਦੂਜੇ ਨੂੰ ਜਾਨੀ-ਮਾਲੀ ਨੁਕਸਾਨ ਦਾ ਕਸੂਰਵਾਰ ਠਹਿਰਾਉਂਦੇ ਰਹਿੰਦੇ ਹਨ। ਬੀ.ਬੀ.ਸੀ. ਦੀ ਰਪਟ ਮੁਤਾਬਕ ਜਾਰਜੀਆ ਨੇ ਦੱਖਣੀ-ਉਸੇਤੀਆ ਵਿਰੁਧ ਜੰਗ ਅਤੇ ਆਮ ਸ਼ਹਿਰੀਆਂ ਦੇ ਨਸਲਘਾਤ ਦਾ ਮੁੱਢ ਬੰਨ੍ਹਿਆ। ਰੂਸ ਦੇ ਜੰਗ ਵਿਚ ਸ਼ਾਮਲ ਹੋਣ ਤੋਂ ਬਾਅਦ ਜਾਰਜੀਆ ਦੇ ਆਮ ਸ਼ਹਿਰੀਆਂ ਦੇ ਕਤਲੇਆਮ ਦਾ ਦੋਸ਼ ਰੂਸੀ ਅਤੇ ਦੱਖਣੀ-ਉਸੇਤੀਆ ਦੀਆਂ ਫ਼ੌਜਾਂ 'ਤੇ ਲੱਗਿਆ ਹੈ।


ਫਿਲਮ 'ਇਨ ਬਲੂਮ' ਦੀ ਇਕ ਝਲਕ।

ਬਸਤਾਨਾਂ ਅਤੇ ਮੁਕਾਮੀ ਹਾਕਮਾਂ ਦਾ ਨਾਪਾਕ ਗੱਠਜੋੜ ਆਵਾਮ ਲਈ ਅਣਮਨੁੱਖੀ ਹਾਲਾਤ ਪੈਦਾ ਕਰਦਾ ਹੈ। ਇਹ ਜੰਗ ਅਤੇ ਬਦਇੰਤਜ਼ਾਮੀ ਨੂੰ ਹਵਾ ਦਿੰਦੇ ਰਹਿੰਦੇ ਹਨ। ਫ਼ਿਲਮ 'ਇਨ ਬਲੂਮ' ਦੀ ਕਹਾਣੀ 1992 ਦੇ ਸਮਿਆਂ ਨੂੰ ਦਰਸਾਉਂਦੀ ਹੈ ਜਦੋਂ ਜਾਰਜੀਆ ਅਬਖ਼ਾਜੀਆ ਨਾਲ ਟਾਕਰੇ ਵਿਚ ਸੀ। ਫ਼ਿਲਮ ਦੇ ਹਦਾਇਤਕਾਰ ਨਾਨਾ ਐਕਵਤੀਮਿਸਵਿਲੀ ਅਤੇ ਸਿਮੋਨ ਗਰੌਸ ਹਨ। ਹਦਾਇਤਕਾਰਾ ਅਤੇ ਲੇਖਕਾ ਨਾਨਾ ਐਕਵਤੀਮਿਸਵਿਲੀ ਦੇ ਬਚਪਨ ਦੀਆਂ ਯਾਦਾਂ ਫ਼ਿਲਮ ਦੀ ਕਹਾਣੀ 'ਤੇ ਅਸਰ-ਅੰਦਾਜ਼ ਹਨ। ਫ਼ਿਲਮ ਮੁਲਕ ਦੇ ਹੰਗਾਮੀ ਹਾਲਾਤ ਹੰਢਾਅ ਰਹੇ ਕਿਰਦਾਰਾਂ ਦੀ ਕਹਾਣੀ ਹੈ। ਮੁਲਕ ਵਿਚ ਹਿੰਸਾ, ਕੰਗਾਲੀ ਅਤੇ ਬੇਵਿਸਾਹੀ ਦਾ ਮਾਹੌਲ ਹੈ। ਪੈਸੇ ਅਤੇ ਨੌਕਰੀ ਤੋਂ ਵਾਂਝੇ ਬਾਪੂ, ਲੜਾਕੇ ਸ਼ਰਾਬੀ ਅਤੇ ਭੇਤਭਰੇ ਢੰਗ ਨਾਲ ਗਾਇਬ ਹੋਏ ਮਰਦ ਜਾਰਜੀਆਈ ਸਮਾਜ ਦੀ ਹੋਣੀ ਹਨ। ਮੁਲਕ ਵਿਚਲੀ ਬਦਇੰਤਜ਼ਾਮੀ ਅਤੇ ਉੱਥਲ-ਪੁੱਥਲ ਦਾ ਸਿੱਧਾ ਅਸਰ ਅਵਾਮ ਦੀ ਬਦਹਾਲੀ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਵਿਤੀ ਅਤੇ ਸਿਆਸੀ ਅਰਾਜਕਤਾ ਦੇ ਮਾਹੌਲ ਦਾ ਭਿਆਨਕ ਅਸਰ ਬੀਬੀਆਂ ਅਤੇ ਬੱਚਿਆਂ 'ਤੇ ਪੈਂਦਾ ਹੈ। ਫ਼ਿਲਮ ਦੀ ਕਹਾਣੀ ਦੋ ਅੱਲ੍ਹੜ ਕੁੜੀਆਂ ਏਕਾ ਅਤੇ ਨਾਤੀਆ ਦੇ ਨਜ਼ਰੀਏ ਤੋਂ ਵਾਪਰਦੀ ਹੈ। ਦੋਹਾਂ ਦੀ ਉਮਰ ਚੌਦਾਂ ਸਾਲਾਂ ਦੀ ਹੈ ਅਤੇ ਉਹ ਇਕੋ ਜਮਾਤ ਵਿਚ ਪੜ੍ਹਦੀਆਂ ਹਨ। ਕੁੜੀਆਂ ਨਾਲ ਛੇੜਖਾਨੀ ਅਤੇ ਹਿੰਸਾ ਆਮ ਹੈ। ਇਸ ਮਾਹੌਲ ਵਿਚ ਦੋਵੇਂ ਬੀਬੀਆਂ ਦਾ ਜਿਉਣਾ ਦੁੱਭਰ ਹੋ ਚੁੱਕਿਆ ਹੈ। ਛੋਟੀ ਉਮਰ ਦੇ ਮੁੰਡੇ ਵੀ ਕਿਰਚਾਂ ਚੁੱਕੀ ਫਿਰਦੇ ਹਨ। ਮਰਦਾਂ ਦੀ ਹਿੰਸਾ ਪਰਿਵਾਰ, ਸਮਾਜ ਅਤੇ ਸਿਆਸੀ ਪੱਧਰ 'ਤੇ ਕਹਿਰ ਵਰਤਾ ਰਹੀ ਹੈ ਜਿਹਨੂੰ ਫ਼ਿਲਮ ਉਘਾੜ ਕੇ ਪੇਸ਼ ਕਰਦੀ ਹੈ। ਏਕਾ ਦਾ ਪਿਉ ਗਾਇਬ ਹੈ। ਉਹ ਪਿਉ ਨੂੰ ਚਿੱਠੀ ਲਿਖਣੀ ਲੋਚਦੀ ਹੈ। ਉਹਦੀਆਂ ਚੀਜ਼ਾਂ ਸਾਂਭੀ ਬੈਠੀ ਹੈ। ਮਾਂ ਕੁਝ ਦੱਸਣ ਨੂੰ ਤਿਆਰ ਨਹੀਂ ਹੈ। ਅੰਤ ਵਿਚ ਭੇਤ ਖੁੱਲ੍ਹਦਾ ਹੈ ਕਿ ਉਹ ਜੇਲ੍ਹ ਵਿਚ ਹੈ। ਦੂਜੀ ਕੁੜੀ ਨਾਤੀਆ ਅਤੇ ਉਹਦਾ ਭਰਾ ਘਰੇਲੂ-ਕਲੇਸ਼ ਤੋਂ ਦੁਖੀ ਹਨ। ਖਾਣ-ਪੀਣ ਦੀਆਂ ਚੀਜ਼ਾਂ ਲਈ ਕਤਾਰਾਂ ਵਿਚ ਖੜ੍ਹਨਾ ਪੈਂਦਾ ਹੈ। ਹਿੰਸਾ ਅਤੇ ਬੇਕਾਰੀ ਦੇ ਮਾਹੌਲ ਵਿਚ ਘਰ ਦੇ ਜੀਅ ਬਿਨਾਂ ਗੱਲ ਤੋਂ ਲੜਦੇ ਰਹਿੰਦੇ ਹਨ। ਘਰੇਲੂ-ਕਲੇਸ਼ ਦਾ ਅਸਰ ਜੁਆਕਾਂ ਦੀ ਮਾਨਸਿਕਤਾ ਉਤੇ ਪੈਂਦਾ ਹੈ। ਨਾਤੀਆ ਦਾ ਲਾਦੋ ਨਾਮ ਦੇ ਮੁੰਡੇ ਨਾਲ ਪਿਆਰ, ਧੱਕੇ ਦੇ ਆਸ਼ਕ ਬਣੇ ਕੋਟੇ ਨੂੰ ਪਸੰਦ ਨਹੀਂ ਹੈ। ਉਹ ਗੁੰਡਾ-ਢਾਣੀ ਦੀ ਮਦਦ ਨਾਲ ਨਾਤੀਆ ਨੂੰ ਜਬਰੀ ਚੁੱਕ ਲੈ ਜਾਂਦਾ ਹੈ। ਕੁੜੀ ਦਾ ਇਨਕਾਰ ਪਰਿਵਾਰ, ਸਮਾਜ ਅਤੇ ਧੱਕੇ ਦੇ ਆਸ਼ਕ ਨੂੰ ਮਨਜ਼ੂਰ ਨਹੀਂ ਹੈ। ਸਾਰੇ ਬੇਮੇਲ ਰਿਸ਼ਤੇ ਨਾਲ ਸਹਿਮਤ ਹਨ। ਵਿਆਹ ਪਿੱਛੋਂ ਕੋਟੇ ਲਾਦੋ ਦਾ ਕਤਲ ਕਰਵਾ ਦਿੰਦਾ ਹੈ। ਲਾਦੋ ਨੇ ਨਾਤੀਆ ਨੂੰ ਰੱਖਿਆ ਲਈ ਪਿਸਤੌਲ ਦਿੱਤਾ ਸੀ। ਅਸੁਰੱਖਿਅਤ ਮਾਹੌਲ ਵਿਚ ਪਿਸਤੌਲ ਏਕਾ ਅਤੇ ਨਾਤੀਆ ਕੋਲ ਘੁੰਮਦਾ ਰਹਿੰਦਾ ਹੈ। ਲਾਦੋ ਦੇ ਕਤਲ ਦਾ ਬਦਲਾ ਲੈਣ ਲਈ ਨਾਤੀਆ ਪਿਸਤੌਲ ਨਾਲ ਆਪਣੇ ਘਰਵਾਲੇ ਕੋਟੇ ਨੂੰ ਮਾਰਨਾ ਚਾਹੁੰਦੀ ਹੈ। ਏਕਾ ਪਿਸਤੌਲ ਨੂੰ ਅਲਵਿਦਾ ਕਹਿਣ ਲਈ ਨਾਤੀਆ ਨੂੰ ਮਨਾਉਂਦੀ ਹੈ। ਉਹਨੂੰ ਲਗਦਾ ਹੈ ਕਿ ਪਿਸਤੌਲ ਦੋਹਾਂ ਨੂੰ ਸਾਜ਼ਗਾਰ ਹਾਲਾਤ ਵੱਲ ਨਹੀਂ ਲਿਜਾ ਸਕਦਾ। ਫ਼ਿਲਮ ਹਿੰਸਾ ਦੀ ਵਰਤੋਂ ਬਾਬਤ ਸਵਾਲ ਛੇੜਦੀ ਹੈ ਅਤੇ ਇਹ ਵੀ ਕਿ ਇਹਦੀ ਵਰਤੋਂ ਕਿਹੜੇ ਹਾਲਾਤ ਵਿਚ ਕੀਤੀ ਜਾਣੀ ਚਾਹੀਦੀ ਹੈ। ਇਸ ਸਵਾਲ ਦੇ ਰੂ-ਬ-ਰੂ ਹੁੰਦਿਆਂ ਬੀਬੀਆਂ ਦੀ ਅਸੁਰੱਖਿਆ ਦੇ ਕਾਰਨਾਂ ਅਤੇ ਉਨ੍ਹਾਂ ਦੇ ਵਿਰੁਧ ਭੁਗਤਦੇ ਮਾਹੌਲ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਦੋਵੇਂ ਕੁੜੀਆਂ ਜਗੀਰੂ ਕਦਰਾਂ-ਕੀਮਤਾਂ 'ਤੇ ਸਵਾਲ ਕਰਦੀਆਂ ਹੋਈਆਂ ਵੀ ਤਰੀਕਿਆਂ ਅਤੇ ਸਿੱਟਿਆਂ ਬਾਬਤ ਦੋਚਿੱਤੀ ਵਿਚ ਜਾਪਦੀਆਂ ਹਨ। ਹੱਥ ਵਿਚ ਆਇਆ ਪਿਸਤੌਲ ਹੌਸਲਾ ਜ਼ਰੂਰ ਦਿੰਦਾ ਹੈ ਪਰ ਚਲਾਉਣ ਦੀ ਹਿੰਮਤ ਜੁਟਾਉਣਾ ਔਖਾ ਹੈ। ਸਿਖ਼ਰ 'ਤੇ ਪਹੁੰਚਿਆ ਟਕਰਾਅ ਅਕਸਰ ਸਮਝੌਤੇ ਜਾਂ ਚੁੱਪ ਵਿਚ ਬਦਲ ਜਾਂਦਾ ਹੈ। ਨਾਤੀਆ ਦੇ ਜਬਰੀ ਵਿਆਹ ਦਾ ਸੱਚ ਜਾਣਦੇ ਹੋਏ ਵੀ ਏਕਾ ਦਾ ਉਹਦੇ ਵਿਆਹ 'ਚ ਮਸਤ ਹੋ ਕੇ ਨੱਚਣਾ ਕਈ ਸਵਾਲਾਂ ਨੂੰ ਜਨਮ ਦਿੰਦਾ ਹੈ। ਏਕਾ ਵਹਾਅ ਦੇ ਨਾਲ ਵਹਿਣਾ ਸ਼ੁਰੂ ਕਰ ਰਹੀ ਹੈ ਪਰ ਨਾਤੀਆ ਜਬਰੀ ਵਿਆਹ ਤੋਂ ਬਾਅਦ ਘਰਵਾਲੇ ਨੂੰ ਮਾਰਨ ਵਰਗਾ ਫ਼ੈਸਲਾ ਕਰ ਰਹੀ ਹੈ। ਇਸ ਫ਼ੈਸਲੇ ਨੂੰ ਬਦਲਣ ਲਈ ਏਕਾ ਨਾਤੀਆ 'ਤੇ ਦਬਾਅ ਪਾਉਂਦੀ ਹੈ। ਏਕਾ ਦਾ ਦਬਾਅ ਨਾਤੀਆ ਦੇ ਰੋਹ ਨੂੰ ਡੱਕਣ ਦਾ ਸਬੱਬ ਬਣਦਾ ਹੈ। ਕੀ ਇਹ ਹਰ ਹੀਲੇ ਜ਼ਿੰਦਗੀ ਜਿਉਣ ਦੀ ਚਾਹ ਹੈ ਜਾਂ ਸਮਝੌਤਾ ਹੈ? ਕੀ ਏਕਾ ਕੋਲ ਹਿੰਸਾ ਦੀ ਵਰਤੋਂ ਦਾ ਸਹੀ ਮੌਕਾ ਸਮਝਣ ਦੀ ਵਧੇਰੇ ਅਕਲ ਅਤੇ ਇਲਮ ਹੈ?


ਫਿਲਮ ਦੇ ਹਦਾਇਤਕਾਰ ਨਾਨਾ (ਖੱਬੇ) ਅਤੇ ਸਿਮੋਨ ਗਰੌਸ।

ਫ਼ਿਲਮ ਦੇ ਅੰਤ ਵਿਚ ਏਕਾ ਪਿਉ ਨੂੰ ਮਿਲਣ ਜੇਲ੍ਹ ਜਾਂਦੀ ਦਿਖਾਈ ਗਈ ਹੈ। ਉਹ ਰਿਸ਼ਤਿਆਂ ਨੂੰ ਨਵੇਂ ਸਿਰਿਉਂ ਸੁਰਜੀਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਹਦੇ ਪਿਉ 'ਤੇ ਕਤਲ ਦਾ ਦੋਸ਼ ਸੀ। ਏਕਾ ਦੇ ਪਿਉ ਨੇ ਉਸ ਮੁੰਡੇ ਦੇ ਬਾਪ ਦਾ ਕਤਲ ਕੀਤਾ ਸੀ ਜੋ ਹੁਣ ਏਕਾ ਨੂੰ ਤੰਗ ਕਰਦਾ ਰਹਿੰਦਾ ਹੈ। ਮੁੰਡਾ ਆਪਣੇ ਪਿਉ ਦੇ ਕਤਲ ਦਾ ਬਦਲਾ ਲੈ ਰਿਹਾ ਹੈ। ਬੇਵਿਸਾਹੀ ਦੇ ਮਾਹੌਲ ਵਿਚ ਫ਼ਿਲਮ ਕਿਰਦਾਰਾਂ ਦੀ ਉਲਝਣ ਨੂੰ ਹੂ-ਬ-ਹੂ ਪੇਸ਼ ਕਰਦੀ ਹੈ। ਕਿਰਦਾਰ ਬਹੁਪਰਤੀ ਅਤੇ ਬਹੁਰੰਗੇ ਹਨ। ਫ਼ਿਲਮ ਦੇਖ ਕੇ ਦਰਸ਼ਕ ਕਈ ਸਵਾਲਾਂ ਨਾਲ ਦੋ-ਚਾਰ ਹੁੰਦਾ ਹੈ ਜਿਨ੍ਹਾਂ ਦਾ ਜਵਾਬ ਫ਼ਿਲਮ ਨਹੀਂ ਦਿੰਦੀ। ਕਈ ਵਾਰ ਸਵਾਲ ਉਠਾਉਣਾ ਵੀ ਤਾਂ ਅਹਿਮ ਹੁੰਦਾ ਹੈ!

# ਪੁਰਾਣੇ ਭਾਰਤ ਦੀ ਨਵੀਂ ਨਵੇਲੀ ਫਿਲਮੀ ਸਾਂਝ


'ਜ਼ਿੰਦਾ ਭਾਗ' ਵਿਚ ਨਸੀਰੂਦੀਨ ਸ਼ਾਹ


'ਬੋਲ' ਵਿਚ ਮਹੀਰਾ ਖਾਨ।

ਚਰਚਿਤ, ਦਮਦਾਰ ਅਤੇ ਤਜਰਬੇਕਾਰ ਅਦਾਕਾਰ ਨਸੀਰੂਦੀਨ ਸ਼ਾਹ ਅੱਜਕੱਲ੍ਹ ਬਹੁਤ ਖ਼ੁਸ਼ ਹੈ ਕਿ ਪਾਕਿਸਤਾਨ, ਬੰਗਲਾਦੇਸ਼, ਨੇਪਾਲ ਅਤੇ ਸ਼੍ਰੀਲੰਕਾ ਵਰਗੇ ਗੁਆਂਢੀ ਦੇਸ਼ਾਂ ਵਿਚ ਸਿਨੇਮੇ ਦੇ ਭਵਿੱਖ ਦੇ ਨੈਣ-ਨਕਸ਼ ਨਿੱਖਰ ਰਹੇ ਹਨ। ਉਸ ਨੂੰ ਆਸ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਚੰਗੀਆਂ ਫਿਲਮਾਂ ਦੀ ਰੁੱਤ ਛੇਤੀ ਆ ਜਾਵੇਗੀ। ਉਹ ਪਾਕਿਸਤਾਨੀ ਨਿਰਦੇਸ਼ਕ ਸ਼ੋਇਬ ਮਨਸੂਰ ਦੀ ਫਿਲਮ 'ਖ਼ੁਦਾ ਕੇ ਲੀਏ' ਅਤੇ ਨਿਰਦੇਸ਼ਕ ਮੀਨੂ ਗੌਰ ਤੇ ਫਰਜਾਦ ਨਬੀ ਦੀ ਫਿਲਮ 'ਜ਼ਿੰਦਾ ਭਾਗ' ਵਿਚ ਕੰਮ ਕਰ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਅਤੇ ਪਾਕਿਸਤਾਨ ਦੇ ਸਿਆਸੀ ਰਿਸ਼ਤੇ ਪਿਛਲੇ ਸਮੇਂ ਦੌਰਾਨ ਭਾਵੇਂ ਚੰਗੇ ਨਾ ਰਹੇ ਹੋਣ, ਪਰ ਸਰਹੱਦ ਦੇ ਦੋਹੀਂ ਪਾਸੀਂ ਵੱਸਦੇ ਲੋਕ ਇਕ-ਦੂਜੇ ਲਈ ਬਹੁਤ ਜ਼ਿਆਦਾ ਉਤਸੁਕ ਹਨ। ਫਿਲਮ 'ਖ਼ੁਦਾ ਕੇ ਲੀਏ' ਵਿਚ ਕੰਮ ਕਰਨ ਤੋਂ ਬਾਅਦ ਨਸੀਰੂਦੀਨ ਦੇ ਪਾਕਿਸਤਾਨ ਵਿਚ ਗੇੜੇ ਲਗਾਤਾਰ ਵਧ ਰਹੇ ਹਨ। ਉਨ੍ਹਾਂ ਦਾ ਆਖਣਾ ਹੈ ਕਿ ਦੋਹਾਂ ਦੇਸ਼ਾਂ ਦੇ ਹਾਕਮ ਜੋ ਕੁਝ ਕਰਦੇ ਰਹੇ ਹਨ, ਉਸ ਨਾਲ ਉਸ ਦਾ ਕੋਈ ਲੈਣਾ ਦੇਣਾ ਨਹੀਂ ਹੈ, ਪਰ ਅੱਜ ਜੇ ਫਿਲਮਾਂ ਰਾਹੀਂ ਦੋਹਾਂ ਦੇਸ਼ਾਂ ਵਿਚਕਾਰ ਦੂਰੀਆਂ ਮਿਟ ਰਹੀਆਂ ਹਨ ਤਾਂ ਇਸ ਦਾ ਭਰਵਾਂ ਸਵਾਗਤ ਹੋਣਾ ਚਾਹੀਦਾ ਹੈ। ਯਾਦ ਰਹੇ ਕਿ ਪਿਛਲੇ ਕੁਝ ਸਮੇਂ ਤੋਂ ਪਾਕਿਸਤਾਨੀ ਫਿਲਮਾਂ ਭਾਰਤ ਵਿਚ ਚੱਲੀਆਂ ਵੀ ਹਨ ਅਤੇ ਚਰਚਿਤ ਵੀ ਹੋਈਆਂ ਹਨ। ਪਹਿਲਾਂ ਤਾਂ ਸਿਰਫ ਭਾਰਤ ਦੀਆਂ ਹਿੰਦੀ ਫਿਲਮਾਂ ਹੀ ਪਾਕਿਸਤਾਨ ਵਿਚ ਚੱਲਦੀਆਂ ਸਨ ਪਰ ਹੁਣ ਪਾਕਿਸਤਾਨੀ ਫਿਲਮਾਂ ਦੀ ਭਾਰਤ ਵਿਚ ਆਮਦ ਨੇ ਦੋਹਾਂ ਦੇਸ਼ਾਂ ਦੇ ਫਿਲਮੀ ਰਿਸ਼ਤੇ ਨੂੰ ਨਵੇਂ ਸਿਰੇ ਤੋਂ ਸਮਝਣ-ਸਮਝਾਉਣ ਵਿਚ ਮੱਦਦ ਕੀਤੀ ਹੈ। ਪਾਕਿਸਤਾਨੀ ਫਿਲਮ 'ਬੋਲ' ਭਾਰਤ ਵਿਚ ਬਾਕਾਇਦਾ ਰਿਲੀਜ਼ ਹੋਈ ਸੀ ਅਤੇ ਇਸ ਨੂੰ ਭਾਰਤੀ ਦਰਸ਼ਕਾਂ ਨੇ ਭਰਵਾਂ ਹੁੰਗਾਰਾ ਭਰਿਆ ਸੀ। ਇਸੇ ਤਰ੍ਹਾਂ 'ਖ਼ੁਦਾ ਕੇ ਲੀਏ' ਅਤੇ 'ਜ਼ਿੰਦਾ ਭਾਗ' ਦੀ ਮਿਸਾਲ ਹੈ। ਹੋਰ ਫਿਲਮਸਾਜ਼ ਅਤੇ ਅਦਾਕਾਰ ਵੀ ਦੋਹੀਂ ਪਾਸੀਂ ਹੰਭਲਾ ਮਾਰ ਰਹੇ ਹਨ।


ਫਿਲਮ 'ਖ਼ੁਦਾ ਕੇ ਲੀਏ' ਦੀ ਨਾਇਕਾ ਇਮਾਨ ਅਲੀ।


HURRY! LIMITED-TIME OFFER!
FREE $100 REWARD CARD
dish
Requires 24 month commitment, credit qualification and qualifying S. Asian package ($19.99/mo. or higher).
Use Promotional Code: International
CHOICE
START WITH PUNJABI PACK AND THEN CUSTOMIZE
PUNJABI PACK
$24.99 mo
HINDI MOVIES PACK
$19.99 mo
MASTI PACK
$5.00 mo ADD ON
WILLOW CRICKET HD*
$14.99 mo
CALL DISH NOW
855.318.4562
www.DishPunjabiTV.com
HOME OF SOUTH ASIAN ENTERTAINMENT
dish
International programming requires additional $10/mo International Basic package or any America's Top package. Add-on packages available at additional cost. *Requires HD receiver to view International programming in HD. Must subscribe to a qualifying American HD package to qualify for HD receiver.
$100 DISH REWARDS PREPAID MASTERCARD® CARD: Offer valid for activation and installation of qualifying DISH service under Digital Home Advantage with a 24-month commitment and credit qualification plus a qualifying South Asian package of $ 19.99 or higher through 1/31/2014. Must activate service by calling 1-855-318-4562 and provide Promotion Code INTERNATIONAL. Allow 6-8 weeks after service activation for Reward Card delivery. Offer Code required at time of order for service, prior to activation. Limit one Reward Card per DISH account activation. May not be combined with other special offers. After service activation, visit www.mydishrewards.com or call 1-877-682-1215 to check the status of Reward Card and for applicable restrictions for Reward Card usage. Cards are issued by Citibank, N.A. pursuant to a license from MasterCard International and managed by Citi Prepaid Services. This card can be used everywhere MasterCard debit cards are accepted. Cards are issued by Citibank, N.A. pursuant to a license from MasterCard International and managed by Citi Prepaid Services. Cards will not have cash access and can be used everywhere MasterCard debit cards are accepted. Additional Requirements: All prices, fees, charges, packages, programming, features, functionality and offers subject to change without notice. ETF: If you cancel service during first 24 months, early cancellation fee of $20 for each month remaining applies. Installation/Equipment Requirements: A second dish antenna may be required to view both International and American programming. Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply.
© 2013 DISH Network L.L.C. All rights reserved.

PUNJAB
India Begins Here

# First Time
## IN HISTORY OF
# 65 Years

HISTORICAL LEGISLATIVE INITIATIVES by
## PUNJAB GOVERNMENT
TO SAFEGUARD THE RIGHTS OF NON RESIDENT Indians (NRI)




### PROGRESSIVE PUNJAB - A GROWING INVESTMENT DESTINATION

- Amendments in the relevant Acts made to empower NRIs to get their multiple urban and rural properties vacated multiple times.
- The Power of embossing the Power of Attorney has been delegated to Divisional Commissioner and Deputy Commissioner, in addition to FCR at the State level.
- The "PUNJAB COMPULSORY REGISTRATION OF MARRIAGES ACT 2012" enacted to save the daughters of Punjab from marriage related frauds.
- Registration of marriages made mandatory. To expedite the process, the power of Registration of Marriages given to the DCs, District Revenue Officers, Tehsildars and Naib Tehsildars.
- The Punjab Prevention of Human Smuggling Act 2012 enacted to save people from immigration related frauds and organised human smuggling.

Log on to www.nripunjab.gov.in
24x7 NRI Punjab Helpline +91-172-6672301

Log on to www.nripunjabpolice.com
24x7 Punjab Police Helpline +91-172-2298543 for NRIs



**ANOTHER OPPORTUNITY TO INTERACT :**
NRI SAMMELAN with delegates on 10 JANUARY, 2014 at Virasat-e-Khalsa, Sri Anandpur Sahib and OPEN HOUSE on 11 JANUARY, 2014 at Jalandhar